ਕਿਸ਼ੋਰ ਅਵਸਥਾ ਦੀ ਜਾਣਕਾਰੀ

ਨੌਜਵਾਨ ਭਾਰਤ ਪੁਸਤਕਮਾਲਾ

ਕਿਸ਼ੋਰ ਅਵਸਥਾ ਦੀ ਜਾਣਕਾਰੀ

ਨੀਰਜਾ ਸ਼ਰਮਾ

ਅਨੁਵਾਦਕ
ਡਾ. ਸ਼ਿਆਮ ਸੁੰਦਰ ਦੀਪਤੀ

ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 81-237-3690-8

2002 (ਸ਼ੱਕ ਸੰਮਤ 1923)

Understanding Adolescence (*Punjabi*)

ਮੁੱਲ 40.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ,
ਨਵੀ ਦਿੱਲੀ-110016 ਵਲੋਂ ਪ੍ਰਕਾਸ਼ਿਤ।

ਤਤਕਰਾ

ਭੂਮਿਕਾ

ਜਦੋਂ ਨੈਸ਼ਨਲ ਬੁਕ ਟਰੱਸਟ ਨੇ ਮੈਨੂੰ ਇਹ ਕਿਤਾਬ ਲਿਖਣ ਲਈ ਸੱਦਾ ਦਿੱਤਾ ਤਾਂ ਮੈਂ ਦੋ ਕਾਰਣਾਂ ਕਰਕੇ ਦੁਚਿੱਤੀ ਵਿੱਚ ਸੀ। ਖੋਜ਼ ਆਧਾਰਿਤ ਪੇਪਰ ਅਤੇ ਵਿਸ਼ਵਵਿਦਿਆਲਾ ਪੱਧਰ ਦੇ ਵਿਦਵਾਨਾਂ ਲਈ ਕਿਤਾਬਾਂ ਲਿਖਣ, ਖੋਜ ਅਤੇ ਸਿਧਾਂਤਕ ਸਮੱਗਰੀ ਦੀ ਮਦਦ ਤੋਂ ਬਿਨ੍ਹਾਂ ਲਿਖਣ ਕਾਰਣ ਮੈਂ ਚਿੰਤਤ ਸੀ। ਨਾਲ ਹੀ ਭਾਰਤੀ ਲੋਕਾਂ ਲਈ ਇਕਸਾਰ, ਇਕ ਵਰਗ ਦ ਤੌਰ 'ਤੇ ਲਿਖਣਾ ਵੀ ਮੁਸ਼ਕਲ ਹੈ। ਲਗਭਗ ਹਰ ਇਕ ਉਦਾਹਰਣ ਇਸ ਤਰ੍ਹਾਂ ਦੀ ਉੱਕਤੀ ਨਾਲ ਜਿਵੇਂ ਕਿ 'ਉੱਤਰੀ ਭਾਰਤ ਵਿੱਚ', 'ਪ੍ਰੋੜ੍ਹ ਲੋਕਾਂ ਵਿੱਚ' ਅਤੇ ਕਿਸੇ ਖਾਸ ਧਾਰਮਿਕ ਵਰਗ ਦੇ ਸੰਦਰਭ ਵਿੱਚ ਸਪਸ਼ਟ ਹੋਣੀ ਚਾਹੀਦੀ ਹੈ। ਜੀਵਨ ਜਾਚ, ਰੀਤ-ਰਿਵਾਜ, ਵਿਸ਼ਵਾਸ ਅਤੇ ਮਤ ਵਿੱਚ ਵਖਰੇਵੇਂ ਕਾਫੀ ਵਿਸ਼ਾਲ ਹਨ, ਜਿਨ੍ਹਾਂ ਨੇ ਮੈਨੂੰ ਕਿਸ਼ੋਰ ਅਵਸਥਾ ਬਾਰੇ ਇਕ ਛੋਟੀ ਜਿਹੀ ਪੁਸਤਕ ਲਿਖਣ ਪ੍ਰਤੀ ਦੁਬਿਧਾ ਵਿੱਚ ਪਾਇਆ।

ਇਹ ਸ਼ੁਰੂਆਤੀ ਹਿਚਕਿਚਾਹਟ ਛੇਤੀ ਹੀ ਸਮਾਜ ਪ੍ਰਤੀ ਮੇਰੀ ਆਪਣੀ ਜ਼ੁੰਮੇਵਾਰੀ ਵਿੱਚ ਤਬਦੀਲ ਹੋ ਗਈ ਅਤੇ ਮੈਨੂੰ ਭਾਰਤੀ ਸੰਦਰਭ ਵਿੱਚ ਕਿਸ਼ੋਰਾਂ ਬਾਰੇ ਲਿਖਣ ਲਈ ਉਕਸਾਇਆ। 'ਬੱਚਿਆਂ ਦੇ ਵਿਕਾਸ' ਵਿੱਚ ਅਧਿਆਪਕ ਹੋਣ ਨਾਤੇ ਮੈਂ ਕਿਸ਼ੋਰ ਅਵਸਥਾ ਬਾਰੇ 1972 ਤੋਂ ਵਿਦਿਆਰਥੀਆਂ ਨੂੰ ਪੜ੍ਹਾ ਰਹੀ ਸੀ। ਜੋ ਪਾਠ-ਪੁਸਤਕਾਂ ਜਾਂ ਸੰਦਰਭ ਪੁਸਤਕਾਂ ਕਿਸ਼ੋਰ ਅਵਸਥਾ ਦਾ ਵਰਣਨ ਕਰਦੀਆਂ ਸਨ। ਉਹ ਸਿਰਫ਼ ਅਮਰੀਕਾ ਅਤੇ ਇੰਗਲੈਂਡ ਦੀਆਂ ਸਨ। ਕੁਦਰਤੀ ਸੀ ਉਹ ਆਪਣੇ ਸਭਿਆਚਾਰ ਦੇ ਨਜ਼ਰੀਏ ਤੋਂ ਉਨ੍ਹਾਂ ਦੇ ਵਿਕਾਸ ਨੂੰ ਬਿਆਨ ਕਰਦੀਆਂ ਸਨ।

ਮੇਰੀ ਇਹ ਆਮ ਤੌਰ 'ਤੇ ਖਾਹਿਸ਼ ਸੀ ਕਿ ਭਾਰਤੀ ਵਿਦਵਾਨ ਭਾਰਤ ਦੇ ਬਚਪਨ ਅਤੇ ਕਿਸ਼ੋਰ ਅਵਸਥਾ ਬਾਰੇ ਖੋਜ਼ ਕਰਨ ਅਤੇ ਲਿਖਣ ਤਾਂ ਜੋ ਸਾਡੇ ਵਿਦਿਆਰਥੀ ਜਦੋਂ ਉਨ੍ਹਾਂ ਦੀਆਂ ਪੁਸਤਕਾਂ ਪੜ੍ਹਨ ਤਾਂ ਜਾਣੇ-ਪਛਾਣੇ ਪਹਿਲੂਆਂ ਨੂੰ ਸਮਝ ਸਕਣ। ਇਹੀ ਗੱਲ ਮੇਰੇ ਖੋਜ਼ ਪ੍ਰਬੰਧ ਲਈ ਪ੍ਰੇਰਣਾ ਦਾ ਕਾਰਜ ਬਣੀ, ਜੋ ਮੈਂ 'ਕਿਸ਼ੋਰ ਕੁੜੀਆਂ ਦੀ ਪਛਾਣ' ਸਿਰਲੇਖ ਹੇਠ ਕੀਤਾ। ਜਦੋਂ ਇਹ ਸੱਦਾ ਮੇਰੇ ਕੋਲ ਆਇਆ, ਮੈਂ ਇਸ ਚੁਣੌਤੀ ਨੂੰ ਇਕ ਮੌਕੇ ਵਜੋਂ ਇਸਤੇਮਾਲ ਕਰਨ ਦਾ ਵਿਚਾਰ ਬਣਾਇਆ ਅਤੇ ਅਧਿਆਪਕ ਕਾਰਜ ਤੋਂ ਮੁਕਤ ਹੋ ਕੇ ਇਸ ਪੁਸਤਕ 'ਤੇ ਕੰਮ ਕੀਤਾ।

ਆਪਣੇ ਵਲੋਂ ਪੂਰੀ ਕੋਸ਼ਿਸ਼ ਕਰ ਚੁੱਕਣ ਦੇ ਬਾਵਜੂਦ, ਮੈਂ ਜਾਣਦੀ ਸੀ ਕਿ ਕਿਤਾਬ

ਸਕੂਲ ਵਿੱਚ ਬਿਤਾਏ ਗਏ ਵਰ੍ਹੇ ਕਿਸ਼ੋਰ ਅਵਸਥਾ ਦਾ ਸਮਾਂ ਹੈ, ਜੋ ਕਿ ਗਿਆਨ ਦੇ ਦਿਸਹੱਦੇ ਫੈਲਾਉਣ ਅਤੇ ਰਿਸ਼ਤਿਆਂ ਨੂੰ ਨਿਭਾਉਣ ਲਈ ਜਜ਼ਬਾਤੀ ਪ੍ਰੋੜ੍ਹਤਾ ਦੇ ਵਿਕਾਸ ਦਾ ਸਮਾਂ ਵੀ ਹੈ।

ਜਦੋਂ ਸਮਾਜ ਵਿਗਿਆਨੀ ਵਿਕਸਿਤ ਦੇਸ਼ਾਂ ਵਿੱਚ ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਬਾਰੇ ਚਰਚਾ ਕਰ ਰਹੇ ਸੀ ਤਾਂ ਇਕ ਸਵਾਲ ਪੈਦਾ ਹੋਇਆ ਕਿ ਇਹ ਵਰਤਾਰਾ ਸਾਰਿਆਂ ਮਨੁੱਖੀ ਸਮਾਜਾਂ 'ਤੇ ਲਾਗੂ ਹੁੰਦਾ ਹੈ ਜਾਂ ਇਹ ਸਭਿਆਚਾਰਕ-ਵਿਸ਼ੇਸ਼ ਹੀ ਹੈ। ਕੀ ਇਹ ਇਕਾਕੀ ਪਰਿਵਾਰ ਦੀ ਬਣਤਰ ਨਾਲ ਹੀ ਸੰਬੰਧਿਤ ਹੈ, ਜਾਇਦਾਦ ਦੇ ਉੱਤਰ-ਅਧਿਕਾਰ ਅਤੇ ਮਲਕੀਅਤ ਨਾਲ ਜੁੜਿਆ ਹੈ ਜਾਂ ਸਕੂਲਾਂ ਵਿੱਚ ਬਿਤਾਏ ਜਾਣ ਵਾਲੇ ਸਮੇਂ ਬਾਰੇ ਸਰਕਾਰੀ ਫੈਸਲੇ ਨਾਲ, ਵਿਆਹ ਦੀ ਘੱਟੋ ਘੱਟ ਉਮਰ ਨਾਲ ਜਾਂ ਪ੍ਰੋੜ੍ਹ ਹੋਣ ਦੀ ਕਾਨੂੰਨੀ ਉਮਰ ਨਾਲ ਸੰਬੰਧਿਤ ਹੈ? ਕਿਸ਼ੋਰ ਅਵਸਥਾ ਦੀ ਇਕਸਾਰਤਾ ਨੂੰ ਲੈ ਕੇ ਕਿਸੇ ਵਿਸ਼ਲੇਸ਼ਣ ਲਈ, ਇਨ੍ਹਾਂ ਤੱਤਾਂ ਨੂੰ ਪੇਸ਼ ਕਰਨਾ ਨਿਸ਼ਚਿਤ ਤੌਰ 'ਤੇ ਜ਼ਰੂਰੀ ਸੀ।

ਮਨੁੱਖੀ ਨਸਲ ਦੀ ਇਸ ਅਵਸਥਾ 'ਤੇ ਇਕਸਾਰ ਲਾਗੂ ਹੋਣ ਵਾਲੇ ਇਹ ਕੁਝ ਅੰਸ਼ ਹਨ ਅਤੇ ਹੋਰ ਪਹਿਲੂ ਸਮਾਜੀ-ਸਭਿਆਚਾਰਕ ਅਨੁਭਵ ਵਿੱਚੋਂ ਲੰਘਦੇ ਹਨ। ਇਹ ਗੱਲ ਮੰਨਣੀ ਪਵੇਗੀ ਕਿ ਕਿਸ਼ੋਰ-ਅਵਸਥਾ ਦੀਆਂ ਓਨੀਆਂ ਕਿਸਮਾਂ ਹਨ, ਜਿੰਨੇ ਇਸ ਦੇ ਸਹਿ-ਸਭਿਆਚਾਰ ਹਨ, ਜੋ ਕਿ ਫਿਰ ਜਾ ਕੇ ਹਰ ਇਕ ਵਿਅਕਤੀ ਲਈ ਖਾਸ ਪਰਿਵਾਰਕ ਸੰਗਠਨ ਵਲੋਂ ਤੈਅ ਹੁੰਦੇ ਹਨ। ਇਹ ਇਕਸਾਰਤਾ ਅਤੇ ਵਖਰੇਵੇਂ ਦੀ ਵਿਸ਼ੇਸ਼ਤਾ ਦਾ ਸੰਤੁਲਨ ਲੇਖਕ ਦੀ ਗਲਬਾਤ ਵਿੱਚ ਬਰਕਰਾਰ ਹੈ।

ਹੁਣ, ਗਿਆਨ ਵਿਵਸਥਾ ਨੂੰ ਅਲੌਕਿਕਤਾ ਤੇ ਦਾਇਰੇ ਤੋਂ ਤੋੜਣ ਅਤੇ ਮਾਹਿਰਾ ਦਾ ਆਮ ਲੋਕਾਂ ਨਾਲ ਵਿਚਾਰ-ਵਟਾਂਦਰੇ ਦਾ ਅੰਦੋਲਨ ਸ਼ੁਰੂ ਹੋਇਆ ਹੈ। ਇਸ ਕਿਤਾਬ ਨੂੰ ਇਕ ਅਧਿਆਪਨ ਕਾਰਜ ਨਾਲ ਜੁੜੇ ਮੈਂਬਰ ਦੇ ਇਕ ਵੱਡੇ ਪਾਠਕ ਵਰਗ, ਜਿਸ ਵਿੱਚ ਨੌਜਵਾਨ ਅਤੇ ਉਹ ਲੋਕ ਹਨ ਜੋ ਇਨ੍ਹਾਂ ਨੂੰ ਪੋੜ੍ਹ ਅਵਸਥਾ ਵੱਲ ਵਿਕਾਸ ਕਰਨ ਲਈ ਲੋੜੀਂਦਾ ਮਾਹੌਲ ਮੁਹੱਈਆ ਕਰਨ ਲਈ ਜ਼ੁੰਮੇਵਾਰ ਹਨ, ਦੇ ਨਾਲ ਜੁੜਨ ਦੀ ਕੋਸ਼ਿਸ਼ ਵਜੋਂ ਲਿਆ ਜਾ ਸਕਦਾ ਹੈ।

ਮੈਂ ਇਸ ਪੁਸਤਕ ਦੀ ਦੇਸ਼ ਦੇ ਯੁਵਕਾਂ ਨਾਲ ਵਾਕਫੀਅਤ ਕਰਵਾਉਂਦੇ ਹੋਏ ਬਹੁਤ ਖੁਸ਼ ਹਾਂ, ਜੋ ਇਨ੍ਹਾਂ ਪੰਨਿਆਂ ਵਿੱਚ ਆਪਣੀ ਅਤੇ ਆਪਣੇ ਦੋਸਤਾਂ ਦੀ ਪਛਾਣ ਕਰਨਗੇ ਅਤੇ ਮਨੋਵਿਗਿਆਨ ਤੇ ਬੱਚਿਆਂ ਦੇ ਵਿਕਾਸ ਵਿਸ਼ੇ ਨਾਲ ਸੰਬੰਧਿਤ ਵਿਦਿਆਰਥੀ, ਭਾਰਤੀ ਸੰਦਰਭ ਵਿੱਚ ਜਾਣੀ-ਪਛਾਣੀ, ਢੁਕਵੀਂ ਅਤੇ ਪੜ੍ਹਨਯੋਗ ਸਮੱਗਰੀ ਲੱਭਣਗੇ।

ਕਿਸ਼ੋਰ ਅਵਸਥਾ ਦੀ ਜਾਣਕਾਰੀ ਪੁਸਤਕ, ਮਨੁੱਖੀ ਜੀਵਨ ਦੇ ਵਿਕਾਸ ਪੜਾਅ ਵਿੱਚੋਂ ਲੰਘ ਰਹੇ ਪਰੇਸ਼ਾਨ ਅਤੇ ਦੁਖਦਾਈ, ਉਲਝੇ ਅਤੇ ਭੰਬਲਭੂਸੇ ਵਿੱਚ ਪਏ ਲੋਕਾਂ ਬਾਰੇ, ਕਈ ਵਿਧਿਆਂ ਪੱਖੋਂ ਸਪਸ਼ਟ ਅਤੇ ਸੰਖੇਪ ਪੇਸ਼ਕਾਰੀ ਹੈ।

ਲੇਖਿਕਾ ਬਾਰੇ ਕੁਝ ਸ਼ਬਦ। ਨੀਰਜਾ ਸ਼ਰਮਾ 'ਬੱਚਿਆਂ ਦੇ ਵਿਕਾਸ' ਵਿਸ਼ੇ ਦੇ ਐਮ. ਐਸ. ਸੀ ਦੇ ਪਹਿਲੇ ਬੈਚ ਦੀ ਵਿਦਿਆਰਥਣ ਸੀ, ਜੋ ਮੈਂ ਦਿੱਲੀ ਵਿਸ਼ਵਵਿਦਿਆਲੇ ਦੀ ਰਹਿਨੁਮਾਈ ਹੇਠ ਲੇਡੀ ਇਰਵਿੰਨ ਕਾਲਜ ਵਿੱਚ ਸ਼ੁਰੂ ਕੀਤਾ। ਉਹ ਪਿਛਲੇ 25 ਸਾਲ ਤੋਂ ਲਗਾਤਾਰ ਪੜ੍ਹਾਉਣ ਅਤੇ ਖੋਜ਼ ਕਾਰਜ ਵਿੱਚ ਲੱਗੀ ਹੋਈ ਹੈ ਅਤੇ ਕਿਸ਼ੋਰ ਅਵਸਥਾ ਨੂੰ ਵਰਣਨ ਕਰਨ ਵਿੱਚ ਉਸ ਕੋਲ ਦ੍ਰਿਸ਼ਟੀਕੋਣ ਅਤੇ ਤਜ਼ਰਬਾ ਹੈ। ਇਕ ਅਧਿਆਪਕ ਲਈ ਹਮੇਸ਼ਾ ਇਹ ਸੰਤੁਸ਼ਟੀ ਵਾਲੀ ਗੱਲ ਹੁੰਦੀ ਹੈ ਕਿ ਉਸ ਦਾ ਵਿਦਿਆਰਥੀ ਇਕ ਰਚਨਾਤਮਕ ਹੈ ਅਤੇ ਉਸ ਦਾ ਅਧਿਐਨ ਅਤੇ ਖੋਜ਼ ਕਾਰਜ ਵੱਡੇ ਪਾਠਕ ਵਰਗ ਤਕ ਪਹੁੰਚ ਰਿਹਾ ਹੈ।

ਚੇਨਈ **ਐਸ. ਆਨੰਦਲਕਸ਼ਮੀ**

ਮੁਢਲੇ ਸ਼ਬਦ

ਵੀਹਵੀ ਸਦੀ ਨੇ ਕਾਫ਼ੀ ਮਾਤਰਾ ਵਿੱਚ ਵਿਗਿਆਨ ਅਤੇ ਸਮਾਜ ਵਿਗਿਆਨ ਦੀਆਂ ਵਿਸ਼ੇਸ਼ ਮਾਹਿਰ ਵਿਦਿਆ-ਸਾਖਾਵਾਂ ਦੀ ਗਵਾਹੀ ਭਰੀ ਹੈ ਜੋ ਕਿ ਆਪਣੀ ਤਕਨੀਕੀ ਅਤੇ ਵਿਸ਼ੇਸ਼ ਵਰਗ ਨਾਲ ਸੰਬੰਧਿਤ ਸ਼ਬਦਾਵਲੀ ਨਾਲ ਭਰੀਆਂ ਪਈਆਂ ਹਨ।

ਕਿਸ਼ੋਰ ਮਨੋਵਿਗਿਆਨ ਅਜਿਹਾ ਹੀ ਇਕ ਵਿਸਾ ਹੈ। ਕਿਸ਼ੋਰ ਸ਼ਬਦ ਨੂੰ ਲਤੀਨੀ ਭਾਸ਼ਾ ਵਿੱਚ 'ਐਡੋਲੇਸਰ' ਕਹਿੰਦੇ ਹਨ, ਜਿਸ ਦਾ ਅਰਥ ਹੈ 'ਵਧਣਾ'। ਇਹ ਬਚਪਨ ਦਾ ਸਮਾਂ ਹੁੰਦਾ ਹੈ, ਜਿਸ ਦੌਰਾਨ ਦੋਹਾਂ ਸੈਕਸਾਂ ਵਿੱਚ ਸਰੀਰਕ ਵਾਧੇ ਦੇ ਉਛਾਲ ਨਾਲ ਪ੍ਰਜਨਣ ਪ੍ਰਣਾਲੀ ਵਿੱਚ ਪ੍ਰੋੜ੍ਹਤਾ ਆਉਂਦੀ ਹੈ। ਇਸ ਤੇਜ਼ ਰਫ਼ਤਾਰੀ ਸਰੀਰਕ ਵਿਕਾਸ ਵਾਲੇ ਸਮੇਂ ਤੋਂ ਮਾਨਸਿਕ ਉਥਲ-ਪੁਥਲ ਵਾਲੇ ਸਮੇਂ ਵਿੱਚ ਤਬਦੀਲੀ ਬਾਰੇ ਸ਼ੁਰੂਆਤ ਅਮਰੀਕਾ ਦੇ ਕਲਾਰਕ ਵਿਸਵਵਿਦਿਆਲੇ ਦੇ ਜੀ. ਸਟੈਨਲੇ ਵਲੋਂ ਹੋਈ, ਜਿਸ ਨੇ ਇਸ ਸਦੀ ਦੇ ਮੋੜ 'ਤੇ ਇਸ ਵਿਸ਼ੇ ਬਾਰੇ ਦੋ ਜਿਲਦਾਂ ਵਿੱਚ ਪੁਸਤਕ ਪ੍ਰਕਾਸ਼ਿਤ ਕੀਤੀ। ਅਮਰੀਕਾ ਵਿੱਚ ਮਨੋਵਿਗਿਆਨੀਆਂ ਅਤੇ ਸਲਾਹਕਾਰਾਂ ਨੇ, ਕਿਸ਼ੋਰਾਂ ਦੀਆਂ ਸਮੱਸਿਆਵਾਂ 'ਤੇ ਖੋਜ ਕੀਤੀ ਅਤੇ ਇਸ ਵਿਕਾਸਸ਼ੀਲ ਅਵਸਥਾ ਦੇ ਸਮਾਜੀ-ਸਭਿਆਚਾਰਕ ਪਹਿਲੂਆਂ ਨੂੰ ਦਰਸਾਉਣ ਲਈ 'ਯੁਵਾ ਸਭਿਆਚਾਰ' ਦੀ ਨਵੀਂ ਉਕਤੀ ਘੜੀ।

ਫਿਲਿਪ ਏਰੀਜ ਨੇ 'ਸਦੀਆਂ ਦਾ ਬਚਪਨ' ਪੁਸਤਕ ਵਿੱਚ ਬਚਪਨ ਦੀਆਂ ਘਟਨਾਵਾਂ ਬਾਰੇ ਚਰਚਾ ਕੀਤੀ ਹੈ, ਜਿਵੇਂ ਉਹ ਅੱਜ ਮਹਿਸੂਸ ਹੁੰਦਾ ਹੈ। ਯੂਰਪ ਦੇ ਉੱਤਰ-ਸਨਅਤੀ ਇਨਕਲਾਬ ਦੇ ਲੱਛਣ ਵਜੋਂ ਮਸ਼ੀਨਾਂ ਦੀ ਆਮਦ ਨਾਲ, ਜਿਨ੍ਹਾਂ ਦੇ ਇਸਤੇਮਾਲ ਲਈ ਜਿਆਦਾ ਤਾਕਤ ਅਤੇ ਮੁਹਾਰਤ ਦੀ ਲੋੜ ਸੀ, ਉਨ੍ਹਾਂ ਨਾਲ ਕੰਮ ਕਰਨ ਲਈ ਸਿਖਲਾਈ ਦਾ ਸਮਾਂ ਵਧਣਾ ਜ਼ਰੂਰੀ ਹੋ ਗਿਆ। ਸਿਖਲਾਈ ਇਕ ਸੰਸਥਾ ਦੇ ਰੂਪ ਵਿੱਚ ਸਥਾਪਿਤ ਹੋਈ ਅਤੇ ਇਸ ਨੇ ਲੋਕਾਂ ਨੂੰ, ਆਪਣੇ ਬੱਚਿਆ ਲਈ ਕੰਮ ਵਾਲੀ ਥਾਂ ਤੋਂ ਸਕੂਲ ਲੈ ਜਾਣ ਦੇ ਯੋਗ ਬਣਾਇਆ। ਇਹ ਉਹ ਥਾਂ ਹੈ ਜਿੱਥੇ ਉਨ੍ਹਾਂ ਨੇ ਕਈ ਤਰ੍ਹਾਂ ਦੇ ਵਿਸ਼ੇ ਪੜ੍ਹੇ ਅਤੇ ਯੋਗਤਾ ਤੇ ਤੌਰ ਤਰੀਕੇ ਨੂੰ ਸੁਧਾਰਿਆ, ਜਿਨਾਂ ਨੇ ਇਨ੍ਹਾਂ ਨੂੰ ਰੋਜੀ-ਰੋਟੀ ਕਮਾਉਣ ਲਈ, ਕੰਮ ਚੋਣ ਕਰਨ ਵਾਸਤੇ ਤਿਆਰ ਕੀਤਾ ਤੇ ਇਨ੍ਹਾਂ ਨੇ ਉਹ ਅਪਣਾ ਲਏ, ਨਾ ਕਿ ਪਰਿਵਾਰਕ ਅਤੇ ਪਰੰਪਰਾਗਤ ਕੰਮ ਤਕ ਸੀਮਿਤ ਰਹੇ। ਇਸ ਤਰ੍ਹਾਂ ਮਿਡਲ ਅਤੇ ਹਾਈ

ਨੂੰ ਚੇਤਨ ਸਮੀਖਿਆਕਾਰ ਦੀ ਲੋੜ ਹੈ, ਜੋ ਇਸ ਦੀ ਬੇਹਤਰੀ ਲਈ ਸੁਝਾਅ ਦੇਵੇ। ਮੈਂ ਸਿਰਫ ਆਪਣੇ ਗੁਰੂ ਡਾ. ਐਸ. ਆਨੰਦਲਕਸ਼ਮੀ ਬਾਰੇ ਸੋਚ ਸਕੀ ਜੋ 'ਬੱਚਿਆਂ ਦੇ ਵਿਕਾਸ' ਵਿਸ਼ੇ ਵਿੱਚ ਮੇਰੇ ਪਹਿਲੇ ਅਧਿਆਪਕ ਸਨ ਅਤੇ ਪੀ. ਐੱਚ. ਡੀ. ਤਕ ਮੇਰੇ ਆਗੂ ਅਤੇ ਸਲਾਹਕਾਰ ਰਹੇ। ਉਹ ਖਰੜੇ ਨੂੰ ਮੁੜ ਵਿਚਾਰਨ ਲਈ ਰਾਜੀ ਹੋਏ ਅਤੇ ਇਸ ਨੂੰ ਅੰਤਿਮ ਰੂਪ ਦੇਣ ਲਈ ਬੜੀ ਤੇਜ਼ੀ ਨਾਲ ਕਾਰਜ ਕੀਤਾ। ਇਸ ਸਾਰੇ ਖਰੜੇ ਨੂੰ ਸੋਧਣ ਅਤੇ ਚੁਸਤ ਬਣਾਉਣ ਲਈ, ਮੈਂ ਉਨ੍ਹਾਂ ਦੀ ਸੱਚੇ-ਦਿਲੋਂ ਧੰਨਵਾਦੀ ਹਾਂ। ਇਸ ਵਿਚਾਰ-ਵਟਾਂਦਰੇ ਦੌਰਾਨ ਉਨ੍ਹਾਂ ਦੀ ਸਿਖਿਆਦਾਇਕ ਮਦਦ ਅਮੁੱਲ ਸਾਬਿਤ ਹੋਈ।

ਦੋ ਸਹੇਲੀਆਂ, ਜਿਨਾਂ ਨਾਲ ਜਦੋਂ ਮੈਂ ਪਹਿਲਾ ਪਾਠ ਲਿਖਿਆ, ਕਈ ਵਾਰੀ ਚਰਚਾ ਕੀਤੀ ਉਹ ਹਨ ਭਾਨੂਮਤੀ ਅਤੇ ਨੰਦਿਤਾ। ਮੇਰੇ ਪਿਤਾ ਵੀ ਸਮੀਖਿਅਕ ਦੇ ਤੌਰ 'ਤੇ ਸ਼ਾਮਿਲ ਹੋ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਪਹਿਲਾ ਪਾਠ ਪੜ੍ਹਿਆ ਤੇ ਕਈ ਸੁਝਾਅ ਦਿੱਤੇ ਜੋ ਕਈ ਤਰ੍ਹਾਂ ਦੀਆਂ ਤਬਦੀਲੀਆਂ ਦਾ ਆਧਾਰ ਬਣੇ। ਇਸ ਤਜ਼ਰਬੇ ਨੇ ਮੈਨੂੰ ਬਾਕੀ ਪੁਸਤਕ ਲਿਖਣ ਵਿੱਚ ਮਦਦ ਕੀਤੀ। ਮੈਂ ਇਨ੍ਹਾਂ ਤਿੰਨਾਂ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਕਾਲਜ ਦੇ ਵਿਦਿਆਰਥੀਆਂ ਦਾ ਇਕ ਗਰੁੱਪ ਪੁਸਤਕ ਵਿੱਚ ਸ਼ਾਮਿਲ ਹੋਣ ਵਾਲੇ ਕਈ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਰਾਜੀ ਹੋ ਗਿਆ। ਮੈਂ ਉਨ੍ਹਾਂ ਦੀ ਇਸ ਦਿਲਚਸਪੀ ਅਤੇ ਸਮਾਂ ਕੱਢਣ ਲਈ ਧੰਨਵਾਦੀ ਹਾਂ।

ਕਲੀਨਕਲ ਮਨੋਵਿਗਿਆਨੀ ਡਾ. ਬਿੰਦੂ ਪ੍ਰਸਾਦ ਅਤੇ ਡਾ. ਸੁਜਾਤਾ ਸ਼ਰਮਾ ਦੀ ਵੀ ਮੈਂ ਰਿਣੀ ਹਾਂ ਜਿਨਾਂ ਨੇ ਭਾਰਤੀ ਕਿਸ਼ੋਰਾਂ ਪ੍ਰਤੀ ਆਪਣੇ ਕਿੱਤੇ ਨਾਲ ਸੰਬੰਧਿਤ ਵਿਚਾਰ ਪ੍ਰਗਟਾਏ। ਜਦੋਂ ਕੋਈ ਕਿੱਤੇ ਨਾਲ ਜੁੜਿਆ ਵਿਅਕਤੀ ਘਰੇਲੂ ਹੋਵੇ, ਜਾਂ ਮਾਂ, ਬੀਵੀ, ਨੂੰਹ ਤੇ ਨਾਲ ਇਕ ਲੇਖਕ ਦੀ ਵਾਧੂ ਭੂਮਿਕਾ ਲੈ ਲਵੇ ਤਾਂ ਉਸ ਦੇ ਕੰਮ ਨੂੰ ਪੂਰਾ ਕਰਨ ਦੀ ਕਾਮਯਾਬੀ ਕਾਫ਼ੀ ਹਦ ਤਕ ਪਰਿਵਾਰ ਦੀ ਮਦਦ 'ਤੇ ਨਿਰਭਰ ਕਰਦੀ ਹੈ। ਜਿਵੇਂ ਜਿਵੇਂ ਇਹ ਕਿਤਾਬ ਅੱਗੇ ਵਧੀ, ਉਵੇਂ ਉਵੇਂ ਮੇਰੇ ਪਰਿਵਾਰ; ਪਤੀ, ਦੋ ਕਿਸ਼ੋਰ ਧੀਆਂ ਅਤੇ ਸੱਸ ਸਹੁਰੇ ਪ੍ਰਤੀ ਮੇਰੀ ਅਹਿਸਾਨਮੰਦੀ ਵਧਦੀ ਗਈ। ਧੀਆਂ ਮੇਰੀ ਪੁਸਤਕ ਦੀਆਂ ਮੁਢਲੀਆਂ ਪਾਠਕ ਸਨ, ਜਿਨ੍ਹਾਂ ਨੇ ਇਕ ਇਕ ਵਾਕ ਨੂੰ ਪੜ੍ਹ ਕੇ ਸਵਾਰਿਆ ਅਤੇ ਪ੍ਰਮਾਣਿਕਤਾ ਦੀ ਮੋਹਰ ਲਾਈ। ਦੋਹੇਂ ਕੰਪਿਊਟਰ 'ਤੇ ਬੈਠੀਆਂ ਅਤੇ ਮੇਰੇ ਖਰੜੇ ਨੂੰ ਕਾਫ਼ੀ ਹੱਦ ਤਕ ਟਾਈਪ ਕੀਤਾ। ਮੇਰੇ ਪਤੀ ਨੇ ਮੇਰੇ ਕਈ ਕਈ ਘੰਟੇ ਲਗਾਤਾਰ ਕੰਮ ਕਰਨ ਦੀ ਲੋੜ ਨੂੰ ਸਮਝਦੇ ਹੋਏ, ਖਰੜੇ ਦੀ ਟਾਇਪਿੰਗ ਅਤੇ ਛਪਾਈ ਦੇ ਕੰਮ ਵਿੱਚ ਵੀ ਮੇ ਰੀ ਮਦਦ ਕੀਤੀ। ਮੈਂ ਆਪਣੇ ਸੱਸ-ਸਹੁਰੇ ਅੱਗੇ ਵੀ ਸਿਰ ਝੁਕਾਉਂਦੀ ਹਾਂ ਜਿਨਾਂ ਨੇ ਇਸ ਪੁਸਤਕ ਦੇ ਲਿਖਣ ਦੌਰਾਨ ਨਿਰੰਤਰ ਮੈਨੂੰ ਹੌਸਲਾ ਦਿੱਤਾ।

ਪਹਿਲਾ ਪਾਠ 'ਬਚਪਨ ਤੋਂ ਪਾਰ ਲੰਘਦੇ ਹੋਏਂ' ਦੋ ਘਟਨਾਵਾਂ ਰਾਹੀਂ ਕਿਸ਼ੋਰ ਅਵਸਥਾ ਦੇ ਵਿਸ਼ੇ ਨੂੰ ਜਾਣੂ ਕਰਵਾਉਂਦਾ ਹੈ। ਪਰ ਪਹਿਲੋਂ ਬਚਪਨ ਦੀਆਂ ਵੱਖ ਵੱਖ ਅਵਸਥਾਵਾਂ ਬਾਰੇ ; ਭਾਵ ਬਾਲਪਣ, ਮੁੱਢਲਾ ਬਚਪਨ, ਮੱਧ-ਬਚਪਨ ਬਾਰੇ ਨਿਰੀਖਣ ਕੀਤਾ ਗਿਆ ਹੈ।

ਦੂਸਰੇ ਪਾਠ 'ਬਾਲਗ ਹੋਣਾ', ਸਰੀਰਕ ਅਤੇ ਸੈਕਸ ਦੀਆਂ ਤਬਦੀਲੀਆਂ ਬਾਰੇ ਹੈ। ਇਸ ਵਿੱਚ ਮੁੰਡੇ ਕੁੜੀਆਂ ਦੀ ਅੱਲ੍ਹੜ ਉਮਰ ਦੌਰਾਨ ਪੈਂਦੇ ਮਾਨਸਿਕ ਪ੍ਰਭਾਵਾਂ ਅਤੇ ਸਰੀਰਕ ਵਿਕਾਸ ਨਾਲ ਸੰਬੰਧਿਤ ਵਿਕਾਰਾਂ ਬਾਰੇ ਵੀ ਚਰਚਾ ਹੈ। ਤੀਸਰੇ ਪਾਠ ਦਾ ਨਾਂ 'ਬੁੱਧੀ ਦਾ ਵਿਕਾਸ' ਹੈ ਅਤੇ ਇਹ ਕਿਸ਼ੋਰ ਅਵਸਥਾ ਦੌਰਾਨ ਸਿਆਣਪ, ਗਿਆਨ-ਬੋਧ, ਪ੍ਰਾਪਤੀਆਂ, ਸਿਰਜਣਾਤਮਕਤਾ ਅਤੇ ਭਾਸ਼ਾ ਦੇ ਵਿਕਾਸ ਬਾਰੇ ਹੈ। ਇਸ ਤੋਂ ਬਾਅਦ 'ਕਦਰਾਂ-ਕੀਮਤਾਂ ਦਾ ਵਿਕਾਸ' ਵਿੱਚ ਨੈਤਿਕ ਵਿਕਾਸ ਦੇ ਪਹਿਲੂ ਨੂੰ ਉਦਾਹਰਣਾਂ ਸਮੇਤ ਸਮਝਾਇਆ ਗਿਆ ਹੈ। ਨੈਤਿਕਤਾ ਨਾਲ ਡੂੰਘੀ ਤਰ੍ਹਾਂ ਜੁੜੇ ਪਹਿਲੂ ਜਿਵੇਂ ਕਦਰਾਂ-ਕੀਮਤਾਂ, ਧਰਮ ਅਤੇ ਰਾਜਨੀਤਿਕ ਜਾਗਰੂਕਤਾ ਦੀ ਵੀ ਚਰਚਾ ਕੀਤੀ ਗਈ ਹੈ। ਪੰਜਵਾਂ ਪਾਠ, 'ਵਿਅਕਤਿੱਤਵ ਦਾ ਵਿਕਾਸ' ਬਾਰੇ ਹੈ, ਜੋ ਭਾਰਤੀ ਕਿਸ਼ੋਰਾਂ ਦੇ ਵੱਖ ਵੱਖ ਨਜ਼ਰੀਏ ਪੇਸ਼ ਕਰਨ ਤੋਂ ਇਲਾਵਾ ਉਨ੍ਹਾਂ ਜ਼ਰੂਰੀ ਤੱਤਾ ਬਾਰੇ ਵੀ ਚਰਚਾ ਕਰਦਾ ਹੈ ਜੋ 'ਪਛਾਣ ਸਥਾਪਤੀ' ਨੂੰ ਪ੍ਰਭਾਵਿਤ ਕਰਦੇ ਹਨ। ਇਸ ਵਿੱਚ ਪਰਿਵਾਰ, ਸਮੂਹ, ਹਮ-ਉਮਰ ਸਾਥੀ, ਸਕੂਲ ਅਤੇ ਮੀਡੀਆ ਸ਼ਾਮਿਲ ਹਨ। ਛੇਵਾਂ ਪਾਠ 'ਭਵਿੱਖ ਲਈ ਤਿਆਰੀ' ਵਿੱਚ ਕਿੱਤਾ, ਵੋਕੇਸ਼ਨਲ ਕੈਰੀਅਰ ਅਤੇ ਵਿਆਹ, ਸਭਿਆਚਾਰ, ਮੀਡੀਆ ਅਤੇ ਸੰਸਾਰੀਕਰਨ ਦੇ ਰੁਝਾਨ ਦਾ, ਕਿਸ਼ੋਰਾਂ ਦੇ ਫੈਸਲਿਆਂ ਉੱਪਰ ਪ੍ਰਭਾਵਾਂ ਦਾ ਖੋਜ਼ ਕਾਰਜ ਹੈ। ਸੱਤਵਾਂ ਪਾਠ ਭਾਰਤ ਵਿੱਚ ਕਿਸੋਰਾਂ ਲਈ ਨੀਤੀਆਂ ਅਤੇ ਕਾਨੂੰਨ ਨਾਲ ਸੰਬੰਧਿਤ ਹੈ। ਆਖਰੀ ਪਾਠ, 'ਉੱਭਰ ਰਹੇ ਕਿਸ਼ੋਰ', ਵਿੱਚ ਮੈਂ ਭਾਰਤੀ ਕਿਸ਼ੋਰਾਂ ਬਾਰੇ ਆਪਣੀ ਸਕਾਰਾਤਮਕ ਪਹੁੰਚ ਅਤੇ ਨਜ਼ਰੀਏ ਨੂੰ ਪੇਸ਼ ਕੀਤਾ ਹੈ।

ਨਵੀਂ ਦਿੱਲੀ **ਨੀਰਜਾ ਸ਼ਰਮਾ**

1

ਬਚਪਨ ਤੋਂ ਪਾਰ ਲੰਘਦੇ ਹੋਏ

ਜਦੋਂ ਅਸੀ ਬੱਚੇ ਹੁੰਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਛੇਤੀ-ਛੇਤੀ ਵੱਡੇ ਹੋਈਏ ਤਾਂ ਜੋ ਅਸੀਂ ਆਪਣੇ ਵੱਡੇ ਭੈਣ-ਭਰਾਵਾਂ ਵਾਂਗ, ਅੰਕਲ ਜਾਂ ਆਂਟੀਆਂ ਵਾਂਗ ਜਾਂ ਆਪਣੇ ਮਾਂ-ਪਿਉ ਦੀ ਤਰ੍ਹਾਂ ਲੱਗੀਏ। ਵੱਡੇ ਹੋਣਾ ਇਕ ਤਰ੍ਹਾਂ ਦੀ ਸੋਗਾਤ ਲਗਦਾ ਹੈ। ਦਰਅਸਲ ਵੱਡਾ ਭਰਾ ਆਪਣੇ ਦੋਸਤਾਂ ਨਾਲ ਬਾਹਰ ਜਾ ਸਕਦਾ ਹੈ ਤੇ ਰਾਤੀ ਦੇਰ ਤਕ ਨਹੀਂ ਮੁੜਦਾ ਜਾਂ ਭੈਣ-ਕੋਲ਼ ਸੋਹਣੇ ਕੱਪੜੇ ਹਨ, ਗੱਲਾਂ ਈਰਖਾ ਪੈਦਾ ਕਰਦੀਆਂ ਹਨ। ਅਸੀਂ ਅਕਸਰ ਛੇਤੀ-ਛੇਤੀ ਵੱਡਾ ਹੋਣਾ ਚਾਹੁੰਦੇ ਹਾ ਤਾ ਜੋ ਅਸੀਂ ਕੁਝ ਸਹੂਲਤਾਂ ਮਾਣ ਸਕੀਏ।

ਪ੍ਰਤੱਖ ਰੂਪ ਵਿਚ, ਬੱਚੇ ਸੋਚਦੇ ਹਨ ਕਿ ਜੋ ਵੱਡੇ ਹਨ ਉਨ੍ਹਾਂ ਨੂੰ ਖਾਸ ਹੱਕ ਨੇ ਅਤੇ ਉਸ ਉਮਰ ਅਤੇ ਉਨ੍ਹਾ ਦੇ ਕੱਦ-ਕਾਠ ਤੱਕ ਪਹੁਚੰਣਾ ਤੇ ਉਹ ਅਖ਼ਤਿਆਰ ਅਤੇ ਵਿਸ਼ੇਸ਼ ਅਧਿਕਾਰ ਉਨ੍ਹਾ ਨੂੰ ਸੁੱਤੇ-ਸਿੱਧ ਹਾਸਿਲ ਹੋ ਜਾਣਗੇ। ਜਿਵੇਂ ਅਸੀ ਪ੍ਰੋੜ੍ਹ ਹੁੰਦੇ ਹਾ, ਅਸੀਂ ਮਹਿਸੂਸ ਕਰਦੇ ਹਾਂ ਕਿਸ਼ੋਰ ਅਵਸਥਾ ਜਵਾਨੀ ਦੀ ਤੁਲਨਾ ਵਿਚ ਬੇਪਰਵਾਹ ਸਮਾ ਸੀ। ਅਸੀਂ ਉਨ੍ਹਾਂ ਯਾਦਾ ਵਿਚ ਗੁਆਚ ਜਾਦੇ ਹਾਂ ਜਦੋਂ ਮਾਂ ਸਾਨੂੰ ਖਾਣੇ ਲਈ ਮਿੰਨਤਾ-ਤਰਲੇ ਕਰਦੀ ਸੀ, ਭੈਣ ਭਰਾ ਰਲ ਕੇ ਖੇਡਦੇ ਸੀ ਅਤੇ ਪਿਤਾ ਸਾਡੇ ਜਨਮ ਦਿਨ ਤੇ ਤੋਹਫੇ ਲਿਆਂਦੇ ਸਨ। ਇਹ ਗੱਲਾਂ ਉਨ੍ਹਾਂ ਲਈ ਜ਼ਿਆਦਾ ਸੱਚ ਹਨ ਜੋ ਲੋਕ ਮੱਧ ਜਾ ਉੱਚ ਸਮਾਜੀ-ਆਰਥਿਕ ਵਰਗ ਨਾਲ ਸੰਬੰਧਿਤ ਹਨ। ਉਹ ਬੱਚੇ ਜੋ ਗਰੀਬੀ ਵਿਚ ਪਲਦੇ ਹਨ, ਬਹੁਤਾਂ ਸਮਾ ਬਚਪਨ ਨਹੀਂ ਮਾਣ ਸਕਦੇ, ਕਿਉਂ ਜੋ ਪਰਿਵਾਰ ਨੂੰ ਖਰਚਾ ਚਲਾਉਣ ਲਈ ਵੱਧ ਤੋਂ ਵੱਧ ਕੰਮ ਕਰਨ ਵਾਲੇ ਹੱਥਾਂ ਦੀ ਲੋੜ ਹੁੰਦੀ ਹੈ।

ਯਕੀਨਨ, ਪ੍ਰੋੜ੍ਹਤਾ ਆਪਣੇ ਆਪ ਨਾਲ ਸਿਰਫ਼ ਵਿਸ਼ੇਸ਼ ਅਧਿਕਾਰ ਹੀ ਨਹੀਂ ਲਿਆਉਂਦੀ, ਫਰਜ਼ ਅਤੇ ਜੁੰਮੇਵਾਰੀ ਵੀ ਲਿਆਉਂਦੀ ਹੈ। ਅਸਲ ਵਿਚ, ਉਮਰ ਦੇ ਵਾਧੇ ਨਾਲ ਸਾਡੀਆ ਚਿੰਤਾਵਾਂ, ਤਣਾਉ ਅਤੇ ਡਰ ਵਿਚ ਵਾਧਾ ਹੁੰਦਾ ਹੈ। ਉਨ੍ਹਾਂ ਦਾ ਹੱਲ ਲੱਭਣਾ ਅਤੇ ਉਨਾ ਨਾਲ ਕਦਮ ਮਿਲਾ ਕੇ ਤੁਰਨਾ ਵੀ ਵੱਡੇ ਹੋਣ ਦਾ ਹਿੱਸਾ ਹੈ, ਜਿਵੇਂ ਛੋਟੇ ਭੈਣ-ਭਰਾ ਨਾਲ ਝਗੜੇ ਵੇਲੇ ਜਾਂ ਰੁਪਈਆ ਨਾਲ ਭਰਿਆ ਪਰਸ ਲੈ ਕੇ ਜਾਣ ਵੇਲੇ। ਮਤਲਬ ਜਿਸ ਭਰਾ ਨੂੰ ਦੋਸਤਾਂ ਨਾਲ ਬਾਹਰ ਜਾਣ ਦੀ ਖੁੱਲ੍ਹ ਹੈ, ਨਾਲ ਹੀ ਉਸ 'ਤੇ ਇਮਤਿਹਾਨ ਵਿਚੋਂ ਚੰਗੇ

ਨੰਬਰ ਲੈ ਕੇ ਪਾਸ ਹੋਣ ਦੀ ਔਖੀ ਜ਼ੁੰਮੇਵਾਰੀ ਵੀ ਹੈ।

ਇੰਜ ਕਹੀਏ ਕਿ ਜ਼ਿੰਦਗੀ ਦੀ ਹਰ ਅਵਸਥਾ ਵਿਸ਼ੇਸ਼ ਅਧਿਕਾਰਾਂ ਅਤੇ ਫ਼ਰਜ਼ਾਂ ਦਾ ਆਪਸੀ ਤਾਲਮੇਲ ਹੈ। ਦਿਲਚਸਪੀ ਦੀ ਗੱਲ ਇਹ ਹੈ ਕਿ ਅਵਸਥਾ ਜੋ ਬੀਤ ਚੁੱਕੀ ਹੈ ਅਤੇ ਆਉਣ ਵਾਲੀ ਹੈ, ਉਹ ਹੰਢਾਈ ਜਾ ਰਹੀ ਅਵਸਥਾ ਤੋਂ ਆਸਾਨ ਜਾਪਦੀ ਹੈ।

ਇਹ ਗੱਲ ਵਿਕਾਸ ਦੇ ਉਸ ਮੁੱਖ ਨਿਯਮ ਵੱਲ ਇਸ਼ਾਰਾ ਕਰਦੀ ਹੈ ਕਿ ਵਿਕਾਸ ਪੜਾਵਾਂ ਵਿਚ ਹੁੰਦਾ ਹੈ। *ਕਿਸ਼ੋਰ ਅਵਸਥਾ* ਉਨ੍ਹਾਂ ਵਿਕਾਸ ਪੜਾਵਾ ਵਿਚੋਂ ਇਕ ਮਹੱਤਵਪੂਰਣ ਪੜਾਅ ਹੈ ਜੋ ਕਿ ਪਹਿਲਾਂ ਦੇ ਅਤੇ ਬਾਅਦ ਦੇ ਪੜਾਵਾਂ ਨਾਲ ਜੁੜੀ ਹੋਈ ਹੈ। ਜੇਕਰ ਸਾਰੀ ਸਥਿਤੀ ਨੂੰ ਪੂਰੀ ਜ਼ਿੰਦਗੀ ਨਾਲ ਜੋੜ ਕੇ ਦੇਖੀਏ ਤਾਂ ਇਸ ਨੂੰ ਅਸੀਂ ਹੋਰ ਬਿਹਤਰ ਢੰਗ ਨਾਲ ਸਮਝ ਸਕਦੇ ਹਾ :

ਜ਼ਿੰਦਗੀ ਦੀ ਅਵਸਥਾ		*ਲਗਭਗ ਉਮਰ*
ਗਰਭ ਦੌਰਾਨ ਵਿਕਾਸ	–	ਗਰਭ ਠਹਿਰਣ ਤੋਂ ਜਨਮ ਤੱਕ
ਬਾਲਪਣ	–	ਜਨਮ ਤੋਂ ਦੋ ਸਾਲ
ਮੁੱਢਲਾ ਬਚਪਨ	–	ਦੋ ਤੋਂ ਛੇ ਸਾਲ
ਮੱਧ ਬਚਪਨ	–	6 ਤੋਂ 11 ਸਾਲ
ਕਿਸ਼ੋਰ ਅਵਸਥਾ	–	11 ਤੋਂ 19 ਸਾਲ
ਜਵਾਨੀ	–	19 ਤੋਂ 35 ਸਾਲ
ਅਧੇੜ ਉਮਰ	–	35 ਤੋਂ 65 ਸਾਲ
ਬੁਢਾਪਾ	–	65 ਸਾਲ ਤੋਂ ਮਗਰੋਂ

ਦਰਅਸਲ ਹਰ ਇਕ ਅਵਸਥਾ ਅੱਗੇ ਦਰਸਾਈਆਂ ਤਰਤੀਬਵਾਰ ਹੱਦਾਂ ਦਾ ਮਤਲਬ ਇਹ ਹਰਗਿਜ਼ ਨਹੀਂ ਹੈ ਕਿ ਇਕ ਅਵਸਥਾ ਤੋਂ ਦੂਸਰੀ ਅਵਸਥਾ ਵਿਚ ਅਚਾਨਕ ਤਬਦੀਲੀ ਆ ਜਾਂਦੀ ਹੈ। ਸਰਵੇਖਣਾਂ ਤੋਂ ਪਤਾ ਚਲਦਾ ਹੈ ਕਿ ਜਦੋਂ ਵਿਅਕਤੀ ਇਕ ਅਵਸਥਾ ਤੋਂ ਦੂਸਰੀ ਅਵਸਥਾ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਵੇਲੇ ਦੋਵੇਂ ਅਵਸਥਾਵਾਂ ਵਿਸ਼ਵਵਿਆਪੀ ਹਨ। ਭਾਵ ਇਹ ਕਿ ਦੁਨੀਆਂ ਦੀਆਂ ਵੱਖ-ਵੱਖ ਸਭਿਆਤਾਵਾਂ ਅਤੇ ਸਮਾਜਾਂ ਵਿਚ, ਸਾਰੇ ਮਨੁੱਖ ਜੋ ਬੁਢਾਪੇ ਤਕ ਜੀਵਨ ਬਤੀਤ ਕਰਦੇ ਹਨ, ਵਿਕਾਸ ਦੇ ਇਨ੍ਹਾਂ ਪੜਾਵਾਂ ਵਿਚੋਂ ਲੰਘਦੇ ਹਨ। ਇਹ ਗੱਲ ਵੱਖਰੀ ਹੈ ਕਿ ਬਚਪਨ ਅਤੇ ਕਿਸ਼ੋਰ ਅਵਸਥਾ ਦੇ ਉਨ੍ਹਾਂ ਦੇ ਤਜਰਬੇ, ਸਭਿਆਚਾਰਕ ਅਤੇ ਬਾਹਰੀ ਵਾਤਾਵਰਣ ਵਿਚ ਭਿੰਨਤਾ ਹੋਣ ਕਾਰਣ, ਹਰ ਸਮਾਜ ਵਿਚ ਵੱਖਰੇ ਹੋਣਗੇ।

ਬਚਪਨ ਦੇ ਸਾਲ

ਆਮ ਤੌਰ ਤੇ ਜਨਮ ਤੋਂ ਗਿਆਰਾਂ ਸਾਲਾਂ ਤਕ ਦਾ ਸਮਾਂ ਬਚਪਨ ਦਾ ਸਮਾਂ ਮੰਨਿਆਂ

ਜਾਂਦਾ ਹੈ। ਇਸ ਵੇਲੇ, ਕਿਸ਼ੋਰ ਅਵਸਥਾ ਬਾਰੇ ਜੋ ਕਿ ਲਗਭਗ ਗਿਆਰਾਂ ਸਾਲ ਤੋਂ ਸ਼ੁਰੂ ਹੁੰਦੀ ਹੈ, ਜਾਣਨ ਤੋਂ ਪਹਿਲਾਂ ਬਚਪਨ ਬਾਰੇ ਜਾਣਨਾ ਲਾਹੇਵੰਦ ਹੋਵੇਗਾ।

ਬਾਲਪਣ

ਜਦੋਂ ਕਿ ਜਨਮ ਤੋਂ ਬਾਅਦ, ਬੱਚੇ ਲਾਚਾਰ ਨਜ਼ਰ ਆਉਂਦੇ ਹਨ ਅਤੇ ਆਪਣੇ ਜੀਉਂਦਾ ਰਹਿਣ ਲਈ ਹੋਰਾਂ ਤੇ ਨਿਰਭਰ ਜਾਪਦੇ ਹਨ, ਪਰ ਖੋਜ਼ਾਂ ਨੇ ਦਰਸਾਇਆ ਹੈ ਕਿ ਪਹਿਲੇ ਦਿਨ ਤੋਂ ਹੀ ਬੱਚੇ ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਹੁੰਦੇ ਹਨ। ਉਹ ਆਪਣੇ ਕੰਨਾਂ, ਅੱਖਾਂ, ਮੂੰਹ ਅਤੇ ਚਮੜੀ ਰਾਹੀਂ ਸੰਕੇਤ ਹਾਸਿਲ ਕਰਦੇ ਹਨ। ਜ਼ਿਆਦਾਤਰ ਗੁੰਝਲਦਾਰ ਮਨੁੱਖੀ ਯੋਗਤਾਵਾਂ ਦੀ ਸ਼ੁਰੂਆਤ ਬਾਲਪਣ ਵਿਚ ਦੇਖੀ ਜਾ ਸਕਦੀ ਹੈ। ਇਹ ਸੱਚ ਹੈ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ - ਬੱਚੇ ਦੇ ਵਰਤਾਉ ਵਿਚ ਸਾਫ਼ ਨਜ਼ਰ ਆਉਂਦਾ ਹੈ ਜੋ ਆਮ ਤੌਰ ਤੇ ਇਕੱਲੇ ਰਹਿਣ ਦੀ ਬਜਾਏ ਹੋਰ ਲੋਕਾਂ ਵਿਚ ਘਿਰਿਆ ਰਹਿਣਾ ਪਸੰਦ ਕਰਦਾ ਹੈ।

ਬਾਲਪਣ ਤੋਂ ਬਾਅਦ, ਭਾਵ ਦੋ ਸਾਲ ਦੀ ਉਮਰ 'ਤੇ, ਬੱਚਾ ਕਈ ਪੱਖਾਂ ਤੋਂ ਸਮਰੱਥ ਹੋ ਜਾਦਾ ਹੈ। ਇਹ ਹੁਣ ਜਾਣਿਆ-ਪਛਾਣਿਆ ਤੱਥ ਹੈ ਕਿ ਇਸ ਉਮਰ 'ਤੇ ਬੱਚਾ ਕਈ ਤਰ੍ਹਾਂ ਦੇ ਹੁਨਰ ਵਿਕਸਿਤ ਕਰ ਲੈਂਦਾ ਹੈ। ਬੱਚਾ :

- ਤੁਰਨ ਅਤੇ ਦੌੜਨ ਯੋਗ ਹੋ ਜਾਂਦਾ ਹੈ
- ਕਈ ਕਿਸਮ ਦੀਆਂ ਚੀਜ਼ਾਂ, ਆਦਮੀਆਂ, ਤਜਰਬਿਆਂ ਨੂੰ ਯਾਦ ਕਰਨ ਦੀ ਸਮਰਥਾ ਰੱਖਦਾ ਹੈ।
- ਵੱਡਿਆਂ ਦੇ ਚਿਹਰੇ-ਮੁਹਰੇ ਦੇ ਹਾਵ-ਭਾਵ ਦੀ ਨਕਲ ਕਰ ਸਕਦਾ ਹੈ।
- ਆਪਣੀ ਮਾਂ, ਜਾਣ-ਪਛਾਣ ਵਾਲੇ ਲੋਕਾਂ ਅਤੇ ਅਜਨਬੀਆਂ ਵਿਚ ਸਾਫ਼ ਫ਼ਰਕ ਮਹਿਸੂਸ ਕਰ ਸਕਦਾ ਹੈ।
- ਪਿਆਰ, ਗੁੱਸਾ, ਖੁਸ਼ੀ, ਡਰ ਅਤੇ ਈਰਖਾ ਦੇ ਭਾਵ ਉਜਾਗਰ ਕਰਦਾ ਹੈ।
- ਆਪਣੀਆ ਅੱਖਾਂ, ਚਿਹਰੇ ਦੇ ਭਾਵਾਂ, ਇਸ਼ਾਰਿਆਂ ਅਤੇ ਸ਼ਬਦਾਂ ਨਾਲ ਸੰਚਾਰ ਕਰ ਸਕਦਾ ਹੈ।
- ਸਰਗਰਮੀ ਨਾਲ ਵਾਤਾਵਰਣ ਦੀ ਘੋਖ ਕਰਦਾ ਹੈ ਅਤੇ ਨਵੇਂ ਤਜਰਬੇ ਕਰਦਾ ਹੈ।

ਮੁੱਢਲਾ ਬਚਪਨ

ਦੋ ਤੋਂ ਛੇ ਸਾਲ ਦੌਰਾਨ ਬੱਚੇ ਗਤੀਸ਼ੀਲ ਹੁੰਦੇ ਹਨ, ਉਨ੍ਹਾਂ ਕੋਲ ਆਪਸੀ ਗੱਲਬਾਤ ਲਈ ਭਾਸ਼ਾ ਹੁੰਦੀ ਹੈ ਅਤੇ ਉਹ ਖੇਡ ਰਾਹੀਂ ਸਿੱਖਦੇ ਹਨ। ਇਸ ਉਮਰ ਨੂੰ 'ਪੂਰਣ-ਸਕੂਲ ਸਮਾਂ ਹੀ ਕਿਹਾ ਜਾਂਦਾ ਹੈ ਕਿਉਂ ਜੋ ਇਹ ਵਿਧੀਵਤ ਸਕੂਲ ਜਾਣ ਤੋਂ ਪਹਿਲਾਂ ਦਾ ਸਮਾਂ ਹੈ। ਭਾਰਤ ਵਿਚ, ਜ਼ਿਆਦਾਤਰ ਬੱਚੇ *ਆਂਗਣਵਾੜੀ*, *ਬਾਲਵਾੜੀ*, ਨਰਸਰੀ ਸਕੂਲਾਂ

ਅਤੇ ਖੇਡ ਕੇਂਦਰਾਂ ਵਿਚ ਜਾਂਦੇ ਹਨ ਕਿਉਂ ਜੋ ਉਨ੍ਹਾਂ ਦੇ ਵਿਕਾਸ ਨੂੰ ਚੁਸਤ-ਦਰੁਸਤ ਅਤੇ ਕਾਇਮ ਰੱਖਣ ਲਈ ਇਹ ਮਹਤੱਵਪੂਰਣ ਹੈ। ਫਿਰ ਵੀ ਕਈ ਕਾਰਣਾਂ ਕਰਕੇ ਕਾਫ਼ੀ ਬੱਚੇ ਪੂਰਣ-ਸਕੂਲਾਂ ਵਿਚ ਨਹੀਂ ਜਾ ਪਾਂਦੇ।

ਇਨ੍ਹਾਂ ਚਾਰ ਸਾਲਾਂ ਦੇ ਵਕਫ਼ੇ ਵਿੱਚ (ਦੋ ਤੋਂ ਛੇ ਸਾਲ) ਬੱਚਿਆਂ ਦੀਆਂ ਮਾਨਸਿਕ ਤੇ ਸਮਾਜਿਕ ਯੋਗਤਾਵਾਂ ਵਿਚ ਵਰਣਨਯੋਗ ਸੁਧਾਰ ਹੁੰਦਾ ਹੈ। ਉਨ੍ਹਾਂ ਦੀ ਕਾਬਲੀਅਤ ਦੇ ਖ਼ਾਸ ਗੁਣ ਹਨ :

- ਸਰੀਰਕ ਕ੍ਰਿਆਵਾਂ ਉੱਪਰ ਕਾਬੂ ਹੋਣਾ। ਉਹ ਦੌੜਨ ਸਮੇਂ, ਟਪੂਸੀਆਂ ਮਾਰਦੇ, ਰੱਸਾ ਟੱਪਦੇ ਰੁੱਖਾਂ ਅਤੇ ਦੀਵਾਰਾਂ 'ਤੇ ਉਤਰਦੇ ਚੜ੍ਹਦੇ ਸੰਤੁਲਨ ਬਣਾ ਸਕਦੇ ਹਨ।
- ਆਪਣੇ ਕਰੀਬੀ ਵਾਤਾਵਰਣ ਅਤੇ ਲੋਕਾਂ ਨੂੰ ਸਮਝਣਾ।
- ਗੱਲਬਾਤ ਕਰਨ ਲਈ, ਆਪਣੀ ਮਾਤ-ਭਾਸ਼ਾ ਉੱਪਰ ਕਾਫ਼ੀ ਹੱਦ ਤਕ ਮੁਹਾਰਤ ਹਾਸਿਲ ਹੁੰਦੀ ਹੈ।
- ਆਮ ਧਾਰਨਾਵਾ ਜਿਵੇਂ ਭਾਰ, ਬਣਤਰ, ਸ਼ਕਲਾਂ, ਰੰਗਾਂ ਆਦਿ ਬਾਰੇ ਅਤੇ ਜੋ ਨਿਯਮਿਤ ਸਕੂਲੀ ਸਿੱਖਿਆ ਲੈਂਦੇ ਹਨ, ਉਨ੍ਹਾਂ ਨੂੰ ਗਿਣਤੀ ਅਤੇ ਅੱਖਰਾ ਦਾ ਗਿਆਨ ਵੀ ਹੁੰਦਾ ਹੈ।
- ਨਵੇਂ ਤਜਰਬਿਆਂ ਤੋਂ ਸਿੱਖਣ ਦੀ ਤਾਂਘ ਹੁੰਦੀ ਹੈ।
- ਇਕ ਭਰਪੂਰ ਕਲਪਨਾ ਸ਼ਕਤੀ ਅਤੇ ਸਿਰਜਣਾਤਮਕ ਖੇਡਾਂ ਵਿਚ ਆਨੰਦ ਮਾਨਣਾ।
- ਸਵੈ-ਪ੍ਰਗਟਾਵੇ, ਆਨੰਦ ਅਤੇ ਸਿੱਖਣ ਲਈ ਖੇਡਣਾ।

ਮੁੱਢਲਾ ਬਚਪਨ ਸਭਿਆਚਾਰ ਦੇ ਤੌਰ-ਤਰੀਕਿਆਂ ਨੂੰ ਸਿੱਖਣ ਦਾ ਇਕ ਨਾਜ਼ਕ ਸਮਾਂ ਹੈ। ਇਸ ਕ੍ਰਿਆ ਨੂੰ 'ਸਮਾਜੀਕਰਣ' ਕਹਿੰਦੇ ਹਨ। ਇਸ ਵਿਚ ਮਾਂਪਿਆਂ, ਦਾਦਕਿਆਂ-ਨਾਨਕਿਆਂ ਅਤੇ ਹੋਰਾ ਦੀਆਂ ਕੋਸ਼ਿਸ਼ਾਂ ਰਾਹੀਂ, ਬੱਚੇ ਨੂੰ ਪਾਲਦੇ-ਸਮਝਾਉਂਦੇ ਹੋਏ, ਪਰਿਵਾਰ ਦੀਆਂ ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ ਅਤੇ ਹੋਰ ਨੇਮਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਪਰਿਵਾਰ, ਨਿਸ਼ਚਿਤ ਹੀ, ਸਮਾਜ ਦੇ ਸਰੋਕਾਰਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਇਸ ਤਰ੍ਹਾਂ, ਜਦੋਂ ਮਾਂਪੇ, ਬੱਚਿਆਂ ਨੂੰ ਉਨ੍ਹਾਂ ਦੇ ਵਿਵਹਾਰ ਪ੍ਰਤੀ ਸਜ਼ਾ ਜਾਂ ਸ਼ਾਬਾਸ਼ੀ ਦਿੰਦੇ ਹਨ, ਤਾਂ ਉਹ ਲੋੜੀਂਦੇ ਵਿਵਹਾਰ ਪ੍ਰਤੀ ਆਪਣੀ ਰਾਏ ਪ੍ਰਗਟਾ ਰਹੇ ਹੁੰਦੇ ਹਨ। ਇਸ ਮੁੱਢਲੀ ਉਮਰ ਤੋਂ ਹੀ ਮੁੰਡਾ-ਕੁੜੀ ਸਿੱਖਣਾ ਸ਼ੁਰੂ ਕਰ ਦਿੰਦੇ ਹਨ ਕਿ ਔਰਤ-ਮਰਦ ਦੇ ਰੂਪ ਵਿਚ ਅਤੇ ਸਮਾਜ ਦੇ ਮੈਂਬਰ ਵਜੋਂ, ਉਨ੍ਹਾਂ ਦੀ ਕੀ ਭੂਮਿਕਾ ਹੈ। ਪਰਿਵਾਰ ਅਤੇ ਸਮਾਜ ਵੱਲੋਂ, ਲਿੰਗ, ਜਾਤ, ਧਰਮ, ਰੰਗ, ਭਾਸ਼ਾ ਦੇ ਆਧਾਰ ਤੇ ਜੋ ਕੋਈ ਵਖਰੇਵਾਂ ਅਤੇ ਭੇਦ-ਭਾਵ ਅਮਲ ਵਿਚ ਆਉਂਦਾ ਹੈ ਤਾ ਇਹ ਬੱਚੇ ਦੀ ਸਮਾਜੀ ਸਿੱਖਿਆ ਦਾ ਹਿੱਸਾ ਬਣ ਜਾਦਾ ਹੈ।

ਇਸ ਤਰ੍ਹਾ ਜੇ ਇਕ ਚਾਰ ਸਾਲ ਦਾ ਲੜਕਾ ਬਾਲਵਾੜੀ ਵਿਚ ਬਾਕੀਆ ਨਾਲੋਂ ਅੱਡ ਬਿਠਾਇਆ ਜਾਂਦਾ ਹੈ ਤਾਂ ਉਸ ਨੂੰ ਸਮਝ ਆ ਜਾਂਦੀ ਹੈ ਕਿ ਉਹ ਵੱਖਰਾ ਹੈ।

ਇਕ ਛੇ ਸਾਲ ਦੀ ਲੜਕੀ ਇਸ ਸੱਚ ਨੂੰ ਜਾਣ ਲੈਂਦੀ ਹੈ ਕਿ ਉਸ ਨੇ ਆਪਣੇ ਤਿੰਨ ਸਾਲ ਦੇ ਛੋਟੇ ਭੈਣ-ਭਰਾ ਦੀਆਂ ਲੋੜਾਂ ਦੀ ਦੇਖ-ਭਾਲ ਕਰਨੀ ਹੈ ਨਾ ਕਿ ਉਸ ਦੇ ਦਸ ਸਾਲ ਦੇ ਵੱਡੇ ਭਰਾ ਨੇ, ਜਿਸ ਵੇਲੇ ਉਸ ਨੂੰ ਸਕੂਲ ਜਾਣ ਤੋਂ ਰੋਕ ਲਿਆ ਜਾਂਦਾ ਹੈ। ਇਸੇ ਤਰ੍ਹਾਂ ਇਕ ਪੰਜ-ਸਾਲ ਦੀ ਲੜਕੀ ਇਸ ਗੱਲ ਵਿਚ ਯਕੀਨ ਕਰਨ ਲੱਗੇਗੀ ਕਿ ਮੁੰਡੇ-ਕੁੜੀ ਵਿਚ ਕੋਈ ਫ਼ਰਕ ਨਹੀਂ ਹੁੰਦਾ, ਜੇ ਉਸ ਦੇ ਮਾਂਪਿਆ ਦਾ ਵਿਵਹਾਰ ਉਸ ਵੱਲ ਅਤੇ ਉਸ ਦੇ ਭਰਾ ਵੱਲ ਬਰਾਬਰੀ ਦਾ ਹੋਵੇਗਾ। ਇਹ ਤਿੰਨ ਬੱਚੇ ਆਪਣੇ ਇਨ੍ਹਾਂ ਤਜਰਬਿਆ ਨੂੰ ਜ਼ਿੰਦਗੀ ਦਾ ਸੱਚ ਮੰਨ ਕੇ ਵੱਡੇ ਹੋਣਗੇ ਕਿਉਂ ਜੋ ਉਹ ਪ੍ਰਭਾਵਸ਼ੀਲ ਅਵਸਥਾ ਵਿਚ ਹਨ ਭਾਵ ਛੇਤੀ ਪ੍ਰਭਾਵ ਕਬੂਲਣ ਵਾਲੀ ਮੁੱਢਲੇ ਬਚਪਨ ਦੀ ਅਵਸਥਾ ਵਿਚ।

ਮੱਧ ਬਚਪਨ

ਛੇ ਤੋਂ ਗਿਆਰਾਂ ਸਾਲ ਦਾ ਸਮਾਂ ਬਚਪਨ ਕਿਹਾ ਜਾਦਾ ਹੈ। ਇਸ ਪੜਾਅ ਦੌਰਾਨ ਵਿਕਾਸ ਦੀ ਗਤੀ ਘੱਟ ਜਾਂਦੀ ਹੈ ਤੇ ਕੋਈ ਅਚਾਨਕ ਤਬਦੀਲੀ ਨਜ਼ਰ ਨਹੀਂ ਆਉਂਦੀ। ਇਸ ਦੌਰਾਨ ਵਰਣਨਯੋਗ ਗੱਲ ਇਹ ਹੈ ਕਿ ਬੱਚਾ ਮਾਸ਼ਪੇਸ਼ੀਆਂ ਅਤੇ ਜੋੜਾਂ ਦੀਆਂ ਹਰਕਤਾਂ ਸੰਬੰਧੀ ਗੁੰਝਲਦਾਰ ਮੁਹਾਰਤਾ ਵਿਚ ਰੁੱਝੇ ਰਹਿਣ ਦੀ ਜ਼ਰੂਰਤ ਮਹਿਸੂਸ ਕਰਦਾ ਹੈ। ਇਹ ਗੱਲ ਕਿਸੇ ਵੀ ਥਾਂ 'ਤੇ ਆਮ ਦੇਖੀ ਜਾ ਸਕਦੀ ਹੈ ਜਿੱਥੇ ਵਿਭਿੰਨ ਉਮਰਾਂ ਦੇ ਬੱਚੇ ਇਕੱਠੇ ਖੇਡ ਰਹੇ ਹੋਣ, ਛੇ ਤੋਂ ਗਿਆਰਾਂ ਸਾਲ ਦੇ ਬੱਚੇ, ਸਭ ਤੋਂ ਫੁਰਤੀਲੇ ਹੋਣਗੇ। ਉਹ ਰੁੱਖਾਂ ਅਤੇ ਦੀਵਾਰਾ 'ਤੇ ਚੜ੍ਹਨਾ ਚਾਹੁਣਗੇ, ਟੱਪਣਾ-ਕੁੱਦਣਾ ਚਾਹੁਣਗੇ, ਸਾਈਕਲ ਚਲਾਉਣਾ, ਦੌੜਨਾ ਅਤੇ ਇਕ ਦੂਜੇ ਤੋਂ ਅੱਗੇ ਨਿਕਲਣਾ ਚਾਹੁਣਗੇ। ਸਮੂਹਿਕ ਖੇਡਾਂ ਜਿਵੇਂ ਫੁਟਬਾਲ, ਹਾਕੀ, ਕ੍ਰਿਕੇਟ, ਪਿੱਠੂ, ਪੀਹਚੋ, ਰੱਸਾ ਟੱਪਣਾ ਆਦਿ ਜਿਸ ਦੀ ਉਹ ਚੋਣ ਕਰਦੇ ਹਨ, ਵਿਚ ਵੀ ਤਾਕਤ ਅਤੇ ਮੁਹਾਰਤ ਦੀ ਵਰਤੋਂ ਹੁੰਦੀ ਹੈ। ਇਸੇ ਸਮੇ ਦੌਰਾਨ ਕੁੜੀਆਂ ਅਤੇ ਮੁੰਡੇ ਜ਼ਿਆਦਾਤਰ ਆਪਣੇ ਹੀ ਸੈਕਸ ਦੇ ਬੱਚਿਆਂ ਨਾਲ ਖੇਡਣਾ ਪਸੰਦ ਕਰਦੇ ਹਨ।

ਬੱਚੇ ਦੀ ਜ਼ਿੰਦਗੀ ਵਿਚ ਸਕੂਲ ਨਿਵੇਕਲੀ ਮਹੱਤਤਾ ਰੱਖਦਾ ਹੈ। ਸਕੂਲ ਵਿਚ ਦਾਖਲੇ ਮਗਰੋਂ ਬੱਚਾ ਇਕ ਬਿਲਕੁਲ ਨਵੇ ਵਾਤਾਵਰਣ ਦਾ ਸਾਹਮਣਾ ਕਰਦਾ ਹੈ ਜਿੱਥੇ ਉਹ ਨਵੇਂ ਰੋਅਬ ਵਾਲੇ ਵਿਅਕਤੀਆਂ, ਨਵੇਂ ਹਮਉਮਰ ਸਾਥੀਆਂ ਅਤੇ ਘਰ ਤੋਂ ਵੱਖਰੀ ਕਿਸਮ ਦੀ ਥਾਂ ਨਾਲ ਰੂਬਰੂ ਹੁੰਦਾ ਹੈ। ਸਾਡੇ ਦੇਸ ਵਿਚ ਇਕ ਕਬਾਇਲੀ ਬੱਚੇ ਲਈ, ਸਕੂਲ ਦਾ ਤਜ਼ਰਬਾ ਇਕ ਸਹਿਰੀ ਜਾਂ ਪੇਂਡੂ ਬੱਚੇ ਤੋਂ ਵੱਖਰਾ ਹੋ ਸਕਦਾ ਹੈ। ਆਮ ਤੌਰ ਤੇ ਕਬਾਇਲੀ ਅਤੇ ਪੇਂਡੂ ਸਕੂਲਾ ਵਿਚ ਇਮਾਰਤ ਦੀਆਂ ਮੇਜ਼-ਕੁਰਸੀਆ, ਕਿਤਾਬਾਂ ਅਤੇ ਪੀਣ ਲਈ ਸਾਫ਼ ਪਾਣੀ ਦੀਆਂ ਮੁੱਢਲੀਆ ਸਹੂਲਤਾਂ ਨਹੀਂ ਹੁੰਦੀਆਂ। ਇਕੱਲਾ ਅਧਿਆਪਕ ਹੀ ਮੁੱਢਲੀ ਸਿੱਖਿਆ ਦੀਆ ਕਈ ਜਮਾਤਾਂ ਨੂੰ ਪੜ੍ਹਾ ਰਿਹਾ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਪੜ੍ਹਾਈ-ਸਿਖਲਾਈ ਦਾ ਆਪਸੀ ਤਾਲ-ਮੇਲ ਅਧੂਰਾ ਹੁੰਦਾ

ਹੈ, ਭਾਵੇਂ ਕਈ ਅਧਿਆਪਕ ਚੰਗੇ ਵੀ ਹੋ ਸਕਦੇ ਹਨ। ਇਸ ਕੇ ਉਲਟ, ਸ਼ਹਿਰੀ ਪ੍ਰਾਈਵੇਟ ਸਕੂਲ, ਜੋ ਕਾਫ਼ੀ ਜ਼ਿਆਦਾ ਫ਼ੀਸ ਲੈਂਦੇ ਹਨ, ਆਪਣੇ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਚੰਗੇ ਵਾਤਾਵਰਣ ਦੀਆਂ ਕਈ ਸਹੂਲਤਾਂ ਦਿੰਦੇ ਹਨ। ਫਿਰ ਵੀ ਤਕਰੀਬਨ ਸਾਰੇ ਸਕੂਲਾਂ ਵਿਚ ਭੀੜ ਹੈ ਜਿੱਥੇ 40-50 ਵਿਦਿਆਰਥੀਆਂ ਦੀ ਜਮਾਤ ਨੂੰ ਇਕ ਅਧਿਆਪਕ ਪੜ੍ਹਾਉਂਦਾ ਹੈ। ਇਹ ਬਦਕਿਸਮਤੀ ਦੀ ਗੱਲ ਹੈ ਕਿ ਹਰ ਬੱਚੇ ਲਈ, ਉਸ ਦੇ ਆਸਾਨੀ ਨਾਲ ਪਹੁੰਚਣ ਲਈ, ਕਾਫ਼ੀ ਸਕੂਲ ਨਹੀਂ ਹਨ। ਇਸ ਕਰਕੇ ਅਤੇ ਹੋਰ ਕਾਰਣਾ ਕਰਕੇ ਬਹੁਤ ਸਾਰੇ ਬੱਚੇ ਸਕੂਲ ਤੋਂ ਵਾਂਝੇ ਰਹਿ ਜਾਂਦੇ ਹਨ।

ਮਾੜੇ ਸਕੂਲਾਂ ਦਾ ਪ੍ਰਭਾਵ ਇਹ ਹੁੰਦਾ ਹੈ ਜੋ ਬੱਚੇ ਅਸਲੀ ਗਿਆਨ ਦੇ ਚਾਹਵਾਨ ਹੁੰਦੇ ਹਨ, ਆਪਣੀ ਜ਼ਿੰਦਗੀ ਦਾ ਮੁੱਲਵਾਨ ਸਮਾਂ ਕਲਾਸ-ਰੂਮ ਦੀ ਮਾੜੀ ਮੋਟੀ ਪੜ੍ਹਾਈ ਕਰਕੇ ਬਰਬਾਦ ਕਰ ਲੈਂਦੇ ਹਨ, ਜੋ ਕਿ ਸੰਕਲਪ ਨੂੰ ਸਮਝੇ ਬਿਨ੍ਹਾਂ, ਰੱਟਾ ਲਗਾਉਂਣ ਦੀ ਮਸ਼ੀਨ ਬਣਾਉਂਦੇ ਹਨ ਅਤੇ ਇਮਤਿਹਾਨਾਂ ਵਿਚ ਪਾਸ ਕਰਨ ਲਈ ਸਿਰਫ਼ ਯਾਦ ਕਰਵਾਉਂਦੇ ਹਨ। ਬੱਚੇ ਦੀ ਸਿੱਖਣ ਵਿਚ ਆਨੰਦ ਲੈਣ ਦੀ ਯੋਗਤਾ ਕਲਾਸ ਰੂਮ ਦੇ ਅਕਾਊ ਵਰਤਾਰੇ ਵਿਚ ਅਧੂਰੀ ਰਹਿ ਜਾਂਦੀ ਹੈ। ਹੋਰ ਗੱਲਾਂ ਤੋਂ ਇਲਾਵਾ, ਭਾਰਤ ਵਿਚ ਇਸ ਗੱਲ ਦਾ ਪ੍ਰਭਾਵ, ਸਕੂਲ ਦੀ ਪੜ੍ਹਾਈ ਵਿਚਕਾਰ ਛੱਡ ਦੇਣ ਵਿਚ ਵੀ ਪੈਂਦਾ ਹੈ।

ਜੇ ਉਨ੍ਹਾਂ ਦੇ ਗਿਆਨ ਪ੍ਰਾਪਤ ਕਰਨ ਦੀ ਜਿਗਿਆਸਾ ਨੂੰ ਹੋਸਲਾ ਦਿੱਤਾ ਜਾਵੇ ਤਾਂ ਮੱਧ ਬਚਪਨ ਵਿਚ, ਬੱਚੇ ਕਾਬਲੀਅਤ ਦੇ ਮਹੱਤਵ ਨੂੰ ਸਾਬਤ ਕਰਨ, ਜਾਣਕਾਰੀ ਹਾਸਿਲ ਕਰਨ ਦੇ ਸ਼ੌਕ, ਜੋ ਕਿ ਕਿਸ਼ੋਰ ਅਵਸਥਾ ਅਤੇ ਜਵਾਨੀ ਵੇਲੇ ਉਨ੍ਹਾਂ ਦੇ ਪ੍ਰੇਰਨਾ ਸ੍ਰੋਤ ਹੋਣਗੇ, ਦੇ ਕਾਬਿਲ ਹੁੰਦੇ ਹਨ। ਮੱਧ ਬਚਪਨ ਦੌਰਾਨ ਵਿਕਾਸ ਦੇ ਮਹੱਤਵਪੂਰਣ ਗੁਣ ਹਨ :

- ਭਾਸ਼ਾ ਦੀ ਰਵਾਨਗੀ ਨਾਲ ਵਰਤੋਂ ਕਰਨਾ। ਕਈ ਬੋਲੀਆ ਦੇ ਵਾਤਾਵਰਣ ਵਿਚ ਰਹਿੰਦੇ ਹੋਏ, ਬੱਚਾ ਜੋ ਵੀ ਬੋਲੀ ਸੁਣਦਾ ਹੈ, ਉਸ ਨੂੰ ਸਿੱਖ ਲੈਂਦਾ ਹੈ।
- ਮਾਨਸਿਕ ਕਾਰਜ ਦਾ ਵਿਕਸਿਤ ਰੂਪ, ਜਿਸ ਵਿਚ ਯਾਦਦਾਸ਼ਤ ਅਤੇ ਨਵੇਂ ਸੰਕਲਪਾਂ ਦਾ ਵਿਕਾਸ ਹੁੰਦਾ ਹੈ, ਬੱਚੇ ਨੂੰ ਪ੍ਰਤੱਖ ਵਾਸਤਵਿਕਤਾ ਤੋਂ ਅੱਗੇ ਸੋਚਣ ਲਈ ਸਹਾਈ ਹੁੰਦੇ ਹਨ।
- ਹੁਨਰੀ ਖੇਡਾਂ ਅਤੇ ਸੁਹਜਵਾਦੀ ਕਾਰਜਾਂ ਜਿਵੇਂ ਸੰਗੀਤ, ਕਲਾ, ਨਾਚ ਅਤੇ ਨਾਟਕ ਵਿਚ ਦਿਲਚਸਪੀ।
- ਨੈਤਿਕਤਾ ਅਤੇ ਕਦਰਾਂ-ਕੀਮਤਾਂ ਨਾਲ ਜੁੜੇ ਪਹਿਲੂ ਜਿਵੇਂ ਇਨਸਾਫ਼, ਜ਼ੁਲਮ, ਠੀਕ ਅਤੇ ਗਲਤ ਬਾਰੇ ਜਾਣਕਾਰੀ ਲਈ ਇੱਛਾ।
- ਆਪਣੇ ਹਾਣੀਆਂ ਨਾਲ ਗੂੜ੍ਹਾ ਲਗਾਉ, ਜਿਵੇਂ ਦੋਸਤੀ ਇਕ ਮਹੱਤਵਪੂਰਣ ਤਜਰਬਾ ਹੁੰਦੀ ਹੈ।

ਕਿਸ਼ੋਰ ਅਵਸਥਾ

ਇਸ ਅਵਸਥਾ ਨੂੰ ਇਕ ਕਹਾਣੀ ਦੇ ਜ਼ਰੀਏ ਚੰਗੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਅਸ਼ੋਕ, ਜਿਸ ਦੇ ਤਜਰਬਿਆਂ ਨਾਲ ਕਿਸ਼ੋਰ ਹੋ ਰਹੇ ਬੱਚਿਆਂ ਦਾ ਵਾਹ ਪੈਣਾ ਹੈ।

ਅਸ਼ੋਕ ਤਿੰਨ ਬੱਚਿਆਂ ਦੇ ਪਰਿਵਾਰ ਵਿਚੋਂ ਸਭ ਤੋਂ ਛੋਟਾ ਸੀ। ਸਭ ਤੋਂ ਵੱਡੀ ਭੈਣ ਅਤੇ ਭਰਾ। ਉਸ ਦੇ ਪਿਤਾ, ਸਰਕਾਰੀ ਨੌਕਰੀ ਕਰਦੇ ਹਨ ਅਤੇ ਮਾਂ ਸਕੂਲ ਅਧਿਆਪਿਕਾ ਸੀ।

ਅਸ਼ੋਕ ਸ਼ਰਾਰਤੀ ਅਤੇ ਬੇਪਰਵਾਹ ਬੱਚਾ ਸੀ। ਉਹ ਕਾਫ਼ੀ ਸਮਝਦਾਰ ਸੀ ਪਰ ਪੜ੍ਹਾਈ ਵਿਚ ਠੀਕ ਨਹੀਂ ਸੀ। ਉਸ ਦਾ ਭਰਾ ਰਾਜਨ ਜੋ ਕਿ ਤਿੰਨ ਸਾਲ ਵੱਡਾ ਸੀ, ਪੜ੍ਹਾਈ ਵਿਚ ਚੰਗਾ ਸੀ। ਆਮ ਤੌਰ ਤੇ ਮਾਪੇ ਦੋਹਾਂ ਭਰਾਵਾਂ ਦੀ ਇਹ ਕਹਿ ਕੇ ਤੁਲਨਾ ਕਰਦੇ ਸੀ ਕਿ "ਅਸ਼ੋਕ, ਰਾਜਨ ਅਤੇ ਮੀਰਾਂ ਵਾਂਗ ਪੜ੍ਹਾਈ ਵਿਚ ਹੁਸ਼ਿਆਰ ਨਹੀਂ ਹੈ।" ਅਸ਼ੋਕ ਦੀ ਪ੍ਰਮੁੱਖ ਰੁਚੀ ਹੱਥ ਨਾਲ ਚੀਜ਼ਾਂ ਬਣਾਉਣ ਦੀ ਸੀ। ਅੱਠਵੀਂ ਜਮਾਤ ਵਿੱਚ, ਉਸ ਨੇ ਆਪਣੇ ਤਰਖਾਣੀ ਦੇ ਪੀਰੀਅਡ ਵਿਚ ਇਕ ਛੋਟਾ ਜਿਹਾ ਖੂਬਸੂਰਤ ਮੇਜ਼ ਬਣਾਇਆ। ਘਰ ਵਿਚ ਉਹ ਕਲਾਕ ਨੂੰ ਖੋਲ੍ਹ ਕੇ ਦੇਖਦਾ ਕਿ ਇਹ ਕਿਸ ਤਰ੍ਹਾਂ ਕੰਮ ਕਰਦਾ ਹੈ। ਮਸ਼ੀਨੀ ਖਿਡੌਣਿਆਂ ਨੂੰ ਅੱਡ-ਅੱਡ ਕਰ ਦੇਂਦਾ ਤੇ ਫਿਰ ਜੋੜ ਦੇਂਦਾ ਅਤੇ ਘਰ ਦੇ ਬਿਜਲੀ ਦੇ ਫਿਊਜ਼ ਵੀ ਜੋੜ ਲੈਂਦਾ। ਆਪਣੇ ਇਨ੍ਹਾਂ ਤਜਰਬਿਆਂ ਲਈ ਉਸ ਨੇ ਕਈ ਔਜ਼ਾਰ ਵੀ ਇਕੱਠੇ ਕਰ ਲਏ ਸਨ। ਪਰ ਕਿਤਾਬਾਂ ਵਿਚ ਉਸ ਦੀ ਬਹੁਤੀ ਦਿਲਚਸਪੀ ਨਹੀ ਸੀ।

ਜਦੋਂ ਅਸ਼ੋਕ ਤੇਰ੍ਹਾਂ ਸਾਲਾਂ ਦਾ ਹੋਇਆ ਅਤੇ ਨੌਵੀਂ ਵਿਚ ਦਾਖਿਲ ਹੋਇਆ ਤਾਂ ਉਸ ਦੇ ਪਿਤਾ ਜ਼ਿਆਦਾ ਕਠੋਰ ਹੋ ਗਏ ਤੇ ਅਕਸਰ ਉਸ ਨੂੰ ਕਹਿੰਦੇ ਕਿ ਤੂੰ ਚੰਗੇ ਅੰਕ ਲੈ ਤਾਂ ਜੋ ਤੂੰ ਜ਼ਿੰਦਗੀ ਵਿਚ ਕੋਈ ਵਧੀਆ ਕੰਮ ਕਰ ਸਕੇ। ਅਸ਼ੋਕ ਆਪਣੇ ਆਪ ਨੂੰ ਰਾਜਨ ਨਾਲ ਤੁਲਨਾਏ ਜਾਣ ਕਾਰਣ ਕਾਫ਼ੀ ਸੰਵੇਦਨਸ਼ੀਲ ਹੋ ਗਿਆ ਸੀ। ਉਸ ਨੂੰ ਇਸ ਗੱਲ ਤੇ ਚਿੜ੍ਹ ਆਉਂਦੀ ਸੀ, ਜਦੋ ਉਸ ਨੂੰ ਕਿਹਾ ਜਾਂਦਾ ਕਿ ਉਹ ਫ਼ਜ਼ੂਲ ਦੀਆਂ ਚੀਜ਼ਾਂ ਬਣਾ ਕੇ ਆਪਣਾ ਸਮਾ ਬਰਬਾਦ ਕਰ ਰਿਹਾ ਹੈ, ਜਿਨ੍ਹਾਂ ਦਾ ਕੋਈ ਫਾਇਦਾ ਨਹੀਂ। ਉਹ ਅਕਸਰ ਦੇਖਦਾ ਕਿ ਮਾਪੇ ਉਸ ਨੂੰ ਜ਼ਿੱਦੀ ਕਹਿੰਦੇ ਅਤੇ ਕਹਿਣਾ ਨਾ ਮੰਨਣ ਲਈ ਕੁੱਟ ਵੀ ਪੈਂਦੀ। ਅਸ਼ੋਕ ਨੂੰ ਸਮਝ ਨਾ ਆਉਂਦੀ ਕਿ ਉਹ ਅਜੇ ਬੱਚਾ ਹੈ ਕਿ ਵੱਡਾ। ਉਸ ਦੀ ਮਾਂ ਉਸ ਨੂੰ ਉਸ ਦੇ ਦੋਸਤਾਂ ਨਾਲ ਫਿਲਮ ਦੇਖਣ ਜਾਣ ਦੀ ਆਗਿਆ ਨਾ ਦਿੰਦੀ ਕਿਉਂਕਿ ਅਜੇ ਉਹ ਇਸ ਕੰਮ ਲਈ ਛੋਟਾ ਹੈ। ਪਰ ਉਸ ਦੇ ਪਿਤਾ ਉਸ ਨੂੰ ਡਾਂਟਦੇ ਹੋਏ ਕਹਿੰਦੇ, "ਤੂੰ ਕਦੋਂ ਜ਼ੁੰਮੇਵਾਰ ਬਣੇਗਾ? ਜਦੋਂ ਮੈਂ ਤੇਰੀ ਉਮਰ ਦਾ ਸੀ ਤਾਂ ਮੈਂ ਆਪਣੇ ਪਿਤਾ ਦੇ ਕੰਮ ਵਿਚ ਹੱਥ ਵਟਾਉਂਦਾ ਸੀ।" ਇਕ ਦਿਨ ਆਪਣੇ ਪਿਤਾ ਤੋਂ ਕੁੱਟ ਖਾਣ ਮਗਰੋਂ, ਅਸ਼ੋਕ ਨੇ ਘਰੋਂ ਭੱਜ ਜਾਣ ਦੀ ਧਮਕੀ ਦਿੱਤੀ। ਕਿਸੇ ਦੇ ਖ਼ਿਆਲ ਵਿਚ ਵੀ ਨਹੀਂ ਸੀ ਕਿ ਉਹ ਇਸ ਪ੍ਰਤੀ ਗੰਭੀਰ ਹੈ। ਕੁਝ ਸਮੇਂ ਬਾਅਦ ਅਸ਼ੋਕ ਕਿਧਰੇ ਵੀ ਨਹੀਂ

ਸੀ ਲੱਭ ਰਿਹਾ। ਇਸ ਨਾਲ ਉਸ ਦਾ ਪਰਿਵਾਰ ਪਰੇਸ਼ਾਨ ਹੋ ਗਿਆ। ਪਿਤਾ ਅਤੇ ਰਾਜਨ ਉਸ ਨੂੰ ਲੱਭਣ ਤੁਰ ਪਏ। ਰਾਜਨ ਨੂੰ ਅੰਦਾਜ਼ਾ ਸੀ ਕਿ ਉਸ ਨੂੰ ਕਿੱਥੇ ਲੱਭਿਆ ਜਾ ਸਕਦਾ ਹੈ। ਉਹ ਇਕ ਪਾਰਕ ਵਿਚ ਰੁੱਖ ਤੇ ਬੈਠਾ ਹੋਇਆ ਮਿਲਿਆ। ਉਹ ਥੱਲੇ ਉਤਰਿਆ ਅਤੇ ਬੇਵਸੀ ਤੇ ਮਾਰ ਦੇ ਡਰ ਤੋਂ ਰੋਣ ਲੱਗਿਆ। ਉਹ ਮਹਿਸੂਸ ਕਰ ਰਿਹਾ ਸੀ ਕਿ ਕੋਈ ਵੀ ਉਸ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ; ਨੀਰਾ ਵੀ ਨਹੀਂ, ਜਿਸ ਦੀ ਉਸ ਨਾਲ ਅਕਸਰ ਬਣਦੀ ਸੀ। ਜਦੋਂ ਵੀ ਉਸ ਦੇ ਪਿਤਾ ਉਸ ਨੂੰ ਝਿੜਕਦੇ, ਰਾਜਨ ਅਤੇ ਨੀਰਾ, ਦੋਵੇਂ ਬੇਵੱਸ ਜਿਹੇ ਉਸ ਵੱਲ ਦੇਖਦੇ ਰਹਿੰਦੇ। ਸ਼ਾਇਦ ਉਹ ਵੀ ਸੋਚਦੇ ਸਨ ਕਿ ਇਹ ਕੰਮ ਨੂੰ ਠੀਕ ਢੰਗ ਨਾਲ ਨਹੀਂ ਕਰਦਾ।

ਉਸ ਵਰ੍ਹੇ ਅਸ਼ੋਕ ਅਕਸਰ ਹੀ ਬਿਮਾਰ ਰਹਿਣ ਲੱਗ ਪਿਆ। ਇਕ ਦਿਨ ਉਸ ਨੂੰ ਦਮੇ ਦਾ ਦੌਰਾ ਪਿਆ ਅਤੇ ਉਹ ਮਹੀਨੇ ਤੋਂ ਵੀ ਵੱਧ ਸਕੂਲ ਨਾ ਜਾ ਸਕਿਆ। ਫਿਰ ਜਦੋਂ ਉਹ ਠੀਕ ਹੋਇਆ, ਉਸ ਦੀ ਛਾਤੀ ਵਿਚੋਂ ਸੀਟੀਆਂ ਦੀ ਆਵਾਜ ਆਉਂਦੀ ਸੀ। ਜਦੋਂ ਵੀ ਉਹ ਸਕੂਲ ਜਾਂਦਾ ਉਸ ਨੂੰ ਬੁਖਾਰ ਹੋ ਜਾਂਦਾ। ਡਾਕਟਰ ਨੇ ਪੂਰੇ ਆਰਾਮ ਦੀ ਸਲਾਹ ਦਿੱਤੀ ਤੇ ਅਸ਼ੋਕ ਨੂੰ ਸਕੂਲ ਤੋਂ ਹੋਰ ਜ਼ਿਆਦਾ ਛੁੱਟੀਆਂ ਕਰਨੀਆ ਪਈਆਂ। ਉਸ ਦੇ ਪਿਤਾ ਨੇ ਉਸ ਨੂੰ ਇਮਤਿਹਾਨ ਵਿਚ ਨਾ ਬੈਠਾਉਣ ਦਾ ਫੈਸਲਾ ਕੀਤਾ ਤਾਂ ਜੋ ਆਉਂਦੇ ਸਾਲ ਉਹ ਫਿਰ ਨੌਵੀਂ ਕਰ ਸਕੇ। ਅਸ਼ੋਕ ਦੇ ਲਈ ਸਕੂਲ ਤੋਂ ਛੁਟਕਾਰਾ, ਸੰਤੁਸ਼ਟੀ ਵਾਲੀ ਗੱਲ ਸੀ। ਉਹ ਦਿਨ, ਜੋ ਉਸ ਨੇ ਘਰੇ ਬਿਤਾਏ, ਉਸ ਨੂੰ ਆਪਣੇ ਅੰਦਰ ਝਾਕਣ ਦਾ ਕਾਫ਼ੀ ਸਮਾਂ ਮਿਲਿਆ। ਉਸ ਨੇ ਆਪਣੇ ਅੰਦਰ ਦੀ ਕੁੜੱਤਣ ਅਤੇ ਗੁੱਸੇ ਵੱਲ ਝਾਕਿਆ, ਜੋ ਉਸ ਨੇ ਪਿਛਲੇ ਇਕ ਸਾਲ ਤੋਂ ਹੰਢਾਇਆ ਸੀ। ਉਸ ਨੂੰ ਹੈਰਾਨੀ ਹੋਈ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਘਰੇ ਰਹਿਣਾ, ਦਿਨ ਵਿਚ ਸੁਪਨੇ ਦੇਖਣਾ ਅਤੇ ਆਪਣੇ ਔਜ਼ਾਰਾਂ ਨਾਲ ਕੰਮ ਕਰਨਾ ਚੰਗਾ ਲਗਦਾ ਹੈ। ਜਿਵੇ ਹੀ ਉਸ ਨੇ ਆਪਣਾ ਸਿਰਜਣਾਤਮਕ ਕੰਮ ਕੀਤਾ, ਪਰਿਵਾਰ ਪ੍ਰਤੀ ਉਸ ਦਾ ਗੁੱਸਾ ਜਾਂਦਾ ਰਿਹਾ।

ਨਵੇਂ ਅਕਾਦਮਿਕ ਵਰ੍ਹੇ ਦੇ ਸ਼ੁਰੂ ਹੋਣ ਤੋਂ ਪਹਿਲਾ, ਅਸ਼ੋਕ ਨੇ ਆਪਣੇ ਮਾਪਿਆ ਨੂੰ ਕਿਹਾ ਕਿ ਉਹ ਉਸੇ ਸਕੂਲ ਵਿਚ ਦੁਬਾਰਾ ਨਹੀਂ ਪੜ੍ਹਨਾ ਚਾਹੁੰਦਾ ਕਿਉਂਕਿ ਉਸ ਦੇ ਸਾਰੇ ਜਮਾਤੀ ਉਸ ਤੋਂ ਅੱਗੇ ਹੋਣਗੇ ਤੇ ਇਸ ਤਰ੍ਹਾਂ ਉਹ ਸਰਮ ਮਹਿਸੂਸ ਕਰੇਗਾ। ਉਸ ਦੇ ਮਾਪੇ ਮੰਨ ਗਏ ਅਤੇ ਉਨ੍ਹਾ ਨੇ ਉਸ ਨੂੰ ਕਿਸੇ ਹੋਰ ਸਕੂਲ ਵਿਚ ਦਾਖਲ ਕਰਵਾ ਦਿੱਤਾ।

ਅਸ਼ੋਕ ਦੀ ਜ਼ਿੰਦਗੀ ਵਿਚ ਇਹ ਨਵਾਂ ਮੋੜ ਸੀ। ਨਵੇਂ ਸਕੂਲ ਵਿਚ ਮੁੰਡਿਆ ਅਤੇ ਅਧਿਆਪਕਾਂ ਨਾਲ ਉਹ ਰਚਮਿਚ ਗਿਆ ਅਤੇ ਉਸ ਨੇ ਇਹ ਪ੍ਰਭਾਵ ਲਿਆ ਕਿ ਉਹ ਉਸ ਤੋਂ ਚੰਗੇ ਹੋਣ ਦੀ ਆਸ ਰੱਖਦੇ ਹਨ। ਅਸ਼ੋਕ ਨੇ ਕੁਝ ਦੋਸਤ ਬਣਾਏ ਜੋ ਪੜ੍ਹਾਈ ਪ੍ਰਤੀ ਗੰਭੀਰ ਸਨ, ਜੋ ਉਸ ਦੇ ਮਾਂਪਿਆਂ ਨੂੰ ਵੀ ਚੰਗੇ ਲੱਗੇ। ਨੌਵੀਂ ਜਮਾਤ ਉਸ ਨੇ ਚੰਗੇ ਅੰਕਾਂ ਨਾਲ ਪਾਸ ਕੀਤੀ। ਉਸ ਦੇ ਅਧਿਆਪਕਾਂ ਨੇ ਕਿਹਾ ਕਿ ਜੇ ਇਸ ਨੂੰ ਸਹੀ ਅਗਵਾਈ ਮਿਲੇ ਤਾ ਬੋਰਡ ਦੇ ਇਮਤਿਹਾਨਾਂ ਵਿੱਚ, ਇਹ ਇਸ ਤੋਂ ਵੀ ਵਧੀਆ ਕਰ ਗੁਜ਼ਰਨ ਦੀ ਸੰਭਾਵਨਾ ਰੱਖਦਾ ਹੈ। ਅਸ਼ੋਕ ਨੂੰ ਯਕੀਨ ਨਾ ਆਇਆ ਕਿ ਇਹ ਸਭ ਕੁਝ

ਉਸ ਬਾਰੇ ਕਿਹਾ ਜਾ ਰਿਹਾ ਹੈ। ਉਸ ਨੂੰ ਅਧਿਆਪਕ ਚੰਗੇ ਲੱਗੇ ਤੇ ਉਹ ਹੋਰ ਪੜ੍ਹਨ ਲਈ, ਕਈ-ਕਈ ਘੰਟੇ ਸਕੂਲ ਹੀ ਰਹਿ ਜਾਂਦਾ। ਅਸ਼ੋਕ ਨੇ ਮਹਿਸੂਸ ਕੀਤਾ, ਉਸ ਦੇ ਮਾਪਿਆਂ ਦਾ ਨਜ਼ਰੀਆ ਵੀ ਉਸ ਵੱਲ ਬਦਲ ਗਿਆ ਹੈ। ਹੁਣ ਉਸ ਦੇ ਵਿਵਹਾਰ ਅਤੇ ਕਾਰਜ ਬਾਰੇ ਕਿੰਤੂ-ਪਰੰਤੂ ਨਹੀਂ ਹੁੰਦਾ ਸੀ, ਜਦੋਂ ਕਿ ਕਲਾ-ਕਿਰਤਾਂ ਬਣਾਉਣ ਦਾ ਉਸ ਦਾ ਸ਼ੌਕ ਅਜੇ ਵੀ ਜਾਰੀ ਸੀ। ਜਿਸ ਤਰ੍ਹਾਂ ਉਮੀਦ ਸੀ, ਅਸ਼ੋਕ ਨੇ ਆਪਣੇ ਬੋਰਡ ਦਾ ਇਮਤਿਹਾਨ ਬਹੁਤ ਚੰਗੇ ਨੰਬਰਾਂ ਨਾਲ ਪਾਸ ਕੀਤਾ ਅਤੇ ਪੰਜਾਂ ਵਿਚੋਂ ਚਾਰ ਵਿਸ਼ਿਆਂ ਵਿਚ ਵਿਸ਼ੇਸ਼ ਥਾਂ ਹਾਸਿਲ ਕੀਤੀ।

ਸਤਾਰਾਂ ਸਾਲ 'ਤੇ ਉਸ ਨੇ ਆਪਣੇ ਆਪ ਵਿਚ ਸਾਵਾਂ-ਸਾਵਾਂ ਮਹਿਸੂਸ ਕੀਤਾ। ਉਸ ਦੇ ਸੰਬੰਧ ਹੁਣ ਮਾਪਿਆ ਨਾਲ ਸਹਿਜ ਸਨ। ਬਿਨ੍ਹਾਂ ਧੀਰਜ ਗਵਾਏ ਹੁਣ ਉਹ ਆਪਣੇ ਮਾਪਿਆਂ ਨਾਲ ਤਰਕ ਕਰਨ ਦਾ ਹੌਸਲਾ ਕਰ ਲੈਂਦਾ ਸੀ। ਇਸੇ ਤਰ੍ਹਾਂ ਪਿਤਾ ਉਸ ਨੂੰ ਠਰ੍ਹੰਮੇ ਨਾਲ ਪੇਸ਼ ਆਉਂਦੇ ਅਤੇ ਪੁੱਤਰ ਦੀਆ ਪ੍ਰਾਪਤੀਆਂ 'ਤੇ ਮਾਣ ਕਰਦੇ। ਅਸ਼ੋਕ ਦੋ ਮਸ਼ਹੂਰ ਇੰਜੀਨੀਅਰਿੰਗ ਕਾਲਜਾਂ ਦੇ ਦਾਖਲਾ ਟੈਸਟ ਵਿਚ ਬੈਠਿਆ ਅਤੇ ਦੋਹਾਂ ਵਿਚੋਂ ਪਾਸ ਹੋ ਗਿਆ। ਉਸ ਨੇ ਇਕ ਹੀ ਚੋਣ ਕੀਤੀ ਅਤੇ ਮਹਿਸੂਸ ਕੀਤਾ ਕਿ ਇਸ ਦਿਸ਼ਾ ਵੱਲ ਤੁਰਨ ਨਾਲ ਹੁਣ ਉਸ ਦੇ ਭਵਿੱਖ ਦੀ ਰਾਹ ਸਪਸ਼ਟ ਹੋ ਗਈ ਹੈ।

ਅਸੋਕ ਦੀ ਔਖਿਆਈ ਵੱਡੇ ਹੋ ਰਹੇ ਵਿਅਕਤੀ ਦੀ ਉਲਝਣ ਨੂੰ ਦਰਸਾਉਂਦੀ ਹੈ, ਜੋ ਉਹ ਅਨੁਭਵ ਕਰ ਰਿਹਾ ਹੁੰਦਾ ਹੈ। ਆਪਣੇ ਆਪ ਵਿਚ ਦੋਚਿੱਤੀ ਦੀ ਇਹ ਅਵਸਥਾ ਇਸ ਕਰਕੇ ਪੈਦਾ ਨਹੀਂ ਹੁੰਦੀ ਕਿ ਉਨ੍ਹਾ ਦੇ ਅੰਗ-ਸੰਗ ਸਿਆਣੇ ਲੋਕ ਉਨ੍ਹਾ ਪ੍ਰਤੀ ਨਜਾਇਜ਼ ਰੁੱਖ ਰਖਦੇ ਹਨ ਬਲਕਿ ਉਹ ਕਿਸੋਰ ਅਵਸਥਾ ਦੇ ਪੜਾਅ ਵਿਚ ਹੁੰਦੇ ਹਨ ਅਤੇ ਉਨ੍ਹਾਂ ਦੇ ਮਾਪੇ ਉਨ੍ਹਾਂ ਤੋਂ ਉਸੇ ਤਰ੍ਹਾ ਦੀ ਆਸ ਰੱਖਦੇ ਹਨ। ਅਧਿਆਪਕ ਉਨ੍ਹਾਂ ਨੂੰ ਯੋਗਤਾ ਦੇ ਆਧਾਰ 'ਤੇ ਵੰਡਦੇ ਹਨ। ਇਹ ਇਸ ਲਈ ਹੁੰਦਾ ਹੈ ਕਿ ਉਹ ਕਿਸ਼ੋਰ ਅਵਸਥਾ ਵਿਚੋਂ ਲੰਘ ਰਹੇ ਹੁੰਦੇ ਹਨ ਅਤੇ ਆਪਣੇ ਪਿਛੋਕੜ ਅਤੇ ਭਵਿੱਖ ਬਾਰੇ ਗੱਲ ਕਰ ਸਕਦੇ ਹਨ ਅਤੇ ਇਕ ਦੂਜੇ ਦੇ ਵਿਵਹਾਰ ਦੇ ਆਧਾਰ ਤੇ ਪੜ੍ਹਾਈ ਵਿਚ ਘੱਟ-ਕਾਰਗੁਜ਼ਾਰੀ ਹੋਣ ਕਰਕੇ ਆਪਣੇ ਆਪ ਨੂੰ ਨਿਰਾਸ਼-ਉਦਾਸ ਮਹਿਸੂਸ ਕਰਦੇ ਹਨ। ਇਹ ਇਸ ਲਈ ਹੈ ਕਿ ਉਹ ਕਿਸੋਰ ਅਵਸਥਾ ਵਿਚ ਪਹੁੰਚ ਗਏ ਹਨ ਕਿ ਉਹ ਇੱਕਲੇ ਹੋਣ ਤੇ ਗੁੱਸੇ ਵਿਚ ਆ ਜਾਂਦੇ ਹਨ ਅਤੇ ਧੁੰਦਲੇ ਭਵਿੱਖ ਦੇ ਚੌਰਾਹੇ 'ਤੇ ਖੜ੍ਹੇ ਹਨ।

ਮੱਧ ਬਚਪਨ ਤੋਂ ਉਲਟ, ਕਿਸ਼ੋਰ ਅਵਸਥਾ ਦਾ ਸਮਾਂ ਤੇਜ਼ ਵਿਕਾਸ ਦਾ ਸਮਾਂ ਹੈ। ਮਾਨਸਿਕ ਅਤੇ ਸਮਾਜਿਕ ਵਿਕਾਸ ਨਾਲੋਂ ਸਰੀਰਕ ਵਿਕਾਸ ਵਿਚ ਇਹ ਤਬਦੀਲੀ ਬਿਲਕੁਲ ਸਪਸ਼ਟ ਨਜ਼ਰ ਆਉਂਦੀ ਹੈ। 11 ਤੋਂ 19 ਸਾਲ ਦੌਰਾਨ ਸਰੀਰਕ ਵਿਕਾਸ ਦਾ ਇਕ ਮਹੱਤਵਪੂਰਣ ਪਹਿਲੂ ਹੁੰਦਾ ਹੈ-ਸੈਕਸ ਦਾ ਵਿਕਸਿਤ ਹੋਣਾ। ਗਿਆਰਾ ਸਾਲ ਵਾਲੀ ਬੱਚਿਆਂ ਦੀ ਦਿੱਖ ਤੋਂ 17-18 ਸਾਲ ਦਾ ਕਿਸ਼ੋਰ ਵੱਡਾ-ਵੱਡਾ ਦਿੱਸਣ ਲੱਗਦਾ ਹੈ। *ਕਿਸ਼ੋਰ ਅਵਸਥਾ ਨੂੰ ਅਕਸਰ ਜ਼ਿੰਦਗੀ ਦਾ ਉਹ ਪੜਾਅ ਕਿਹਾ ਜਾਂਦਾ ਹੈ ਜੋ ਸਰੀਰਕ ਵਿਕਾਸ ਤੋਂ ਸ਼ੁਰੂ ਹੁੰਦਾ ਹੈ ਤੇ ਸਮਾਜਿਕ ਵਰਤਾਵੇ ਵਿਚ ਜਾ ਕੇ ਮੁੱਕਦਾ ਹੈ।* ਦੂਸਰੇ ਸ਼ਬਦਾ ਵਿਚ ਕਿਸ਼ੋਰ

ਅਵਸਥਾ ਦੇ ਕੁਝ ਮੁੱਢਲੇ ਲੱਛਣ ਸਰੀਰਕ ਤਬਦੀਲੀ ਵਿਚ ਹੀ ਦੇਖੇ ਜਾਂਦੇ ਹਨ। ਫਿਰ ਵੀ ਸਰੀਰਕ ਬਣਤਰ ਅਤੇ ਕਾਰਜ ਦੇ ਬਦਲਾਅ ਪੂਰੇ ਹੋ ਜਾਣ ਮਗਰੋਂ (ਮਤਲਬ ਜਵਾਨੀ ਦੀ ਸ਼ੁਰੂਆਤ) ਕਿਸ਼ੋਰ ਅਵਸਥਾ ਮੁੰਕਮਲ ਨਹੀਂ ਹੋ ਜਾਂਦੀ। ਬਾਲਗ ਹੋਣ ਤੋਂ ਭਾਵ ਪ੍ਰੌੜ੍ਹ ਅਤੇ ਜ਼ੁੰਮੇਵਾਰ ਹੋਣਾ ਸਮਝਿਆ ਜਾਂਦਾ ਹੈ, ਮਨੋਵਿਗਿਆਨਕ ਤੌਰ ਤੇ ਗੱਲ ਕਰੀਏ ਤਾਂ ਬਹੁਤ ਸਾਰੇ ਲੋਕਾਂ ਵਿਚ ਕਿਸ਼ੋਰ ਅਵਸਥਾ ਲੰਮੇ ਸਮੇਂ ਤਕ ਵੀ ਨਹੀਂ ਮੁੱਕਦੀ। ਇਸ ਦੇ ਉਲਟ ਭਾਵੇਂ ਸਰੀਰਕ ਵਿਕਾਸ ਪੂਰਾ ਵੀ ਨਾ ਹੋਇਆ ਹੋਵੇ, ਜੇ ਕਿਸੇ ਕਿਸ਼ੋਰ ਦੇ ਮੋਢਿਆਂ 'ਤੇ ਜ਼ੁੰਮੇਵਾਰੀ ਪੈ ਜਾਵੇ ਤਾਂ ਇਹ ਅਵਸਥਾ ਛੇਤੀ ਹੀ ਮੁੱਕ ਜਾਦੀ ਹੈ। ਇਸ ਤਰ੍ਹਾਂ ਕਿਸ਼ੋਰ ਅਵਸਥਾ ਸਰੀਰਕ ਅਤੇ ਸਮਾਜੀ-ਮਨੋਵਿਗਿਆਨਕ ਤਜਰਬਿਆਂ ਦੀ ਅਵਸਥਾ ਹੈ। ਇਹ ਤੱਥ ਆਉਣ ਵਾਲੇ ਕਈ ਪਾਠਾਂ ਵਿਚ ਮੁੜ ਦੁਹਰਾਇਆ ਜਾਵੇਗਾ।

ਇਸ ਪੜਾਅ ਤੇ ਇਸ ਪਹਿਲੂ ਨੂੰ ਘੋਖੀਏ ਕਿ ਕਿਸ਼ੋਰਾਂ ਵਿਚ ਤਣਾਉ ਦਾ ਮੁੱਖ ਕਾਰਣ ਉਨ੍ਹਾਂ ਦੇ ਸਰੀਰ ਵਿਚ ਆ ਰਹੀ ਤਬਦੀਲੀ ਹੈ। ਸੱਤ ਸਾਲਾਂ ਦੇ ਵਕਫ਼ੇ ਦੌਰਾਨ ਮੁੰਡੇ-ਕੁੜੀਆਂ, ਗੱਭਰੂ-ਮੁਟਿਆਰਾਂ ਬਣ ਜਾਂਦੇ ਹਨ। ਦੋ ਤੋਂ ਤਿੰਨ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਉਹ ਸਰੀਰਕ ਵਾਧੇ ਦੀ ਉਛਾਲ ਦਾ ਤਜਰਬਾ ਕਰਦੇ ਹਨ। ਕਿਸ਼ੋਰਾਂ ਦਾ ਕੱਦ ਲੰਬਾ ਅਤੇ ਭਾਰ ਵਧ ਜਾਂਦਾ ਹੈ। ਉਨ੍ਹਾਂ ਦੀ ਜ਼ਿੰਦਗੀ ਵਿਚ ਪਹਿਲੀ ਵਾਰੀ ਮੁੰਡੇ-ਕੁੜੀ ਵਿਚ ਦਿਖਣਯੋਗ ਫ਼ਰਕ ਨਜ਼ਰ ਆਉਂਦਾ ਹੈ। ਵਾਧੇ ਦੀ ਉਛਾਲ ਕੁੜੀਆਂ ਵਿਚ ਮੁੰਡੀਆਂ ਨਾਲੋਂ ਦੋ ਸਾਲ ਪਹਿਲਾਂ ਸ਼ੁਰੂ ਹੋ ਜਾਂਦੀ ਹੈ ਪਰ ਮੁੰਡਿਆਂ ਵਿਚ ਜ਼ਿਆਦਾ ਸਮਾਂ ਰਹਿੰਦੀ ਹੈ। ਭਾਰਤੀ ਕੁੜੀਆਂ ਵਿਚ ਇਹ ਉਛਾਲ 10 ਤੋਂ 13 ਸਾਲ ਦਰਮਿਆਨ ਹੁੰਦੀ ਹੈ ਜਦੋਂ ਕਿ ਭਾਰਤੀ ਮੁੰਡਿਆਂ ਵਿਚ 12 ਤੋਂ 17 ਸਾਲ ਦਰਮਿਆਨ। ਇਹ ਗੱਲ ਤੁਹਾਨੂੰ ਦਿਲਚਸਪ ਲੱਗੇਗੀ ਕਿ ਇਨ੍ਹਾਂ ਦੀ ਹਾਣ ਤੇ ਉੱਤਰੀ ਅਮਰੀਕਾ ਅਤੇ ਪੱਛਮੀ ਯੂਰਪ ਦੇ ਮੁੰਡਿਆਂ ਵਿਚ ਇਹ ਉਛਾਲ 10 ਤੋਂ 12 ਸਾਲ ਦੌਰਾਨ ਅਤੇ ਕੁੜੀਆ ਵਿਚ 8 ਤੋਂ 10 ਸਾਲ ਦੌਰਾਨ ਹੁੰਦੀ ਹੈ। ਇਸੇ ਸਮੇਂ ਦੌਰਾਨ ਸ਼ਰੀਰ ਦੇ ਵਾਧੇ ਦੇ ਨਾਲ-ਨਾਲ ਰੂਪ ਵਿਚ ਵੀ ਤਬਦੀਲੀ ਆਉਂਦੀ ਹੈ। ਕੁੜੀਆਂ ਵਿਚ ਛਾਤੀਆਂ ਅਤੇ ਸਰੀਰ ਦੇ ਹੋਰ ਰੂਪ-ਆਕਾਰ ਵਿਚ ਵਿਕਾਸ ਹੁੰਦਾ ਹੈ ਜੋ ਕਿ ਔਰਤਾਂ ਦੀ ਵਿਲੱਖਣਤਾ ਹੈ। ਦੂਸਰੇ ਪਾਸੇ ਮੁੰਡਿਆਂ ਦਾ ਸਰੀਰ ਮੋਕਲਾ, ਗਠੀਲਾ ਅਤੇ ਭਰਿਆ-ਭਰਿਆ ਲਗਦਾ ਹੈ। ਦੋਵੇਂ ਸੈਕਸ ਚੜ੍ਹਦੀ ਜਵਾਨੀ ਦੀ ਅਵਸਥਾ ਵਿਚੋਂ ਲੰਘਦੇ ਹਨ, ਜਿਸ ਦੌਰਾਨ ਲੜਕਾ ਅਤੇ ਲੜਕੀ ਸੈਕਸ ਦੇ ਵਿਕਾਸ ਦੇ ਪਕੇਰੇਪਣ ਤੇ ਪਹੁੰਚਦੇ ਹਨ। ਜਦੋਂ ਇਹ ਪੜਾਅ ਮੁਕੰਮਲ ਹੁੰਦਾ ਹੈ, ਔਰਤ ਗਰਭ ਧਾਰਨ ਕਰ ਸਕਦੀ ਹੈ ਅਤੇ ਆਦਮੀ ਔਰਤ ਨੂੰ ਗਰਭਵਤੀ ਕਰ ਸਕਦਾ ਹੈ।

ਸਰੀਰਕ ਬਣਤਰ ਅਤੇ ਕਾਰਜਾਂ ਦੀ ਤਬਦੀਲੀ ਦੇ ਨਤੀਜੇ ਵਜੋਂ, ਕਿਸ਼ੋਰ ਆਪਣੇ ਆਲੇ -ਦੁਆਲੇ ਦੇ ਲੋਕਾਂ ਨੂੰ ਵੱਡੇ ਵੱਡੇ ਜਾਪਦੇ ਹਨ, ਜੋ ਕਿ ਇਨ੍ਹਾਂ ਤੋਂ ਸਿਆਣਪ ਦੀ ਆਸ ਕਰਦੇ ਹਨ।

ਪਹਿਲਾਂ ਨਾਲੋਂ, ਹੁਣ ਉਹ ਪੂਰੀ ਤਰ੍ਹਾਂ ਆਦਮੀ ਔਰਤ ਸਮਝੇ ਜਾਂਦੇ ਹਨ। ਕਿਸੋਰਾਂ ਦੇ ਨਜ਼ਰੀਏ ਤੋਂ ਵੀ ਦੋਹਾਂ ਦਾ ਚੜ੍ਹਦੀ ਜਵਾਨੀ ਦਾ ਤਜਰਬਾ ਕਾਫ਼ੀ ਵੱਖਰਾ ਹੁੰਦਾ ਹੈ।

ਭਾਵਨਾਤਮਕ ਤੌਰ ਤੇ ਮੁੰਡੇ ਅਤੇ ਕੁੜੀਆਂ ਦੋਵੇਂ ਹੀ ਆਪਣੇ ਜਜ਼ਬਿਆਂ ਵਿਚ ਵਿਲੱਖਣ ਉਤਾਰ-ਚੜ੍ਹਾਅ ਦੇਖਦੇ ਹਨ। ਉਹ ਛੇਤੀ ਹੀ ਪਿਆਰ ਤੋਂ ਨਫ਼ਰਤ, ਲਗਾਵ ਤੋਂ ਬੇਗਾਨਗੀ, ਉਦਾਸੀ ਤੋਂ ਖੁਸ਼ੀ ਅਤੇ ਇਕੱਲੇਪਨ ਤੋਂ ਮਿਲਣਸਾਰੀ ਮਹਿਸੂਸ ਕਰਦੇ ਹਨ। ਹਾਰਮੋਨਜ਼ ਵਿਚ ਅਚਾਨਕ ਤਬਦੀਲੀ, ਇਨ੍ਹਾਂ ਜਜ਼ਬਾਤਾਂ ਲਈ ਜ਼ੁੰਮੇਵਾਰ ਹੁੰਦੀ ਹੈ। ਪਰ ਇਹ ਡਾਵਾਂਡੋਲ ਵਿਵਹਾਰ, ਸਮਾਜ ਅਤੇ ਪਰਿਵਾਰ ਵੱਲੋਂ ਆਸਾਨੀ ਨਾਲ ਸਵੀਕਾਰੇ ਨਹੀਂ ਜਾਂਦੇ ਜੋ ਕਿ ਕਿਸੇ ਵੀ ਤਰ੍ਹਾਂ, ਟੁੰਬਵੇਂ ਵਿਚਾਰਾਂ ਦੇ ਪ੍ਰਗਟਾਵੇ ਨੂੰ ਰੋਕਦੇ ਹਨ। ਭਾਵੇਂ ਉਹ ਨਾਂਹ-ਪੱਖੀ ਹੋਣ ਜਾਂ ਹਾਂ-ਪੱਖੀ।

ਕਿਉਂ ਜੋ ਜਜ਼ਬਾਤੀ ਵਿਵਹਾਰ ਲਈ ਸਰੀਰਕ ਕਾਰਣ ਹੁੰਦੇ ਹਨ, ਜਿਸ ਨੂੰ ਕਾਬੂ ਰੱਖਣਾ ਕਿਸ਼ੋਰਾਂ ਦੇ ਵੱਸ ਨਹੀਂ ਹੁੰਦਾ, ਇਸ ਲਈ ਉਹ ਅਕਸਰ ਵੱਡਿਆਂ ਦੀ ਨਾ ਮਨਜ਼ੂਰੀ ਅਤੇ ਨਿਖੇਧੀ ਦਾ ਨਿਸ਼ਾਨਾ ਬਣਦੇ ਹਨ। ਬੱਚਿਆਂ ਤੋਂ ਉਲਟ ਕਿਸ਼ੋਰ, ਇਨ੍ਹਾਂ ਗੱਲਾਂ ਨੂੰ ਨਾਜਾਇਜ਼ ਸਮਝਦੇ ਹਨ, ਇਸ ਪ੍ਰਤੀ ਆਪਣਾ ਗੁੱਸਾ ਵੀ ਜ਼ਾਹਿਰ ਕਰਦੇ ਹਨ, ਇਸ ਲਈ ਉਨ੍ਹਾਂ ਅਤੇ ਉਨ੍ਹਾਂ ਤੇ ਮਾਪਿਆਂ ਤੇ ਹੋਰ ਵੱਡਿਆਂ ਵਿਚਕਾਰ ਆਮ ਤੌਰ 'ਤੇ ਵਿਰੋਧ ਬਣਿਆ ਰਹਿੰਦਾ ਹੈ।

ਇਕ ਹੋਰ ਬਦਲਾ, ਜੋ ਕਿਸ਼ੋਰਾਂ ਦੇ ਵੱਡੇ ਹੋ ਰਹੇ ਪਰਿਪੱਖ ਵਿਚ ਯੋਗਦਾਨ ਪਾਉਂਦਾ ਹੈ, ਉਹ ਹੈ ਬੋਧ ਵਿਕਾਸ। ਬੋਧ ਮਤਲਬ ਜਾਣਨਾ। ਬੋਧ ਵਿਕਾਸ ਆਲੇ-ਦੁਆਲੇ ਵਿਚ ਵਿਚਰਦੇ ਹੋਏ, ਮਨ ਦੇ ਵਿਕਾਸ ਨੂੰ ਦਰਸਾਉਂਦਾ ਹੈ। ਕਿਸ਼ੋਰ ਮਾਨਸਿਕ ਵਿਕਾਸ ਦੀ ਉਸ ਅਵਸਥਾ 'ਤੇ ਪਹੁੰਚਦੇ ਹਨ ਜਿਥੇ ਉਨ੍ਹਾਂ ਦੀ ਸੋਚਣ ਸ਼ਕਤੀ ਵੱਡਿਆਂ ਦੇ ਪੱਧਰ ਦੀ ਹੁੰਦੀ ਹੈ। ਉਹ ਨਿਯਮਿਤ ਢੰਗ ਨਾਲ ਸੋਚ ਸਕਦੇ ਹਨ। ਸੂਖਮ ਵਰਤਾਰਿਆਂ ਨੂੰ ਸਮਝ ਸਕਦੇ ਹਨ, ਦੂਸਰੇ ਦੇ ਕੰਮ ਅਤੇ ਵਿਚਾਰਾਂ ਨੂੰ ਮਹਿਸੂਸ ਕਰ ਸਕਦੇ ਨੇ ਅਤੇ ਮਾਨਸਿਕ ਸਮੱਸਿਆਵਾਂ ਨੂੰ ਸੁਲਝਾ ਸਕਦੇ ਹਨ। ਨਤੀਜਨ, ਉਹ ਤਰਕ ਨਾਲ ਵਿਚਾਰ ਕਰ ਸਕਦੇ ਹਨ ਅਤੇ ਸਿਆਣਪ ਨਾਲ ਆਪਣੀ ਗੱਲ ਕਹਿ ਸਕਦੇ ਹਨ।

ਇਨ੍ਹਾਂ ਨਵੀਆਂ ਮਾਨਸਿਕ ਧਾਰਨਾਵਾਂ ਨੂੰ ਗ੍ਰਹਿਣ ਕਰਨ ਨਾਲ, ਮੁੰਡੇ-ਕੁੜੀਆਂ ਆਪਣੇ ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਪ੍ਰਤੀ ਸੰਵੇਦਨਸ਼ੀਲ ਅਤੇ ਸੂਝਵਾਨ ਹੋ ਜਾਦੇ ਹਨ, ਖਾਸ ਕਰ ਉਨ੍ਹਾ ਪ੍ਰਤੀ ਜੋ ਉਨ੍ਹਾਂ ਨੂੰ ਅਸਰ ਕਰਦੀਆਂ ਹਨ। ਉਦਾਹਰਣ ਵਜੋਂ ਜੇ ਮਾਪੇ ਆਪਸ ਵਿਚ ਚਰਚਾ ਕਰਦੇ ਹਨ ਕਿ ਉਨ੍ਹਾਂ ਦੀ ਅੱਲ੍ਹੜ ਧੀ ਨੂੰ ਕਿੰਨਾ ਪੜ੍ਹਨਾ ਚਾਹੀਦਾ ਹੈ, ਤਾਂ ਧੀ ਸਮਝ ਜਾਂਦੀ ਹੈ ਕਿ ਕਿਸ ਤਰ੍ਹਾਂ, ਇਹ ਪਹਿਲੂ ਉਸ ਦੀ ਸਮਾਜਿਕ ਭੂਮਿਕਾ ਅਤੇ ਉਸ ਦੇ ਵਿਆਹ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਸੁਭਾਅ ਅਨੁਸਾਰ ਅਤੇ ਪਰਿਵਾਰ ਦੀਆਂ ਆਪਣੇ ਵੱਲੋਂ ਆਸਾਂ ਨੂੰ ਦੇਖਦੇ ਹੋਏ, ਆਪਣਾ ਪੱਖ ਰੱਖਣ ਦੀ ਦਲੇਰੀ ਵੀ ਕਰ ਸਕਦੀ ਹੈ ਜ ਚੁੱਪ ਰਹਿ ਸਕਦੀ ਹੈ। ਇਸ ਉਮਰ ਤੇ ਕਿਸ਼ੋਰਾਂ ਵਿਚ, ਆਪਣੇ ਵਿਚਾਰਾਂ ਪ੍ਰਤੀ ਸਮਝ ਵਿਕਸਿਤ ਹੋ ਗਈ ਹੁੰਦੀ ਹੈ। ਜ਼ਿਆਦਾਤਰ ਉਨ੍ਹਾਂ ਦੇ ਵਿਚਾਰ ਪਰਿਵਾਰ ਦੀਆਂ ਕਦਰਾਂ-ਕੀਮਤਾਂ ਨਾਲ ਜੁੜੇ ਹੁੰਦੇ ਹਨ। ਨਾਲ ਹੀ ਕਿਸ਼ੋਰ ਵਿਲੱਖਣ ਅਤੇ ਨਿਖੜਵੇ ਦਿੱਸਣ ਦੀ ਖਾਤਿਰ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ

ਦੀਆਂ ਕੋਸ਼ਿਸ਼ਾਂ ਉਨ੍ਹਾਂ ਨੂੰ ਮੁਸ਼ਕਿਲ ਵਿਚ ਪਾ ਸਕਦੀਆਂ ਹਨ ਕਿਉਂ ਜੋ ਉਨ੍ਹਾਂ ਦਾ ਇਹ ਕੰਮ ਸਮਾਜਿਕ ਨੇਮਾਂ ਤੋਂ ਹੱਟ ਕੇ ਹੁੰਦਾ ਹੈ ਅਤੇ ਮਾਂਪਿਆਂ ਅਤੇ ਹੋਰਨਾਂ ਵੱਲੋਂ ਸਵੀਕਾਰ ਨਹੀਂ ਹੁੰਦਾ।

ਸਮਾਜਿਕ ਪੱਧਰ ਤੇ ਕਿਸ਼ੋਰ ਆਪਣੇ ਹਮਉਮਰ ਸਾਥੀਆਂ ਵੱਲ ਖਿੱਚੇ ਜਾਂਦੇ ਹਨ, ਜਿਨ੍ਹਾਂ ਨੂੰ *'ਹਾਣੀ'* ਕਹਿੰਦੇ ਹਨ। ਹਾਣੀ ਸਕੂਲ ਦੇ ਦੋਸਤ ਹੋ ਸਕਦੇ ਹਨ, ਗੁਆਂਢੀ ਜਾਂ ਸੰਯੁਕਤ ਪਰਿਵਾਰ ਵਿਚ ਚਚੇਰੇ-ਮੇਸੇਰੇ ਭਰਾ ਹੋ ਸਕਦੇ ਹਨ। ਪਰਿਵਾਰ, ਜਿੱਥੇ ਸ਼ੁਰੂ ਤੋਂ ਹੀ ਬੱਚੇ ਅਤੇ ਮਾਪਿਆਂ, ਬਜੁਰਗਾਂ, ਚਾਚਿਆਂ, ਤਾਇਆਂ, ਚਾਚੀਆਂ-ਤਾਈਆਂ, ਭੂਆ ਵਿਚਕਾਰ ਸਿਹਤਮੰਦ ਸੰਬੰਧ ਹੋਣ, ਕਿਸ਼ੋਰ ਅਵਸਥਾ ਵਿਚ, ਹਮਉਮਰ ਬੱਚਿਆਂ ਵਿਚਕਾਰ ਕੁਦਰਤੀ ਮੋਹ ਹੁੰਦਾ ਹੈ। ਪਰਿਵਾਰਕ ਸੰਬੰਧਾਂ ਲਈ ਇਹ ਕੋਈ ਖ਼ਤਰਾ ਨਹੀ ਹੈ, ਸਗੋਂ ਸਮਾਜਿਕ ਵਿਕਾਸ ਵਿਚ ਇਕ ਕੁਦਰਤੀ ਪੜਾਅ ਹੈ। ਕਿਸ਼ੋਰ ਆਪਣੇ ਹਾਣੀਆਂ ਵਿਚ ਰਹਿ ਕੇ ਬਹੁਤ ਸੰਤੁਸ਼ਟੀ ਮਹਿਸੂਸ ਕਰਦੇ ਹਨ, ਸਿਰਫ਼ ਖੇਡਣ ਲਈ ਹੀ ਨਹੀਂ ਸਗੋਂ ਗੱਲਾਬਾਤਾਂ ਕਰਨ ਲਈ ਵੀ, ਖਾਸ ਕਰ ਵਿਪਰੀਤ ਸੈਕਸ ਬਾਰੇ ਗੁੱਝੀਆਂ ਗੱਲਾਂ, ਨਵੇਂ ਜਜ਼ਬਿਆਂ ਅਤੇ ਦਿਲੀ ਵਲਵਲਿਆਂ ਨੂੰ ਵਟਾਉਣ ਦੇ ਲਈ। ਸੈਕਸ ਦੇ ਵਿਕਸਿਤ ਹੋਣ ਕਾਰਣ ਲੜਕਿਆਂ ਨੂੰ ਲੜਕੀਆਂ ਤੇ ਇਸੇ ਤਰ੍ਹਾ ਲੜਕੀਆਂ ਨੂੰ ਲੜਕਿਆਂ ਦੀ ਖਿੱਚ ਹੁੰਦੀ ਹੈ। ਉਨ੍ਹਾਂ ਨੂੰ ਉਸ ਕਿਸੇ ਸਾਥੀ ਦੀ ਵੀ ਜ਼ਰੂਰਤ ਹੁੰਦੀ ਹੈ ਜੋ ਉਨ੍ਹਾਂ ਦੀਆਂ ਭਾਵਨਾਵਾਂ ਦਾ ਮਖੌਲ ਉਡਾਏ ਬਿਨ੍ਹਾਂ ਉਨਾ ਨੂੰ ਸੁਣੇ ਅਤੇ ਸਮਝੇ। ਦੋਸਤ, ਭੈਣ-ਭਰਾ, ਜਵਾਨ ਚਾਚਾ-ਚਾਚੀ, ਭੂਆ, ਮਾਮੀ, ਇਥੋਂ ਤਕ ਕਿ *ਭਾਬੀਆਂ* ਅਤੇ *ਜੀਜੇ* ਵੀ ਇਸ ਵਰਗ ਦੇ ਲੋਕ ਹਨ। ਦੂਸਰਿਆਂ ਦੇ ਤਜਰਬੇ ਸੁਣ ਕੇ ਉਨ੍ਹਾਂ ਨੂੰ ਹੁਲਾਰਾ ਮਿਲਦਾ ਹੈ ਅਤੇ ਉਨ੍ਹਾਂ ਦੀਆਂ ਜਰੂਰਤਾ ਦੀ ਪੁਸ਼ਟੀ ਹੁੰਦੀ ਹੈ ਤੇ ਸੰਤੁਸ਼ਟੀ ਮਿਲਦੀ ਹੈ ਕਿ ਉਨ੍ਹਾਂ ਦੇ ਸੈਕਸ ਬਾਰੇ ਨਵੇਂ ਜਜ਼ਬਾਤ ਅਸਹਿਜ ਨਹੀ ਹਨ।

ਕਿਸ਼ੋਰਾਂ ਦੇ ਸਮਾਜੀਕਰਨ ਲਈ ਜਿੰਮੇਵਾਰ ਸਿਆਣੇ ਲੋਕ ਅੱਲ੍ਹੜਾਂ ਦੇ ਆਪਸੀ ਸੰਬੰਧਾਂ ਨੂੰ ਜ਼ਿਆਦਾਤਰ ਮਾਨਤਾ ਨਹੀਂ ਦਿੰਦੇ। ਮਾਪੇ ਸਮਝਦੇ ਹਨ ਕਿ ਮੁੰਡੇ ਅਤੇ ਕੁੜੀਆਂ ਆਪਣਾ ਬਹੁਤਾ ਸਮਾਂ ਗੱਪਾਂ ਮਾਰਨ ਵਿਚ ਗਵਾ ਦਿੰਦੇ ਹਨ ਜਦੋਂ ਕਿ ਉਨ੍ਹਾਂ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ ਜਾਂ ਘਰ ਕੇ ਕੰਮ ਵਿਚ ਮਦਦ ਕਰਵਾਉਣੀ ਚਾਹੀਦੀ ਹੈ। ਮਾਪੇ, ਮੁੰਡਿਆਂ ਨਾਲੋਂ ਕੁੜੀਆਂ ਪ੍ਰਤੀ, ਘਰੋਂ ਬਾਹਰ ਸਮਾਂ ਬਿਤਾਉਣ ਲਈ ਜ਼ਿਆਦਾ ਸਖ਼ਤੀ ਵਰਤਦੇ ਹਨ।

ਮੁਕਦੀ ਗੱਲ ਇਹ ਕਿਹਾ ਜਾ ਸਕਦਾ ਹੈ ਕਿ ਤੇਜ਼ੀ ਨਾਲ ਬਦਲ ਰਹੀ ਸਰੀਰ ਦੀ ਬਣਤਰ ਅਤੇ ਸੈਕਸ ਦੇ ਵਿਕਾਸ ਨਾਲ ਜੁੜ ਰਹੇ ਨਵੇਂ ਅਨੁਭਵ ਅੱਲ੍ਹੜਾਂ ਨੂੰ ਭੰਬਲਭੂਸੇ ਵਿਚ ਪਾਈ ਰੱਖਦੇ ਹਨ। ਉਨ੍ਹਾਂ ਦੇ ਜਜ਼ਬਿਆਂ ਦੀ ਤੀਬਰਤਾ, ਵੱਡਿਆਂ ਨਾਲ ਮੱਤਭੇਦ, ਕਿੰਤੂ-ਪਰੰਤੂ ਕਰਨ ਲਈ ਨਵਾਂ ਗਿਆਨ-ਬੋਧ, ਹਾਣੀਆਂ ਦਾ ਸਾਥ ਮਾਨਣ ਦੀ ਸਮਾਜਿਕ ਲੋੜ, ਸਵੈ-ਪੜਚੋਲ ਦੌਰਾਨ ਇਹ ਸਾਰੇ ਤਜਰਬੇ ਉਸ ਅੰਦਰ ਸਵਾਲ ਖੜਾ ਕਰਦੇ ਹਨ 'ਆਖਿਰ ਮੈਂ ਕੌਣ ਹਾ?' ਕੁਝ ਸਮੇਂ ਲਈ ਕਿਸ਼ੋਰ ਆਪਣੇ ਪਿਛੋਕੜ ਤੋਂ ਕਦੇ ਕਦੇ ਮਹਿਸੂਸ ਕਰਦੇ ਹਨ। ਉਹੀ ਸਿਆਣੇ ਹੁਣ ਇਨ੍ਹਾਂ ਨੂੰ ਵੱਖਰੀ ਤਰ੍ਹਾਂ ਦੇਖਦੇ ਹਨ ਅਤੇ ਇਹੀ ਅੱਲ੍ਹੜ ਆਪਣੇ

ਆਪ ਨੂੰ 'ਸਵੈਂ-ਵਿਸ਼ਵਾਸੀ' ਸਮਝਦੇ ਹਨ। ਕੁੜੀਆਂ ਨੂੰ ਡਾਂਟ ਕੇ ਕਿਹਾ ਜਾਂਦਾ ਹੈ, 'ਹੁਣ ਤੂੰ ਵੱਡੀ ਹੋ ਗਈ ਹੈ, ਮੁੰਡਿਆਂ ਨਾਲ ਨਾ ਖੇਡਿਆ ਕਰ।' ਮੁੰਡੇ ਨੂੰ ਇਸ ਲਈ ਗੁੱਸੇ ਹੋਇਆਂ ਜਾਂਦਾ ਹੈ, 'ਏਨਾ ਵੱਡਾ ਹੋ ਕੇ ਵੀ ਕੁੜੀਆ ਵਾਂਗ ਰੋਨੈਂ?' ਕਿਸ਼ੋਰ ਸੋਚਦਾ ਹੈ, 'ਮੈਂ ਕਦੋਂ ਵੱਖਰਾ ਹੋ ਗਿਆ?' ਕੁੜੀਆਂ ਵਿਚ ਮਾਹਵਾਰੀ ਅਤੇ ਮੁੰਡਿਆਂ ਵਿਚ ਸੁਪਨਦੋਸ਼, ਉਨ੍ਹਾਂ ਨੂੰ ਸੰਗਾਊ ਬਣਾ ਦਿੰਦੇ ਹੈ। ਇਹ ਤਜਰਬਾ ਉਨ੍ਹਾਂ ਦੀ ਆਪਣੀ ਤਿਆਰੀ ਅਨੁਸਾਰ ਤਸੱਲੀਬਖ਼ਸ਼ ਵੀ ਹੋ ਸਕਦਾ ਹੈ ਜਾਂ ਸਨਸਨੀ ਭਰਪੂਰ ਵੀ। ਬਿਨਾਂ ਸ਼ਕ, ਕਿਸ਼ੋਰ ਆਪਣੇ ਆਪ ਵਿਚ ਤਜਰਬੇ ਵਾਲੀ ਅਵਸਥਾ ਵਿਚੋਂ ਲੰਘਦੇ ਹਨ, ਜੋ ਸਮੇਂ ਨਾਲ ਸੁਲਝ ਜਾਂਦੀ ਹੈ। ਕਿਸ਼ੋਰ ਅਵਸਥਾ ਦੇ ਮੁੱਕਣ ਤੇ ਪਛਾਣ ਬਾਰੇ ਸਮਝ, ਕਿਸ਼ੋਰ ਦਾ ਸਵਾਲ, 'ਮੈਂ ਕੌਣ ਹਾਂ?' ਦਾ ਜਵਾਬ ਪਰਿਵਾਰ ਅਤੇ ਸਮਾਜ ਤੈਅ ਕਰਦਾ ਹੈ।

ਹੋਰ ਥਾਵਾਂ ਵਾਂਗ ਭਾਰਤ ਵਿਚ ਵੀ ਹਰ ਇਕ ਯੁਵਕ, ਪਹਿਲਾਂ ਪਰਿਵਾਰ ਦਾ ਮੈਂਬਰ ਹੈ। ਪਰ ਇਥੇ ਪਰਿਵਾਰ ਦਾ ਮਤਲਬ ਮਾਂ-ਪਿਉ ਅਤੇ ਬੱਚਿਆਂ ਤਕ ਹੀ ਸੀਮਿਤ ਨਹੀਂ ਹੈ। ਇਕ ਭਾਰਤੀ ਪਰਿਵਾਰ ਆਮ ਤੌਰ ਤੇ ਇਕ ਵੱਡੇ ਪਰਿਵਾਰ ਸੰਬੰਧਾਂ ਦਾ ਨਾ ਹੈ, ਜਿਸ ਵਿਚ ਦਾਦਾ-ਦਾਦੀ, ਚਾਚੇ-ਤਾਏ, ਭੂਆ-ਚਾਚੀਆਂ, ਚਚੇਰੇ ਭੈਣ-ਭਰਾ ਆਦਿ ਸ਼ਾਮਿਲ ਹੁੰਦੇ ਹਨ। ਉਹ ਭਾਵੇਂ ਇਕੱਠੇ ਨਾ ਵੀ ਰਹਿੰਦੇ ਹੋਣ, ਪਰ ਫਿਰ ਵੀ ਇਕ ਦੂਸਰੇ ਨਾਲ ਜਜ਼ਬਾਤੀ ਤੌਰ ਤੇ ਜੁੜੇ ਹੁੰਦੇ ਹਨ। ਜਦੋਂ ਕੋਈ ਲੜਕਾ ਇਹ ਕਹਿੰਦਾ ਹੈ ਕਿ 'ਸਾਡੇ ਪਰਿਵਾਰ ਦੀ ਇਹ ਰਿਵਾਇਤ ਹੈ ਕਿ ....' ਉਸ ਦਾ ਮਤਲਬ ਉਸ ਬਰਾਦਰੀ ਤੋਂ ਹੁੰਦਾ ਹੈ, ਜਿਸ ਨਾਲ ਉਹ ਸਮਾਜਿਕ ਅਤੇ ਭਾਵਨਾਤਮਕ ਤੌਰ ਤੇ ਜੁੜਿਆ ਹੋਇਆ ਹੈ। ਉਹ ਉਸ ਨੂੰ ਪਛਾਣ ਦਿੰਦਾ ਹੈ।

ਇਸੇ ਤਰ੍ਹਾਂ ਪਰਿਵਾਰਿਕ ਸ਼ਰੀਕਾ-ਬਰਾਦਰੀ, ਇਕ ਜ਼ੁਬਾਨ ਅਤੇ ਜਾਤੀ ਵਰਗ ਨਾਲ ਜੁੜਿਆ ਹੁੰਦਾ ਹੈ। ਜਿਵੇਂ ਇਕ ਪੰਜਾਬੀ ਮੁੰਡਾ ਲਖਨਊ ਰਹਿੰਦਾ ਹੋਵੇ, ਜਿੱਥੇ ਮੁੱਖ ਤੌਰ ਤੇ ਉਰਦੂ ਅਤੇ ਹਿੰਦੀ ਬੋਲੀ ਜਾਂਦੀ ਹੈ, ਪਰ ਉਸ ਦੀ ਮਾਂ-ਬੋਲੀ ਪੰਜਾਬੀ ਹੀ ਰਹਿੰਦੀ ਹੈ, ਜੋ ਉਸ ਨੂੰ ਵੱਖਰੀ ਪਛਾਣ ਦਿੰਦੀ ਹੈ। ਉਸ ਦੀ ਜਾਤ ਖੱਤਰੀ ਹੋ ਸਕਦੀ ਹੈ ਤੇ ਗੋਤ ਭੱਲਾ। ਇਸ ਤਰ੍ਹਾਂ ਅਸ਼ੋਕ ਸ਼ਰਮਾ ਨਾਂ, ਅਸ਼ੋਕ ਨੂੰ ਕਈ ਤਰ੍ਹਾਂ ਦੀਆਂ ਪਛਾਣਾਂ ਦਿੰਦਾ ਹੈ। ਅਸੋਕ ਉਸ ਦਾ ਆਪਣਾ ਨਾ ਹੈ, ਜੋ ਕਿ ਉਸ ਦੇ ਆਪਣੇ ਭੈਣ-ਭਰਾਵਾਂ ਨਾਲ ਸਾਂਝਾ ਨਹੀਂ ਹੁੰਦਾ, ਤੋਂ ਪਤਾ ਲਗਦਾ ਹੈ ਕਿ ਉਹ ਲੜਕਾ ਹੈ ਕਿਉਂਕਿ ਆਮ ਤੌਰ ਤੇ ਲੜਕੀਆਂ ਦਾ ਨਾਂ ਅਸ਼ੋਕ ਨਹੀਂ ਹੁੰਦਾ। ਉਸ ਦੇ ਨਾਂ ਦਾ ਦੂਸਰਾ ਹਿੱਸਾ, ਸ਼ਰਮਾ, ਉਸ ਦੇ ਪਰਿਵਾਰ ਦਾ ਨਾਂ ਹੈ ਜੋ ਕਿ ਸਾਰੇ ਮਰਦਾਂ ਅਤੇ ਅਣਵਿਆਹੀਆਂ ਕੁੜੀਆਂ ਲਈ ਸਾਝਾ ਹੈ ਜੋ ਕਿ ਆਪਣਾ ਪਿਛੋਕੜ ਪਿਤਾ-ਪੁਰਖੀ ਪਰਿਵਾਰ ਵਿਚ ਲੱਭਦੀਆਂ ਹਨ। ਦੂਸਰੇ, ਨਾਂ ਤੋਂ ਇਹ ਵੀ ਪਤਾ ਚਲਦਾ ਹੈ ਕਿ ਉਹ ਉੱਤਰੀ ਭਾਰਤ ਦਾ ਰਹਿਣ ਵਾਲਾ ਹੈ ਅਤੇ ਬ੍ਰਾਹਮਣ ਜਾਤ ਦਾ ਹੈ। ਇਸ ਤਰ੍ਹਾਂ ਅਸ਼ੋਕ ਦੀ ਨਿੱਜੀ, ਜਾਤੀ ਅਤੇ ਇਲਾਕਾਈ ਪਛਾਣ ਹੈ।

ਸਮਾਜਿਕ ਪਛਾਣ ਦੇ ਤਾਣੇ-ਬਾਣੇ ਵਿਚ ਵੱਡੇ ਹੁੰਦੇ ਹੋਏ, ਕਿਸ਼ੋਰ ਆਪਛੇ ਅੱਲ੍ਹੜਪੁਣੇ

ਦੀ ਉਮਰ, ਕਈ ਤਰ੍ਹਾਂ ਤੇ ਸਮਾਜੀ-ਸਭਿਆਚਾਰਕ ਪਹਿਲੂਆਂ ਤੋਂ ਅਨੁਭਵ ਕਰਦੇ ਹਨ। ਇਹ ਵਖਰੇਵਾਂ, ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹ ਪਿੰਡ, ਕਬਾਇਲੀ ਖਿੱਤੇ, ਕਸਬੇ, ਸ਼ਹਿਰ ਜਾਂ ਮਹਾਂਨਗਰਾਂ ਵਿਚ ਰਹਿੰਦੇ ਹਨ। ਇਹ ਫ਼ਰਕ ਸਮਾਜੀ-ਆਰਥਿਕ, ਸਭਿਆਚਾਰਕ ਕਦਰਾਂ-ਕੀਮਤਾਂ, ਪਰਿਵਾਰ ਦੀ ਪੜ੍ਹਾਈ ਦੇ ਪੱਧਰ ਅਤੇ ਸੰਚਾਰ ਸਾਧਨਾਂ ਰਾਹੀਂ ਵਿਸ਼ਵ-ਸਭਿਆਚਾਰ ਦੇ ਪ੍ਰਭਾਵਾਂ ਨਾਲ ਵੀ ਤੈਅ ਹੁੰਦਾ ਹੈ। ਭਾਰਤੀ ਮੁੰਡੇ ਅਤੇ ਕੁੜੀਆਂ ਆਪਣੀ ਕਿਸ਼ੋਰ ਅਵਸਥਾ ਦੇ ਵਰ੍ਹੇ ਕਿਵੇਂ ਗੁਜ਼ਾਰਦੇ ਹਨ, ਇਸ ਪੁਸਤਕ ਦਾ ਵਿਸ਼ਾ ਹੈ।

ਪਹਿਲੋਂ ਕਿਹਾ ਗਿਆ ਹੈ ਕਿ ਮੁੰਡੇ ਅਤੇ ਕੁੜੀਆਂ ਕਿਸ਼ੋਰ ਅਵਸਥਾ ਨੂੰ ਵੱਖਰੇ-ਵੱਖਰੇ ਢੰਗ ਨਾਲ ਹੰਢਾਉਂਦੇ ਹਨ ਭਾਵੇਂ ਕਈ ਸ਼ੌਕਿਆਂ, ਸਰੋਕਾਰਾਂ, ਦਿਲਚਸਪੀਆਂ, ਵਿਰੋਧਾਂ ਦੇ ਪਹਿਲੂਆਂ ਵਿਚ ਸਮਾਨਤਾ ਹੁੰਦੀ ਹੈ। ਇਕ ਅੱਲ੍ਹੜ ਕੁੜੀ ਦੀ ਇਹ ਸੱਚੀ ਘਟਨਾ, ਲੜਕੀਆਂ ਦੇ ਪਰਿਪੇਖ ਨੂੰ ਸਮਝਣ ਵਿਚ ਮਦਦ ਦੇਵੇਗੀ।

ਉੱਤਰ ਪ੍ਰਦੇਸ਼ ਦੇ ਇਕ ਪਿੰਡ ਦੀ ਕੁੜੀ ਜਾਨਕੀ ਦੀ ਇਹ ਕਹਾਣੀ ਹੈ। ਉਹ ਅਨੁਸੂਚਿਤ ਜਾਤੀ ਦੇ ਪਰਿਵਾਰ 'ਚੋਂ ਹੈ। ਉਹ ਸੱਤ ਬੱਚਿਆਂ ਦੇ ਪਰਿਵਾਰ, ਤਿੰਨ ਭਰਾ ਅਤੇ ਤਿੰਨ ਭੈਣਾਂ ਨਾਲੋਂ ਸਭ ਤੋਂ ਛੋਟੀ ਸੀ ਅਤੇ ਸਾਰੇ ਹੀ ਵਿਆਹੇ ਹੋਏ ਸਨ। ਉਸ ਦੇ ਪਿਤਾ ਦੀ ਮੌਤ ਹੋ ਗਈ, ਜਦੋਂ ਉਹ ਬਹੁਤ ਛੋਟੀ ਸੀ। ਜਾਨਕੀ ਕਦੇ ਸਕੂਲ ਨਹੀਂ ਗਈ। ਉਸ ਦੇ ਪਿੰਡ ਵਿਚ ਦਲਿਤ ਪਰਿਵਾਰ ਆਪਣੀਆਂ ਧੀਆਂ ਨੂੰ ਸਕੂਲ ਨਹੀਂ ਭੇਜਦੇ। ਸ਼ੁਰੂ ਤੋਂ ਹੀ ਜਾਨਕੀ ਆਪਣੀ ਮਾਂ ਅਤੇ ਭਰਾਵਾਂ ਦੇ ਪਰਿਵਾਰ ਵਿਚ ਵੱਡੀ ਹੋਈ। ਵੱਡੀਆਂ ਭੈਣਾਂ, ਜਿਵੇਂ-ਜਿਵੇਂ ਉਨ੍ਹਾਂ ਦਾ ਵਿਆਹ ਹੁੰਦਾ ਗਿਆ, ਇਕ-ਇਕ ਕਰਕੇ ਪਰਿਵਾਰ ਤੋਂ ਜਾਂਦੀਆਂ ਰਹੀਆਂ।

ਅੱਜ 16 ਸਾਲ ਦੀ ਅੱਲ੍ਹੜ ਜਾਨਕੀ ਦਾ ਵਿਆਹ ਹੋ ਗਿਆ ਹੈ। ਉਹ ਨਹੀਂ ਸੋਚਦੀ ਕਿ ਉਹ ਵਿਆਹ ਦੇ ਲਈ ਅਜੇ ਕਾਫ਼ੀ ਛੋਟੀ ਹੈ। ਸਗੋਂ, ਉਸ ਦੇ ਵਿਆਹ ਨੇ ਉਸ ਨੂੰ ਗਰੀਬੀ ਅਤੇ ਜ਼ਿੱਲਤ ਤੋਂ ਮੁਕਤੀ ਦਿਵਾਈ ਜੋ ਉਹ ਪੇਕੇ ਘਰ ਝੱਲ ਰਹੀ ਸੀ (ਭਾਵੇਂ ਕੁਝ ਸਮੇਂ ਲਈ ਹੀ) ਭਾਵੇਂ ਉਸ ਦੇ ਭਰਾ, ਉਸੇ ਘਰ ਵਿਚ ਰਹਿ ਰਹੇ ਹਨ, ਜੋ ਉਸ ਦੇ ਪਿਤਾ ਦਾ ਸੀ, ਪਰ ਉਨ੍ਹਾਂ ਨੇ ਜਾਨਕੀ ਅਤੇ ਉਸ ਦੀ ਮਾਂ ਨੂੰ ਘਰ ਦੇ ਇਕ ਖੂੰਜੇ ਲਾ ਰਖਿਆ ਸੀ।

ਉਹ ਹਾਲਾਤ ਜਿਸ ਵਿਚ ਜਾਨਕੀ ਦਾ ਵਿਆਹ ਹੋਇਆ, ਕੁਝ ਵਿਲੱਖਣ ਹਨ। ਜਾਨਕੀ ਦੇ ਘਰ ਵਾਲੇ ਦੀ ਮੰਗਣੀ, ਉਸ ਦੇ ਪਿੰਡ ਦੀ ਕਿਸੇ ਹੋਰ ਕੁੜੀ ਨਾਲ ਤੈਅ ਹੋਈ ਸੀ। ਪਰ ਉਹ ਮੰਗਣੀ ਅਚਾਨਕ ਟੁੱਟ ਗਈ ਕਿਉਂ ਜੋ ਕੁੜੀ ਦੇ ਰਿਸ਼ਤੇਦਾਰ ਨੇ ਇਸ ਅਫ਼ਵਾਹ ਵਿਚ ਯਕੀਨ ਕਰ ਲਿਆ ਕਿ ਮੁੰਡਾ ਗੂੰਗਾ ਅਤੇ ਬੋਲਾ ਹੈ। ਲਾੜੇ ਦੇ ਪਰਿਵਾਰ ਵਾਲੇ ਵਿਆਹ ਦੇ ਕਾਰਡ ਵੰਡ ਚੁੱਕੇ ਸਨ। ਆਪਣੇ ਆਪ ਨੂੰ ਘਬਰਾਹਟ ਅਤੇ ਪਰੇਸ਼ਾਨੀ ਤੋਂ ਬਚਾਉਣ ਲਈ ਪਰਿਵਾਰ ਨੇ ਛੇਤੀ ਨਾਲ ਹੋਰ ਕੁੜੀ ਦੀ ਭਾਲ ਸ਼ੁਰੂ ਕਰ ਦਿੱਤੀ। ਇਕ ਵਿਚੋਲੇ ਨੇ ਰਿਸ਼ਤੇ ਲਈ ਜਾਨਕੀ ਦੀ ਮਾਂ ਤਕ ਪਹੁੰਚ ਕੀਤੀ। ਲੜਕੇ ਦਾ ਪਰਿਵਾਰ ਕਿਸੇ ਤਰ੍ਹਾਂ ਦੇ ਦਾਜ ਦਹੇਜ ਤੋਂ ਬਿਨ੍ਹਾਂ ਕੁੜੀ ਵਿਆਹੁਣ ਨੂੰ ਤਿਆਰ ਸੀ। ਜਾਨਕੀ ਦੀ ਮਾਂ ਲਈ

ਜਾਨਕੀ ਨੂੰ ਇਸ ਸਹੀ ਉਮਰ 'ਤੇ ਵਿਆਹੁਣ ਲਈ, ਇਸ ਤੋਂ ਵਧੀਆ ਮੌਕਾ ਹੋਰ ਕੀ ਹੋ ਸਕਦਾ ਸੀ ਕਿਉਂਕਿ ਜਾਨਕੀ ਦੇ ਭਰਾ ਉਸ ਦੇ ਵਿਆਹ ਲਈ ਇਕ ਪੈਸਾ ਵੀ ਖਰਚਣ ਲਈ ਰਾਜ਼ੀ ਨਹੀਂ ਸਨ। ਜਾਨਕੀ ਦਾ ਵਿਆਹ ਬਿਨ੍ਹਾਂ ਕਿਸੇ ਧੂਮ-ਧੜਾਕੇ ਦੇ, ਸਾਧਾਰਣ ਢੰਗ ਨਾਲ ਹੋਇਆ। ਉਸ ਦੀ ਮਾਂ ਉਸ ਨੂੰ ਸਿਰਫ਼ ਇਕ ਥਾਲੀ, ਇਕ ਕਟੋਰੀ, ਇਕ ਚਮਚਾ ਅਤੇ ਪਰਸ ਹੀ ਦਾਜ ਦੀ ਸ਼ਕਲ ਵਿਚ ਦੇ ਸਕੀ।

ਜਾਨਕੀ ਵਿਆਹ ਦੇ ਮੌਕੇ ਕੁਝ ਘਬਰਾਈ ਹੋਈ ਸੀ। ਨੱਕ ਵਿਚ ਦਮ ਕਰ ਦੇਣ ਵਾਲੀ ਰਫ਼ਤਾਰ ਨਾਲ, ਜਿਸ ਤਰ੍ਹਾਂ ਕੰਮ ਨੇਪਰੇ ਚੜ੍ਹ ਰਿਹਾ ਸੀ, ਉਸ ਨੂੰ ਉਸ ਨੌਜਵਾਨ ਬਾਰੇ ਸੋਚਣ ਦਾ ਮੌਕਾ ਹੀ ਨਾ ਮਿਲਿਆ, ਜਿਸ ਨਾਲ ਉਸ ਦਾ ਵਿਆਹ ਹੋ ਰਿਹਾ ਸੀ। ਜਾਨਕੀ ਨੂੰ ਯਕੀਨ ਹੋ ਗਿਆ ਸੀ ਕਿ ਉਸ ਨਾਲ ਕੋਈ ਵਿਆਹ ਨਹੀਂ ਕਰਵਾਏਗਾ। ਉਸ ਨੇ ਆਪਣੀ ਮਾਂ ਨੂੰ ਪੈਸਿਆ ਲਈ ਆਪਣੇ ਭਰਾਵਾਂ ਕੋਲ ਤਰਲੇ ਕਰਦੇ ਦੇਖਿਆ ਸੀ। ਦੁਖੀ ਹੋਈ, ਅਕਸਰ ਉਸ ਦੀ ਮਾਂ, ਉਸ ਨੂੰ ਕੁੜੀ ਜੰਮਣ ਲਈ ਕੋਸਦੀ 'ਜਿਸ ਦੇ ਵਿਆਹ ਲਈ ਉਸ ਨੂੰ ਪੈਸੇ ਰੋੜ੍ਹਨੇ ਪੈਣਗੇ।' ਇਸ ਲਈ ਜਦੋਂ ਜਾਨਕੀ ਦੀ ਮਾਂ ਨੇ ਉਸ ਨੂੰ ਦੱਸਿਆ ਕਿ ਉਸ ਦਾ ਵਿਆਹ ਹੋ ਰਿਹਾ ਹੈ ਤਾਂ ਜਾਨਕੀ ਬਹੁਤ ਖੁਸ਼ ਹੋਈ। ਉਸ ਦੀ ਭਾਬੀ ਨੇ ਉਸ ਦੀ ਕਿਸਮਤ ਨਾਲ ਈਰਖਾ ਕਰਦੇ ਹੋਏ, ਇਕ ਪਾਸੇ ਬੁਲਾ ਕੇ ਕਿਹਾ ਕਿ ਉਸ ਦਾ ਹੋਣ ਵਾਲਾ ਪਤੀ, ਸੁਰੇਸ਼ ਗੂੰਗਾ ਅਤੇ ਬੋਲਾ ਹੈ। ਜਾਨਕੀ ਨੇ ਇਸ ਨੂੰ ਆਪਣਾ ਨਸੀਬ ਸਮਝ ਕੇ ਕਬੂਲ ਲਿਆ।

ਜਾਨਕੀ ਹੈਰਾਨ ਰਹਿ ਗਈ, ਜਦੋਂ ਵਿਆਹ ਦੌਰਾਨ ਉਸ ਨੇ ਸੁਣਿਆ ਕਿ ਸੁਰੇਸ਼ ਬੋਲ ਸਕਦਾ ਹੈ। ਬਾਅਦ ਵਿਚ ਵਿਆਹ ਦੀਆਂ ਰਸਮਾਂ ਹੋਣ ਮਗਰੋਂ, ਜਦੋਂ ਉਹ ਆਪਣੇ ਪਤੀ ਦੇ ਪਿੰਡ ਪਹੁੰਚੀ, ਉਸ ਨੇ ਉਸ ਨੂੰ ਕਈ ਲੋਕਾਂ ਨਾਲ ਗੱਲਾਂ ਕਰਦੇ ਸੁਣਿਆ, ਚਾਹੇ ਉਸ ਨੇ ਆਪ ਉਸ ਨਾਲ ਇਕ ਬੋਲ ਵੀ ਸਾਂਝਾ ਨਹੀਂ ਸੀ ਕੀਤਾ। ਸ਼ਾਇਦ ਉਹ ਵੀ ਇਸ ਵਾਂਗ ਸ਼ਰਮਾ ਰਿਹਾ ਹੋਵੇ।

ਵਿਆਹ ਤੋਂ ਅਗਲੇ ਦਿਨ ਉਸ ਦਾ ਆਪਣੀ ਮਾਂ ਦੇ ਘਰ ਪਹਿਲਾ ਫੇਰਾ ਸੀ। ਉਸ ਦੀ ਸੱਸ ਵੱਲੋਂ, ਵਿਦਾਈ ਤੋਂ ਪਹਿਲਾਂ, ਸੁਰੇਸ਼ ਨੇ ਬਿਨ੍ਹਾ ਉਸ ਵੱਲ ਝਾਤੀ ਮਾਰੇ, ਇਕ ਵਾਕ ਬੋਲਿਆ, 'ਆਪਣੇ ਪਰਿਵਾਰ ਨੂੰ ਮੇਰੀ ਨਮਸਤੇ ਕਹੀਂ।' ਆਪਣੇ ਪਿੰਡ ਪਹੁੰਚ, ਜਾਨਕੀ ਮਾਂ ਦੇ ਗਲੇ ਮਿਲੀ। ਰੋਣ ਦਾ ਵਿਖਾਵਾ ਕਰਦੀ, ਉਹ ਅੰਦਰ ਹੀ ਅੰਦਰ ਹਲਕੀ ਫੁੱਲ ਸੀ। ਉਸ ਦੀਆਂ ਸਹੇਲੀਆਂ ਉਸ ਨਾਲ ਗੱਪਾਂ ਮਾਰਨ ਆਈਆਂ ਤੇ ਪਤਾ ਕਰਨ ਕਿ ਕੀ ਉਸ ਦਾ ਘਰ ਵਾਲਾ ਸਚਮੁੱਚ ਗੂੰਗਾ ਬੋਲਾ ਸੀ। ਜਾਨਕੀ ਨੇ ਨਿੰਮਾ ਜਿਹਾ ਹੱਸ ਕੇ ਕਿਹਾ, 'ਨਹੀਂ'।

ਅੱਜ ਇਹ ਵਿਆਹੁਤਾ ਔਰਤ ਜਾਨਕੀ ਸਮਝਦੀ ਹੈ ਕਿ ਉਹ 20 ਸਾਲ ਦੇ ਜਵਾਨ ਪੜ੍ਹੇ-ਲਿਖੇ ਲੜਕੇ ਨਾਲ, ਜਿਸ ਨੇ ਅੱਠ ਸਾਲ ਸਕੂਲ ਦੀ ਪੜ੍ਹਾਈ ਕੀਤੀ ਹੈ, ਵਿਆਹ ਕਰਵਾਉਣ ਵਾਲੀ ਖੁਸ਼ਨਸੀਬ ਹੈ। ਉਹਦੇ ਪਰਿਵਾਰ ਕੋਲ ਜ਼ਮੀਨ ਹੈ, ਜਿਸ ਤੇ ਉਹ ਕੰਮ ਕਰਦੀ ਹੈ। ਉਸ ਨੇ ਸਿਲਾਈ, ਕਢਾਈ, ਸਾਫ਼-ਸਫ਼ਾਈ ਅਤੇ ਰਸੋਈ ਦਾ ਕੰਮ ਸਿੱਖ ਲਿਆ

ਹੈ ਅਤੇ ਆਸ ਕਰਦੀ ਹੈ ਕਿ ਸੁਰੇਸ਼ ਦੀ ਮਾਂ ਉਸ ਵਿਚ ਕੋਈ ਨੁਕਸ ਨਹੀਂ ਕੱਢੇਗੀ। ਉਹ ਆਪਣੇ ਪਤੀ ਦੀ ਮੌਜੂਦਗੀ ਵਿਚ ਚੁੱਪ ਰਹਿੰਦੀ ਹੈ। 'ਕੀ ਉਹ ਮੈਨੂੰ ਪ੍ਰਵਾਨ ਕਰੇਗਾ? ਕੀ ਉਹ ਮੈਨੂੰ ਪਸੰਦ ਕਰੇਗਾ? ਕੀ ਮੈਂ ਉਸ ਲਈ ਚੰਗੀ ਸਾਬਿਤ ਹੋਵਾਂਗੀ? ਫਿਰ ਵੀ ਮੈਂ ਦੂਸਰੇ ਨੰਬਰ ਦੀ ਪਸੰਦ ਹਾਂ। ਨਾ ਮੈਂ ਸੋਹਣੀ ਹਾਂ ਤੇ ਨਾ ਪੜ੍ਹੀ-ਲਿਖੀ। ਕੀ ਬਣੇਗਾ ਜੇ ਮੈਂ ਉਸ ਦੀਆਂ ਆਸਾਂ 'ਤੇ ਪੂਰੀ ਨਾ ਉਤਰੀ।

ਆਉਣ ਵਾਲੇ ਪਾਠਾਂ ਵਿਚ ਕਿਸ਼ੋਰ ਅਵਸਥਾ ਦੇ ਵਿਕਾਸ ਦੇ ਵੱਖ-ਵੱਖ ਪਹਿਲੂਆਂ ਅਤੇ ਉਨ੍ਹਾਂ ਸਮੂਹ ਕਾਰਣਾ ਦੀ ਜੋ ਇਸ ਨੂੰ ਪ੍ਰਭਾਵਿਤ ਕਰਦੇ ਹਨ, ਵਿਸਥਾਰ ਵਿਚ ਵਿਚਾਰ-ਚਰਚਾ ਹੋਵੇਗੀ।

ਯੁਵਾ ਅਵਸਥਾ

ਜਦੋਂ ਅੱਲ੍ਹੜਪਨ ਦੀ ਉਮਰ ਮੁੱਕਦੀ ਹੈ ਅਤੇ ਵਿਅਕਤੀ ਤੀਸਰੇ ਦਹਾਕੇ ਵਿਚ ਪ੍ਰਵੇਸ਼ ਕਰਦਾ ਹੈ ਤਾਂ ਯੁਵਾ ਅਸਵਥਾ ਸ਼ੁਰੂ ਹੁੰਦੀ ਹੈ। ਆਮ ਤੌਰ ਤੇ ਇਹ ਪੜਾਅ ਸਰੀਰਕ ਅਤੇ ਸੈਕਸ ਦੇ ਸੰਪੂਰਨ ਵਿਕਾਸ ਅਤੇ ਸਮਾਜਿਕ-ਆਰਥਿਕ ਜ਼ੁੰਮੇਵਾਰੀਆਂ ਸ਼ੁਰੂ ਹੋਣ ਨਾਲ ਮੇਚ ਖਾਂਦਾ ਹੈ। ਬਹੁਤੇ ਭਾਰਤੀ ਬੱਚਿਆਂ ਨੂੰ ਯੁਵਾ ਅਵਸਥਾ ਤਕ ਪਹੁੰਚਣ ਤੋਂ ਪਹਿਲਾਂ ਹੀ, ਗਰੀਬੀ ਕਾਰਣ ਰੋਜ਼ੀ-ਰੋਟੀ ਦੇ ਜੁਗਾੜ ਵਿਚ ਲੱਗਣਾ ਪੈਂਦਾ ਹੈ। ਕਈ ਭਾਰਤੀ ਲੜਕੀਆਂ ਵੀਹ ਸਾਲ ਦੀ ਉਮਰ ਤੋਂ ਪਹਿਲਾਂ ਹੀ ਪਤਨੀ ਅਤੇ ਮਾਂ ਬਣ ਜਾਂਦੀਆਂ ਹਨ, ਕਿਉਂ ਜੋ ਉਨ੍ਹਾਂ ਦਾ ਵਿਆਹ ਛੇਤੀ ਹੋ ਜਾਂਦਾ ਹੈ। ਇਸ ਤਰ੍ਹਾਂ ਯੁਵਾ ਅਵਸਥਾ ਦਾ ਪੱਧਰ ਅਖਤਿਆਰ ਕਰਨ ਲਈ ਹਰ ਵਿਅਕਤੀ ਦੀ ਉਮਰ ਅੱਡ-ਅੱਡ ਹੈ। ਭਾਰਤੀ ਕਾਨੂੰਨ ਕਿਸੇ ਵੀ ਵਿਅਕਤੀ ਨੂੰ ਸਥਿਤੀ ਦੇ ਮੱਦੇਨਜ਼ਰ 16, 18, 21 ਸਾਲ ਤੱਕ ਨਾਬਾਲਗ ਸਮਝਦਾ ਹੈ। ਵਿਆਹ ਦੇ ਮਕਸਦ ਲਈ ਮੁੰਡਾ 21 ਸਾਲ ਤੋਂ ਉਪਰ ਅਤੇ ਲੜਕੀ 18 ਸਾਲ ਤੋਂ ਉੱਪਰ ਜਵਾਨ ਮੰਨੀ ਜਾਂਦੀ ਹੈ। ਵੋਟ ਪਾਉਣ ਲਈ ਮੁੰਡੇ ਅਤੇ ਕੁੜੀ ਦੋਹਾਂ ਲਈ ਯੋਗਤਾ 18 ਸਾਲ ਹੈ। ਕਾਨੂੰਨੀ ਇਨਸਾਫ਼ ਦਿਵਾਉਣ ਦੇ ਲਈ 18 ਸਾਲ ਤੋਂ ਘੱਟ ਲੜਕੀ ਅਤੇ 16 ਸਾਲ ਤੋਂ ਘੱਟ ਲੜਕਾ ਨਾਬਾਲਗ ਹਨ। ਇਹ ਉਮਰ ਪਾਰ ਕਰਨ ਤੋਂ ਬਾਅਦ ਹੀ ਉਹ ਜਵਾਨ ਮੰਨੇ ਜਾਂਦੇ ਹਨ।

ਇਕ ਹੋਰ ਵੱਖਰੇ ਪਹਿਲੂ ਤੋਂ ਜੋ ਜਵਾਨ ਲੜਕਾ-ਲੜਕੀ, ਉੱਚ-ਸਿੱਖਿਆ ਲਈ ਕਾਲਜ, ਵਿਸ਼ਵਵਿਦਿਆਲਾ ਜਾਂ ਹੋਰ ਸੰਸਥਾਵਾਂ ਵਿਚ ਚਲੇ ਜਾਂਦੇ ਹਨ, ਤਕਰੀਬਨ ਪੱਚੀ ਸਾਲ ਤਕ ਵਿਦਿਆਰਥੀ ਹੀ ਰਹਿੰਦੇ ਹਨ। ਜਦੋਂ ਤਕ ਉਨ੍ਹਾਂ ਦੀ ਵਿੱਧੀਵੱਤ ਪੜ੍ਹਾਈ ਨਹੀਂ ਮੁੱਕਦੀ, ਆਮ ਤੌਰ ਤੇ ਉਹ ਕਿਸੇ ਵੀ ਤਰ੍ਹਾਂ ਆਪਣੇ ਪਰਿਵਾਰ ਦੀ ਮਾਲੀ ਮਦਦ ਨਹੀਂ ਕਰਦੇ ਤੇ ਨਾਂ ਹੀ ਆਪਣਾ ਪਰਿਵਾਰ ਸ਼ੁਰੂ ਕਰਨ ਲਈ ਵਿਆਹੇ ਜਾਂਦੇ ਹਨ। ਉਹ ਸਿਆਣੇ ਹੁੰਦੇ ਹਨ, ਪਰ ਉਨ੍ਹਾਂ 'ਤੇ ਸਿਆਣਿਆਂ ਵਾਲੀਆਂ ਜ਼ੁੰਮੇਵਾਰੀਆਂ ਨਹੀਂ ਹੁੰਦੀਆਂ।

ਸਿੱਟਾ ਇਹ ਹੈ ਕਿ ਯੁਵਾ ਅਸਵਥਾ, ਜੋ ਕਿ ਜ਼ਿੰਦਗੀ ਦਾ ਸਭ ਤੋਂ ਵੱਡਾ ਪੜਾਅ ਹੈ, ਦੇ ਮੁੱਖ ਕਾਰਜ ਕੁਝ ਇਸ ਤਰ੍ਹਾਂ ਹਨ :

- ਜਜ਼ਬਾਤੀ ਪਕਿਆਈ 'ਤੇ ਪਹੁੰਚਣਾ।
- ਜ਼ਿੰਦਗੀ ਤੇ ਮੰਤਵ ਪਛਾਣਨਾ ਅਤੇ ਉਨ੍ਹਾਂ ਲਈ ਕੰਮ ਕਰਨਾ।
- ਆਰਥਿਕ ਤੌਰ 'ਤੇ ਆਪਣੇ ਪੈਰੀ ਖੜ੍ਹੇ ਹੋਣ ਲਈ ਕੋਈ ਕੰਮ-ਧੰਦਾ, ਨੌਕਰੀ ਆਦਿ ਕਰਨਾ।
- ਵਿਆਹ ਅਤੇ ਜੀਵਨ ਸਾਥੀ ਨਾਲ ਸੰਬੰਧ।
- ਬੱਚੇ ਅਤੇ ਉਨ੍ਹਾਂ ਨੂੰ ਪਾਲਣਾ।
- ਵੱਖ-ਵੱਖ ਪੀੜ੍ਹੀਆਂ ਦੇ ਮੈਂਬਰਾਂ ਨਾਲ ਸਾਵੇਂ ਸੰਬੰਧ।

2

ਬਾਲਗ ਹੋਣਾ : ਕਿਸ਼ੋਰ ਅਵਸਥਾ ਦੌਰਾਨ ਸਰੀਰ ਅਤੇ ਸੈਕਸ ਵਿਚ ਪ੍ਰੋੜ੍ਹਤਾ

ਕਿਸ਼ੋਰ ਅਵਸਥਾ ਵਿਚ ਦਾਖਿਲ ਹੋਣ ਦੀ ਪੱਕੀ ਨਿਸ਼ਾਨੀ ਮੱਧ ਬਚਪਨ ਦੀ ਖੜੋਤ ਵਾਲੀ ਸਥਿਤੀ ਤੋਂ ਬਾਅਦ ਤੇਜ਼ੀ ਨਾਲ ਸਰੀਰਕ ਬਦਲਾਅ ਦੀ ਸ਼ੁਰੂਆਤ ਹੈ। ਇਹ ਬਦਲਾਅ ਸਿਰਫ਼ ਸਰੀਰ ਦੇ ਆਕਾਰ ਵਿਚ ਵਾਧੇ ਦਾ ਨਹੀਂ ਸਗੋਂ ਸਰੀਰਕ ਗੁਣਾਂ ਅਤੇ ਸੰਵੇਦਨਾਵਾਂ ਦਾ ਵੀ ਹੁੰਦਾ ਹੈ ਜੋ ਕਿ ਵਿਅਕਤੀ ਨੂੰ ਪਹਿਲਾਂ ਪਤਾ ਨਹੀਂ ਹੁੰਦੀਆਂ। ਕੁੜੀਆਂ ਇਹ ਤਬਦੀਲੀ ਦਸ ਸਾਲ ਦੀ ਉਮਰ ਤੋਂ ਮਗਰੋਂ ਹੀ ਮਹਿਸੂਸ ਕਰਨ ਲੱਗਦੀਆਂ ਹਨ, ਜਦੋਂ ਕਿ ਮੁੰਡੇ ਤਕਰੀਬਨ ਇਸ ਤੋਂ ਦੋ ਸਾਲ ਬਾਅਦ। ਸਰੀਰਕ ਤਬਦੀਲੀ ਦਾ ਸਭ ਤੋਂ ਮਹੱਤਵਪੂਰਣ ਪੱਖ, ਇਸ ਪੜਾਅ 'ਤੇ ਸੈਕਸ ਦੀ ਪ੍ਰੋੜ੍ਹਤਾ ਹੈ, ਇਹ ਤਬਦੀਲੀ ਜੋ ਕਿ ਇਕ ਵਿਅਕਤੀ ਨੂੰ ਬੱਚੇ ਤੋਂ ਬਾਲਗ ਵਿਚ ਬਦਲ ਦਿੰਦੀ ਹੈ। ਆਓ, ਕਿਸ਼ੋਰ ਅਵਸਥਾ ਦੌਰਾਨ ਸਰੀਰ ਅਤੇ ਸੈਕਸ ਦੀ ਪ੍ਰੋੜ੍ਹਤਾ ਦੇ ਵੱਖ-ਵੱਖ ਪਹਿਲੂਆਂ 'ਤੇ ਝਾਤ ਮਾਰੀਏ।

ਜਿਸ ਤਰ੍ਹਾਂ ਪਹਿਲੇ ਅਧਿਆਇ ਵਿਚ ਕਿਹਾ ਗਿਆ ਹੈ, ਕਿਸ਼ੋਰ ਅਵਸਥਾ ਦੌਰਾਨ ਸਰੀਰਕ ਪ੍ਰੋੜ੍ਹਤਾ ਕਈ ਤਰ੍ਹਾਂ ਦੇ ਖਾਸ ਬਦਲਾਵਾਂ ਰਾਹੀਂ ਪ੍ਰਜਨਣ ਅੰਗਾਂ ਦੀ ਪ੍ਰੋੜ੍ਹਤਾ ਵੱਲ ਵੱਧਦੀ ਹੈ। ਉਹ ਪੜਾਅ ਜਿਸ ਵਿੱਚ ਸੈਕਸ ਦੇ ਬਦਲਾਅ ਆਉਂਦੇ ਹਨ, ਅੱਲ੍ਹੜ ਉਮਰ ਕਿਹਾ ਜਾਂਦਾ ਹੈ ਅਤੇ ਇਹ ਕਿਸੋਰ ਅਵਸਥਾ ਦੇ ਮੁੱਢਲੇ ਸਮੇ ਵਿੱਚ ਸ਼ੁਰੂ ਹੁੰਦੇ ਹਨ। ਭਾਰਤੀ ਲੜਕੀਆਂ ਵਿੱਚ ਅਲ੍ਹੜ ਉਮਰ 10-15 ਸਾਲ ਦੌਰਾਨ ਰਹਿੰਦੀ ਹੈ ਜਦੋਂ ਕਿ ਭਾਰਤੀ ਲੜਕਿਆ ਵਿਚ ਇਹ ਸਮਾ 12-17 ਸਾਲ ਹੈ। ਅੱਲ੍ਹੜ ਉਮਰ ਦੀ ਸ਼ੁਰੂਆਤ ਸਰੀਰਕ ਵਾਧੇ ਦੀ ਉਛਾਲ ਨਾਲ ਪਤਾ ਚਲਦੀ ਹੈ ਭਾਵ ਲੰਬਾਈ ਅਤੇ ਭਾਰ ਵਿਚ ਇਕਦਮ ਤੇਜ਼ੀ ਨਾਲ ਵਾਧਾ। ਅਲ੍ਹੜ ਉਮਰੇ ਮੁੰਡੇ ਅਤੇ ਕੁੜੀਆ, ਬਚਪਨ ਤੋਂ ਬਾਅਦ ਕਿਸੇ ਹੋਰ ਸਮੇਂ ਦੇ ਮੁਕਾਬਲੇ, ਤੇਜ਼ੀ ਨਾਲ ਵੱਧਦੇ ਹਨ। ਆਓ, ਸਰੀਰ ਅਤੇ ਸੈਕਸ ਦੇ ਬਦਲਾਅ ਦੀ ਸਹੀ ਸਥਿਤੀ ਅਤੇ ਉਨ੍ਹਾਂ ਤੱਤਾਂ ਨੂੰ ਜਾਣੀਏ, ਜੋ ਇਸ ਦਾ ਕਾਰਣ ਹਨ।

ਸਰੀਰਕ ਵਿਕਾਸ : ਵਾਧੇ ਵਿਚ ਉਛਾਲ


ਭਾਵੇਂ ਕਿਸ਼ੋਰ, ਅਲ੍ਹੜ ਵਧਦੇ ਰਹਿੰਦੇ ਹਨ, ਪਰ ਉਹ ਵਾਧੇ ਦੀ ਛਾਲ ਦੌਰਾਨ, ਬਾਲਗ ਉਮਰ ਦਾ 9 ਫੀਸਦੀ ਵਾਧਾ ਤੈਅ ਕਰ ਲੈਂਦੇ ਹਨ। ਸਾਰਿਣੀ ਵਿਚ ਭਾਰਤੀ ਮੁੰਡੇ ਅਤੇ ਕੁੜੀਆਂ ਦੇ ਵੱਖ-ਵੱਖ ਉਮਰਾਂ ਤੇ ਭਾਰ ਅਤੇ ਲੰਬਾਈ ਦਰਸਾਈ ਗਈ ਹੈ ਜੋ ਕਿ ਕੌਮੀ ਖੁਰਾਕ ਜਾਂਚ ਬਿਊਰੋ (ਨੈਸ਼ਨਲ ਨਿਊਟਰੀਸ਼ਨ ਮੋਨਿਟਰਿੰਗ ਬਿਊਰੋ) ਨੇ ਦੇਸ ਦੇ ਵੱਖ ਵੱਖ ਹਿੱਸਿਆਂ ਵਿਚੋਂ 1988 ਤੋਂ 1990 ਦੌਰਾਨ ਕੀਤੇ ਅਧਿਐਨ ਤੋਂ ਪਤਾ ਲਗਾਏ ਹਨ।

ਸਾਰਿਣੀ 1


10 ਤੋਂ 19 ਸਾਲ ਦੇ ਭਾਰਤੀ ਕਿਸ਼ੋਰਾਂ ਦੀ ਲੰਬਾਈ ਅਤੇ ਭਾਰ

	ਲੰਬਾਈ (ਸੈਂਟੀਮੀਟਰ)		*ਭਾਰ (ਕਿਲੋਗ੍ਰਾਮ)*	
ਉਮਰ (ਸਾਲਾਂ ਵਿਚ)	ਮੁੰਡੇ	ਕੁੜੀਆਂ	ਮੁੰਡੇ	ਕੁੜੀਆਂ
10 +	127.3	127.5	22 3	22.6
11+	131.7	139.1	24.2	24.8
12+	136.4	137.5	26.5	28.1
13+	141.5	143 2	29.2	31.9
14+	147 3	146.5	33.3	35.1
15+	153.0	148.6	38.0	38.4
16+	157.8	150.6	41.6	40.7
17+	163 3	151.2	44 9	41.9
18+	161 8	150.8	46.3	42.2
19 +	163.4	151.6	47.5	43.6

ਜਿਵੇਂ ਕਿ ਤੁਸੀ ਦੇਖ ਸਕਦੇ ਹੋ, ਨੌ ਸਾਲਾ ਦੌਰਾਨ, ਮੁੰਡਿਆਂ ਵਿਚ 36.1 ਸੈਂਟੀਮੀਟਰ ਕੱਦ ਤੇ 25 2 ਕਿਲੋਗ੍ਰਾਮ ਭਾਰ ਅਤੇ ਕੁੜੀਆਂ ਵਿਚ 24.1 ਸੈਂਟੀਮੀਟਰ ਕੱਦ ਅਦੇ 21 ਕਿਲੋਗ੍ਰਾਮ ਭਾਰ ਦਾ ਵਾਧਾ ਹੁੰਦਾ ਹੈ। ਇਹ ਕੱਦ ਅਤੇ ਭਾਰ ਆਦਰਸ਼ਕ ਨਹੀਂ ਹਨ, ਸਗੋਂ ਔਸਤਨ ਹਨ। ਹਰ ਇਕ ਕਿਸ਼ੋਰ ਦੇ ਮਾਪਦੰਡ ਘੱਟ-ਵੱਧ ਹੋ ਸਕਦੇ ਹਨ ਅਤੇ ਵਖਰੇਵੇਂ ਕਾਫ਼ੀ ਆਮ ਹਨ। ਕਿਸ਼ੋਰਾ ਵਿਚ ਕੱਦ ਅਤੇ ਭਾਰ ਵਿਚ ਤੇਜ਼ੀ, ਸਰੀਰਕ ਅਨੁਪਾਤ ਵਿਚ ਤਬਦੀਲੀ ਨਾਲ ਜੁੜੀ ਹੋਈ ਹੈ। ਸਰੀਰ ਦੇ ਵੱਖ-ਵੱਖ ਹਿੱਸਿਆਂ ਦੇ ਵਿਕਾਸ ਦੀ



ਤਸਵੀਰ 1.ੳ ਗਰਭ ਅਵਸਥਾ ਤੋਂ ਲੈ ਕੇ ਬਾਲਗ ਅਵਸਥਾ ਤਕ ਸਰੀਰ ਦੇ ਅਨੁਪਾਤ ਵਿੱਚ ਤਬਦੀਲੀਆਂ।



ਤਸਵੀਰ 1 ਅ. ਕਿਸ਼ੋਰ (ਬਿਲਕੁਲ ਸੱਜੇ) ਲੰਮੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਬਣਤਰ ਗੋਲਾਈਦਾਰ ਲੈਂਦੀ ਹੈ। ਮੁੰਡਿਆਂ ਦੇ ਮੋਢੇ ਅਤੇ ਕੁੜੀਆਂ ਦੇ ਪੁੜੇ ਚੌੜੇ ਹੋ ਜਾਂਦੇ ਹਨ।

ਆਪਣੀ ਤਰਤੀਬ ਅਤੇ ਰਫ਼ਤਾਰ ਹੈ। ਕੁਝ ਹੌਲੀ ਵੱਧਦੇ ਹਨ, ਕੁਝ ਤੇਜ਼। ਇਸ ਉਮਰੇ, ਬਾਹਾਂ ਅਤੇ ਲੱਤਾਂ ਦੇ ਪੂਰੇ ਵਿਕਾਸ ਤੋਂ ਪਹਿਲਾਂ, ਹੱਥ ਅਤੇ ਪੈਰ ਲਗਭਗ ਆਪਣੇ ਪੂਰੇ ਆਕਾਰ ਦੇ ਹੋ ਜਾਂਦੇ ਹਨ। ਇਸ ਲਈ ਕਿਹਾ ਜਾਂਦਾ ਹੈ : ਉਹ ਪੂਰੇ ਗੱਭਰੂ ਹਨ। ਤਸਵੀਰ 1.ੳ ਵਿਚ ਤੁਸੀ ਦੇਖ ਸਕਦੇ ਹੋ ਕਿ ਜਿਵੇਂ ਬੱਚਾ ਵਿਕਾਸ ਕਰਦਾ ਹੈ, ਉਸਦਾ ਸਿਰ ਹੌਲੀ ਅਤੇ ਲੱਤਾ ਤੇਜ਼ੀ ਨਾਲ ਵੱਧਦੀਆਂ ਹਨ।

ਸਰੀਰ ਦੇ ਹੋਰ ਅੰਗ ਜੋ ਪੂਰੇ ਆਕਾਰ ਅਤੇ ਕਾਰਜ ਤਰ ਪਹੁੰਚਦੇ ਹਨ, ਉਹ ਹਨ ਦਿਲ, ਫੇਫੜੇ, ਮਿਹਦਾ, ਗੁਰਦੇ ਅਤੇ ਮਾਸਪੇਸ਼ੀਆਂ। ਸਾਹ ਪ੍ਰਣਾਲੀ, ਖ਼ੁਰਾਕ ਅਤੇ ਖ਼ੂਨ ਪ੍ਰਣਾਲੀ ਦੇ ਵੱਧ ਸਮਰੱਥ ਹੋਣ ਨਾਲ ਨੌਜਵਾਨਾਂ ਦੀ ਜ਼ਿਆਦਾ ਤਾਕਤ ਅਤੇ ਦਮਦਾਰ ਹੋਣ ਦੀ ਲੋੜ ਪੂਰੀ ਹੁੰਦੀ ਹੈ। ਸਰੀਰ ਦੇ ਕੁਝ ਹਿੱਸੇ 'ਵਿਕਾਸ ਉਛਾਲ' ਵਿਚ ਹਿੱਸਾ ਨਹੀ ਲੈਂਦੇ। ਉਦਾਹਰਣ ਵਜੋਂ, ਸਿਰ ਅਤੇ ਦਿਮਾਗ ਦਾ ਲਗਭਗ 90 ਪ੍ਰਤੀਸਤ ਵਿਕਾਸ ਪੰਜ ਸਾਲ ਦੀ ਉਮਰ ਤੇ ਹੀ ਹੋ ਜਾਂਦਾ ਹੈ ਤੇ ਬਾਕੀ 10 ਪ੍ਰਤੀਸ਼ਤ ਵਾਧਾ ਯੁਵਾ ਅਵਸਥਾ ਤਕ ਹੌਲੀ ਹੌਲੀ ਪੂਰਾ ਹੋ ਜਾਂਦਾ ਹੈ। ਨੈਣ-ਨਕਸ ਵਿਚ ਵੀ ਬਹੁਤ ਘੱਟ ਬਦਲਾਅ ਆਉਂਦਾ ਹੈ। ਜਬਾੜਾ ਅਤੇ ਨੱਕ ਲੰਬਾ ਹੋ ਜਾਂਦਾ ਹੈ, ਜਦੋਂ ਕਿ ਮੂੰਹ ਚੌੜਾ ਅਤੇ ਠੋਡੀ ਉਭਰਵੀ ਹੋ ਜਾਦੀ ਹੈ। (ਤਸਵੀਰ 1.ਅ)

ਇਨ੍ਹਾਂ ਤਬਦੀਲੀਆਂ ਤੋਂ ਇਲਾਵਾ, ਕਿਸ਼ੋਰਾਂ ਵਿਚ ਮਹਤੱਵਪੂਰਣ ਤਬਦੀਲੀ ਸਰੀਰ ਦੀਆਂ ਮਾਸਪੇਸ਼ੀਆ ਅਤੇ ਚਰਬੀ ਦੇ ਵਿਕਾਸ ਵਿਚ ਹੁੰਦੀ ਹੈ। ਫਿਰ ਵੀ ਮੁੰਡਿਆਂ ਵਿਚ ਕੁੜੀਆਂ ਦੇ ਮੁਕਾਬਲੇ ਇਹ ਵਾਧਾ ਜ਼ਿਆਦਾ ਤੇਜ਼ ਹੁੰਦਾ ਹੈ। ਸਿੱਟੇ ਵਜੋਂ ਉਨ੍ਹਾਂ ਵਿਚ ਜ਼ਿਆਦਾ ਮਾਸ਼ਪੇਸ਼ੀਆ ਹੁੰਦੀਆਂ ਹਨ। ਇਸੇ ਕਾਰਣ ਮੁੰਡੇ ਕੁੜੀਆਂ ਦੇ ਮੁਕਾਬਲੇ ਜ਼ਿਆਦਾ ਗਠੀਲੇ ਹੁੰਦੇ ਹਨ, ਇਕ ਵਾਧਾ ਜੋ ਸਾਰੀ ਯੁਵਾ ਅਸਵਥਾ ਵਿਚ ਜਾਰੀ ਰਹਿੰਦਾ ਹੈ। ਸਰੀਰਕ ਚਰਬੀ ਦੇ ਸੰਦਰਭ ਵਿਚ ਦੋਵਾਂ ਮੁੰਡੇ ਅਤੇ ਕੁੜੀਆਂ ਵਿਚ, ਸਰੀਰਕ ਉਛਾਲ ਦੌਰਾਨ, ਚਰਬੀ ਦੇ ਵਿਕਾਸ ਦੀ ਰਫ਼ਤਾਰ ਘੱਟ ਹੁੰਦੀ ਹੈ। ਇਥੇ ਵੀ ਸੈਕਸ ਦਾ ਵਖਰੇਵਾ ਹੈ। ਚਰਬੀ ਦੀ ਧੀਮੀ ਰਫ਼ਤਾਰ ਲੜਕਿਆਂ ਨਾਲੋਂ ਲੜਕੀਆਂ ਵਿਚ ਘੱਟ ਹੁੰਦੀ ਹੈ, ਖਾਸ ਕਰਕੇ ਉਹਨ੍ਹਾਂ ਦੀਆਂ ਬਾਹਾਂ, ਲੱਤਾਂ ਅਤੇ ਪੁੜਿਆਂ ਉਪਰ। ਮੁੰਡੇ ਜਿਵੇਂ ਉਹ ਕੱਦ ਕੱਢਦੇ ਹਨ, ਆਪਣੇ ਬਚਪਨ ਵਾਲੀ ਚਰਬੀ ਖਤਮ ਕਰਨ ਬਾਅਦ ਪਤਲੇ ਅਤੇ ਗਠੀਲੇ ਬਣ ਜਾਂਦੇ ਹਨ।

ਇਕ ਮਹੱਤਵਪੂਰਣ ਸਵਾਲ ਜੋ ਖਾਸ ਕਰਕੇ ਮੁੰਡਿਆਂ ਨਾਲ ਸੰਬੰਧਿਤ ਹੈ, ਉਹ ਹੈ ਉਨ੍ਹਾਂ ਦੇ ਤਾਕਤ ਵਿਚ ਵਾਧੇ ਦਾ। ਮਾਸਪੇਸ਼ੀਆਂ ਦੇ ਵਾਧੇ ਨਾਲ ਤਾਕਤ ਵਿਚ ਹੋਰ ਵਾਧਾ ਹੁੰਦਾ ਹੈ। ਕੁੜੀਆਂ ਵਿਚ, ਇਹ ਵਾਧਾ ਮਾਸਪੇਸ਼ੀਆਂ ਦੇ ਵਾਧੇ ਦੇ ਅਨੁਪਾਤ ਵਿਚ ਹੁੰਦਾ ਹੈ। ਹੋਰ ਵੀ ਕਾਰਣ ਹਨ ਕਿ ਮੁੰਡੇ ਤਾਕਤਵਰ ਕਿਉਂ ਹੁੰਦੇ ਹਨ। ਉਨ੍ਹਾਂ ਦਾ ਦਿਲ ਅਤੇ ਫੇਫੜੇ ਵੱਡੇ ਹੁੰਦੇ ਹਨ ਅਤੇ ਖ਼ੂਨ ਵੱਲੋਂ ਆਕਸੀਜਨ ਲੈ ਜਾਣ ਦੀ ਸਮਰਥਾ ਵੱਧ ਹੁੰਦੀ ਹੈ, ਜੋ ਸਭ ਮੁੰਡਿਆਂ ਵਿਚ ਕੁੜੀਆਂ ਨਾਲੋਂ ਵੱਧ ਤਾਕਤ ਅਤੇ ਦਮ-ਖਮ ਰੱਖਣ ਵਿਚ ਯੋਗਦਾਨ ਪਾਉਂਦੇ ਹਨ।

ਸਰੀਰਕ ਕਾਰਣਾਂ ਤੋਂ ਇਲਾਵਾ, ਭਾਰਤ ਵਿਚ ਸਮਾਜਿਕ ਅਤੇ ਸਭਿਆਚਾਰਕ ਕਾਰਣ ਵੀ ਹਨ ਜੋ ਕੁੜੀਆਂ ਨੂੰ ਮੁੰਡਿਆਂ ਨਾਲੋਂ ਘੱਟ ਸਰਗਰਮ ਬਣਾ ਦਿੰਦੇ ਹਨ, ਜਦੋਂ ਉਹ ਕਿਸ਼ੋਰ ਅਵਸਥਾ ਵਿਚੋਂ ਲੰਘਦੀਆਂ ਹਨ। ਆਮ ਤੌਰ ਤੇ, ਉਮਰ ਦੇ ਵਾਧੇ ਨਾਲ, ਕੁੜੀਆਂ ਵੱਲੋਂ ਬਾਹਰ ਖੇਡਣਾ-ਟੱਪਣਾ ਅਤੇ ਜ਼ਿਆਦਾ ਤਾਕਤ ਵਾਲੀਆਂ ਖੇਡਾਂ ਦੀ ਘੱਟ ਹੀ ਆਸ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਘਰ ਅੰਦਰ ਰਹਿਣ ਲਈ ਪ੍ਰੇਰਿਆ ਜਾਂਦਾ ਹੈ ਅਤੇ ਉਨ੍ਹਾਂ ਕੰਮਾਂ ਲਈ ਪ੍ਰੇਰਿਆ ਜਾਂਦਾ ਹੈ, ਜਿਨ੍ਹਾਂ ਲਈ ਉਨ੍ਹਾਂ ਨੂੰ ਘਰ ਤੋਂ ਪਰ੍ਹੇ ਜਾਣਾ ਪੈਂਦਾ ਹੈ ਜਿਵੇਂ ਇਕੱਲਿਆਂ ਸਫ਼ਰ ਕਰਨਾ। ਇਹ ਸਾਰੇ ਪਰਿਵਾਰਾਂ ਲਈ ਸੱਚ ਨਹੀਂ ਹੈ। ਸ਼ਹਿਰੀ, ਮੱਧ ਅਤੇ ਉੱਚ ਵਰਗ ਦੀਆਂ, ਪੜ੍ਹੇ-ਲਿਖੇ ਮਾਪਿਆਂ ਦੀਆਂ ਕੁੜੀਆਂ ਵਿਚ, ਪੇਂਡੂ ਅਤੇ ਸ਼ਹਿਰੀ ਝੌਂਪੜਪੱਟੀ ਦੀਆਂ ਕੁੜੀਆਂ ਦੇ ਮੁਕਾਬਲੇ, ਜਿਨ੍ਹਾਂ ਦੇ ਮਾਪੇ ਰੂੜੀਵਾਦੀ ਹੁੰਦੇ ਹਨ, ਘੱਟ ਰੋਕਾਂ ਹੁੰਦੀਆਂ ਹਨ। ਫਿਰ ਵੀ ਪੇਂਡੂ ਇਲਾਕਿਆਂ ਵਿਚ ਕੁੜੀਆਂ ਨੂੰ ਪਾਣੀ, ਬਾਲਣ ਅਤੇ ਚਾਰਾ ਲਿਆਉਣ ਲਈ ਦੂਰ ਤਕ ਜਾਣਾ ਪੈਂਦਾ ਹੈ। ਇਸ ਲਈ ਸੁਰੱਖਿਆ ਦੀ ਜ਼ਿੰਮੇਵਾਰੀ ਸਮਾਜਿਕ-ਆਰਥਿਕ ਤੱਤਾਂ ਵਿਚ ਹੀ ਹੈ। ਜਿੱਥੇ ਅੱਠ ਤੋਂ ਬਾਰਾਂ ਸਾਲ ਦੀਆਂ ਕੁੜੀਆ ਆਪਣੇ ਗੁਆਂਢ ਵਿਚ ਸਰਗਰਮੀ ਨਾਲ ਖੇਡ ਰਹੀਆਂ ਹੁੰਦੀਆਂ ਹਨ, ਵੱਡੀਆ ਕੁੜੀਆਂ ਆਮ ਤੌਰ ਤੇ ਆਪਣੀਆਂ ਹਾਨਣਾ ਨਾਲ ਬੈਠੀਆਂ ਦੇਖੀਆਂ ਜਾਂਦੀਆਂ ਹਨ। ਕੁਝ ਖਾਸ, ਉਹ ਵੀ ਆਪਣੇ ਸਕੂਲਾਂ ਵਿਚ ਖੇਡਾਂ ਅਤੇ ਦੌੜਾਂ ਵਿਚ ਹਿੱਸਾ ਲੈਂਦੀਆਂ ਹਨ। ਉਨ੍ਹਾ ਵਿਚੋਂ ਬਹੁਤੀਆਂ ਖੇਡਾਂ ਅਤੇ ਦੌੜਾ ਵਿਚ ਬਾਜ਼ੀ ਮਾਰ ਜਾਦੀਆਂ ਹਨ ਅਤੇ ਮੁੰਡਿਆਂ ਵਾਗ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਂਦੀਆਂ ਹਨ।

ਜੋ ਕੁੜੀਆਂ ਤਾਕਤਵਰ ਸਰੀਰਕ ਕ੍ਰਿਆਵਾ ਅਤੇ ਖੇਡਾਂ ਵਿਚ ਰੁੱਝੀਆ ਰਹਿੰਦੀਆਂ ਹਨ ਅਤੇ ਆਪਣੇ ਪਰਿਵਾਰਾ ਵੱਲੋਂ ਅਜਿਹਾ ਜਾਰੀ ਰੱਖਣ ਲਈ ਉਤਸਾਹਿਤ ਹੁੰਦੀਆਂ ਹਨ, ਤਾਕਤਵਰ ਬਣ ਜਾਂਦੀਆ ਹਨ ਅਤੇ ਕਾਫ਼ੀ ਦਮ-ਖਮ ਰੱਖਦੀਆਂ ਹਨ। ਭਾਰਤੀ ਔਰਤਾਂ ਦੀ ਰਾਸਟਰੀ ਅਤੇ ਅੰਤਰਰਾਸ਼ਟਰੀ ਖੇਡਾਂ ਵਿਚ ਸਫ਼ਲਤਾਪੂਰਣ ਹਿੱਸੇਦਾਰੀ ਇਸ ਗੱਲ ਦੀ ਗਵਾਹ ਹੈ।

ਸੈਕਸ ਦਾ ਵਿਕਾਸ

ਅਸੀਂ ਹੁਣ ਕਿਸੋਰਾਂ ਦੇ ਵਿਕਾਸ ਦੇ ਉਸ ਪੱਖ ਤੇ ਪਹੁੰਚ ਗਏ ਹਾਂ ਜਿਸ ਬਾਰੇ ਯੁਵਕਾਂ ਦੇ ਮਨ ਵਿਚ ਸ਼ਾਇਦ ਇਕ ਬੁਝਾਰਤ ਹੁੰਦੀ ਹੈ। ਇਹ ਸੈਕਸ ਪ੍ਰੋੜ੍ਹਤਾ ਹੈ। ਜਦੋਂ ਸਰੀਰ ਦੇ ਆਕਾਰ ਅਤੇ ਅਨੁਪਾਤ ਵਿਚ ਤੇਜ਼ ਬਦਲਾਅ ਹੁੰਦੇ ਹਨ, ਪ੍ਰਜਣਨ ਪ੍ਰਣਾਲੀ ਵਿਚ ਵੀ ਤਬਦੀਲੀ ਹੁੰਦੀ ਹੈ ਅਤੇ ਸੈਕਸ ਵਿਚ ਪਕੇਰਾਪਨ ਆਉਂਦਾ ਹੈ। ਬਾਹਰੀ ਅਤੇ ਅੰਦਰੂਨੀ ਸਰੀਰਕ ਭਾਗ, ਜੋ ਪ੍ਰਜਣਨ ਲਈ ਜਰੂਰੀ ਹਨ, ਮਿਲ ਕੇ ਪ੍ਰਜਣਨ ਕਹਾਉਂਦੇ ਹਨ। ਜਦੋਂ ਕਿ ਕਾਫ਼ੀ ਪ੍ਰਜਣਨ ਅੰਗ, ਬੱਚਿਆਂ ਵਿਚ ਸ਼ੁਰੂ ਤੋਂ ਹੀ ਮੌਜੂਦ ਹੁੰਦੇ ਹਨ, ਪਰ ਇਹ ਆਕਾਰ ਵਿਚ ਬਹੁਤ ਛੋਟੇ ਹੁੰਦੇ ਹਨ ਅਤੇ ਅਲ੍ਹੜ ਉਮਰ ਤਕ ਗੈਰ-ਸਰਗਰਮ ਰਹਿੰਦੇ ਹਨ। ਅਲ੍ਹੜ ਉਮਰੇ ਕੇਂਦਰੀ ਤੰਤੂ ਪ੍ਰਣਾਲੀ ਸਰੀਰ ਦੀਆਂ ਕੁਝ ਗ੍ਰੰਥੀਆਂ, ਜਿਨ੍ਹਾ ਨੂੰ ਏਨਡੋਕ੍ਰਾਇਨ ਗ੍ਰੰਥੀਆਂ


ਕਿਹਾ ਜਾਂਦਾ ਹੈ।, ਨੂੰ ਗਤੀਸ਼ੀਲ ਕਰਦੀ ਹੈ, ਜਿਨ੍ਹਾਂ ਦਾ ਰਸ ਸਰੀਰ ਅਤੇ ਸੈਕਸ ਵਿਚ ਪਕੇਰਾਪਨ ਲਿਆਉਂਦਾ ਹੈ, ਭਾਵ ਮੁੰਡਾ ਅਤੇ ਕੁੜੀ ਬੱਚਾ ਪੈਦਾ ਕਰਨ ਦੇ ਕਾਬਿਲ ਹੋ ਜਾਂਦੇ ਹਨ।

ਸੈਕਸ ਦੀ ਪ੍ਰੋੜ੍ਹਤਾ ਦੌਰਾਨ, ਪ੍ਰਜਣਨ ਪ੍ਰਣਾਲੀ ਵਿਚ ਦੋ ਤਰ੍ਹਾਂ ਤੇ ਬਦਲਾਅ ਆਉਂਦੇ ਹਨ : ਮੁੱਖ ਸੈਕਸ ਅੰਗਾਂ ਜਿਵੇਂ ਮੁੰਡਿਆਂ ਵਿਚ ਲਿੰਗ ਅਤੇ ਪਤਾਲੂ ਅਤੇ ਔਰਤਾਂ ਵਿਚ ਯੋਨੀ ਅਤੇ ਅੰਡਕੋਸ਼ ਨਾਲ ਸੰਬੰਧਿਤ ਹੈ ਜੋ ਕਿ ਸੈਕਸ ਦੇ ਮੁੱਢਲੇ ਲੱਛਣ ਕਹਾਉਂਦੇ ਹਨ। ਇਨ੍ਹਾਂ ਨਾਲ ਜੁੜੇ, ਸਰੀਰ ਵਿਚ ਨਜ਼ਰ ਆਉਣ ਵਾਲੇ ਬਦਲਾਅ ਸੈਕਸ ਦੇ ਉਪ-ਲੱਛਣ ਕਹੇ ਜਾਂਦੇ ਹਨ। ਇਹ ਹਨ, ਔਰਤਾਂ ਵਿਚ ਛਾਤੀਆਂ ਦਾ ਵਿਕਾਸ ਅਤੇ ਮਰਦਾਂ ਵਿਚ ਮੁੱਛਾਂ-ਦਾੜ੍ਹੀ ਆਉਣੇ ਅਤੇ ਦੋਵਾਂ ਸੈਕਸਾਂ ਵਿਚ ਕੱਛਾਂ ਅਤੇ ਗੁਪਤ ਅੰਗਾਂ ਦੁਆਲੇ ਵਾਲਾਂ ਦਾ ਪੈਦਾ ਹੋਣਾ।


ਮੁੰਡਿਆਂ ਵਿਚ ਪ੍ਰੋੜ੍ਹਤਾ

ਮੁੰਡਿਆਂ ਵਿਚ ਅਲ੍ਹੜ ਉਮਰ ਵਿਚ ਦਾਖਲੇ ਦੀ ਪਹਿਲੀ ਨਿਸ਼ਾਨੀ ਪਤਾਲੂਆਂ ਦੇ ਆਕਾਰ ਵਿਚ ਵਧਣਾ, ਪਤਾਲੂਆਂ ਦੀ ਚਮੜੀ ਦਾ ਰੰਗ ਪੱਕਾ ਹੋਣਾ ਤੇ ਉਨ੍ਹਾਂ ਉੱਪਰ ਸਿਲਵਟਾਂ ਪੈਣਾਂ ਅਤੇ ਇਨ੍ਹਾਂ ਅੰਗਾਂ ਦੇ ਦੁਆਲੇ ਵਾਲ ਉੱਗਣਾ ਹੈ। ਇਹ ਬਦਲਾਅ ਮੁੰਡਿਆ ਵਿਚ ਵਾਧੇ ਦੇ ਉਛਾਲ ਤੋਂ ਤਕਰੀਬਨ ਇਕ ਸਾਲ ਪਹਿਲਾਂ ਹੁੰਦਾ ਹੈ। ਇਕ ਸਾਲ ਮਗਰੋਂ, ਕੱਦ ਦੇ ਵਾਧੇ ਨਾਲ, ਬਾਹਰੀ ਸੈਕਸ ਅੰਗ, ਲਿੰਗ ਦਾ ਆਕਾਰ ਵੱਧਦਾ ਹੈ। ਜਦੋਂ ਲਿੰਗ ਵੱਧ ਰਿਹਾ ਹੁੰਦਾ ਹੈ, ਗਦੂਦ ਅਤੇ ਸੈਮੀਨਲ ਵਿਸੀਕਲ (ਦੋਵੇ ਰਲ ਕੇ ਵੀਰਜ ਪੈਦਾ ਕਰਦੇ ਹਨ, ਜਿਸ ਵਿਚ ਸ਼ੁਕਰਾਣੂ ਹੁੰਦੇ ਹਨ) ਵੱਡੇ ਹੋ ਜਾਂਦੇ ਹਨ। ਇਸ ਪੜਾਅ ਤੇ ਲਗਭਗ 14 ਸਾਲ ਦੀ ਉਮਰ ਤੇ, ਮੁੰਡੇ ਪਹਿਲੀ ਵਾਰ ਵੀਰਜ ਦਾ ਖਾਰਿਜ਼ ਹੋਣਾ ਅਨੁਭਵ ਕਰਦੇ ਹਨ। ਇਹ ਲਿੰਗ ਰਾਹੀਂ ਵੀਰਜ ਦੀ ਆਪ ਮੁਹਾਰੇ ਨਿਕਾਸੀ ਹੁੰਦੀ ਹੈ ਜੋ ਕਿ ਆਮ ਤੌਰ ਤੇ ਰਾਤ ਨੂੰ ਹੁੰਦੀ ਹੈ ਤੇ ਕਿਸ਼ੋਰਾਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ। ਇਸ ਨੂੰ ਸੁਪਨਦੋਸ਼ ਵੀ ਕਹਿੰਦੇ ਹਨ। ਸ਼ੁਰੂ ਵਿਚ ਵੀਰਜ ਵਿਚ ਬਹੁਤ ਘੱਟ ਜੀਉਂਦੇ ਸ਼ੁਕਰਾਣੂ ਹੁੰਦੇ ਹਨ, ਜਿਸ ਦਾ ਮਤਲਬ ਪਹਿਲੇ ਕੁਝ ਸਾਲਾਂ ਦੌਰਾਨ ਮਰਦ ਪ੍ਰਜਣਨ (ਬੱਚਾ ਪੈਦਾ ਕਰਨ) ਦੇ ਕਾਬਿਲ ਨਹੀਂ ਹੁੰਦੇ।

ਗੁਪਤ ਅੰਗਾਂ ਦੁਆਲੇ ਆਏ ਵਾਲਾਂ ਦੇ ਤਕਰੀਬਨ ਇਕ ਜਾਂ ਦੋ ਸਾਲਾ ਬਾਅਦ, ਮੁੰਡਿਆਂ ਵਿਚ ਕੱਛਾਂ ਅਤੇ ਚਿਹਰੇ ਉਪਰ ਵਾਲ ਉੱਗ ਆਉਂਦੇ ਹਨ। ਚਿਹਰੇ ਦੇ ਵਾਲ, ਜਿਆਦਾਤਰ ਗਲ੍ਹਾਂ, ਠੋਡੀ ਅਤੇ ਉਪਰਲੇ ਹੋਠਾਂ 'ਤੇ ਆਉਂਦੇ ਹਨ। ਛਾਤੀ ਅਤੇ ਲੱਤਾਂ ਦੇ ਵਾਲ ਕਿਸੋਰ ਅਵਸਥਾ ਦੇ ਅੰਤ ਜਾ ਜਵਾਨੀ ਦੇ ਮੁੱਢਲੇ ਦਿਨਾਂ ਤਕ ਜ਼ਿਆਦਾ ਉਘੜਵੇਂ ਨਹੀਂ ਹੁੰਦੇ। ਵੈਸੇ ਹੀ, ਸਾਰੇ ਮਰਦਾਂ ਦੇ ਸਰੀਰ ਤੇ ਇਕੋ ਜਿੰਨੇ ਵਾਲ ਨਹੀਂ ਹੁੰਦੇ। ਇਹ ਵੰਸ਼ ਪਰੰਪਰਾ ਰਾਹੀਂ ਜਾਂ ਪੁਸ਼ਤੈਨੀ ਤੈਅ ਹੁੰਦੇ ਹਨ। ਚਾਹੇ ਜੋ ਵੀ ਹੋਵੇ ਸ਼ਰੀਰ ਦੇ ਵਾਲ, ਲੜਕੇ ਦੇ ਘੱਟ ਜਾਂ ਵੱਧ ਮਰਦਪੁਣੇ ਦੇ ਕਿਸੇ ਤਰ੍ਹਾਂ ਵੀ ਸੂਚਕ ਨਹੀਂ।



ਤਸਵੀਰ . 2 ਮਰਦ ਦੇ ਪ੍ਰਜਨਣ ਅੰਗ



ਤਸਵੀਰ 3: ਮਰਦ ਦੇ ਪ੍ਰਜਨਣ ਅੰਗ (ਪਾਸੇ ਵਲੋਂ)

ਇਕ ਮਹੱਤਵਪੂਰਣ ਅਤੇ ਆਮ ਤੌਰ ਤੇ ਪਰੇਸਾਨੀ ਵਾਲਾ ਬਦਲਾਅ ਜੋ ਅਲ੍ਹੜ ਉਮਰੇ ਮੁੰਡੇ ਮਹਿਸੂਸ ਕਰਦੇ ਹਨ ਉਹ ਹੈ ਆਵਾਜ਼ ਦਾ ਭਾਰੀਪਨ। ਇਹ ਲੈਰਿੰਕਸ (ਆਵਾਜ਼ ਅੰਤਰ) ਦੇ ਵੱਡੇ ਹੋਣ ਅਤੇ ਆਵਾਜ਼ ਤੰਤੂਆ ਦੇ ਲੰਮੇ ਹੋਣ ਕਰਕੇ ਹੁੰਦਾ ਹੈ। ਇਸ ਬਦਲਾਅ ਨਾਲ ਆਵਾਜ਼ ਦੀ ਸੁਰ ਘੱਟ ਜਾਦੀ ਹੈ ਅਤੇ ਆਵਾਜ

ਜੋ ਪਹਿਲਾਂ ਕੁੜੀਆਂ ਵਾਂਗ ਚੀਕਵੀਂ ਹੁੰਦੀ ਹੈ, ਭਾਰੀ ਹੋ ਜਾਂਦੀ ਹੈ। ਜਦੋਂ ਇਹ ਆਵਾਜ਼ ਉੱਚੇ ਸੁਰ ਤੋਂ ਨੀਵੇਂ ਸੁਰ ਵਿੱਚ ਬਦਲ ਰਹੀ ਹੁੰਦੀ ਹੈ ਤਾਂ ਬੇਰੋਕ ਹੀ ਭਾਰੀ ਹੋ ਜਾਂਦੀ ਹੈ ਅਤੇ ਅਲ੍ਹੜ ਗੱਭਰੂ ਸੰਕੋਚ ਮਹਿਸੂਸ ਕਰਦਾ ਹੈ, ਖਾਸ ਤੌਰ ਤੇ ਜੇ ਉਸ ਨੂੰ ਇਸ ਬਾਰੇ ਚਿੜਾਇਆ ਜਾਵੇ।


ਇਕ ਹੋਰ ਬਦਲਾਅ, ਭਾਵੇਂ ਘੱਟ ਹੀ, ਪਰ ਫਿਰ ਵੀ ਕੁਝ ਗੱਭਰੂ ਮੁੰਡਿਆਂ ਵਿਚ ਦੇਖਿਆ ਜਾਂਦਾ ਹੈ। ਵੈਸੇ ਸਾਰੇ ਮੁੰਡਿਆਂ ਵਿਚ ਥੋੜ੍ਹਾ ਬਹੁਤ ਛਾਤੀ ਦਾ ਵਿਕਾਸ ਹੁੰਦਾ ਹੈ, ਪਰ ਕੁਝ ਮੁੰਡਿਆ ਵਿਚ, ਭਾਵੇਂ ਆਰਜੀ ਹੀ, ਛਾਤੀਆਂ ਥੋੜ੍ਹੀਆਂ ਜ਼ਿਆਦਾ ਵਧ ਜਾਂਦੀਆਂ ਹਨ। ਇਹ ਉਭਾਰ ਇਕ-ਅੱਧੇ ਸਾਲ ਵਿਚ ਆਪੇ ਠੀਕ ਹੋ ਜਾਂਦਾ ਹੈ, ਪਰ ਜਿਨ੍ਹਾ ਵਿਚ ਹੁੰਦਾ ਹੈ, ਉਨ੍ਹਾਂ ਲਈ ਤਣਾਉ ਦਾ ਕਾਰਣ ਬਣਦਾ ਹੈ। ਉਹ ਹੈਰਾਨ ਹੁੰਦੇ ਹੋਣਗੇ ਜੇ ਉਨ੍ਹਾ ਦੀ ਛਾਤੀ ਔਰਤਾ ਵਾਂਗ ਦਿੱਸੇਗੀ, ਖਾਸ ਕਰ ਜਦੋਂ ਕਿ ਇਸ ਅਵਸਥਾ ਤੇ ਲੜਕਿਆਂ ਦੇ ਨਿੱਪਲ ਆਮ ਤੌਰ ਤੇ ਸੰਵੇਦਨਸ਼ੀਲ ਹੁੰਦੇ ਹਨ।

ਕੁੜੀਆਂ ਵਿਚ ਪ੍ਰੋੜ੍ਹਤਾ


ਕੁੜੀਆਂ ਵਿਚ ਅਲ੍ਹੜ ਉਮਰ ਦੀ ਪਹਿਲੀ ਨਿਸ਼ਾਨੀ ਨਿੱਪਲਾਂ ਦੇ ਆਲੇ-ਦੁਆਲੇ ਥੋੜ੍ਹਾ ਜਿਹਾ ਉਭਾਰ ਹੁੰਦਾ ਹੈ। ਛਾਤੀਆਂ ਦਾ ਵਿਕਾਸ ਕਿਸ਼ੋਰ ਅਵਸਥਾ ਤੋਂ ਵੀ ਪਹਿਲਾਂ ਤਕਰੀਬਨ 9–10 ਸਾਲ ਦੇ ਵਿਚਕਾਰ ਸ਼ੁਰੂ ਹੋ ਜਾਦਾ ਹੈ। ਪੂਰਣ-ਕਿਸੋਰ ਅਵਸਥਾ ਵੇਲੇ ਛਾਤੀ ਦੇ ਉਭਾਰ ਤੋਂ ਪਹਿਲਾਂ ਨਿੱਪਲਾਂ ਵਿਚ ਉਭਾਰ ਆਉਂਦਾ ਹੈ। ਇਸ ਤੋਂ ਬਅਦ, ਨਿੱਪਲ ਦੇ ਆਲੇ-ਦੁਆਲੇ ਦਾ ਕਾਲਾ ਹਿੱਸਾ ਵੱਧ ਜਾਂਦਾ ਹੈ ਅਤੇ ਛਾਤੀ ਤੇ ਨਿੱਪਲ ਵਿਚ ਉਭਾਰ ਆ ਜਾਦਾ ਹੈ। ਛਾਤੀ ਦੇ ਵਿਕਾਸ ਦੇ ਬਾਕੀ ਪੜਾਅ ਜੋ ਕਿ ਕਿਸ਼ੋਰ ਅਵਸਥਾ ਦੇ ਅੰਤ ਤਕ ਹੁੰਦੇ ਰਹਿੰਦੇ ਹਨ, ਜਿਵੇ ਉਭਾਰ ਜਾਰੀ ਰਹਿੰਦਾ ਹੈ, ਨਿੱਪਲ ਅਤੇ ਕਾਲਾ ਹਿੱਸਾ ਦੂਸਰੇ ਉਭਾਰ ਤੋਂ ਲੰਘਦੇ ਹਨ। ਕਾਲਾ ਹਿੱਸਾ ਢਲਦਾ ਹੈ ਅਤੇ ਛਾਤੀਆਂ ਦਾ ਰੂਪ-ਆਕਾਰ ਬਣਦਾ ਹੈ ਤੇ ਆਖਿਰ ਨਿੱਪਲ ਬਾਹਰ ਨਿਕਲ ਆਂਦੇ ਹਨ।

ਛਾਤੀਆ ਦਾ ਉਭਾਰ ਸ਼ੁਰੂ ਹੋਣ ਤੋਂ ਇਕਦਮ ਬਅਦ, ਜ਼ਿਆਦਾਤਰ ਕੁੜੀਆਂ ਵਿਚ ਗੁਪਤ ਅੰਗਾਂ ਦੇ ਦੁਆਲੇ ਵਾਲ ਆ ਜਾਂਦੇ ਹਨ, ਭਾਵੇ ਕੁਝ ਕੁੜੀਆਂ ਵਿਚ ਇਹ ਪਹਿਲਾਂ ਵੀ ਆ ਸਕਦੇ ਹਨ। ਛਾਤੀ ਦੇ ਵਿਕਾਸ ਨਾਲ ਹੀ ਬੱਚੇਦਾਨੀ ਅਤੇ ਯੋਨੀ ਦਾ ਵਿਕਾਸ ਹੁੰਦਾ ਹੈ। ਔਰਤ ਦੇ ਹੋਰ ਸੈਕਸ ਅੰਗ ਜਿਵੇਂ ਭਗਨਾਸਾ ਆਦਿ ਦਾ ਵੀ ਵਿਕਾਸ ਹੋ ਜਾਦਾ ਹੈ। ਅੰਡਕੋਸ਼ ਵੀ ਵੱਡੇ ਹੋ ਜਾਂਦੇ ਹਨ ਅਤੇ ਕੋਸ਼ਿਕਾਵਾਂ ਜਿਨ੍ਹਾਂ ਨੇ ਆਖਿਰ ਅੰਡੇ ਵਿਚ ਵਿਕਸਿਤ ਹੋਣਾ ਹੁੰਦਾ ਹੈ, ਤਿਆਰ ਹੋ ਜਾਂਦੀਆਂ ਹਨ।

ਕੁੜੀਆਂ ਲਈ ਸਭ ਤੋਂ ਵੱਧ ਹੈਰਾਨੀਜਨਕ ਅਤੇ ਸ਼ਾਇਦ ਸਭ ਤੋਂ ਵੱਧ ਮਹਤੱਵਪੂਰਣ ਘਟਨਾ, ਪਹਿਲੀ ਵਾਰੀ ਮਾਂਹਵਾਰੀ ਆਉਣਾ ਹੈ। ਇਹ ਘਟਨਾ ਯੋਨੀ ਵਿਚੋਂ ਥੋੜ੍ਹੇ ਜਿਹੇ ਖੂਨ ਨਿਕਲਣ ਦੀ ਹੈ। ਪਹਿਲੀ ਵਾਰੀ ਇਹ ਇਕ ਜਾਂ ਦੋ ਦਿਨ ਜਾਂ ਚਾਰ-ਪੰਜ ਦਿਨ ਜਾਰੀ ਰਹਿ ਸਕਦਾ ਹੈ। ਲੜਕੀ ਨੂੰ ਖੂਨ ਸੋਖਣ ਲਈ ਕਪੜੇ ਦੇ ਪੈਡ ਜਾ ਬਾਜ਼ਾਰੂ ਸੈਨਟਰੀ



ਤਸਵੀਰ 4 : ਔਰਤਾਂ ਦੇ ਪ੍ਰਜਨਣ ਅੰਗ। ਬਿੰਦੀਆਂ ਵਾਲਾ ਹਿੱਸਾ ਸੀਨੇ ਦੀ ਆਖਰੀ ਹੱਡੀ ਅਤੇ ਚੂਲੇ ਦੀਆਂ ਹੱਡੀਆਂ ਦਰਸਾਉਂਦੇ ਹਨ।



ਤਸਵੀਰ 5: ਚੂਲ਼ੇ ਦੇ ਹਿੱਸੇ ਅੰਦਰ ਔਰਤਾਂ ਦੇ ਪ੍ਰਜਨਣ ਅੰਗ।

ਨੈਪਕਿਨ ਰੱਖਣੇ ਪੈਂਦੇ ਹਨ ਅਤੇ ਜ਼ਰੂਰਤ ਅਨੁਸਾਰ ਦਿਨ ਵਿਚ ਦੋ-ਤਿੰਨ ਵਾਰੀ ਬਦਲਣੇ ਪੈਂਦੇ ਹਨ।

ਬਾਕਸ 1

ਮਾਹਵਾਰੀ ਦਾ ਗੇੜ (ਘਟਨਾ ਚੱਕਰ)

ਮਾਹਵਾਰੀ ਦੇ ਗੇੜ ਵਿਚ ਕਈ ਤਰ੍ਹਾਂ ਦੀਆਂ ਘਟਨਾਵਾਂ ਸ਼ਾਮਿਲ ਹਨ, ਜੋ ਕਿ ਬੱਚਾ ਪੈਦਾ ਕਰਨ ਦੀ ਉਮਰੇ, ਲਗਭਗ ਪੈਤੀ ਸਾਲਾਂ ਦੌਰਾਨ, ਹਰ 28 ਦਿਨਾ ਬਾਅਦ ਵਾਪਰਦੀਆਂ ਹਨ। ਇਸ ਗੇੜ ਦੇ ਤਿੰਨ ਪੜਾਅ ਹਨ, ਜੋ ਕਿ ਬੱਚੇਦਾਨੀ ਵਿਚ ਤਬਦੀਲੀ 'ਤੇ ਆਧਾਰਿਤ ਹਨ .

ਅੰਦਰੂਨੀ ਸਤਾਹ ਦਾ ਮੋਟਾ ਹੋਣਾ	10 ਦਿਨ
ਤਰਲ ਪਦਾਰਥਾਂ ਦਾ ਵਧਣਾ	14 ਦਿਨ
ਮਾਹਵਾਰੀ	4 ਦਿਨ

ਅੰਦਰੂਨੀ ਸਤਾਹ ਦਾ ਮੋਟਾ ਹੋਣਾ : ਇਸ ਪੜਾਅ ਵਿਚ, ਦੋ ਅੰਡਕੋਸ਼ਾ ਵਿਚੋਂ ਕਿਸੇ ਇਕ ਵਿਚੋਂ, ਇਕ ਐਂਡੋਕਰਾਈਨ ਗ੍ਰੰਥੀ, ਅੰਦਰੂਨੀ ਪਿਚੂਟਰੀ ਦੇ ਹਾਰਮੋਨ ਫਾਲੀਕਲ ਸਟੀਮੂਲੇਟਿੰਗ ਹਾਰਮੋਨ ਦੇ ਪ੍ਰਭਾਵ ਹੇਠ, ਇਕ ਫਾਲੀਕਲ ਪੱਕਣਾ ਸ਼ੁਰੂ ਹੋ ਜਾਂਦਾ ਹੈ। ਫਾਲੀਕਲ ਵਿਚ ਮੌਜੂਦ ਅੰਡਾ ਇਸਟਰੋਜਨ ਪੈਦਾ ਕਰਦਾ ਹੈ, ਇਹ ਇਕ ਹਾਰਮੋਨ ਹੈ ਜੋ ਕਿ ਬੱਚੇਦਾਨੀ ਦੀ ਅੰਦਰੂਨੀ ਸਤਾਹ ਨੂੰ ਸ਼ੁਕਰਾਣੂ ਨਾਲ ਮੇਲ ਹੋਏ ਆਂਡੇ ਨੂੰ ਧਾਰਨ ਕਰਨ ਲਈ ਪ੍ਰੇਰਦਾ ਹੈ। ਕੋਸ਼ਿਕਾਵਾਂ ਦੇ ਤੇਜ਼ ਰਫ਼ਤਾਰੀ ਵਾਧੇ ਨਾਲ ਅਤੇ ਖੂਨ ਦੀਆ ਬਾਰੀਕ ਨਾੜਾ ਦੇ ਜੁੜਨ ਨਾਲ ਬੱਚੇਦਾਨੀ ਦੀ ਅੰਦਰੂਨੀ ਸਤਾਹ ਮੋਟੀ ਹੋ ਜਾਦੀ ਹੈ। ਇਹ ਪੜਾਅ ਆਂਡਾ ਪੈਦਾ ਹੋਣ ਨਾਲ ਮੁੱਕਦਾ ਹੈ ਭਾਵ ਜਦੋਂ ਆਂਡਾ ਫਲੋਪੀਅਨ ਟਿਊਬਾਂ ਵੱਲ ਚਲ ਪੈਂਦਾ ਹੈ।

ਤਰਲ ਪਦਾਰਥਾਂ ਦਾ ਵਧਣਾ : ਆਂਡਾ ਬਾਹਰ ਆਉਣ ਤੋਂ ਛੇਤੀ ਬਾਅਦ, ਫਲੋਪੀਅਨ ਟਿਊਬਾਂ ਵਿਚੋਂ ਲੰਘਦਾ ਹੋਇਆ ਬੱਚੇਦਾਨੀ ਵੱਲ ਜਾਦਾ ਹੈ, ਜੋ ਕਿ ਸ਼ੁਕਰਾਣੂਆਂ ਦੀ ਚਾਲ ਨੂੰ ਸੌਖਾ ਚਲਾਉਣ ਲਈ ਤਿਆਰੀ ਕਰ ਰਹੀ ਹੁੰਦੀ ਹੈ ਤਾਂ ਜੋ ਉਹ ਫਲੋਪੀਅਨ ਟਿਊਬਾਂ ਵਿਚ ਆਂਡੇ ਨਾਲ ਮਿਲ ਸਕਣ। ਬੱਚੇ ਦਾਨੀ ਦੀਆਂ ਗ੍ਰੰਥੀਆਂ ਲੇਸਦਾਰ ਪਾਣੀ ਛੱਡਦੀਆਂ ਹਨ ਜੋ ਸ਼ੁਕਰਾਣੂਆ ਨੂੰ ਚਲਣ ਵਿਚ ਮਦਦ ਕਰਦਾ ਹੈ। ਸ਼ੁਕਰਾਣੂ ਦੀ ਔਸਤਨ ਉਮਰ 48 ਘੰਟੇ ਹੈ ਜਦੋਂ ਕਿ ਆਂਡਾ ਬਾਹਰ ਆਉਣ ਤੋਂ ਬਾਅਦ ਸਿਰਫ਼ 24 ਘੰਟੇ ਹੀ ਮੇਲ ਹੋਣ ਦੀ ਅਵਸਥਾ ਵਿਚ ਰਹਿੰਦਾ ਹੈ। ਖੈਰ, ਆਂਡਾ ਬਾਹਰ ਆਉਣ ਦੀ ਸਹੀ ਤਾਰੀਖ

(ਜਾਰੀ)

ਬਾਰੇ ਪਸ਼ੀਨਗੋਈ ਨਹੀਂ ਕੀਤੀ ਜਾ ਸਕਦੀ ਕਿਉਂਕਿ ਹਰ ਔਰਤ ਦੀ ਮਾਂਹਵਾਰੀ ਦਾ ਗੇੜ ਇਕ ਦੂਸਰੇ ਤੋਂ ਵੱਖਰਾ ਹੁੰਦਾ ਹੈ। ਦੋ ਹਾਲਤਾਂ ਹਨ, ਜਿਸ ਵਿਚ ਸ਼ੁਕਰਾਣੂ ਅਤੇ ਆਂਡੇ ਦਾ ਮੇਲ ਨਹੀਂ ਹੁੰਦਾ। ਪਹਿਲੀ, ਜੇ ਸੰਭੋਗ ਹੀ ਨਾ ਹੋਵੇ, ਦੂਸਰਾ, ਸੰਭੋਗ ਦੇ ਬਾਵਜੂਦ ਕੋਈ ਵੀ ਸ਼ੁਕਰਾਣੂ ਆਂਡੇ ਤਕ ਪਹੁੰਚ ਨਾ ਕਰ ਸਕੇ। ਜੇਕਰ ਮੇਲ ਨਹੀਂ ਹੁੰਦਾ ਤਾਂ ਗੇੜ ਤੀਸਰੇ ਪੜਾਅ ਵਿਚ ਦਾਖਿਲ ਹੋ ਜਾਂਦਾ ਹੈ।

ਮਾਂਹਵਾਰੀ : ਇਸ ਸਥਿਤੀ ਤੋਂ 14 ਦਿਨ ਪਹਿਲਾਂ, ਬੱਚੇਦਾਨੀ ਦੀ ਸਤਾਹ ਵਾਧੂ ਖ਼ੂਨ ਅਤੇ ਕੋਸਿਕਾਵਾ ਨਾਲ ਮੋਈ ਹੋਈ ਹੁੰਦੀ ਹੈ। ਜਦੋਂ ਮੇਲ ਨਹੀਂ ਹੁੰਦਾ, ਬੱਚੇ-ਦਾਨੀ ਦੀ ਸਤਾਹ ਖਾਰਜ ਹੋ ਜਾਂਦੀ ਹੈ ਅਤੇ ਸਰੀਰ ਵਿਚੋਂ ਮਾਂਹਵਾਰੀ ਦੇ ਖ਼ੂਨ ਦੇ ਰੂਪ ਵਿਚ ਤਿਆਗ ਦਿੱਤੀ ਜਾਂਦੀ ਹੈ। ਮਾਂਹਵਾਰੀ ਦੇ ਵਹਾਅ ਵਿਚ ਲੇਸਦਾਰ ਤਰਲ, ਕੋਸ਼ਿਕਾਵਾਂ, ਟੁੱਟੀਆਂ ਹੋਈਆ ਖ਼ੂਨ ਦੀਆਂ ਨਾੜਾਂ ਅਤੇ ਬਿਨਾਂ ਸ਼ੁਕਰਾਣੂ ਦੇ ਮੇਲ ਹੋਇਆ ਆਂਡਾ ਹੁੰਦਾ ਹੈ। ਇਹ ਚਾਰ-ਪੰਜ ਦਿਨ ਚਲਦਾ ਹੈ, ਜਿਸ ਤੋਂ ਮਗਰੋਂ ਉਹੀ ਸਿਲਸਿਲਾ ਫਿਰ ਸ਼ੁਰੂ ਹੋ ਜਾਂਦਾ ਹੈ।

ਕੁੜੀਆਂ ਵਿਚ ਮਾਂਹਵਾਰੀ ਦੀ ਸ਼ੁਰੂਆਤ ਅਲ੍ਹੜ ਉਮਰ ਦੇ ਮਗਰਲੇ ਲੱਛਣਾਂ ਵਿਚੋਂ ਇਕ ਹੈ ਅਤੇ ਸਰੀਰਕ ਉਛਾਲਾ ਦੇ ਸ਼ਿਖਰਾਂ 'ਤੇ ਮਗਰੋਂ, ਤਕਰੀਬਨ 18 ਮਹੀਨੇ ਬਾਅਦ ਹੁੰਦੀ ਹੈ। ਭਾਰਤੀ ਕੁੜੀਆ ਵਿਚ ਪਹਿਲੀ ਵਾਰੀ ਮਾਹਵਾਰੀ ਦਾ ਆਰੰਭ ਕਰੀਬ 11 ਤੋਂ 15 ਸਾਲ, ਔਸਤਨ 13 ਸਾਲ ਦੀ ਉਮਰ ਵਿਚ ਹੁੰਦਾ ਹੈ। ਪਹਿਲੀ ਮਾਹਵਾਰੀ ਮਗਰੋਂ, ਹਰ ਮਹੀਨੇ ਇਹ ਸਮਾਂ 4 ਤੋਂ 6 ਦਿਨ ਰਹਿਣ ਦੀ ਉਮੀਦ ਹੁੰਦੀ ਹੈ। ਵੈਸੇ ਸ਼ੁਰੂ ਵਿਚ ਮਾਂਹਵਾਰੀ ਦਾ ਸਮਾ ਅਨਿਯਮਿਤ ਹੁੰਦਾ ਹੈ, ਭਾਵ ਹਰ ਮਹੀਨੇ ਇਕੋ ਸਮੇਂ ਦੇ ਫ਼ਰਕ ਨਾਲ ਨਹੀਂ ਹੁੰਦੇ। ਦੋ ਸਾਲ ਤਕ ਪਹਿਲੋਂ ਜਾਂ ਦੇਰ ਨਾਲ ਮਾਹਵਾਰੀ ਆਉਂਣੀ ਆਮ ਗੱਲ ਹੈ। ਪਹਿਲੀ ਵਾਰ ਮਾਹਵਾਰੀ ਆਉਣ ਮਗਰੋਂ 12-18 ਮਹੀਨੇ, ਮਾਹਵਾਰੀ ਦੇ ਸਮੇਂ ਦੌਰਾਨ ਅੰਡਕੋਸ ਵਿਚੋਂ ਆਂਡਾ ਨਹੀਂ ਆਉਂਦਾ। ਇਸ ਦਾ ਮਤਲਬ ਇਹ ਕਿ ਔਰਤ ਇਸ ਦੌਰਾਨ ਗਰਭ ਧਾਰਨ ਕਰਨ ਦੇ ਕਾਬਿਲ ਨਹੀਂ ਹੁੰਦੀ। ਉਂਜ, ਸਾਰੀਆਂ ਲੜਕੀਆਂ ਵਿਚ, ਇਕੋ ਜਿਹਾ ਗਰਭ ਧਾਰਨ ਕਰਨ ਦਾ ਸਮਾ ਨਹੀਂ ਹੁੰਦਾ ਅਤੇ ਇਸ ਦਾ ਕੋਈ ਦਿਖਣਯੋਗ ਲੱਛਣ ਵੀ ਨਹੀਂ ਜੋ ਇਹ ਦਰਸਾਏ ਕਿ ਗਰਭ ਠਹਿਰਨ ਦਾ ਸਮਾ ਸੁਰੂ ਹੋ ਗਿਆ ਹੈ। ਇਸ ਲਈ, ਪਹਿਲੀ ਮਾਂਹਵਾਰੀ ਸ਼ੁਰੂ ਹੋਣ ਮਗਰੋਂ ਵਾਲੇ ਮਹੀਨਿਆ ਨੂੰ ਗਰਭ ਤੋਂ ਬਚਾਅ ਵਾਲੇ ਮਹੀਨੇ ਨਹੀਂ ਗਰਦਾਨਿਆ ਜਾ ਸਕਦਾ।

ਜਿਥੇ ਮਹਾਵਾਰੀ ਦਾ ਸ਼ੁਰੂ ਹੋਣਾ ਪ੍ਰਜਣਨ ਪ੍ਰਣਾਲੀ ਦੇ ਅੰਗਾਂ ਜਿਵੇਂ ਅੰਡਕੋਸ ਬੱਚੇਦਾਨੀ, ਫਲੋਪੀਅਨ ਟਿਊਬਾ ਦਾ ਪਕੇਰਾਪਨ ਦਰਸਾਉਂਦਾ ਹੈ, ਉਥੇ ਇਹ ਪ੍ਰਜਣਨ ਕਾਰਜ ਲਈ, ਭਾਵ ਬੱਚਾ ਧਾਰਨ ਕਰਨ ਲਈ, ਪੂਰੀ ਤਰ੍ਹਾ ਤਿਆਰ ਨਹੀਂ ਹੁੰਦੇ। ਇਹ ਵੇਖਿਆ ਗਿਆ ਹੈ ਕਿ ਪਹਿਲੀ ਵਾਰੀ ਮਾਂਹਵਾਰੀ ਸ਼ੁਰੂ ਹੋਣ ਦੀ ਉਮਰ ਵੰਸ ਪਰੰਪਰਾ, ਨਸਲ,

ਸਿਹਤ ਦਾ ਪੱਧਰ ਅਤੇ ਸਮੁੰਦਰ ਤਲ ਤੋਂ ਉੱਚੀ ਥਾਂ ਤੇ ਰਿਹਾਇਸ਼ ਆਦਿ ਨਾਲ ਪ੍ਰਭਾਵਿਤ ਹੁੰਦੀ ਹੈ। ਇਨ੍ਹਾ ਵਿਚੋਂ ਹਰ ਇਕ ਨੂੰ ਹੋਰ ਵਿਸਥਾਰ ਦਿੱਤਾ ਜਾ ਸਕਦਾ ਹੈ। ਤੁਸੀਂ ਸ਼ਾਇਦ ਜਾਣੂ ਹੋ ਕਿ ਹਰ ਇਕ ਬੱਚਾ, ਆਪਣੇ ਮਾਪਿਆਂ ਤੋਂ ਜੀਨਜ ਹਾਸਿਲ ਕਰਦਾ ਹੈ ਜੋ ਕਿ ਉਨ੍ਹਾਂ ਨਾਲ ਮੁਹਾਂਦਰਾ ਰਲਣ ਲਈ ਜ਼ੁੰਮੇਵਾਰ ਹੁੰਦਾ ਹੈ। ਇਸੇ ਨਿਯਮ ਤਹਿਤ ਲੜਕੀ ਦੀ ਮਾਹਵਾਰੀ ਸ਼ੁਰੂ ਹੋਣ ਦੀ ਉਮਰ ਵੀ ਮਾਂ ਦੀ ਪਹਿਲੀ ਵਾਰੀ ਸ਼ੁਰੂ ਹੋਈ ਮਾਂਹਵਾਰੀ ਦੀ ਉਮਰ ਨਾਲ ਤਕਰੀਬਨ ਮੇਲ ਖਾਦੀ ਹੈ : ਸਿਵਾਏ ਇਸ ਦੇ ਕਿ ਲੜਕੀ ਦੀ ਸਥਿਤੀ ਵਿਚ ਕੋਈ ਵਿਸ਼ੇਸ਼ ਤਬਦੀਲੀ ਨਾ ਆਈ ਹੋਵੇ। ਇਸ ਤੋਂ ਅੱਗੇ ਇਹ ਦੇਖਣ ਵਿਚ ਆਇਆ ਹੈ ਕਿ ਦੁਨੀਆਂ ਦੀਆਂ ਵੱਖ ਵੱਖ ਕੁੜੀਆਂ ਦੀ ਮਾਂਹਵਾਰੀ ਸੁਰੂ ਹੋਣ ਦੀ ਉਮਰ ਵੱਖ-ਵੱਖ ਹੈ, ਖਾਸ ਕਰਕੇ ਜੇ ਉਹ ਵੱਖ ਵੱਖ ਨਸਲਾਂ ਨਾਲ ਸੰਬੰਧਿਤ ਹਨ। ਅਮੀਰ ਪਿਛੋਕੜ ਵਾਲੀਆਂ ਭਾਰਤੀ ਕੁੜੀਆਂ ਵਿਚ ਮਾਂਹਵਾਰੀ ਸ਼ੁਰੂ ਹੋਣ ਦੀ ਉਮਰ (12.5) ਸਾਲ), ਯੂਰਪੀ ਪਿਛੋਕੜ ਵਾਲੀਆਂ ਅਮਰੀਕੀ ਕੁੜੀਆਂ ਨਾਲੋਂ ਘੱਟ (12.8) ਹੈ। ਦਿਲਚਸਪੀ ਦੀ ਗੱਲ ਹੈ ਕਿ ਅਫਰੀਕੀ ਪਿਛੋਕੜ ਦੀਆਂ ਅਮਰੀਕੀ ਕੁੜੀਆਂ ਵਿਚ ਇਹ ਉਮਰ (12.5) ਭਾਰਤੀ ਕੁੜੀਆਂ ਦੇ ਬਰਾਬਰ ਹੈ। ਭਾਰਤ ਵਿਚਕਾਰ, ਸਹਿਰੀ ਖਾਸ ਕਰਕੇ ਦਿੱਲੀ ਦੀਆਂ ਕੁੜੀਆਂ ਵਿਚ ਮਾਂਹਵਾਰੀ ਸ਼ੁਰੂ ਹੋਣ ਦੀ ਉਮਰ 12.3 ਸਾਲ ਹੈ ਅਤੇ ਰਾਜਸਥਾਨ ਦੀਆਂ ਕੁੜੀਆਂ ਵਿਚ ਸਭ ਤੋਂ ਵੱਧ (14 ਸਾਲ) ਹੈ।

ਖੁਰਾਕ, ਸਿਹਤ ਦਾ ਇਕ ਮਹੱਤਵਪੂਰਣ ਕਾਰਣ ਹੈ। ਜੇਕਰ ਇਕ ਖਾਸ ਪੜਾਅ 'ਤੇ ਸਰੀਰ ਲਈ ਲੋੜੀਂਦੇ ਖੁਰਾਕੀ ਤੱਤ ਖਾਣੇ ਵਿਚ ਮੌਜੂਦ ਨਹੀਂ ਹੁੰਦੇ, ਉਹ ਸਿਹਤ ਨੂੰ ਕਈ ਪੱਖਾ ਤੋਂ ਪ੍ਰਭਾਵਿਤ ਕਰ ਸਕਦੇ ਹਨ, ਇਥੋਂ ਤਕ ਕਿ ਕੁੜੀਆ ਵਿਚ ਮਾਂਹਵਾਰੀ ਸ਼ੁਰੂ ਹੋਣ ਦੀ ਉਮਰ ਨੂੰ ਅੱਗੇ ਪਾ ਕੇ। ਕੁੜੀਆਂ ਜੋ ਕਿ ਔਰਤ ਹੋਣ ਵੱਲ ਵਧ ਰਹੀਆਂ ਹੁੰਦੀਆ ਹਨ, ਦੀ ਊਰਜਾ ਦੀ ਲੋੜ ਬਚਪਨ ਨਾਲੋਂ ਵੱਧ ਹੁੰਦੀ ਹੈ। ਔਸਤਨ ਭਾਰਤੀ ਨਿਮਨ ਅਤੇ ਮੱਧ ਵਰਗੀ ਕੁੜੀਆਂ ਘੱਟ ਮਾਤਰਾ ਵਿਚ ਖੁਰਾਕੀ ਤੱਤਾਂ ਦੀ ਵਰਤੋਂ ਕਰਦੀਆਂ ਦੇਖੀਆ ਗਈਆਂ ਹਨ। ਇਸ ਕਾਰਣ, ਮਾਹਵਾਰੀ ਸ਼ੁਰੂ ਹੋਣ ਦੀ ਉਮਰ ਪੇਂਡੂ ਅਤੇ ਸ਼ਹਿਰੀ ਗਰੀਬ ਕੁੜੀਆਂ ਵਿਚ ਸ਼ਹਿਰੀ ਅਮੀਰ ਕੁੜੀਆ ਦੇ ਮੁਕਾਬਲੇ ਦੇਰ ਨਾਲ ਹੁੰਦੀ ਹੈ।

ਇਕ ਦਿਲਚਸਪ ਅਧਿਐਨ ਹੈ ਕਿ ਜੋ ਲੜਕੀਆਂ ਕਸ਼ਮੀਰ, ਉਤਰ ਪ੍ਰਦੇਸ ਵਿਚ ਕੁਮਾਓ ਜਾ ਨੇਪਾਲ ਵਰਗੇ ਉੱਚੇ ਪਹਾੜੀ ਇਲਾਕਿਆਂ ਵਿਚ ਰਹਿੰਦੀਆਂ ਹਨ, ਵਿਚ ਮੈਦਾਨੀ ਵੱਸੋਂ ਨਾਲੋਂ ਮਹਾਂਵਾਰੀ ਦੀ ਸ਼ੁਰੂਆਤ ਦੇਰ ਨਾਲ ਹੁੰਦੀ ਹੈ। ਇਸ ਦਾ ਕਾਰਣ ਇਹ ਦੱਸਿਆ ਜਾਂਦਾ ਹੈ ਕਿ ਪਹਾੜੀ ਇਲਾਕੇ, ਜ਼ਿੰਦਗੀ ਦੀ ਸ਼ੁਰੂਆਤ ਤੋਂ ਹੀ ਭਾਰ ਦੇ ਵਾਧੇ ਨੂੰ ਘਟਾਉਂਦੇ ਹਨ। ਕਿਉਂ ਜੋ ਮਾਹਵਾਰੀ ਦੀ ਸ਼ੁਰੂਆਤ ਇਕ ਖਾਸ ਭਾਰ ਅਖਤਿਆਰ ਕਰਨ ਤੇ ਹੁੰਦੀ ਹੈ, ਪਹਾੜੀ ਇਲਾਕਿਆ ਵਿਚ ਰਹਿੰਦੀਆ ਕੁੜੀਆਂ ਵਿਚ ਇਹ ਦੇਰੀ ਭਾਰ ਦੇ ਵਾਧੇ ਨਾਲ ਸੰਬੰਧਿਤ ਹੈ।

ਕੁੜੀਆਂ ਵਿਚ ਹੋਰ ਦੂਸਰੇ ਗੁਣ, ਮਾਂਹਵਾਰੀ ਸ਼ੁਰੂ ਹੋਣ ਮਗਰੋਂ ਦੇਖਣ ਵਿਚ ਆਉਂਦੇ ਹਨ। ਗੁਪਤ ਅੰਗਾਂ ਨੇੜੇ ਵਾਲਾਂ ਦਾ ਵਧਣਾ ਅਤੇ ਛਾਤੀਆ ਦਾ ਵਿਕਾਸ ਪੂਰਾ ਹੋਣ ਤੇ ਕੱਛਾਂ ਦੇ ਵਾਲ ਆ ਜਾਂਦੇ ਹਨ। ਕੁੜੀਆਂ ਵਿਚ ਇਨ੍ਹਾਂ ਬਦਲਾਵਾਂ ਵਿਚ ਕਾਫ਼ੀ ਵਖਰੇਵਾ

ਦੇਖਿਆ ਜਾ ਸਕਦਾ ਹੈ। ਕਈਆਂ ਵਿਚ ਇਹ ਤਰਤੀਬ ਡੇਢ ਤੋਂ ਦੋ ਸਾਲ ਵਿਚ ਪੂਰੀ ਹੋ ਜਾਂਦੀ ਹੈ, ਜਦੋਂ ਕਿ ਕੁਝ ਕੁੜੀਆਂ ਵਿਚ ਪੰਜ ਸਾਲ ਤਕ ਲੱਗ ਜਾਂਦੇ ਹਨ। ਫਿਰ ਵੀ ਇਸ ਵਿਚਕਾਰ, ਕੋਈ ਵੀ ਸਮਾਂ ਠੀਕ ਹੈ।

ਤੰਤੂ ਪ੍ਰਣਾਲੀ ਅਤੇ ਏਨਡੋਕ੍ਰਾਈਨ ਗ੍ਰੰਥੀਆਂ ਦੀ ਭੂਮਿਕਾ

ਬਚਪਨ ਤੋਂ ਲੈ ਕੇ ਕਿਸ਼ੋਰ ਅਵਸਥਾ ਤਕ ਜੋ ਸਰੀਰਕ ਅਤੇ ਸੈਕਸ ਸੰਬੰਧੀ ਬਦਲਾਅ ਹੁੰਦੇ ਹਨ, ਉਹ ਤੰਤੂ ਪ੍ਰਣਾਲੀ ਵੱਲੋਂ ਨਿਯੰਤ੍ਰਿਤ ਕੀਤੇ ਜਾਂਦੇ ਹਨ। ਇਹ ਏਨਡੋਕ੍ਰਾਈਨ ਗ੍ਰੰਥੀਆਂ ਨੂੰ ਪ੍ਰਭਾਵਿਤ ਕਰਕੇ ਵਿਕਾਸ ਨੂੰ ਕਾਬੂ ਕਰਦੇ ਹਨ। ਇਹ ਬਿਨ੍ਹਾਂ ਨਾੜਾ ਦੀਆਂ ਗ੍ਰੰਥੀਆਂ ਹੁੰਦੀਆਂ ਹਨ ਅਤੇ ਤੰਤੂ ਪ੍ਰਣਾਲੀ ਤੋਂ ਸੰਦੇਸ਼ ਮਿਲਣਾ ਤੇ ਰਸਾਇਣਕ ਜੂਸ, ਜਿਨ੍ਹਾਂ ਨੂੰ ਹਾਰਮੋਨਜ਼ ਕਹਿੰਦੇ ਹਨ, ਸਿੱਧਾ ਖੂਨ ਵਿਚ ਭੇਜਦੀਆਂ ਹਨ। ਉਹ ਗ੍ਰੰਥੀਆਂ ਜੋ ਏਨਡੋਕ੍ਰਾਈਨ ਪ੍ਰਣਾਲੀ ਦਾ ਗਠਨ ਕਰਦੀਆਂ ਹਨ, ਥਾਇਰਾਈਡ, ਪਿਚੂਟਰੀ ਅਤੇ ਅਡਰੀਅਲ ਗ੍ਰੰਥੀਆਂ ਹਨ। ਅੱਲ੍ਹੜ ਉਮਰੇ, ਔਰਤਾਂ ਵਿਚ ਅੰਡਕੋਸ਼ ਅਤੇ ਮਰਦਾਂ ਵਿਚ ਪਤਾਲੂ ਵੀ ਗ੍ਰੰਥੀਆ ਵਜੋਂ ਕੰਮ ਕਰਦੇ ਹਨ, ਜੋ ਸੈਕਸ ਹਾਰਮੋਨਜ਼ ਭੇਜਦੇ ਹਨ, ਭਾਵ ਉਹ ਹਾਰਮੋਨਜ਼ ਜੋ ਲੜਕੀ ਦੇ ਸਰੀਰ ਨੂੰ ਨਾਰੀ ਦੀ ਸੂਰਤ ਵਿਚ ਅਤੇ ਮੁੰਡਿਆ ਦੇ ਸਰੀਰ ਨੂੰ ਮਰਦਾਨਾ ਸ਼ਕਲ ਵਿਚ ਬਦਲਦੇ ਹਨ। ਦੋਵੇ ਸੈਕਸਾਂ ਵਿਚ ਥੋੜ੍ਹੇ ਬਹੁਤ ਵਿਪਰੀਤ ਸੈਕਸ ਦੇ ਹਾਰਮੋਨਜ਼ ਵੀ ਹੁੰਦੇ ਹਨ।

ਅੱਲ੍ਹੜ ਉਮਰ ਤੋਂ ਪਹਿਲਾ, ਤੰਤੂ ਪ੍ਰਣਾਲੀ ਇਨ੍ਹਾਂ ਏਨਡੋਕ੍ਰਾਈਨ ਗ੍ਰੰਥੀਆਂ ਦਾ ਕਾਰਣ ਹੇਠਲੇ ਪੱਧਰ ਤੇ ਰਖਦੀ ਹੈ। ਜਿਵੇ ਅੱਲ੍ਹੜ ਉਮਰ ਦੀ ਸ਼ੁਰੂਆਤ ਹੁੰਦੀ ਹੈ, ਇਸ ਪੇਚੀਦਾ ਪ੍ਰਤੀ-ਪੁਸ਼ਟੀ ਪ੍ਰਣਾਲੀ ਰਾਹੀਂ, ਵੱਖ-ਵੱਖ ਗ੍ਰੰਥੀਆਂ, ਜ਼ਿਆਦਾ ਮਾਤਰਾਂ ਵਿਚ ਹਾਰਮੋਨਜ਼ ਪੈਦਾ ਕਰਨ ਅਤੇ ਖੂਨ ਵਿਚ ਭੇਜਣ ਲੱਗ ਜਾਂਦੀਆ ਹਨ। ਹਾਰਮੋਨਜ਼ ਦਾ ਅਸਰ ਸਿਰਫ਼ ਸਰੀਰਕ ਅਤੇ ਸੈਕਸ ਵਿਕਾਸ ਤੇ ਨਹੀਂ, ਸਗੋਂ ਵਿਵਹਾਰ ਤੇ ਵੀ ਪੈਂਦਾ ਹੈ ਜਿਸ ਨੂੰ ਆਪਾਂ ਅਧਿਆਇ 5; ਪਛਾਣ ਦੀ ਤਲਾਸ਼ 'ਵਿਅਕਤਿਤਵ ਦਾ ਵਿਕਾਸ' ਵਿਚ ਦੇਖਾਂਗੇ।

ਅੱਲ੍ਹੜ ਉਮਰ ਦੇ ਮਨੋਵਿਗਿਆਨਕ ਪੱਖ

ਆਪਾ ਦੋ ਕਿਸ਼ੋਰਾਂ ਦੀ ਕਹਾਣੀ, ਇਕ ਲੜਕਾ ਅਤੇ ਲੜਕੀ, ਜੋ ਸੱਤ ਮੈਂਬਰਾਂ ਦੇ ਪਰਿਵਾਰ ਵਿਚ ਵੱਡੇ ਹੋ ਰਹੇ ਸਨ, ਤੋਂ ਗੱਲ ਸ਼ੁਰੂ ਕਰਾਂਗੇ। ਵਿਵੇਕ 17 ਸਾਲ ਦਾ ਹੈ ਅਤੇ ਉਸ ਦੀ ਭੈਣ 14 ਸਾਲ ਦੀ। ਉਨ੍ਹਾਂ ਦੀ ਛੋਟੀ ਭੈਣ ਪੂਜ 10 ਸਾਲ ਦੀ ਹੈ। ਉਨ੍ਹਾ ਦਾ ਪਿਤਾ ਗ੍ਰੈਜੂਏਟ ਹੈ ਅਤੇ ਮਸ਼ੀਨੀ ਪੁਰਜਿਆ ਦਾ ਕੰਮ ਕਰਦਾ ਹੈ। ਮਾ ਇਕ ਪ੍ਰਾਈਵੇਟ ਪ੍ਰਾਇਮਰੀ ਸਕੂਲ ਵਿਚ ਅਧਿਆਪਿਕਾ ਹੈ। ਉਨ੍ਹਾ ਦੇ ਦਾਦਾ-ਦਾਦੀ, ਉਨ੍ਹਾਂ ਦੇ ਨਾਲ ਦੋ ਕਮਰਿਆਂ ਵਾਲੇ ਮਕਾਨ ਵਿਚ ਹੀ ਰਹਿੰਦੇ ਹਨ। ਗੁਆਢ ਵੀ ਇਕ ਮੱਧ ਵਰਗ ਪਰਿਵਾਰ ਦਾ ਹੈ।

ਹੁਣੇ-ਹੁਣੇ ਹੀ ਵਿਵੇਕ ਇਕ ਵਿਲੱਖਣ ਤਜਰਬੇ ਵਿਚੋਂ ਲੰਘਿਆਂ ਹੈ ਜਿਸ ਨੇ ਉਸ ਦੇ

ਪਿਛਲੇ ਕਈ ਵਰ੍ਹਿਆਂ ਦੀ ਯਾਦ ਤਾਜ਼ਾ ਕਰ ਦਿੱਤੀ। ਉਸ ਦੀ ਜਮਾਤ ਦਾ ਇਕ ਲੜਕਾ, ਨਿਤਿਨ ਕਈ ਦਿਨਾਂ ਤੋਂ ਸਕੂਲ ਨਹੀਂ ਆ ਰਿਹਾ ਸੀ। ਇਕ ਦਿਨ ਨਿਤਿਨ ਦੇ ਦੋਸਤ ਨੇ ਵਿਵੇਕ ਨੂੰ ਦੱਸਿਆ ਕਿ ਉਹ ਥਕਾਵਟ ਕਾਰਣ ਗਸ਼ ਖਾ ਕੇ ਡਿੱਗ ਪਿਆ ਤੇ ਉਸ ਨੂੰ ਹਸਪਤਾਲ ਦਾਖਿਲ ਕਰਵਾਉਣਾ ਪਿਆ। ਨਿਤਿਨ ਆਪਣੀ ਤਾਕਤ ਅਤੇ ਕੱਦ-ਕਾਠ ਸੁਧਾਰਨ ਲਈ ਜਿਮਨੇਜ਼ੀਅਮ ਵਿਚ ਕਸਰਤ ਕਰਨ ਜਾਂਦਾ ਰਿਹਾ ਹੈ। ਇਕ ਦਿਨ ਉਸ ਨੇ ਕਸਰਤ ਕਰਨੀ ਜਾਰੀ ਰੱਖੀ ਤੇ ਬੇਹੋਸ ਹੋ ਗਿਆ।

ਵਿਵੇਕ ਨੂੰ ਯਾਦ ਆਇਆ ਉਹ 14 ਸਾਲ ਦਾ ਸੀ। ਰੇਖਾ ਓਨੀ ਹੀ ਲੰਮੀ ਸੀ ਜਿੰਨਾ ਉਹ, ਭਾਵੇਂ ਉਹ ਢਾਈ ਸਾਲ ਛੋਟੀ ਸੀ। ਉਸ ਨੂੰ ਆਪਣੇ ਕੱਦ ਦੀ ਚਿੰਤਾ ਹੋਈ। ਉਸ ਦੀ ਆਵਾਜ਼ ਅਜੇ ਵੀ ਕੁੜੀਆਂ ਵਰਗੀ ਸੀ। ਉਹ ਮੁੰਡਿਆਂ ਵਿਚ ਇਕੱਲਾ ਹੀ ਨਹੀਂ ਸੀ ਜੋ ਗਠੀਲੇ ਸਰੀਰ ਦੇ ਨਹੀਂ ਦਿੱਸਦੇ ਸਨ, ਪਰ ਉਹ ਰਮੇਸ ਤੋਂ ਈਰਖਾ ਕਰਦਾ ਸੀ ਜੋ ਕਿ ਕਾਫ਼ੀ ਲੰਮਾਂ ਅਤੇ ਜ਼ਿਆਦਾ ਗਠੀਲਾ ਸੀ। ਵਿਵੇਕ ਉਸ ਵਰਗਾ ਬਣਨਾ ਚਾਹੁੰਦਾ ਸੀ ਅਤੇ ਹਰ ਰੋਜ਼ ਉਹ ਅਪਣੀ ਸਕਲ ਸ਼ੀਸ਼ੇ ਵਿਚ ਇਸ ਆਸ ਨਾਲ ਦੇਖਦਾ ਸੀ ਕਿ ਉਸ ਦੀਆਂ ਗਲ੍ਹਾਂ ਅਤੇ ਛਾਤੀ ਉੱਪਰ ਵਾਲ ਅਉਣਗੇ। ਅੱਜ ਉਹ ਨਿਤਿਨ ਦੇ ਲੰਮੇ ਨਾ ਹੋਣ ਦੇ ਦੁੱਖ ਨੂੰ ਸਮਝ ਸਕਦਾ ਸੀ ਕਿਉਂਕਿ ਉਹ ਜਮਾਤ ਦੇ ਸਾਰੇ ਮੁੰਡਿਆਂ ਨਾਲੋਂ ਛੋਟਾ ਸੀ ਅਤੇ ਉਸ ਨੂੰ ਛੋਟੂ ਕਹਿ ਕੇ ਤੰਗ ਕੀਤਾ ਜਾਦਾ ਸੀ।

ਵਿਵੇਕ ਨੂੰ ਯਾਦ ਹੈ ਕਿ ਫਿਰ ਕੁਝ ਹੀ ਦਿਨਾ ਵਿਚ ਉਸ ਨੂੰ ਸਰੀਰ ਵਿਚ ਅਜ਼ੀਬ ਜਿਹੀ ਝਰਨਾਹਟ ਮਹਿਸੂਸ ਹੋਈ। ਮਹੀਨਿਆਂ ਵਿਚ ਹੀ ਉਸ ਦੇ ਕਪੜੇ ਤੰਗ ਹੋ ਗਏ। ਉਸ ਦੀ ਪੈਂਟ ਛੋਟੀ ਹੋ ਗਈ ਅਤੇ ਰੱਬ ਦਾ ਸ਼ੁਕਰ, ਉਸ ਦੀਆਂ ਗਲ੍ਹਾ ਤੇ ਕਾਲੇ ਵਾਲ ਨਿਕਲ ਆਏ। ਵਿਵੇਕ ਆਪਣੇ ਦੋਸਤਾਂ ਦੇ ਬਾਲਗ ਵਰਗ ਵਿਚ ਜਾ ਰਲਿਆ, ਜੋ ਹਰ ਵੇਲੇ ਵਾਲਾਂ, ਤਾਕਤ, ਦਮ ਅਤੇ ਗਠੀਲੇ ਸਰੀਰ ਬਾਰੇ ਚਰਚਾ ਕਰਦੇ ਰਹਿੰਦੇ।

ਇਕ ਖਾਸ ਉਤੇਜਨਾ ਜੋ ਕਿ ਵਿਵੇਕ ਦੀ ਸਮਝ ਤੋਂ ਬਾਹਰ ਸੀ, ਕੁੜੀਆਂ ਵੱਲ ਉਸ ਦੀ ਖਿੱਚ ਤੇ ਖਾਸ ਕਰ ਆਪਣੀ ਕਲਾਸ ਦੀਆਂ ਦੋ ਕੁੜੀਆਂ ਵੱਲ। ਪਰ ਜਦੋਂ ਉਨ੍ਹਾ ਵਿਚੋਂ ਕੋਈ ਉਸ ਦੇ ਨੇੜੇ ਆਉਂਦੀ ਤਾਂ ਉਸ ਨੂੰ ਘਬਰਾਹਟ ਮਹਿਸੂਸ ਹੁੰਦੀ ਤੇ ਉਹ ਉਥੋਂ ਭੱਜਣਾ ਚਾਹੁੰਦਾ। ਇਸ ਸਥਿਤੀ ਵਿਚ ਜੇ ਕੁੜੀ ਉਸ ਤੋਂ ਸਵਾਲ ਪੁੱਛਦੀ ਤਾਂ ਉਹ ਬੌਂਦਲ ਜਾਂਦਾ, ਕੁਝ ਬੁੜਬੁੜ ਕਰਦਾ ਤੇ ਤੁਰਦਾ ਬਣਦਾ। ਬਾਅਦ ਵਿਚ, ਉਸ ਨੂੰ ਆਪਣੇ ਇਸ ਵਤੀਰੇ ਤੇ ਗੁੱਸਾ ਆਉਂਦਾ ਤੇ ਉਹ ਆਪਣੇ ਆਪ ਨੂੰ ਕੋਸਦਾ। ਅੱਜ ਜਦੋਂ ਉਹ ਕਰੀਬ 17 ਸਾਲ ਦਾ ਹੈ, ਉਸ ਦਾ ਕੱਦ 5 ਫੁੱਟ 7 ਇੰਚ (168 ਸੈਂਟੀਮੀਟਰ) ਹੈ ਤੇ ਉਸ ਨੂੰ ਪੱਕੀ ਆਸ ਹੈ ਕਿ ਉਹ ਇਕ ਦਿਨ ਛੇ ਫੁੱਟ ਦਾ ਹੋ ਜਾਵੇਗਾ। ਉਹ ਪਤਲਾ ਹੈ ਤੇ ਰਮੇਸ਼ ਵਾਂਗ ਗਠੀਲਾ ਨਹੀਂ ਹੈ। ਉਸ ਨੇ ਰੋਜ਼ ਸਵੇਰੇ ਸਰ੍ਹੋਂ ਦੇ ਤੇਲ ਨਾਲ ਮਾਲਿਸ਼ ਕਰਨ ਮਗਰੋਂ, ਕਾਫ਼ੀ ਜ਼ੋਰਦਾਰ ਕਸਰਤ ਕਰਨੀ ਸ਼ੁਰੂ ਕੀਤੀ ਹੋਈ ਹੈ। ਉਸ ਦੇ ਦੋਸਤ ਰਮੇਸ਼ ਨੇ ਦੱਸਿਆ ਹੈ ਕਿ ਉਹ ਡੌਲੇ ਬਨਾਉਣ ਲਈ ਇਹੀ ਕਰਦਾ ਰਿਹਾ ਹੈ।

ਵਿਵੇਕ ਨੂੰ ਜਿਸ ਗੱਲ ਨੇ ਪਰੇਸ਼ਾਨ ਕੀਤਾ ਉਹ ਹੈ ਕਿ ਉਸ ਦੇ ਮਾਪੇ ਉਸ ਨੂੰ ਬੇਢਬੇਪਨ ਨਾਲ ਜੋੜ ਕੇ ਪੇਸ਼ ਕਰਦੇ। ਸ਼ੁਰੂ ਤੋਂ ਹੀ, ਉਹ ਕਦੇ ਵੀ ਇਸ ਤਰ੍ਹਾਂ ਦਾ ਬੇਢਬਾ ਬੱਚਾ ਨਹੀਂ ਸੀ। ਪਰ ਬਾਅਦ ਵਿਚ ਮਾਂ ਨੇ ਉਸ ਨੂੰ ਢਿੱਲੜ ਵਾਂਗ ਬੈਠਣ ਤੋਂ ਵਰਜਿਆ ਅਤੇ ਘਰ ਦੀਆ ਚੀਜ਼ਾਂ ਪ੍ਰਤਿ ਸਾਵਧਾਨ ਰਹਿਣ ਲਈ ਕਿਹਾ। ਉਸ ਨੂੰ ਸਮਝ ਨਾ ਆਉਂਦੀ ਕਿ ਉਹ ਆਪਣੇ ਆਪ ਫਰਨੀਚਰ ਵਿਚ ਵੱਜਣਾ ਜਾਂ ਅਣਜਾਣੇ ਹੀ ਚੀਜ਼ਾਂ ਸੁੱਟਣਾ ਰੋਕ ਕਿਉਂ ਨਹੀਂ ਸਕਦਾ। ਉਸ ਦੇ ਹੱਥ-ਪੈਰ ਉਸ ਦੇ ਕਾਬੂ ਤੋਂ ਬਾਹਰ ਜਾਪਦੇ। ਜਦੋਂ ਉਹ ਆਪਣੇ ਆਪ ਹੀ ਸ਼ੀਸ਼ੇ ਵਿਚ ਦੇਖਦਾ, ਕਈ ਵਾਰ ਉਸ ਦਾ ਚਿਹਰਾ ਉਸ ਨੂੰ ਓਪਰਾ ਜਿਹਾ ਲੱਗਦਾ। ਕਦੇ ਕਦੇ ਉਸ ਨੂੰ ਇਹ ਪਸੰਦ ਆਉਂਦਾ, ਪਰ ਉਹ ਚਾਹੁੰਦਾ ਕਿ ਇਹ ਥੋੜ੍ਹਾ ਜਿਹਾ ਹੋਰ ਇਕਹਿਰਾ ਹੋਵੇ। ਕਿਸਮਤ ਨਾਲ ਉਹ ਮੁਹਾਸਿਆ ਦੇ ਹਮਲੇ ਤੋਂ ਬਚ ਗਿਆ ਜਿਵੇਂ ਕਿ ਕਪਿਲ ਅਤੇ ਪੁਨੀਤ ਦੇ ਹੋਏ ਸੀ।

ਵਿਵੇਕ ਦੀ ਭੈਣ ਰੇਖਾ ਜੋ 14 ਸਾਲ ਤਿੰਨ ਮਹੀਨੇ ਦੀ ਹੈ ਵੀ ਕਿਸ਼ੋਰ ਅਵਸਥਾ ਵਿਚੋਂ ਲੰਘ ਰਹੀ ਹੈ। ਜਦੋਂ ਉਹ 12 ਸਾਲ ਦੀ ਸੀ, ਉਸ ਨੇ ਇਕ ਦਲੇਰ ਔਰਤ ਬਾਰੇ ਆਪਣੀ ਪਾਠ-ਪੁਸਤਕ ਵਿਚੋਂ ਇਕ ਕਹਾਣੀ ਪੜ੍ਹੀ ਜੋ ਕਿ ਇਕ ਡਾਇਰੀ ਰੱਖਦੀ ਹੁੰਦੀ ਸੀ। ਰੇਖਾ ਨੂੰ ਇਹ ਵਿਚਾਰ ਪਸੰਦ ਆਇਆ। ਉਸ ਨੇ ਆਪਣੇ ਪਿਤਾ ਨੂੰ ਇਕ ਨਵੀਂ ਡਾਇਰੀ ਲਿਆਉਣ ਲਈ ਕਿਹਾ ਅਤੇ ਜਦੋਂ ਮਹਿਸੂਸ ਕਰਦੀ, ਆਪਣੇ ਨਿੱਜੀ ਅਨੁਭਵ ਲਿਖਣੇ ਸੁਰੂ ਕੀਤੇ। ਰੇਖਾ ਡਾਇਰੀ ਨੂੰ ਆਪਣੀ ਅਲਮਾਰੀ ਵਿਚ ਲੁਕਾ ਕੇ ਰੱਖਦੀ ਅਤੇ ਕਿਸੇ ਨੂੰ ਪੜ੍ਹਨ ਨਾ ਦਿੰਦੀ। ਇਹ ਉਨ੍ਹਾਂ ਪੰਨਿਆ ਵਿਚੋਂ ਕੁਝ ਹਿੱਸੇ ਹਨ ਜੋ ਉਸ ਨੇ ਗੁਪਤ ਰੂਪ ਵਿਚ ਲਿਖੇ।

ਬਾਕਸ 2

12 ਸਾਲ 5 ਮਹੀਨੇ ਦੀ ਉਮਰ ਤੇ : ਅੱਜ ਸਕੂਲ ਵਿਚ ਕੁਝ ਅਜੀਬ ਜਿਹਾ ਵਾਪਰਿਆ। ਜਦੋਂ ਵਿਗਿਆਨ ਦੀ ਅਧਿਆਪਿਕਾ ਮਿਸੇਜ਼ ਵਰਮਾ, ਕਾਲਸ ਵਿਚ ਪੜ੍ਹਾ ਰਹੀ ਸੀ। ਅਸੀਂ ਕਿਸੇ ਨੂੰ ਹਟਕੋਰੇ ਭਰਦਿਆ ਸੁਣਿਆ। ਮੈਂ ਆਲੇ-ਦੁਆਲੇ ਨਜ਼ਰ ਘੁਮਾਈ ਤੇ ਦੇਖਿਆ ਕਿ ਸੁਨੀਤਾ ਨੇ ਆਪਣਾ ਚਿਹਰਾ ਆਪਣੇ ਹੱਥਾ ਵਿਚ ਲਿਆ ਹੈ ਤੇ ਉਸ ਦੀ ਸਹੇਲੀ ਰਾਧਾ ਉਸ ਨੂੰ ਹੌਸਲਾ ਦੇ ਰਹੀ ਹੈ। ਮਿਸੇਜ਼ ਵਰਮਾ ਨੇ ਕਿਹਾ, 'ਕੀ ਗੱਲ ਹੈ?' ਮਿਸੇਜ਼ ਵਰਮਾ ਉਸ ਦੇ ਡੈਸਕ ਕੋਲ ਗਏ। ਰਾਧਾ ਨੇ ਉਨ੍ਹਾ ਦੇ ਕੰਨ ਵਿਚ ਕੁਝ ਕਿਹਾ। ਮਿਸੇਜ਼ ਵਰਮਾ ਨੇ ਕਿਹਾ, 'ਰੋ ਨਾ, ਇਹ ਠੀਕ ਹੋ ਜਾਵੇਗੀ। ਇਸ ਨੂੰ ਮੈਡੀਕਲ ਰੂਮ ਵਿਚ ਲੈ ਜਾ ਅਤੇ ਫਿਰ ਘਰ ਭੇਜ ਦੇਈਂ'। ਜਦੋਂ ਸੁਨੀਤਾ ਉੱਠੀ ਤਾਂ ਮੈਂ ਧਿਆਨ ਦਿੱਤਾ ਕਿ ਉਸ ਦੀ ਕਮੀਜ਼ ਤੇ ਲਾਲ ਰੰਗ ਦਾ ਦਾਗ ਹੈ ਅਤੇ ਉਹ ਉਸ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਕ ਮੁੰਡੇ ਨੇ ਕਿਹਾ, "ਮੈਡਮ ਕੀ ਇਸ ਨੂੰ ਸੱਟ

(ਜਾਰੀ)

ਲੱਗੀ ਹੈ?" ਮਿਸੇਜ਼ ਵਰਮਾ ਨੇ ਕਾਹਲੀ ਨਾਲ ਕਿਹਾ, "ਆਪਣੇ ਕੰਮ ਨਾਲ ਵਾਸਤਾ ਰੱਖ, ਇਸ ਦੀ ਤਬੀਅਤ ਠੀਕ ਨਹੀਂ ਹੈ।" ਇਸ ਤੋਂ ਮਗਰੋਂ ਉਸ ਨੇ ਜਮਾਤ ਨੂੰ ਛੇਤੀ ਛੱਡ ਦਿੱਤਾ ਭਾਵੇਂ ਪਾਠ ਅਜੇ ਪੂਰਾ ਨਹੀਂ ਸੀ ਹੋਇਆ। ਕੁਝ ਕੁੜੀਆਂ ਡੂੰਘੀਆਂ ਮੁਸਕਾਨਾਂ ਦੇ ਰਹੀਆਂ ਸਨ ਅਤੇ ਇਕ ਦੂਸਰੇ ਨਾਲ ਘੁਸਰ-ਮੁਸਰ ਕਰ ਰਹੀਆਂ ਸਨ। ਜਦੋਂ ਮੈਂ ਪੁੱਛਿਆ, "ਕੀ ਹੋਇਆ?" ਰਾਧਾ ਨੇ ਕਿਹਾ, 'ਤੂੰ ਬੱਚੀ ਐਂ, ਤੈਨੂੰ ਸਮਝ ਨਹੀਂ ਆਉਣੀ।" ਅਤੇ ਬਹੁਤੀਆਂ ਕੁੜੀਆ ਹੱਸਣ ਲੱਗੀਆਂ। ਮੈਨੂੰ ਬੜਾ ਗੁੱਸਾ ਆਇਆ ਕਿਉਂਕਿ ਮੈਂ ਬੱਚੀ ਨਹੀਂ ਹਾਂ। ਅਸੀ ਸਾਰੇ ਜਮਾਤੀ ਹਾ, ਫਿਰ ਮੈ ਕਿਵੇਂ ਬੱਚੀ ਹਾਂ?

12 ਸਾਲ 6 ਮਹੀਨੇ ਦੀ ਉਮਰ 'ਤੇ : ਸੁਨੀਤਾ ਨਾਲ ਬੁਰੀ ਘਟਨਾ ਵਾਪਰਨ ਤੋਂ ਬਾਅਦ ਉਹ ਸਕੂਲ ਨਾ ਆਈ। ਜਦੋਂ ਉਹ ਆਈ, ਉਹ ਚੁੱਪਚਾਪ ਸੀ ਅਤੇ ਕੁਝ ਕੁ ਕੁੜੀਆਂ ਨਾਲ ਹੀ ਬੋਲੀ। ਉਸ ਨੇ ਮੈਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਅੱਜ ਮੈਂ ਮੰਮੀ ਨਾਲ ਇਸ ਬਾਰੇ ਗੱਲ ਕੀਤੀ। ਉਸ ਨੇ ਬੜੀ ਹੈਰਾਨੀ ਨਾਲ ਮੇਰੇ ਵੱਲ ਵੇਖਿਆ ਤੇ ਕਿਹਾ, "ਓ ਮਾਈ ਗਾੱਡਾ ਮੈਨੂੰ ਪਤਾ ਹੀ ਨਹੀ ਕਿ ਤੂੰ ਹੁਣ ਏਨੀ ਵੱਡੀ ਹੋ ਗਈ ਹੈਂ' ਮੈਂ ਡਰ ਗਈ, ਜਦੋਂ ਉਸ ਨੇ ਕਿਹਾ ਕਿ ਛੇਤੀ ਹੀ ਕਿਸੇ ਦਿਨ ਸੁਨੀਤਾ ਵਾਗ ਮੇਰੇ ਗੁਪਤ ਅੰਗਾ ਵਿਚੋਂ ਖ਼ੂਨ ਨਿਕਲੇਗਾ ਕਿਉਂਕਿ ਔਰਤ ਬਣਨ ਤੋਂ ਪਹਿਲਾ ਇਹ ਸਾਰੀਆ ਕੁੜੀਆ ਨਾਲ ਵਾਪਰਦਾ ਹੈ। ਉਸ ਨੇ ਥੋੜ੍ਹਾ ਹੋਰ ਦੱਸਣ ਦੀ ਕੋਸ਼ਿਸ਼ ਕੀਤੀ। ਪਰ ਮੇਰਾ ਹੰਝੂਆਂ ਨਾਲ ਸੰਘ ਘੁੱਟਿਆ ਗਿਆ ਸੀ ਤੇ ਮੈਂ ਬੌਦਲ ਗਈ ਅਤੇ ਰੋਣਾ ਸ਼ੁਰੂ ਕਰ ਦਿੱਤਾ। ਮੰਮੀ ਨੇ ਮੈਨੂੰ ਕਸੂਤਾ ਜਿਹਾ ਫੜਿਆ, ਉਸ ਤਰ੍ਹਾ ਨਹੀਂ ਜਿਵੇਂ ਬੱਚਿਆ ਵਾਂਗ ਮੈਨੂੰ ਗਲਵਕੜੀ ਪਾਉਂਦੇ ਸੀ। ਉਸ ਨੇ ਕਿਹਾ, "ਤੂੰ ਮੁਟਿਆਰ ਹੋਣ ਜਾ ਰਹੀ ਹੈਂ ਅਤੇ ਇਹ ਮਾਂਹਵਾਰੀ ਇਕ ਤਰ੍ਹਾਂ ਮੁਟਿਆਰ ਹੋਣ ਦੀ ਨਿਸ਼ਾਨੀ ਹੈ।" "ਦਫ਼ਾ ਕਰੋ ਇਸ ਨੂੰ, ਮੈਂ ਨਹੀਂ ਮੁਟਿਆਰ ਹੋਣਾ। ਮੈਂ ਨਹੀਂ ਚਾਹੁੰਦੀ ਕਿ ਖ਼ੂਨ ਆਵੇ।

13 ਸਾਲ 4 ਮਹੀਨੇ ਦੀ ਉਮਰ 'ਤੇ : ਅੱਜ ਉਹ ਵਾਪਰ ਗਿਆ। ਹਾਂ, ਮੈਨੂੰ ਵੀ ਮਾਂਹਵਾਰੀ ਸ਼ੁਰੂ ਹੋ ਗਈ। ਮੈਨੂੰ ਯਕੀਨ ਹੋ ਗਿਆ ਕਿ ਮੈਂ ਠੀਕ ਕਹਿ ਰਹੀ ਹਾਂ। ਇਹ ਸਭ ਕੁਝ ਰਾਤੀ ਸੁੱਤੇ ਪਿਆ ਹੋਇਆ। ਮੇਰੇ ਢਿੱਡ ਵਿਚ ਤੇਜ਼ ਦਰਦ ਹੋਇਆ, ਜਿਵੇਂ ਤੁਹਾਡਾ ਗੈਸ ਕਾਰਣ ਹੁੰਦਾ ਹੈ। ਮੈਂ ਮੰਮੀ ਨੂੰ ਜਗਾਇਆ। ਉਸ ਨੇ ਕਿਹਾ ਕਿ ਮੇਰੇ ਪੇਟ ਵਿਚ ਗੜਬੜ ਹੋ ਸਕਦੀ ਹੈ। ਉਸ ਨੇ ਮੈਨੂੰ ਪੁਦੀਨ ਹਰਾ ਵਗੈਰਾ ਦਿੱਤਾ ਤੇ ਵਾਪਿਸ ਜਾ ਕੇ ਸੌਣ ਲਈ ਕਿਹਾ। ਮੈਂ ਬਿਸਤਰੇ ਵਿਚ ਪਾਸੇ ਮਾਰਦੀ ਰਹੀ ਕਿਉਂ ਜੋ ਦਰਦ ਠੀਕ ਨਹੀਂ ਸੀ

(ਜਾਰੀ)

ਹੋਇਆ। ਮੈਂ ਆਪਣੀ ਸਹੇਲੀ ਸੁਮਨ ਦੇ ਬੋਲ ਚੇਤੇ ਕਰਦੀ ਰਹੀ, "ਕਈ ਵਾਰੀ ਇਹ ਬੜੇ ਦਰਦ ਨਾਲ ਹੁੰਦੀ ਹੈ।" ਪਰ ਮੇਰਾ ਮੰਮੀ ਨੂੰ ਦੱਸਣ ਦਾ ਹੌਸਲਾ ਨਾ ਪਿਆ ਕਿ ਮੈਂ ਕੀ ਸੋਚ ਰਹੀ ਹਾ? ਪਾਪਾ ਨੇ ਜੇ ਸੁਣ ਲਿਆ ਤਾਂ ਬਹੁਤ ਸ਼ਰਮ ਦੀ ਗੱਲ ਹੋਵੇਗੀ? ਮੈਂ ਦਰਦ ਨਾਲ ਤੜਫ਼ ਰਹੀ ਸੀ ਤੇ ਮੈਂ ਉਠ ਕੇ ਬੈਠ ਗਈ। ਹੁਣ ਤਕ ਪਾਪਾ, ਵਿਵੇਕ ਅਤੇ ਪੂਜਾ ਵੀ ਆਵਾਜ਼ ਸੁਣ ਕੇ ਜਾਗ ਪਏ ਸਨ। ਮੰਮੀ ਨੇ ਗਰਮ ਪਾਣੀ ਦੀ ਬੋਤਲ ਤਿਆਰ ਕੀਤੀ ਅਤੇ ਮੈਨੂੰ ਪੇਟ 'ਤੇ ਰੱਖਣ ਲਈ ਕਿਹਾ। ਇਸ ਨਾਲ ਰਾਹਤ ਮਹਿਸੂਸ ਹੋਈ, ਪਰ ਮੈਂ ਕਾਫ਼ੀ ਸਹਿਮੀ ਹੋਈ ਸੀ ਕਿ 'ਉਹ' ਵਾਪਰਨ ਵਾਲਾ ਹੈ। ਮੈਂ ਬਾਥਰੂਮ ਗਈ ਅਤੇ ਚੈੱਕ ਕੀਤਾ। ਬਿਲਕੁਲ ਠੀਕ, ਉੱਥੇ ਲਾਲ ਦਾਗ ਸੀ। ਮੈਂ ਮੰਮੀ ਨੂੰ ਦੇਖਣ ਲਈ ਬੁਲਾਇਆ। 'ਹਾਂ', ਉਸ ਨੇ ਕਿਹਾ, 'ਤੈਨੂੰ ਮਾਂਹਵਾਰੀ ਸ਼ੁਰੂ ਹੋ ਗਈ ਹੈ।'

13 ਸਾਲ 4 ਮਹੀਨੇ ਦੀ ਉਮਰ 'ਤੇ : ਮਾਂਹਵਾਰੀ ਦੇ ਤੀਸਰੇ ਦਿਨ, ਅੱਜ ਮੈਂ ਸਕੂਲ ਗਈ। ਮੇਰੀਆਂ ਸਾਰੀਆਂ ਸਹੇਲੀਆ ਮੈਨੂੰ ਇਸ ਤਰ੍ਹਾਂ ਦੇਖ ਰਹੀਆਂ ਸੀ ਜਿਵੇਂ ਮੈਨੂੰ ਕੁਝ ਪੁੱਛ ਰਹੀਆਂ ਹੋਣ। ਸੁਮਨ ਆਈ ਅਤੇ ਜਿਵੇਂ ਹੀ ਉਹ ਕੁਝ ਪੁੱਛਣ ਲੱਗੀ, ਮੈਂ ਕਿਹਾ "ਹਾ" ਅਤੇ ਦੋਵਾਂ ਨੇ ਜੱਫ਼ੀ ਪਾਈ। ਹੈਰਾਨੀ ਦੀ ਗੱਲ, ਇਹ ਤਸੱਲੀ ਵਾਲੀ ਗੱਲ ਸੀ ਕਿ ਮੈਂ ਵੀ ਹੋਰਾਂ ਕੁੜੀਆਂ ਵਾਗ ਹੋ ਗਈ ਹਾਂ। ਉਹ ਸ਼ਾਨਦਾਰ ਵਿਵਹਾਰ ਕਰ ਰਹੀਆ ਸਨ। ਜਿਵੇਂ ਉਨ੍ਹਾ ਨੂੰ ਇਹ ਭੇਤ ਪਤਾ ਹੋਵੇ ਜੋ ਮੈਨੂੰ ਨਹੀਂ ਸੀ। ਅੱਜ ਉਹ ਕੁੜੀਆ ਵੀ ਮੇਰੇ ਵੱਲ ਮੁਸਕਰਾਈਆਂ। ਮੈਂ ਸੁਮਨ ਨੂੰ ਆਪਣੇ ਦੋ ਦਿਨਾ ਦੀ ਗੈਰਹਾਜ਼ਰੀ ਦੀ ਸਾਰੀ ਕਹਾਣੀ ਸੁਣਾਈ। ਪਰ ਮੈਂ ਸਹਿਮੀ ਹੋਈ ਸਾਂ। ਕੀ ਹੋਵੇਗਾ ਜੇ ਮੁੰਡਿਆਂ ਨੂੰ ਪਤਾ ਚਲ ਗਿਆ? ਜੇ ਮੇਰੇ ਕਪੜੇ ਦਾਗੀ ਹੋ ਗਏ? ਜੇ ਵਿਵੇਕ ਅਤੇ ਪੂਜਾ ਨੂੰ ਪਤਾ ਚਲ ਗਿਆ? ਮੈਂ ਬਹੁਤ ਅਜੀਬ ਮਹਿਸੂਸ ਕਰ ਰਹੀ ਹਾਂ ਭਾਵੇ ਮੈਂ ਇਕ ਵੱਖਰਾ ਵਿਅਕਤੀ ਬਣ ਗਈ ਹਾਂ। ਕੁੜੀਆਂ ਕਹਿ ਰਹੀਆ ਸਨ ਇਹ ਹੁਣ ਸਾਰੀ ਉਮਰ ਤੇਰੇ ਨਾਲ ਰਹੇਗੀ, ਬੁਢਾਪੇ ਤਕ ਅਤੇ ਇਹ ਹਰ ਮਹੀਨੇ ਹੁੰਦਾ ਹੈ। "ਓ ਮਾਈ ਗੱਾਡ ! ਤੂੰ ਮੈਨੂੰ ਮੁੰਡਾ ਕਿਉਂ ਨਾ ਬਣਾਇਆ?"

ਪਹਿਲੀ ਵਾਰ ਮਾਂਹਵਾਰੀ ਆਉਣ ਵੇਲੇ ਅਤੇ ਵੀਰਜ ਨਿਕਲਣ ਵੇਲੇ ਪ੍ਰਤੀਕ੍ਰਿਆ : ਕੋਈ ਵੀ ਲੜਕੀ ਆਪਣੀ ਪਹਿਲੀ ਮਾਂਹਵਾਰੀ ਤੇ ਉਸ ਤੋਂ ਮਗਰੋਂ ਦੇ ਘਟਨਾ ਚੱਕਰ ਨੂੰ ਕਿਸ ਤਰ੍ਹਾ ਅਪਣਾਏਗੀ, ਇਹ ਬਹੁਤ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਇਸ ਪ੍ਰਤੀ ਕਿੰਨੀ ਕੁ ਜਾਣਕਾਰੀ ਹੈ , ਕੀ ਇਸ ਵਰਤਾਵੇ ਬਾਰੇ ਉਸ ਦੀ ਮਾਨਸਿਕ ਤਿਆਰੀ ਹੈ ਅਤੇ ਸਮਾਜ ਵਿਚ ਇਸ ਨੂੰ ਕਿਸ ਤਰ੍ਹਾਂ ਦੇਖਿਆ ਜਾਂਦਾ ਹੈ। ਵੈਸੇ ਇਹ ਚੰਗਾ ਹੋਵੇ ਕਿ ਮਾਂ ਜਾਂ ਕੋਈ ਹੋਰ ਸਿਆਣੀ ਔਰਤ, ਕੁੜੀ ਨੂੰ ਮਾਂਹਵਾਰੀ ਸ਼ੁਰੂ ਹੋਣ ਤੋਂ

ਪਹਿਲਾਂ ਦੱਸ ਦੇਵੇ, ਪਰ ਇਹ ਜਾਣਕਾਰੀ ਅਧਿਆਪਿਕਾਂ, ਦੋਸਤਾਂ, ਕਿਤਾਬਾਂ-ਮੈਗਜ਼ੀਨਾਂ ਤੋਂ ਵੀ ਆ ਸਕਦੀ ਹੈ। ਸਭ ਤੋਂ ਮਹਤੱਵਪੂਰਣ ਹੈ ਕਿ ਇਹ ਜਾਣਕਾਰੀ ਤੋੜੀ-ਮਰੋੜੀ ਨਾ ਹੋਵੇ ਅਤੇ ਇਸ ਨਾਲ ਲੜਕੀ ਇਹ ਨਾ ਮਹਿਸੂਸ ਕਰੇ ਕਿ ਉਸ ਨੂੰ ਕੋਈ ਬਿਮਾਰੀ ਹੈ ਜਾਂ ਇਹ ਕੋਈ ਆਫ਼ਤ ਹੈ, ਜਿਸ ਨਾਲ ਉਸ ਦਾ ਹੁਣ ਸਾਰੀ ਜ਼ਿੰਦਗੀ ਦਾ ਵਾਸਤਾ ਹੈ। ਵਿਕਾਸ ਦੇ ਕਿਸੇ ਵੀ ਹੋਰ ਬਦਲਾਅ ਵਾਂਗ, ਮਾਂਹਵਾਰੀ ਦਾ ਸ਼ੁਰੂ ਹੋਣਾ, ਜ਼ਿੰਦਗੀ ਵਿਚ ਇਕ ਆਮ ਪੜਾਅ ਹੈ, ਸਗੋਂ ਇਕ ਮੀਲ ਪੱਥਰ ਹੈ, ਜੋ ਕੁੜੀ ਨੂੰ ਉਸ ਦੇ ਪਰਿਵਾਰ ਅਤੇ ਸਮਾਜ ਨੂੰ ਦਰਸਾਉਂਦਾ ਹੈ ਕਿ ਉਹ ਨਾਰੀਤੱਵ ਵੱਲ ਵਧ ਰਹੀ ਹੈ।

ਆਮ ਤੌਰ ਤੇ ਸੈਕਸ ਦਾ ਵਿਸ਼ਾ, ਕਿਸ਼ੋਰਾਂ ਅਤੇ ਉਨ੍ਹਾਂ ਦੇ ਮਾਪਿਆਂ ਵਿਚਕਾਰ ਨਹੀਂ ਜਾਂਦਾ, ਕਿਉਂ ਜੋ ਰਿਵਾਜਤਨ ਇਹ ਵਿਸਾ ਵਰਜਿਤ ਮੰਨਿਆ ਜਾਂਦਾ ਹੈ। ਮਾਵਾ ਆਪਣੀਆਂ ਧੀਆਂ ਨਾਲ, ਮਾਂਹਵਾਰੀ ਸਮੇਤ ਸੈਕਸ ਸੰਬੰਧੀ ਹੋ ਰਹੇ ਸਰੀਰਕ ਬਦਲਾਅ ਬਾਰੇ ਗੱਲ ਕਰਦੀਆਂ ਸੰਗਦੀਆ ਹਨ। ਸਿਰਫ਼ ਅੱਧੀਆਂ ਪੜ੍ਹੀਆ-ਲਿਖੀਆਂ ਸਹਿਰੀ ਮਾਵਾਂ ਹੀ ਆਪਣੀਆਂ ਧੀਆ ਨੂੰ ਮਾਂਹਵਾਰੀ ਸ਼ੁਰੂ ਹੋਣ ਤੋਂ ਪਹਿਲਾ ਇਸ ਵਿਸ਼ੇ ਬਾਰੇ ਦੱਸਣ ਦਾ ਉਚੇਚੇ ਤੌਰ 'ਤੇ ਉਪਰਾਲਾ ਕਰਦੀਆਂ ਹਨ। ਬਹੁਤੀਆਂ ਕੁੜੀਆਂ ਥੋੜ੍ਹੀ ਬਹੁਤ ਅਧੂਰੀ ਜਾਣਕਾਰੀ ਆਪਣੀਆਂ ਰਿਸ਼ਤੇਦਾਰ ਔਰਤਾ ਅਤੇ ਸਹੇਲੀਆ ਤੋਂ ਹਾਸਿਲ ਕਰਦੀਆਂ ਹਨ, ਉਹ ਵੀ ਗੱਪਾਂ ਦੀ ਸ਼ਕਲ ਵਿਚ, ਨਾਂ ਕਿ ਤੱਥਾ ਦੇ ਰੂਪ ਵਿੱਚ। ਭਾਰਤ ਵਿਚ ਬਹੁਤੀਆ ਕੁੜੀਆ, ਜਦੋਂ ਪਹਿਲੀ ਵਾਰੀ ਮਾਂਹਵਾਰੀ ਵਿਚ ਦਾਖਿਲ ਹੁੰਦੀਆ ਹਨ, ਉਦੋਂ ਉਨ੍ਹਾ ਨੂੰ ਨਾ ਇਸ ਦਾ ਪਤਾ ਹੁੰਦਾ ਹੈ ਅਤੇ ਨਾ ਹੀ ਇਹ ਪਤਾ ਹੁੰਦਾ ਹੈ ਕਿ ਹੁਣ ਉਹ ਕੀ ਕਰਨ।

ਜੇ ਕੁੜੀਆ ਨੂੰ ਪਹਿਲੋਂ ਹੀ ਮਾਂਹਵਾਰੀ ਬਾਰੇ ਜਾਣਕਾਰੀ ਨਾਂ ਹੋਵੇ ਤਾ ਪਰੇਸ਼ਾਨੀ ਹੋ ਸਕਦੀ ਹੈ। ਇਸ ਨਾਲ ਸਦਮਾ ਵੀ ਪਹੁੰਚ ਸਕਦਾ ਹੈ। ਜਿਵੇਂ ਕਿ ਹਰ ਇਕ ਦਾ ਤਜ਼ੁਰਬਾ ਦੂਸਰੇ ਨਾਲੋਂ ਵੱਖਰਾ ਹੁੰਦਾ ਹੈ , ਕੁੜੀਆ ਬਹੁਤ ਜ਼ਿਆਦਾ ਬੇਚੈਨ ਹੁੰਦੀਆ ਹਨ ਕਿ ਇਹ ਕੀ ਹੋ ਰਿਹਾ ਹੈ? ਬਹੁਤੀਆਂ ਕੁੜੀਆਂ ਪਹਿਲਾਂ ਇਹ ਸਮਝਦੀਆਂ ਹਨ ਕਿ ਕੋਈ ਬਿਮਾਰੀ ਜਾਂ ਜ਼ਖਮ ਹੋਇਆ ਹੈ ਅਤੇ ਕਿਸੇ ਨੂੰ ਵੀ ਖ਼ੂਨ ਆਉਣ ਬਾਰੇ ਨਹੀਂ ਦੱਸਦੀਆ, ਜਦੋਂ ਤਕ ਕੋਈ ਹੋਰ ਧਿਆਨ ਨਾ ਕਰੇ। ਇਸੇ ਦੌਰਾਨ ਉਹ ਹੀਣ ਭਾਵਨਾ ਪੈਦਾ ਕਰ ਲੈਂਦੀਆ ਹਨ ਕਿ ਉਨ੍ਹਾ ਤੋਂ ਕੁਝ ਗਲਤ ਤਾ ਨਹੀਂ ਹੋ ਗਿਆ ਜਾਂ ਆਪਣੀ ਸਰੀਰਕ ਕ੍ਰਿਆ ਬਾਰੇ ਕਈ ਤਰ੍ਹਾਂ ਦੇ ਅਜੀਬ ਵਿਚਾਰ ਆਉਣ ਲੱਗਦੇ ਹਨ।

ਕਈ ਰਿਵਾਇਤੀ ਬਿਰਾਦਰੀਆ ਜਿਵੇ ਕੇਰਲਾ ਦੇ ਨਈਅਰ ਅਤੇ ਕਰਨਾਟਕ ਤੇ ਤਾਮਿਲਨਾਡੂ ਦੀਆ ਕਈ ਜਾਂਤਾ ਵਿਚ, ਲੜਕੀਆ ਦੀ ਮਾਹਵਾਰੀ ਦੀ ਸ਼ੁਰੂਆਤ ਜਸ਼ਨ ਮਨਾ ਕੇ ਦੱਸੀ ਜਾਦੀ ਹੈ। ਇਸ ਲਈ ਉਸ ਨੂੰ ਇਹ ਘਟਨਾ ਛੁਪਾਉਣ ਦੀ ਲੋੜ ਨਹੀ ਹੁੰਦੀ, ਸਗੋਂ ਮਾਹਵਾਰੀ ਸ਼ੁਰੂ ਹੋਣ ਦੀ ਉਡੀਕ ਹੁੰਦੀ ਹੈ, ਕਿਉਂ ਜੋ ਜਸਨ ਨਾਲ ਨਵੇਂ ਕਪੜੇ, ਜ਼ੇਵਰ ਅਤੇ ਰੁਤਬਾ ਹਾਸਿਲ ਹੁੰਦਾ ਹੈ। ਇਸ ਜਸ਼ਨ ਰਾਹੀ ਪਰਿਵਾਰ ਬਰਾਦਰੀ ਨੂੰ ਸੂਚਿਤ ਕਰਦਾ ਹੈ ਕਿ ਉਨ੍ਹਾਂ ਦੀ ਧੀ ਨੇੜਲੇ ਭਵਿੱਖ ਵਿਚ ਵਿਆਹ ਲਈ ਤਿਆਰ ਹੈ। ਉਂਜ, ਭਾਰਤ

ਵਿਚ ਬਹੁਤੀਆਂ ਕੁੜੀਆਂ ਮਾਂਹਵਾਰੀ ਹੋਣ ਦੇ ਲੱਛਣ ਲਕੋਂਦੀਆਂ ਹਨ। ਉਨ੍ਹਾਂ ਨੂੰ ਕੁਝ ਬੰਧਨਾਂ ਦੀ ਪਾਲਣਾ ਕਰਨੀ ਪੈਂਦੀ ਹੈ, ਕਿਉਂ ਜੋ ਮਾਂਹਵਾਰੀ ਦੌਰਾਨ ਉਨ੍ਹਾਂ ਨੂੰ ਮਾੜਾ ਸਮਝਿਆ ਜਾਂਦਾ ਹੈ। ਉਦਾਹਰਣ ਵਜੋਂ ਕਈ ਬਿਰਾਦਰੀਆਂ ਵਿਚ ਉਨ੍ਹਾ ਨੂੰ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਵੱਖਰਾ ਕਰ ਦਿੱਤਾ ਜਾਦਾ ਹੈ, ਰਸੋਈ, ਮੰਦਰ ਜਾਂ ਕਿਸੇ ਹੋਰ ਪੂਜਾ ਵਾਲੀ ਥਾਂ ਤੇ ਨਹੀਂ ਜਾਣ ਦਿੱਤਾ ਜਾਂਦਾ ਅਤੇ ਉਹ ਕੁਝ ਖਾਣੇ ਵੀ ਨਹੀਂ ਖਾ ਸਕਦੀਆਂ। ਉਨ੍ਹਾ ਨੂੰ ਵਿਪਰੀਤ ਸੈਕਸ ਦੇ ਮੈਂਬਰਾ ਨਾਲ ਮੇਲਜੋਲ ਰੱਖਣ ਅਤੇ ਖੇਡਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ ਹੈ।

ਮੁੰਡਿਆਂ ਲਈ ਵੀ ਕਈ ਬਿਰਾਦਰੀਆਂ ਵਿਚ ਕਿਸ਼ੋਰ ਅਵਸਥਾ ਦੀ ਸ਼ੁਰੂਆਤ ਜਸ਼ਨ ਨਾਲ ਹੁੰਦੀ ਹੈ। ਇਹ ਮੋਢਿਆਂ ਅਤੇ ਕਮਰ ਦੁਆਲੇ ਪਵਿੱਤਰ ਧਾਗਾ ਪਾਉਣ ਦੀ ਰਸਮ (ਉਪਨਿਆਨਮ) ਹੋ ਸਕਦੀ ਹੈ ਜਾ ਸਿਰਫ਼ ਪੂਜਾ ਦੀ ਸਕਲ ਵਿਚ, ਜਿਸ ਦੌਰਾਨ ਘਰ ਦੀਆਂ ਕੁਝ ਕੁ ਜ਼ਿੰਮੇਵਾਰੀਆਂ ਉਨ੍ਹਾ ਨੂੰ ਦਿੱਤੀਆਂ ਜਾਂਦੀਆਂ ਹਨ। ਬਹੁਤੀ ਵਾਰੀ ਇਹ ਜਸ਼ਨ ਸਹਿਰ ਅਤੇ ਪਿੰਡ ਦੇ ਉੱਚੀ ਜਾਤੀ ਦੇ ਪਰਿਵਾਰਾ ਵਿਚ ਹੀ ਹੁੰਦੇ ਹਨ।

ਇਕ ਤਜ਼ੁਰਬਾ ਜੋ ਬਹੁਤੇ ਮੁੰਡੇ ਖਾਸ ਯਾਦ ਰੱਖਦੇ ਹਨ, ਉਹ ਹੈ ਪਹਿਲੀ ਵਾਰੀ ਵੀਰਜ ਦਾ ਖਾਰਜ਼ ਹੋਣਾ। ਇਹ ਰਾਤ ਨੂੰ ਹੋ ਸਕਦਾ ਹੈ (ਸੁਪਨਦੋਸ) ਜਾ ਦਿਨੇ ਵੀ। ਇਹ ਆਪਮੁਹਾਰੇ ਵੀ ਹੋ ਸਕਦਾ ਹੈ ਜਾ ਹੱਥ ਮੈਥੁਨ ਰਾਹੀਂ ਵੀ (ਆਨੰਦ ਪ੍ਰਾਪਤੀ ਲਈ ਆਪਣੇ ਲਿੰਗ ਨੂੰ ਖੁਦ ਉਤੇਜਿਤ ਕਰਨਾ)। ਇਨ੍ਹਾ ਦੋਹਾਂ ਹਾਲਤਾ ਵਿਚ, ਵੀਰਜ ਮੁੰਡੇ ਦੇ ਕਪੜੇ ਗਿੱਲੇ ਕਰਦਾ ਹੈ। ਜੇ ਉਸ ਨੂੰ ਇਸ ਵੀਰਜ ਖਾਰਜ ਹੋਣ ਵਾਲੀ ਘਟਨਾ ਦੀ ਪਹਿਲੋ ਜਾਣਕਾਰੀ ਨਾ ਹੋਵੇ ਤਾਂ ਉਹ ਸੋਚਦਾ ਹੈ ਕਿ ਉਸ ਨੂੰ ਕੋਈ ਬਿਮਾਰੀ ਹੈ ਉਹ ਆਪਣੀ ਮਰਦਾਨਗੀ ਗਵਾ ਰਿਹਾ ਹੈ ਅਤੇ ਨੀਮ-ਹਕੀਮਾਂ ਕੋਲ ਦਵਾਈ ਲਈ ਚਾਰਾ ਕਰਦਾ ਹੈ। ਸੁਪਨਦੋਸ਼ ਕਾਮ ਉਤੇਜਕ ਸੁਪਨਿਆਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਦਿਨੇ ਇਸ ਦਾ ਕਾਰਣ ਕਾਮੁਕ ਤਸਵੀਰਾ ਰਾਹੀਂ ਉਤੇਜਿਤ ਹੋਣਾ ਹੈ।

ਬਹੁਤ ਹੀ ਘੱਟ ਮੁੰਡਿਆਂ ਨੂੰ ਆਪਣੇ ਪਿਤਾ ਵੱਲੋਂ ਸੈਕਸ ਬਾਰੇ ਸਿੱਖਿਆ ਮਿਲਦੀ ਹੈ। ਜਿਆਦਾਤਰ ਮੁੰਡੇ, ਵੱਡੇ ਮਰਦ ਰਿਸਤੇਦਾਰਾਂ ਜਾਂ ਦੋਸਤਾਂ ਤੋਂ ਇਸ ਬਾਰੇ ਜਾਣਕਾਰੀ ਹਾਸਲ ਕਰਦੇ ਹਨ। ਲਚਰ ਸਾਹਿਤ ਪੜ੍ਹਨਾ ਵੀ ਜਾਣਕਾਰੀ ਦਾ ਮਾਧਿਅਮ ਹੈ ਭਾਵੇ ਇਹ ਭੰਬਲਭੂਸੇ ਵਿਚ ਵੀ ਪਾਉਂਦਾ ਹੈ ਅਤੇ ਜਾਣਕਾਰੀ ਅਧੂਰੀ ਤੇ ਕੁਰਾਹੇ ਪਾਉਣ ਵਾਲੀ ਹੋ ਸਕਦੀ ਹੈ। ਘਰ ਵਿੱਚ ਮਾਪਿਆਂ ਅਤੇ ਸਕੂਲ ਵਿਚ ਅਧਿਆਪਕਾਂ ਦੀ ਇਹ ਖਾਸ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸ਼ੋਰਾ ਨੂੰ ਸਹੀ ਜਾਣਕਾਰੀ ਮੁਹੱਈਆ ਕਰਵਾਉਣ।

ਜਲਦੀ ਅਤੇ ਦੇਰ ਨਾਲ ਪ੍ਰੋੜ ਹੋਣਾ :

ਜਿਸ ਤਰ੍ਹਾ ਹਥਲੇ ਅਧਿਆਇ ਵਿਚ ਚਰਚਾ ਹੋ ਚੁੱਕੀ ਹੈ ਕਿ ਇਕ ਉਮਰ ਦੀ ਸੀਮਾ

ਹੁੰਦੀ ਹੈ ਜਿਸ ਦੌਰਾਨ ਮੁੰਡੇ ਅਤੇ ਕੁੜੀਆਂ ਸੈਕਸ ਪ੍ਰੋੜ੍ਹਤਾ 'ਤੇ ਪਹੁੰਚਦੇ ਹਨ। ਜੋ ਛੇਤੀ ਪ੍ਰੋੜ੍ਹ ਹੋ ਜਾਂਦੇ ਹਨ ਅਤੇ ਦੂਸਰੇ ਸੈਕਸ ਲੱਛਣ ਦਿੱਸਣ ਲੱਗਦੇ ਹਨ ਤਾਂ ਉਹ ਥੋੜ੍ਹੇ ਸਵੈ-ਚੇਤੰਨ ਹੋ ਜਾਂਦੇ ਹਨ ਕਿਉਂ ਜੋ ਉਹ ਹੋਰਨਾ ਨਾਲੋ ਵੱਡੇ ਦਿੱਸਦੇ ਹਨ ਅਤੇ ਉਹਨਾਂ ਦੇ ਹਾਣੀ ਅਤੇ ਬਾਲਗ ਟੀਕਾ-ਟਿੱਪਣੀ ਕਰਦੇ ਹਨ ਜੋ ਉਨ੍ਹਾਂ ਨੂੰ ਹੋਰਾਂ ਤੋਂ ਵਖਰਿਆਉਂਦੀ ਹੈ। ਵੈਸੇ, ਛੇਤੀ ਪੋੜ੍ਹ ਹੋਣਾ ਭਵਿੱਖ ਵਿਚ ਕਿਸੇ ਤਰ੍ਹਾਂ ਦਾ ਕੋਈ ਪ੍ਰਤੀਕੂਲ ਅਸਰ ਨਹੀਂ ਪਾਉਂਦਾ ਕਿਉਂ ਜੋ ਛੇਤੀ ਵੱਡੇ ਹੋਣ ਨਾਲ, ਉਹ ਹਾਣੀਆਂ ਤੋਂ ਵੱਡੇ ਦਿੱਸਦੇ ਹਨ, ਇਸ ਲਈ ਉਹ ਹੋਰਾਂ ਨਾਲੋਂ ਆਪਣੇ ਦੋਸਤਾਂ ਲਈ ਸਲਾਹਕਾਰ ਬਣਦੇ ਹਨ।

ਦੇਰ ਨਾਲ ਪ੍ਰੋੜ੍ਹ ਹੋਣ ਵਾਲੇ, ਅੱਲ੍ਹੜ ਉਮਰ ਦੀ ਸੀਮਾ ਦੇ ਆਖਰੀ ਵਰ੍ਹਿਆਂ ਵਿਚ ਪ੍ਰੋੜ੍ਹ ਹੁੰਦੇ ਹਨ। ਉਹ ਆਪਣੀ ਸਾਧਾਰਨਤਾ ਬਾਰੇ ਚਿੰਤਿਤ ਹੁੰਦੇ ਹਨ ਕਿਉ ਜੋ ਉਹ ਦੇਖਦੇ ਹਨ ਕਿ ਉਨ੍ਹਾਂ ਵਿਚ ਉਹ ਵਿਕਾਸ ਚਿੰਨ੍ਹ ਨਹੀਂ ਹਨ, ਜੋ ਹੋਰਾਂ ਵਿਚ ਹਨ। ਇਸ ਲਈ ਜਦੋਂ ਕੁੜੀਆਂ ਵਿਚ ਛਾਤੀ ਦਾ ਵਿਕਾਸ ਅਤੇ ਮੁੰਡਿਆ ਵਿਚ ਦਾੜ੍ਹੀ ਦਾ ਆਉਣਾ ਪੱਛੜ ਜਾਵੇ ਤਾ ਕਈਆ ਨੂੰ ਇਸ ਨਾਲ ਚਿੰਤਾ ਹੋ ਜਾਦੀ ਹੈ। ਉਨ੍ਹਾਂ ਦੇ ਹਾਣੀ, ਉਨ੍ਹਾਂ ਨੂੰ 'ਬੱਚਾਂ' ਅਤੇ ਅਧਿਆਪਕ ਹੋਰਾ ਨਾਲੋਂ ਛੋਟਾ ਸਮਝਦੇ ਹਨ। ਪਰ ਜਦੋਂ ਵੀ ਅੱਲ੍ਹੜ ਉਮਰ ਦਾ ਵਿਕਾਸ ਸ਼ੁਰੂ ਹੁੰਦਾ ਹੈ, ਤਾ ਦੇਰ ਨਾਲ ਪ੍ਰੋੜ੍ਹ ਹੋਣ ਵਾਲੇ ਮਰਦ ਅਤੇ ਔਰਤ ਲੋੜੀਂਦੇ ਬਦਲਾਆ ਨੂੰ ਛੇਤੀ ਫੜ ਲੈਂਦੇ ਹਨ। ਹਰ ਇਕ ਕਿਸੋਰ ਦੇ ਅੰਤਿਮ ਸਰੀਰਕ ਗੁਣ, ਮੁੰਡਾ ਜਾ ਕੁੜੀ, ਮੁੱਖ ਤੌਰ ਤੇ ਇਸ ਗੱਲ ਤੋਂ ਨਿਰਧਾਰਿਤ ਹੁੰਦੇ ਹਨ ਕਿ ਕੀ ਉਸ ਨੇ ਵੰਸ਼ ਤੋਂ ਹਾਸਲ ਕੀਤਾ ਹੈ ਅਤੇ ਕੀ ਉਸ ਦੀ ਮੌਜੂਦਾ ਸਿਹਤ ਸਥਿਤੀ ਹੈ।

ਕਿਸੋਰ ਅਵਸਥਾ ਦੌਰਾਨ ਸਰੀਰ ਵਿਚ ਨਾਟਕੀ ਵਾਧੇ ਕਾਰਣ *ਸਰੀਰਕ ਦਿੱਖ* ਬਦਲਦੀ ਹੈ। ਸਰੀਰ ਨੂੰ ਸਵੈ ਦਾ ਪ੍ਰਤੀਬਿੰਬ ਸਮਝਿਆ ਜਾਦਾ ਹੈ। ਇਹ ਸਰਮ ਅਤੇ ਅਧੂਰੇਪਨ ਦਾ ਅਹਿਸਾਸ ਕਰਵਾ ਸਕਦੀ ਹੈ ਜਾਂ ਖੁਸ਼ੀ ਅਤੇ ਮਾਣ ਵੀ ਲਿਆ ਸਕਦੀ ਹੈ। ਹਰ ਸਮਾਜ ਵਿਚ, ਕਿਸੇ ਖਾਸ ਕਿਸਮ ਦੀ ਸਰੀਰਕ ਬਣਤਰ ਨੂੰ ਮਾਨਤਾ ਮਿਲੀ ਹੁੰਦੀ ਹੈ! ਪਿੰਡਾਂ ਦੇ ਮੁਕਾਬਲੇ, ਖਾਸ ਕਰ, ਸ਼ਹਿਰਾਂ ਅਤੇ ਕਸਬਿਆ ਵਿਚ ਯੁਵਕ ਇਕ ਮਿਆਰੀ ਸਰੀਰ ਬਾਰੇ ਗੱਲਾਂ ਕਰਦੇ ਅਤੇ ਸੁਣਦੇ ਹਨ। ਟੈਲੀਵੀਜ਼ਨ ਦੇ ਪ੍ਰੋਗਰਾਮ, ਫਿਲਮਾਂ ਅਤੇ ਹੋਰ ਵਰਗਾਂ ਦੇ ਹਮਉਮਰ ਨਾਲ ਮੇਲ-ਜੋਲ ਕਿਸ਼ੋਰਾ ਦੀ ਰਾਏ ਨੂੰ ਪ੍ਰਭਾਵਿਤ ਕਰਦੇ ਹਨ। ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਦੇ ਨਾਇਕ-ਨਾਇਕਾਵਾਂ, ਪੇਸ਼ਾਵਰ ਮਾਡਲਾਂ ਅਤੇ ਫ਼ੈਸ਼ਨ ਲੀਡਰਾਂ ਨੂੰ ਆਦਰਸ਼ ਮੰਨਿਆ ਜਾਂਦਾ ਹੈ ਅਤੇ ਉਹ ਨੀਹ ਪਾਉਣ ਵਾਲੇ ਬਣ ਜਾਦੇ ਹਨ। ਉਨ੍ਹਾਂ ਦੀ ਸਿਰਫ਼ ਸਰੀਰਕ ਦਿੱਖ ਦੀ ਹੀ ਤਾਰੀਫ਼ ਨਹੀਂ ਹੁੰਦੀ, ਸਗੋਂ ਕਪੜਿਆਂ ਦਾ ਢੰਗ, ਵਾਲ, ਚਾਲ-ਢਾਲ ਵੀ ਨਕਲ ਦੇ ਨਮੂਨੇ ਬਣਦੇ ਹਨ। ਕੁੜੀਆਂ ਪਤਲੀਆਂ ਅਤੇ ਸੁੰਦਰ ਬਣਨ ਦੀਆਂ ਚਾਹਵਾਨ ਹੁੰਦੀਆਂ ਹਨ ਅਤੇ ਮੁੰਡੇ ਲੰਮੇ ਅਤੇ ਗਠੀਲੇ ਬਣਨਾ ਚਾਹੁੰਦੇ ਹਨ। ਉਹੀ ਜੋ ਕੁਝ ਉਹ ਸੰਚਾਰ ਮਾਧਿਅਮਾਂ

ਵਿਚ ਪ੍ਰਸਾਰਿਤ ਹੋਇਆ ਦੇਖਦੇ ਹਨ।

ਫਿਰ ਵੀ, ਸਾਰੇ ਕਿਸ਼ੋਰ ਉਹੋ ਜਿਹਾ ਨਹੀਂ ਦਿੱਸ ਸਕਦੇ, ਜਿਹੋ ਜਿਹਾ ਉਹ ਚਾਹੁੰਦੇ ਹਨ ਕਿਉਂ ਜੋ ਵੰਸ਼ ਦੇ ਗੁਣ ਬਦਲੇ ਨਹੀਂ ਜਾ ਸਕਦੇ। ਉਹ ਜੋ ਮਿਆਰੀ ਦਿੱਖ ਨਾਲੋਂ ਆਪਣੇ ਆਪ ਨੂੰ ਵੱਖਰਾ ਦੇਖਦੇ ਹਨ, ਆਪਣੇ 'ਸਰੀਰਕ ਦਿੱਖ' ਬਾਰੇ ਮਾੜੇ ਪ੍ਰਭਾਵ ਵਿਕਸਿਤ ਕਰਦੇ ਹਨ। ਇਕ ਲੜਕੀ ਆਪਣੀ ਚਾਚੀ ਜਾਂ ਦਾਦੀ ਕੋਲੋਂ ਸੁਣਦੀ ਹੈ, 'ਤੂੰ ਏਨ੍ਹੀ ਕਾਲੀ ਐਂ, ਤੇਰੇ ਮਾਪੇ ਤੇਰੇ ਵਾਸਤੇ ਲਾੜਾ ਕਿਵੇਂ ਲੱਭਣਗੇ?' ਜਾਂ ਇਕ ਮੁੰਡੇ ਨੂੰ ਕਿਹਾ ਜਾਦਾ ਹੈ, 'ਤੇਰਾ ਕੱਦ ਏਨਾ ਛੋਟਾ ਹੈ ਤਾਂ ਹੀ ਦੂਸਰੇ ਮੁੰਡਿਆਂ ਕੋਲੋਂ ਦਬਕਾਇਆ ਜਾਂਦਾ ਹੈ।' ਫਿਰ ਵੀ, ਬਹੁਤਾ ਭਾਰਤੀ ਸਮਾਜ ਕਿਸ਼ੋਰਾਂ ਦੇ ਸਰੀਰਕ ਗੁਣਾਂ ਨੂੰ ਅਹਿਮੀਅਤ ਨਹੀਂ ਦਿੰਦਾ ਜਿਵੇਂ ਕਿ ਹੋਰ ਸਭਿਆਚਾਰਾਂ ਜਿਵੇਂ ਯੂਰਪ, ਅਮਰੀਕਾ ਵਿਚ ਇਹੀ ਸੱਚ ਹੈ। ਯੁਵਕਾਂ ਨੂੰ ਘੱਟ ਨਜ਼ਰੀ ਪੈਂਦੇ ਗੁਣਾਂ ਜਿਵੇਂ ਸੁਭਾਅ, ਜ਼ਿੰਮੇਵਾਰੀ, ਵੱਡਿਆਂ ਦਾ ਸਤਿਕਾਰ ਅਤੇ ਮਿਲਣਸਾਰ ਹੋਣ ਦੇ ਆਧਾਰ 'ਤੇ ਵੀ ਪਰਖਿਆ ਜਾਦਾ ਹੈ। ਅਕਸਰ ਅਸੀਂ ਲੋਕਾਂ ਨੂੰ ਗੱਲਾਂ ਕਰਦੇ ਸੁਣਦੇ ਹਾਂ ਕਿ ਸੂਰਤ ਨਾਲੋਂ ਸੀਰਤ ਜ਼ਿਆਦਾ ਮਹਤੱਵਪੂਰਣ ਹੁੰਦੀ ਹੈ।

ਜਿਨ੍ਹਾਂ ਕਿਸ਼ੋਰਾ ਦੀ ਸਰੀਰਕ ਦਿੱਖ ਸੁੰਦਰ ਨਹੀਂ ਹੁੰਦੀ, ਜੇ ਉਨ੍ਹਾ ਨੂੰ ਪਰਿਵਾਰ ਅਤੇ ਹਾਣੀਆ ਵੱਲੋਂ ਸ਼ੁਰੂ ਤੋਂ ਹੀ, ਹੋਰ ਗੁਣਾਂ ਪ੍ਰਤੀ ਹਾਂ-ਪੱਖੀ ਸੁਨੇਹਾ ਮਿਲੇ ਤਾਂ ਉਹ ਵੱਡੇ ਹੋ ਕੇ ਆਪਣੇ ਆਪ ਨੂੰ ਚਾਹੁਣ ਲੱਗਦੇ ਹਨ। ਪਰ ਜੋ ਇਸ ਤਰ੍ਹਾ ਦੇ ਭਾਗਾ ਵਾਲੇ ਨਹੀਂ ਹੁੰਦੇ, ਆਪਦੀ ਜਵਾਨੀ ਵਿਚ ਅੱਧੇ-ਅਧੂਰੇ ਮਹਿਸੂਸ ਕਰਦੇ ਰਹਿੰਦੇ ਹਨ।

ਅੱਲ੍ਹੜ ਉਮਰ ਨਾਲ ਸੰਬੰਧਿਤ ਵਿਕਾਰ

ਮੋਟਾਪਾ : ਉਸ ਵਿਅਕਤੀ ਨੂੰ ਮੋਟਾ ਸਮਝਿਆ ਜਾਂਦਾ ਹੈ ਜੇਕਰ ਉਸ ਦਾ ਭਾਰ, ਉਮਰ, ਲੰਬਾਈ ਅਤੇ ਸਰੀਰਕ ਬਣਤਰ ਅਨੁਸਾਰ ਲੋੜੀਂਦੇ ਭਾਰ ਤੋਂ 20 ਫੀਸਦੀ ਜਾਂ ਇਸ ਤੋਂ ਵੱਧ ਹੋਵੇ। ਅੱਲ੍ਹੜ ਉਮਰੇ ਜਦੋਂ ਵਿਕਾਸ ਦੀ ਰਫ਼ਤਾਰ ਤੇਜ ਹੁੰਦੀ ਹੈ, ਕਿਸ਼ੋਰ ਬਹੁਤ ਭੁੱਖ ਮਹਿਸੂਸ ਕਰਦੇ ਹਨ। ਮੁੰਡੇ ਕੁੜੀਆਂ ਨਾਲੋਂ ਕਿਤੇ ਵੱਧ ਖਾ ਜਾਂਦੇ ਹਨ। ਜੇ ਇਹ ਯੁਵਕ ਸਰੀਰਕ ਕ੍ਰਿਆਵਾਂ ਵਿਚ ਨਾ ਰੁੱਝਣ ਅਤੇ ਉਨ੍ਹਾ ਪਰਿਵਾਰਾਂ ਨਾਲ ਸੰਬੰਧਿਤ ਹੋਣ, ਜਿੱਥੇ ਮਾਂ-ਪਿਉ ਵਿਚੋਂ ਇਕ ਜਾਂ ਦੋਵੇ ਮੋਟੇ ਹੋਣ ਤਾਂ ਇਨ੍ਹਾਂ ਦੇ ਮੋਟੇ ਹੋਣ ਦੀ ਬਹੁਤ ਸੰਭਾਵਨਾ ਹੁੰਦੀ ਹੈ। ਜ਼ਿਆਦਾ ਕਾਰਬੋਜ਼ ਅਤੇ ਚਰਬੀ ਵਾਲੀ ਖੁਰਾਕ ਅਤੇ ਵਕਤ-ਬੇਵਕਤ ਖਾਣਾ, ਮੋਟਾਪੇ ਦੇ ਹੋਰ ਕਾਰਣ ਹਨ। ਕੁੜੀਆਂ ਦੀ ਮੁੰਡਿਆਂ ਨਾਲ ਤੁਲਨਾ ਕਰੀਏ ਤਾ ਉਹ ਜ਼ਿਆਦਾ ਮੋਟੀਆਂ ਹੁੰਦੀਆਂ ਹਨ। ਕਿਉਂ ਜੋ ਮੁੰਡਿਆਂ ਦੇ ਮੁਕਾਬਲੇ ਉਹ ਜ਼ਿਆਦਾ ਬੈਠੀਆ ਰਹਿੰਦੀਆ ਹਨ ਅਤੇ ਉਨ੍ਹਾਂ ਦੀ ਊਰਜਾ ਦੀ ਖਪਤ ਨਹੀਂ ਹੁੰਦੀ।

ਬਹੁਤੇ ਸ਼ਹਿਰਾਂ ਵਿਚ, ਕਿਸ਼ੋਰਾਂ ਨੂੰ ਅਤੇ ਹੋਰ ਉਮਰ ਦੇ ਲੋਕਾਂ ਨੂੰ, ਜੋ ਭਾਰ ਘਟਾਉਣਾ ਚਾਹੁੰਦੇ ਹਨ, ਭਾਰ ਘਟਾਉਣ ਦੇ ਕੇਂਦਰ ਲੁਭਾਉਂਦੇ ਹਨ। ਇਹ ਕਾਫ਼ੀ ਮਹਿੰਗੇ ਸਾਧਨ ਹਨ

ਅਤੇ ਕਈ ਹਫ਼ਤਿਆਂ ਤੋਂ ਕਈ ਮਹੀਨਿਆਂ ਤਕ ਚਲਦੇ ਹਨ। ਇਨ੍ਹਾਂ ਵਿਚੋਂ ਕਈ ਪ੍ਰੋਗਰਾਮ ਤੁਰੰਤ ਭਾਰ ਘਟਾਉਣ ਲਈ ਨੁਕਸਾਨਦਾਇਕ ਤਰੀਕਿਆਂ ਦੀ ਵਰਤੋਂ ਕਰਦੇ ਹਨ, ਜਿੱਥੇ ਇਲਾਜ ਸਿਰਫ਼ ਥੋੜ੍ਹੇ ਸਮੇਂ ਲਈ ਹੀ ਚਲਦਾ ਹੈ। ਖੁਰਾਕ ਨੂੰ ਘਟਾ ਕੇ ਇਕਦਮ ਭਾਰ ਨਹੀਂ ਘਟਾਉਣਾ ਚਾਹੀਦਾ ਕਿਉਂਕਿ ਆਮ ਸਰੀਰਕ ਕਾਰਜ ਪ੍ਰਣਾਲੀ ਵਿਚ ਦਖ਼ਲ ਦਿੰਦਾ ਹੈ।

ਮੋਟੇ ਕਿਸ਼ੋਰ ਮਜ਼ਾਕ ਦਾ ਪਾਤਰ ਬਣਦੇ ਹਨ ਜੋ ਉਨ੍ਹਾਂ ਦੇ ਸਵੈ-ਮਾਣ ਨੂੰ ਜ਼ਖਮੀ ਕਰਦਾ ਹੈ ਅਤੇ ਹੋਰ ਮਾਨਸਿਕ ਸਮੱਸਿਆਵਾਂ ਵੱਲ ਲੈ ਜਾਂਦਾ ਹੈ। ਅਜੀਬ ਗੱਲ ਹੈ ਕਿ ਇਕੱਲੇ ਪਨ ਅਤੇ ਉਦਾਸੀ ਕਾਰਣ ਇਹ ਵਿਅਕਤੀ ਆਮ ਨਾਲੋਂ ਜ਼ਿਆਦਾ ਖਾਂਦੇ ਹਨ ਅਤੇ ਹਾਲਤ ਨੂੰ ਹੋਰ ਵਿਗਾੜ ਲੈਂਦੇ ਹਨ। ਮੋਟੇ ਕਿਸ਼ੋਰਾਂ ਨੂੰ ਖੁਰਾਕ ਬਾਰੇ ਸਲਾਹ ਦੀ ਲੋੜ ਹੁੰਦੀ ਹੈ ਅਤੇ ਆਪਣੇ ਬਾਰੇ ਹਾਂ-ਪੱਖੀ ਸੋਚਣ ਲਈ ਕਈ ਵਾਰੀ ਮਨੋਵਿਗਿਆਨਕ ਰਾਏ ਦੀ ਜਰੂਰਤ ਹੁੰਦੀ ਹੈ।

ਘੱਟ ਭਾਰ : ਸਾਡੇ ਦੇਸ਼ ਵਿਚ ਜਿੱਥੇ, ਸਮਾਜ ਦੇ ਧਨਾਢ ਵਰਗ ਵਿਚ ਮੋਟਾਪੇ ਦੀ ਸਮੱਸਿਆ ਹੈ, ਉੱਥੇ ਮਾੜੀ ਖੁਰਾਕ ਕਾਰਣ ਘੱਟ ਭਾਰ ਇਕ ਮੁੱਖ ਸਮੱਸਿਆ ਹੈ। ਕਿਉਂ ਜੋ ਸਾਡੀ ਆਬਾਦੀ ਦਾ ਵੱਡਾ ਹਿੱਸਾ ਗਰੀਬੀ ਵਿਚ ਰਹਿੰਦਾ ਹੈ। ਵਧ ਰਹੇ ਬੱਚੇ ਪੂਰੀ ਖੁਰਾਕ ਹਾਸਿਲ ਨਹੀਂ ਕਰਦੇ ਅਤੇ ਆਪਣੇ ਸੰਭਾਵੀ ਭਾਰ ਅਤੇ ਕੱਦ ਤਕ ਨਹੀਂ ਪਹੁੰਚਦੇ। ਕਿਸ਼ੋਰਾ ਦੀ ਵਿਕਾਸ ਉਛਾਲ ਬਾਲਗ ਜਿੰਨੀਆ ਕੈਲੋਰੀਜ ਅਤੇ ਖੁਰਾਕੀ ਤੱਤਾਂ ਦੀ ਮੰਗ ਕਰਦੀ ਹੈ। ਜਦੋਂ ਕਿਸ਼ੋਰਾ ਨੂੰ ਪੂਰਾ ਖਾਣ ਨੂੰ ਨਹੀਂ ਮਿਲਦਾ ਜਾ ਜੋ ਉਹ ਖਾਂਦੇ ਹਨ, ਉਸ ਵਿਚ ਖੁਰਾਕੀ ਤੱਤਾਂ ਦੀ ਘਾਟ ਹੁੰਦੀ ਹੈ, ਉਨ੍ਹਾਂ ਦਾ ਵਿਕਾਸ ਅਤੇ ਤਾਕਤ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ।

ਇੰਡੀਅਨ ਕੌਂਸਿਲ ਆਫ਼ ਮੈਡੀਕਲ ਰਿਸਰਚ 1990 ਦੇ ਅਨੁਸਾਰ ਰੋਜਾਨਾ ਕੈਲੋਰੀਜ਼ ਦੀ ਲੋੜ ਇਸ ਤਰ੍ਹਾਂ ਹੈ :

	ਮੁੰਡੇ	ਕੁੜੀਆਂ
ਉਮਰ	ਕੈਲੋਰੀਜ਼ (ਊਰਜਾ ਇਕਾਈ)	ਕੈਲੋਰੀਜ਼ (ਊਰਜਾ ਇਕਾਈ)
10–12 ਸਾਲ	2190	1970
13–15 ਸਾਲ	2450	2060
16–18 ਸਾਲ	2640	2060

ਭੁੱਖ ਨਾ ਲੱਗਣਾ : ਇਹ ਖੁਰਾਕ ਨਾਲ ਸੰਬੰਧਿਤ ਵਿਕਾਰ ਹੈ ਜੋ ਕਿ ਅਮੀਰ ਪਰਿਵਾਰਾਂ ਦੇ ਕਿਸ਼ੋਰਾਂ ਖਾਸ ਕਰ ਲੜਕੀਆਂ ਵਿਚ ਹੁੰਦਾ ਹੈ। ਇਹ ਵਿਅਕਤੀ ਪਤਲਾ ਦਿੱਸਣ ਦੇ ਸਨਕੀ ਹੁੰਦੇ ਹਨ ਅਤੇ ਭਾਰ ਵਧਣ ਤੋਂ ਡਰਦੇ ਹਨ। ਇਨ੍ਹਾਂ ਨੂੰ 'ਭੁੱਖ ਹੀਣਤਾ ਦੇ ਸਿਕਾਰ' ਕਿਹਾ ਜਾਂਦਾ ਹੈ। ਅਜਿਹੀਆਂ ਲੜਕੀਆਂ ਸਿਰਫ਼ ਉਹ ਨਹੀਂ ਹੁੰਦੀਆਂ ਜੋ ਖ਼ੁਰਾਕ ਨਹੀਂ ਖਾਂਦੀਆਂ, ਸਗੋਂ ਉਹ ਕਿਸੇ ਮਾਨਸਿਕ ਸਮੱਸਿਆ ਤੋਂ ਪੀੜਤ ਹੁੰਦੀਆਂ ਹਨ, ਜਿਸ ਦੀਆਂ

ਜੜ੍ਹਾਂ, ਮੁੱਢਲੇ ਸਾਲਾਂ ਵਿਚ ਹੁੰਦੀਆਂ ਹਨ। ਕਿਸ਼ੋਰ ਅਵਸਥਾ ਦੌਰਾਨ ਜਦੋਂ ਸਰੀਰ ਦਾ ਭਾਰ ਸਹਿਜ ਵਧ ਰਿਹਾ ਹੁੰਦਾ ਹੈ, ਇਹ ਆਪਣੇ ਸਰੀਰ ਨੂੰ ਕਾਬੂ ਤੋਂ ਬਾਹਰ ਹੋਇਆ ਮਹਿਸੂਸ ਕਰਦੀਆਂ ਹਨ ਅਤੇ ਭੁੱਖਾਂ ਰਹਿਣਾ ਸ਼ੁਰੂ ਕਰ ਦਿੰਦੀਆਂ ਹਨ। ਕਿਉਂ ਜੋ ਸੰਚਾਰ ਮਾਧਿਅਮ ਇਹ ਪ੍ਰਚਾਰਦੇ ਹਨ, 'ਪਤਲਾ ਹੀ ਸੁੰਦਰ ਹੈ' ਭੁੱਖ ਹੀਣਤਾ ਦੇ ਸ਼ਿਕਾਰ ਆਪਣੀ ਭੁੱਖੇ ਰਹਿਣ ਦੀ ਆਦਤ ਨੂੰ ਇਸ ਤਰ੍ਹਾਂ ਉਚਿਤ ਠਹਿਰਾਉਂਦੇ ਹਨ। ਪਤਲਾ ਰਹਿਣ ਲਈ ਉਹ ਕਈ ਵਾਰੀ ਰੋਜ਼ਾਨਾ ਬਹੁਤ ਜ਼ਿਆਦਾ ਕਸਰਤ ਵਿਚ ਰੁੱਝ ਜਾਂਦੀਆਂ ਹਨ।

ਇਹ ਗੱਲ ਨਹੀਂ ਕਿ ਭੁੱਖ ਹੀਣਤਾ ਦੇ ਸਿਕਾਰ ਖਾਣਾ ਪਸੰਦ ਨਹੀਂ ਕਰਦੇ ਜਾਂ ਇਸ ਬਾਰੇ ਸੋਚਦੇ ਨਹੀਂ। ਅਸਲ ਵਿਚ ਉਹ ਇਸ ਬਾਰੇ ਬਹੁਤ ਗੱਲਾਂ ਕਰਦੇ ਹਨ, ਆਪਣਾ ਸਮਾਂ ਖੁਰਾਕ ਬਾਰੇ ਵਿਉਂਤਾਂ ਬਣਾਉਣ ਅਤੇ ਖਾਣੇ ਤਾ ਬੰਦੋਬਸਤ ਕਰਨ ਵਿਚ ਬਿਤਾਉਂਦੇ ਹਨ। ਜਦੋਂ ਕਿ ਉਹ ਬਹੁਤ ਪਤਲੀਆ ਹੁੰਦੀਆਂ ਹਨ, ਭੁੱਖ ਹੀਣਤਾ ਵਾਲੀਆਂ ਕੁੜੀਆਂ ਆਪਣੇ ਆਪ ਨੂੰ ਮੋਟਾ ਸਮਝਦੀਆਂ ਹਨ। ਕਈ ਵਾਰੀ ਭੁੱਖ ਕਾਰਣ ਉਨ੍ਹਾਂ ਨੂੰ ਹਸਪਤਾਨ ਦਾਖਿਲ ਕਰਵਾਉਣਾ ਪੈਂਦਾ ਹੈ।

ਖੁਰਾਕ ਨਾਲ ਸੰਬੰਧਿਤ, ਥੋੜ੍ਹੇ ਜਿਹੇ ਫ਼ਰਕ ਵਾਲਾ ਇਕ ਵਿਕਾਰ, ਖੁਰਾਕੀ ਤਣਾਉ (ਬੂਲੀਮੀਆ ਨਰਵੋਸਾ) ਹੈ। ਇਸ ਵਿਚ ਮਰੀਜ਼ ਸਰੀਰਕ ਤੌਰ ਤੇ ਠੀਕ ਠੀਕ ਹੁੰਦਾ ਹੈ ਅਤੇ ਲੋਕਾਂ ਵਿਚ ਪੂਰੀ ਖੁਰਾਕ ਖਾਂਦਾ ਹੈ। ਪਰ ਲੁਕ-ਛਿਪ ਕੇ ਉਹ ਵੱਧ ਖਾਂਦਾ ਹੈ ਜਦੋਂ ਉਸ ਨੂੰ ਕੋਈ ਦੇਖ ਨਹੀਂ ਰਿਹਾ ਹੁੰਦਾ ਅਤੇ ਫਿਰ ਉਲਟੀ ਨਾਲ ਜਾਂ ਹਲਕੀ ਜਿਹੀ ਪੇਟ ਸਾਫ਼ ਕਰਨ ਵਾਲੀ ਦਵਾਈ ਨਾਲ ਬਾਹਰ ਕੱਢ ਦਿੰਦਾ ਹੈ। ਭੁੱਖ ਹੀਣਤਾ ਦੇ ਮੁਕਾਬਲੇ ਇਹ ਵਿਕਾਰ ਮੁੰਡਿਆਂ ਵਿਚ ਵੱਧ ਦੇਖਣ ਨੂੰ ਮਿਲਦਾ ਹੈ। ਇਹ ਵੀ ਮਾਨਸਿਕ ਸਮੱਸਿਆ ਨਾਲ ਸੰਬੰਧਿਤ ਹੈ ਅਤੇ ਖਾਸ ਕਰ ਅਮੀਰ ਖਾਂਦੇ-ਪੀਦੇ ਕਿਸੋਰਾਂ ਵਿਚ ਪਾਇਆ ਜਾਦਾਂ ਹੈ ਜੋ ਆਪਣੀ ਸਰੀਰਕ ਬਣਤਰ ਬਾਰੇ ਜ਼ਿਆਦਾ ਫਿਕਰਮੰਦ ਹੁੰਦੇ ਹਨ।

ਇਨ੍ਹਾਂ ਦੋਹਾ ਵਿਚੋਂ ਕਿਸੇ ਵੀ ਹਾਲਤ ਦੇ ਸ਼ਿਕਾਰ ਕਿਸੋਰਾਂ ਨੂੰ ਆਪਸੀ ਸੰਬੰਧ ਬਣਾਉਣ ਵਿਚ ਮੁਸਕਿਲ ਆਉਂਦੀ ਹੈ। ਉਹ ਤਣਾਉ ਵਿਚ ਰਹਿੰਦੇ ਹਨ ਅਤੇ ਆਪਣੇ ਆਪ ਨੂੰ ਬਿਮਾਰ ਸਮਝਦੇ ਹਨ। ਮੈਡੀਕਲ ਧਿਆਨ ਤੋਂ ਇਲਾਵਾ ਉਨ੍ਹਾਂ ਨੂੰ ਆਪਣੀਆ ਸਮੱਸਿਆਵਾਂ ਨੂੰ ਨਜਿੱਠਣ ਲਈ ਛੇਤੀ ਮਨੋਵਿਗਿਆਨਕ ਸਲਾਹ ਦੀ ਲੋੜ ਹੁੰਦੀ ਹੈ।

ਖੂਨ ਦੀ ਕਮੀ (ਪਿਲੱਤਣ) : ਸਰੀਰ ਲਈ ਜ਼ਰੂਰੀ ਇਕ ਖੁਰਾਕੀ ਤੱਤ ਲੋਹੇ ਦੀ ਖੂਨ ਵਿਚ ਲੋੜੀਂਦੀ ਮਾਤਰਾ ਦੀ ਘਾਟ ਪਿਲੱਤਣ ਕਹਾਉਂਦੀ ਹੈ। ਇਹ ਸੌ ਮਿਲੀਲੀਟਰ ਖੂਨ ਵਿਚ, ਹੀਮੋਗਲੋਬਿਨ ਦੀ ਮਾਤਰਾ ਦੇ ਰੂਪ ਵਿਚ ਮਾਪੀ ਜਾਂਦੀ ਹੈ। ਕਿਉਂ ਜੋ ਕੁੜੀਆ ਮਾਂਹਵਾਰੀ ਸੁਰੂ ਹੋਣ ਤੋਂ ਬਾਅਦ, ਹਰ ਮਹੀਨੇ ਖੂਨ ਵਹਾਉਣ ਲੱਗਦੀਆਂ ਹਨ, ਉਨ੍ਹਾਂ ਨੂੰ ਲੋਹੇ ਦੀ ਘਾਟ ਕਾਰਣ ਪਿਲੱਤਣ ਹੋ ਜਾਦੀ ਹੈ। ਅਮੀਰ ਘਰਾਂ ਦੀਆਂ ਕੁੜੀਆ ਤਕ ਵੀ ਪਿਲੱਤਣ ਦਾ ਸ਼ਿਕਾਰ ਦੇਖੀਆ ਗਈਆਂ ਹਨ। ਪਿਲੱਤਣ ਵਾਲਾ ਵਿਅਕਤੀ ਪੀਲਾ-ਪੀਲਾ ਦਿੱਸਦਾ ਹੈ ਤੇ ਬਿਨਾ ਬਹੁਤਾ ਕੰਮ ਕੀਤੇ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ। ਇਸ ਘਾਟ ਨੂੰ ਪੂਰਾ ਕਰਨ ਲਈ, ਲੋਹ ਭਰਪੂਰ ਖੁਰਾਕ ਤੋਂ ਇਲਾਵਾ, ਡਾਕਟਰ ਦੀ ਸਲਾਹ

ਨਾਲ ਲੋਹ-ਗੋਲੀਆਂ ਦਾ ਕੋਰਸ ਲੈਣਾ ਜ਼ਰੂਰੀ ਹੋ ਸਕਦਾ ਹੈ।

ਚਮੜੀ ਦੇ ਬਦਲਾਅ : ਚਮੜੀ ਵਿਚ ਇਕ ਜ਼ਿਕਰਯੋਗ ਬਦਲਾਅ ਹੁੰਦਾ ਹੈ ਜੋ ਕਿ ਕਿਸ਼ੋਰਾਂ ਲਈ ਪਰੇਸ਼ਾਨੀ ਪੈਦਾ ਕਰਨ ਵਾਲਾ ਹੋ ਸਕਦਾ ਹੈ। ਪ੍ਰੌੜ੍ਹ ਹੋਣ ਨਾਲ, ਚਮੜੀ ਦੀਆਂ ਚਰਬੀ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਵਾਧੂ ਮਾਤਰਾ ਵਿਚ ਅਰਧ-ਤਰਲੀ ਤੇਲ ਪੈਦਾ ਕਰਦੀਆਂ ਹਨ ਜੋ ਕਿ ਚਮੜੀ ਦੇ ਛੇਦ ਬੰਦ ਕਰ ਦਿੰਦੇ ਹਨ। ਬੰਦ ਛੇਦ ਬਦਲਾਅ ਮਗਰੋਂ ਆਖਿਰ ਚਿਹਰੇ ਦੇ ਮੁਹਾਸੇ ਬਣ ਜਾਂਦੇ ਹਨ। ਇਨ੍ਹਾਂ ਉਭਾਰਾਂ ਨੂੰ ਕਿੱਲ ਜਾਂ ਫਿੰਮਣੀਆਂ ਵੀ ਕਹਿੰਦੇ ਹਨ ਅਤੇ ਇਹ ਬੁਰੇ ਲੱਗਦੇ ਹਨ ਤੇ ਲੰਮੇ ਸਮੇਂ ਲਈ ਦਾਗ਼ ਛੱਡ ਜਾਂਦੇ ਹਨ। ਕਿਉਂ ਜੋ ਕਿਸ਼ੋਰ ਆਪਣੇ ਚਿਹਰੇ ਪ੍ਰਤੀ ਬਹੁਤ ਸੁਚੇਤ ਹੁੰਦੇ ਹਨ, ਕਿੱਲ ਚਿੰਤਾ ਪੈਦਾ ਕਰਦੇ ਹਨ ਅਤੇ ਉਹ ਵੱਖ-ਵੱਖ ਇਲਾਜਾਂ ਲਈ ਹੀਲਾ-ਵਸੀਲਾ ਕਰਦੇ ਹਨ। ਕੁਝ ਕੁ ਨੂੰ ਛੱਡ ਕੇ ਕਿਸ਼ੋਰ ਅਵਸਥਾ ਤੋਂ ਬਾਅਦ ਮੁਹਾਸੇ ਨਿਕਲਣੇ ਬੰਦ ਹੋ ਜਾਂਦੇ ਹਨ।

ਕਿਸ਼ੋਰ ਅਵਸਥਾ ਦੌਰਾਨ ਪਸੀਨੇ ਵਾਲੀਆਂ ਗ੍ਰੰਥੀਆਂ ਵੀ ਖਾਸ ਕਰ ਕੱਛਾ ਅਤੇ ਗੁਪਤ ਅੰਗਾਂ ਦੁਆਲੇ ਤੇਜ਼ੀ ਨਾਲ ਵਧਦੀਆਂ ਹਨ। ਵਾਧੂ ਪਸੀਨੇ ਕਾਰਣ, ਸਰੀਰ ਵਿਚੋ ਬਦਬੂ ਆਉਂਦੀ ਹੈ ਜੋ ਦੂਸਰਿਆ ਨੂੰ ਬੁਰੀ ਲੱਗਦੀ ਹੈ। ਬਦਬੂ ਨੂੰ ਕਾਬੂ ਕਰਨ ਲਈ, ਕਿਸ਼ੋਰ ਅਕਸਰ ਨਹਾਉਂਦੇ ਹਨ ਜਾਂ ਪਾਊਡਰ ਅਤੇ ਇਤਰ-ਖੁਸ਼ਬੂਆ ਆਦਿ ਵਰਤਦੇ ਹਨ।

ਮੁੱਕਦੀ ਗੱਲ ਇਹ ਕਿਹਾ ਜਾ ਸਕਦਾ ਹੈ ਕਿ ਕਿਸ਼ੋਰ ਅਵਸਥਾ ਦੌਰਾਨ ਸਰੀਰ ਅਤੇ ਸੈਕਸ ਵਿਕਾਸ, ਕਿਸ਼ੋਰਾਂ ਦੇ ਆਪਣੇ ਅਤੇ ਹੋਰਾਂ ਦੇ ਨਜ਼ਰੀਏ ਵਿਚ ਮੁੱਖ ਬਦਲਾਅ ਦਾ ਆਧਾਰ ਬਣਦੇ ਹਨ। ਸਰੀਰ ਖਿੱਚ ਦਾ ਕੇਂਦਰ ਹੁੰਦਾ ਹੈ ਅਤੇ ਉਸ ਦੀ ਸੰਭਾਲ ਕਿਸ਼ੋਰਾਂ ਲਈ ਮਹੱਤਵਪੂਰਣ ਕਾਰਜ ਹੁੰਦਾ ਹੈ। ਇਸ ਤੋਂ ਪਹਿਲਾ ਕਿ ਯੁਵਕ ਸਮਾਜਿਕ ਅਤੇ ਜਜ਼ਬਾਤੀ ਤੌਰ ਤੇ ਪ੍ਰੌੜ੍ਹ ਸਵੀਕਾਰੇ ਜਾਣ, ਸਰੀਰ ਪੂਰਾ ਆਕਾਰ ਧਾਰ ਲੈਂਦਾ ਹੈ ਤੇ ਬਚਪਨ ਅਤੇ ਬਾਲਗ ਉਮਰ ਵਿਚਕਾਰ ਵਿੱਥ ਨੂੰ ਭਰਨਾ ਸ਼ੁਰੂ ਕਰ ਦਿੰਦਾ ਹੈ।

ਇਕ ਮੁੱਦਾ : ਛੇਤੀ ਵਿਆਹ

ਸਾਡੇ ਦੇਸ਼ ਵਿੱਚ, ਕਈ ਬਿਰਾਦਰੀਆਂ ਇਹ ਵਿਸ਼ਵਾਸ ਕਰਦੀਆਂ ਹਨ ਕਿ ਮੁੰਡੇ ਅਤੇ ਕੁੜੀਆ ਦਾ ਵਿਆਹ ਛੇਤੀ ਹੋਣਾ ਚਾਹੀਦਾ ਹੈ। ਕਈ ਥਾਵਾਂ ਤੇ ਕੁੜੀਆਂ ਨੂੰ ਮਾਹਵਾਰੀ ਸ਼ੁਰੂ ਹੋਣ ਨਾਲ ਹੀ ਵਿਆਹ ਲਈ ਤਿਆਰ ਸਮਝਿਆ ਜਾਂਦਾ ਹੈ ਜਦੋਂ ਕਿ ਮੁੰਡਿਆਂ ਲਈ ਇਹ ਸਮਾਂ ਉਹ ਹੁੰਦਾ ਹੈ ਜਦੋਂ ਉਹ ਮੁੱਛਾਂ-ਦਾੜ੍ਹੀ ਬਣਾਉਣ ਲੱਗਦੇ ਹਨ। ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਕੁੜੀਆਂ ਔਸਤਨ 15-16 ਸਾਲ ਵਿਚਕਾਰ ਵਿਆਹੀਆਂ ਜਾਂਦੀਆਂ ਹਨ। ਕਿਉਂ ਜੋ ਇਨ੍ਹਾਂ ਚਾਰਾਂ ਰਾਜਾਂ ਦੀ ਆਬਾਦੀ ਭਾਰਤ ਦੀ ਆਬਾਦੀ ਦਾ ਵੱਡਾ ਹਿੱਸਾ ਹੈ, ਇਸ ਤਰ੍ਹਾ ਕੁੱਲ ਮਿਲਾ ਕੇ, ਸਾਡੇ ਦੇਸ਼ ਵਿਚ 50 ਫ਼ੀਸਦੀ ਕੁੜੀਆਂ ਦਾ ਵਿਆਹ ਅੱਲ੍ਹੜ ਉਮਰੇ ਹੋ ਜਾਂਦਾ ਹੈ। ਅਸਲ ਵਿਚ, ਰਾਜਸਥਾਨ ਦੇ ਕਈ ਹਿੱਸਿਆਂ ਵਿਚ ਬਾਲ ਵਿਆਹ ਅਜੇ ਵੀ ਪ੍ਰਚਲਿਤ ਹੈ, ਜਿੱਥੇ 5-10 ਸਾਲ ਦੇ ਬੱਚਿਆ ਦਾ ਵਿਆਹ ਹੋ ਜਾਂਦਾ ਹੈ, ਭਾਵੇਂ ਜਦੋਂ ਤਕ ਉਹ ਵੱਡੇ ਨਹੀਂ ਹੋ ਜਾਂਦੇ, ਆਪਣੇ

ਘਰ ਵਿਚ ਹੀ ਰਹਿੰਦੇ ਹਨ।

ਇਹ ਇਕ ਮੁੱਦਾ ਹੈ ਜੋ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ। ਉਹ ਪਰਿਵਾਰ ਜੋ ਆਪਣੇ ਬੱਚਿਆਂ ਦਾ ਛੇਤੀ ਵਿਆਹ ਕਰ ਦਿੰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਛੋਟੀ ਉਮਰੇ, ਕੁੜੀ ਨੂੰ ਨੂੰਹ ਦੀ ਭੂਮਿਕਾ ਵਿਚ ਢਾਲਣਾ ਆਸਾਨ ਹੁੰਦਾ ਹੈ। ਇਸ ਲਈ ਜੇ ਉਸ ਦਾ ਛੇਤੀ ਵਿਆਹ ਹੁੰਦਾ ਹੈ ਤਾਂ ਉਹ ਸਹੁਰੇ ਘਰ ਛੇਤੀ ਢਲ ਜਾਵੇਗੀ। ਇਹ ਮੰਨਿਆ ਜਾਂਦਾ ਹੈ ਅਤੇ ਕਾਫ਼ੀ ਹੱਦ ਤਕ ਸਹੀ ਵੀ ਹੈ, ਜਿਵੇਂ ਹੀ ਕੁੜੀ ਵੱਡੀ ਹੁੰਦੀ ਹੈ, ਪ੍ਰੋੜ੍ਹ ਹੋਣ ਦੇ ਨਤੀਜੇ ਵਜੋਂ, ਉਹ ਥੋੜ੍ਹੀ ਆਜ਼ਾਦ ਹੋ ਜਾਂਦੀ ਹੈ। ਉਹ ਆਪਣੇ ਵਿਚਾਰ ਬਣਾਉਂਦੀ ਹੈ ਤੇ ਸਵਾਲ ਕਰਨ ਲੱਗਦੀ ਹੈ। ਇਹੀ ਗੱਲ ਮੁੰਡਿਆਂ ਲਈ ਵੀ ਸੱਚ ਹੈ। ਇਕ ਨੌਜਵਾਨ ਜੋ ਆਰਥਿਕ ਤੌਰ ਤੇ ਆਜ਼ਾਦ ਨਹੀਂ ਹੈ ਪਰ ਵਿਆਹਿਆ ਹੋਇਆ ਹੈ, ਘਰ ਦੇ ਫੈਸਲਿਆਂ ਵਿਚ ਘੱਟ ਹੀ ਦਾਅਵਾ ਕਰੇਗਾ। ਉਹ ਵਡੇਰੇ ਜੋ ਮਾਲਿਕ ਹੁੰਦੇ ਹਨ, ਜਵਾਨ ਜੋੜੇ ਨੂੰ ਵਿਚਾਰਾਂ ਅਤੇ ਕਾਰਜ ਦੀ ਸੁਤੰਤਰਤਾ ਦਿੱਤੇ ਬਿਨਾਂ ਘਰ ਨੂੰ ਚਲਾ ਸਕਦੇ ਹਨ।

ਹੋਰ ਦਲੀਲ, ਜੋ ਕੁੜੀਆਂ ਦੇ ਛੇਤੀ ਵਿਆਹ ਨੂੰ ਜਾਰੀ ਰੱਖਣ ਲਈ ਦਿੱਤੀ ਜਾਂਦੀ ਹੈ, ਉਹ ਇਹ ਹੈ ਕਿ ਉਹ ਸੈਕਸ ਦੇ ਸ਼ੋਸ਼ਣ ਪ੍ਰਤੀ ਅਸੁਰੱਖਿਅਤ ਹਨ, ਇਸ ਲਈ ਚੰਗਾ ਹੀ ਹੈ ਕਿ ਉਹ ਪਵਿੱਤਰਤਾ 'ਤੇ ਹਮਲੇ ਤੋਂ ਪਹਿਲਾ ਹੀ ਵਿਆਹੀਆਂ ਜਾਣ। ਇਸ ਤੋਂ ਉਲਟ, ਮੁੰਡਿਆ ਨੂੰ ਆਜ਼ਾਦੀ ਦੇ ਜ਼ਿਆਦਾ ਵਰ੍ਹੇ ਮਿਲਦੇ ਹਨ। ਫਿਰ ਵੀ ਛੇਤੀ ਵਿਆਹ ਨੂੰ ਠੀਕ ਠਹਿਰਾਉਣ ਲਈ ਕਿਹਾ ਜਾਂਦਾ ਹੈ ਕਿ ਉਹ ਮਨਮੌਜੀ ਹੋ ਜਾਣਗੇ, ਇਸ ਲਈ ਇਹੀ ਚੰਗਾ ਹੈ ਕਿ ਉਨ੍ਹਾ ਨੂੰ ਵਿਆਹ ਦੇ ਜਰੀਏ ਬੰਨ੍ਹ ਲਿਆ ਜਾਵੇ।

ਇਨ੍ਹਾ ਸਫ਼ਿਆਂ ਵਿਚ ਤੁਸੀ ਪੜ੍ਹ ਆਏ ਹੋ ਕਿ 12 ਤੋਂ 18 ਸਾਲਾਂ ਦੌਰਾਨ ਕਿਸੋਰਾ ਦੇ ਸਰੀਰ ਵਿਚ ਬਦਲਾਅ ਜਾਰੀ ਰਹਿੰਦਾ ਹੈ, ਜਦੋਂ ਤਕ ਉਹ ਬਾਲਗ ਨਹੀਂ ਹੋ ਜਾਂਦੇ ; ਪ੍ਰਜਣਨ ਪ੍ਰਣਾਲੀ ਅਜੇ ਤਕ ਕਾਰਜ ਲਈ ਤਿਆਰ ਨਹੀਂ ਹੁੰਦੀ ਜਦੋਂ ਤਕ ਉਹ ਕੁਝ ਸਾਲਾਂ ਤਕ ਕ੍ਰਿਆ ਵਿਚ ਨਹੀਂ ਹੁੰਦਾ ਹੈ। ਜੇ ਕੁੜੀ ਦਾ ਛੇਤੀ ਵਿਆਹ, ਉਸ ਲਈ ਅਤੇ ਉਸ ਦੇ ਬੱਚੇ ਲਈ ਖਤਰਾ ਹੁੰਦਾ ਹੈ। ਜੇ ਕੁੜੀ 14 ਤੋਂ 18 ਸਾਲ ਦੌਰਾਨ ਗਰਭਵਤੀ ਹੋ ਜਾਵੇ, ਜੋ ਕਿ ਉਸ ਦੇ ਆਪਣੇ ਵਿਕਾਸ ਦਾ ਸਮਾ ਹੈ, ਸਰੀਰ ਨੂੰ ਵੱਧ ਰਹੇ ਬੱਚੇ ਅਤੇ ਉਸ ਦੇ ਆਪਣੇ ਸਰੀਰ, ਦੋਹਾਂ ਦੇ ਵਿਕਾਸ ਲਈ ਲੋੜੀਂਦੀ ਖੁਰਾਕ ਮੁਹੱਈਆ ਕਰਨੀ ਪੈਂਦੀ ਹੈ। ਖਾਸ ਕਰਕੇ ਇਨ੍ਹਾ ਕੇਸਾਂ ਵਿਚ ਬੱਚੇ ਦਾ ਭਾਰ ਬਹੁਤ ਘੱਟ ਹੁੰਦਾ ਹੈ ਅਤੇ ਬੱਚਾ ਕਮਜ਼ੋਰ ਹੁੰਦਾ ਹੈ। ਉਸ ਵਿਚ ਘੱਟ ਭਾਰ ਵਾਲੇ ਬੱਚੇ ਨੂੰ, ਜਿਸ ਨੂੰ ਵਾਧੂ ਦੇਖ-ਭਾਲ ਦੀ ਲੋੜ ਹੁੰਦੀ ਹੈ, ਸੰਭਾਲਣ ਦੀ ਸਰੀਰਕ ਤਾਕਤ ਅਤੇ ਜਜ਼ਬਾਤੀ ਪ੍ਰੋੜ੍ਹਤਾ ਨਹੀਂ ਹੁੰਦੀ। ਲੜਕੀ ਦਾ 18 ਸਾਲਾਂ ਤੋਂ ਬਾਅਦ ਵਿਆਹ, ਨਾ ਸਿਰਫ਼ ਉਸ ਦੇ ਆਪਣੇ ਵਿਕਾਸ ਨੂੰ ਸੁਰੱਖਿਆ ਦਿੰਦਾ ਹੈ, ਸਗੋ ਉਸ ਦੇ ਬੱਚੇ ਦੇ ਜਨਮ ਸਮੇਂ ਬਾਅਦ ਵਿਚ ਜੀਉਂਦੇ ਰਹਿਣ ਨੂੰ ਚੰਗੇ ਰਾ ਬਣਾਉਂਦਾ ਹੈ।

ਸਰੀਰ ਵਿਗਿਆਨ ਦੇ ਕਾਰਣਾਂ ਤੋਂ ਇਲਾਵਾ, ਕਿਸ਼ੋਰਾਂ ਨੂੰ ਮਹਿਸੂਸ ਕੀਤੇ ਗਏ ਬਦਲਾਵਾ ਨੂੰ ਪ੍ਰਤੀਬਿੰਬਤ ਕਰਨ ਲਈ ਸਮਾਂ ਚਾਹੀਦਾ ਹੁੰਦਾ ਹੈ ਅਤੇ ਦੁਨਿਆਵੀ ਨਜ਼ਰੀਆ

ਵਿਕਸਿਤ ਕਰਨਾ ਹੁੰਦਾ ਹੈ। ਤੁਹਾਡੇ ਸੋਚਣ ਲਈ ਇਹ ਕੁਝ ਸਵਾਲ ਹਨ। ਇਨ੍ਹਾਂ ਦਾ ਖੁਦ ਜਵਾਬ ਦਿਉ ਅਤੇ ਆਪਣੇ ਦੋਸਤਾਂ ਨਾਲ ਵਿਚਾਰੋ:

- ਕੀ ਛੇਤੀ ਵਿਆਹ ਉਚਿਤ ਹੈ?
- ਕੀ ਕੁੜੀ ਦੇ ਵਿਅਕਤਿਤਵ ਨੂੰ ਪਰਿਵਾਰ ਅਨੁਸਾਰ ਢਾਲਨਾ ਚਾਹੀਦਾ ਹੈ, ਜਿਸ ਵਿਚ ਉਸ ਦਾ ਵਿਆਹ ਹੋਇਆ ਹੈ?
- ਵਿਆਹ ਲਈ ਸਹੀ ਉਮਰ ਕਿਹੜੀ ਹੈ?

3

ਬੁੱਧੀ ਦਾ ਵਿਕਾਸ

ਇਕ ਪਲ ਲਈ ਕੀ ਆਪਾਂ ਪਹਿਲੇ ਅਧਿਆਇ ਵਾਲੇ ਅਸ਼ੋਕ ਦੇ ਕੇਸ ਵੱਲ ਝਾਤੀ ਮਾਰੀਏ? ਤੇ ਤੁਹਾਨੂੰ ਯਾਦ ਹੋਵੇ, ਅਸ਼ੋਕ ਅਕਲਮੰਦ ਸੀ, ਪਰ ਨੌਵੀਂ ਤਕ ਪੜ੍ਹਾਈ ਵਿਚ ਠੀਕ ਨਹੀਂ ਸੀ। ਉਸ ਦੇ ਪਿਤਾ ਉਸ ਦੇ ਜ਼ਿਆਦਾ ਨਾ ਪੜ੍ਹਨ ਕਾਰਣ ਪਰੇਸ਼ਾਨ ਰਹਿੰਦੇ ਸੀ। ਕਿਉਂ ਜੋ ਉਹ ਪੜ੍ਹਾਈ ਦੇ ਕੰਮ ਤੋਂ ਜ਼ਿਆਦਾ ਹੋਰ ਗਤੀਵਿਧੀਆਂ ਵਿਚ ਰੁਚੀ ਲੈਂਦਾ ਸੀ, ਇਸ ਲਈ ਅਸ਼ੋਕ ਦੇ ਪਿਤਾ ਆਪਣੇ ਪੁੱਤਰ ਕੋਲੋਂ ਨਿਰਾਸ਼ ਸਨ। ਉਸ ਨੇ ਆਪਣੇ ਪੁੱਤਰ ਦੀ ਅਕਲਮੰਦੀ ਨੂੰ ਸਿਰਫ਼ ਉਦੋਂ ਮਾਣ ਦੇਣਾ ਸ਼ੁਰੂ ਕੀਤਾ ਜਦੋਂ ਉਸ ਨੇ ਬੋਰਡ ਦੇ ਇਮਤਿਹਾਨਾ ਵਿਚ ਚੰਗੇ ਨੰਬਰ ਪ੍ਰਾਪਤ ਕੀਤੇ।

ਜਦੋਂ ਕੋਈ ਵਿਦਿਆਰਥੀ ਇਮਤਿਹਾਨਾ ਵਿਚ ਚੰਗੇ ਨੰਬਰ ਨਹੀਂ ਲੈਂਦਾ ਤਾਂ ਦੂਸਰੇ ਇਹ ਨਤੀਜਾ ਕੱਢਣ ਲੱਗਦੇ ਹਨ, ਉਹ ਬਹੁਤਾ ਅਕਲਮੰਦ ਨਹੀਂ ਹੈ। ਇਸ ਪਾਠ ਵਿਚ ਅਸੀਂ, ਅਕਲਮੰਦੀ ਅਤੇ ਇਸ ਨਾਲ ਸੰਬੰਧਿਤ ਹੋਰ ਪਹਿਲੂਆਂ ਵਾਲੀ ਧਾਰਨਾ ਬਾਰੇ ਘੋਖ ਕਰਾਂਗੇ।

ਆਮ ਭਾਸ਼ਾ ਵਿਚ ਕਹਿਣਾ ਹੋਵੇ, ਅਕਲਮੰਦੀ ਕਿਸੇ ਵਿਅਕਤੀ ਦਾ ਉਹ ਪਹਿਲੂ ਹੈ ਜੋ ਉਹ ਆਪਣੇ ਆਲੇ-ਦੁਆਲੇ ਨੂੰ ਸਿੱਝਣ ਲਈ ਅਤੇ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਇਸਤੇਮਾਲ ਕਰਦਾ ਹੈ। ਯਕੀਨਨ, ਕੁਝ ਲੋਕ ਦੂਸਰਿਆਂ ਨਾਲੋਂ ਵੱਧ ਅਕਲਮੰਦ ਹੁੰਦੇ ਹਨ। ਅਸੀਂ ਕਿਵੇਂ ਜਾਣਾਂਗੇ ਕਿ ਕੋਈ ਮੰਦਬੁੱਧੀ ਹੈ ਤੇ ਦੂਸਰਾ ਹੋਣਹਾਰ? ਇਸ ਸਵਾਲ ਬਾਰੇ ਲੋਕਾਂ ਦੇ ਪ੍ਰਤੀਕਰਮ ਨੂੰ, ਵਿਸ਼ਲੇਸ਼ਿਤ ਕੀਤਾ ਜਾਵੇ ਤਾਂ ਆਮ ਤੌਰ 'ਤੇ ਪੰਜ ਖੇਤਰ ਹੋਣਗੇ, ਜਿਨ੍ਹਾਂ ਵਿਚ ਅਕਲਮੰਦੀ ਦੇ ਗੁਣਾ ਨੂੰ ਵੰਡਿਆਂ ਜਾ ਸਕਦਾ ਹੋਵੇਗਾ।

- ਆਪਣੀ ਗੱਲ ਕਹਿ ਸਕਣ ਦੀ ਸਮਰਥਾ
- ਤਜਰਬੇ ਤੋਂ ਸਿੱਖਣ ਦੀ ਸਮਰਥਾ
- ਆਪਣੇ ਆਲੇ-ਦੁਆਲੇ ਨਾਲ ਢਲ ਸਕਣ ਦੀ ਸਮਰਥਾ।

- ਸਮੱਸਿਆਵਾਂ ਨਾਲ ਨਜਿੱਠਣ ਦੀ ਕਾਬਲੀਅਤ
- ਆਮ ਸਮਝ।

ਆਮ ਤੌਰ 'ਤੇ ਕੁਝ ਹੀ ਲੋਕ ਇਨ੍ਹਾਂ ਸਾਰੇ ਗੁਣਾਂ ਦੀ ਗੁਥਲੀ ਹੁੰਦੇ ਹਨ। ਉਦਾਹਰਣ ਵਜੋਂ ਇਕ ਲੜਕੀ ਜੋ ਕਿ ਭਾਸ਼ਾ ਦੀ ਵਰਤੋਂ ਕਰਨ ਵਿਚ ਪ੍ਰਭਾਵਸ਼ੀਲ ਹੈ, ਆਪਣੀ ਭੈਣ ਵਾਂਗ ਸਮੱਸਿਆਵਾਂ ਨਜਿੱਠਣ ਵਿਚ ਓਨੀ ਬੇਹਤਰ ਨਾ ਹੋਵੇ ਜਿਵੇਂ ਕਿ ਕੋਈ ਅਜਨਬੀ ਦਰਵਾਜਾ ਖੜਕਾਵੇ ਤਾਂ ਕੀ ਕਰਨਾ ਹੈ, ਖਾਸ ਕਰਕੇ ਜਦੋਂ ਉਹ ਸਿਰਫ਼ ਦੋਵੇਂ ਹੀ ਘਰ ਹੋਣ। ਤੁਸੀਂ ਇਹ ਧਿਆਨ ਕੀਤਾ ਹੋਵੇਗਾ ਕਿ ਇਸ ਅਕਲਮੰਦੀ ਦੀ ਆਮ ਪਰਿਭਾਸ਼ਾ ਵਿਚ, ਪੜ੍ਹਾਈ ਵਿਚ ਬੇਹਤਰ ਹੋਣਾ, ਅਕਲਮੰਦੀ ਦੇ ਗੁਣ ਵਜੋਂ ਸ਼ਾਮਿਲ ਨਹੀਂ ਹੈ। ਇਹ ਇਸ ਲਈ ਕਿ ਵਿਦਿਅਕ ਪ੍ਰਾਪਤੀਆਂ ਵਿਚ ਅਕਲਮੰਦੀ ਤੋਂ ਇਲਾਵਾ ਹੋਰ ਵੀ ਕਈ ਤੱਤ ਸ਼ਾਮਿਲ ਹੁੰਦੇ ਹਨ। ਉਸ ਮੁੱਦੇ ਬਾਰੇ ਅਸੀ ਇਸ ਅਧਿਆਇ ਵਿਚ ਅੱਗੇ ਜਾ ਕੇ ਨਿਪਟਾਂਗੇ।

ਜੇ ਤੁਸੀ ਕਿਸੇ ਉਸ ਵਿਅਕਤੀ ਬਾਰੇ ਸੋਚਦੇ ਹੋ, ਜਿਸ ਨੂੰ ਤੁਸੀ ਬਹੁਤ ਅਕਲਮੰਦ ਸਮਝਦੇ ਹੋ, ਉਸ ਵਿਅਕਤੀ ਦੀ ਵਿਲੱਖਣਤਾ ਬਾਰੇ ਤਸਵੀਰ ਖਿੱਚ ਕੇ ਦੇਖੋ। ਕੀ ਉਸ ਦੀ ਯਾਦਦਾਸ਼ਤ ਚੰਗੀ ਹੈ, ਜਾਂ ਉਸ ਦੀ ਆਮ ਜਾਣਕਾਰੀ ਵੱਧ ਹੈ, ਜਾਂ ਚੁਸਤੀ ਨਾਲ ਜਵਾਬ ਦੇਣ ਦੀ ਕਾਬਲੀਅਤ ਹੈ, ਜਾਂ ਲੋਕਾਂ ਨੂੰ ਨਾਲ ਲੈ ਸਕਣ ਦੀ ਕਾਬਲੀਅਤ ਹੈ ਜਾਂ ਜਿਆਦਾਤਰ ਸਮੱਸਿਆਵਾਂ ਦਾ ਹੱਲ ਜਾਣਦਾ ਹੈ, ਜਾ ਕਲਾਸ ਵਿਚ ਹਰ ਵੇਲੇ ਚੰਗੇ ਨੰਬਰ ਹਾਸਿਲ ਕਰਦਾ ਹੈ, ਜਾ ਇਨ੍ਹਾਂ ਵਿਚੋਂ ਕਈ ਸਾਰੇ ਗੁਣ ਹਨ? ਇਸ ਦਾ ਮਤਲਬ ਅਕਲਮੰਦੀ ਕੋਈ ਇਕੱਲਾ ਵਜੂਦ ਨਹੀਂ ਜੋ ਜਾ ਤਾਂ ਹੁੰਦਾ ਹੈ ਜਾ ਨਹੀਂ। ਇਹ ਮਾਨਸਿਕ ਕਾਬਲਿਅਤ ਦਾ ਜੁੱਟ ਹੈ ਜਿਸ ਵਿਚ ਮਨ ਦੇ ਕਈ ਕਾਰਜ ਜਿਵੇਂ ਸੋਚਣਾ, ਯਾਦ ਰੱਖਣਾ ਅਤੇ ਪਛਾਣਨਾ ਸਾਮਿਲ ਹਨ। ਮਨੋਵਿਗਿਆਨੀ 'ਅਕਲਮੰਦੀ' ਦੀ ਕਿਸੇ ਇਕ ਪਰੀਭਾਸ਼ਾ ਲਈ ਰਜ਼ਾਮੰਦ ਨਹੀਂ ਹਨ। ਉਂਜ, ਇਸ ਗੱਲ ਤੇ ਸਹਿਮਤੀ ਹੈ ਕਿ ਬੌਧਿਕ ਸਮਰਥਾ ਕਈ ਤਰ੍ਹਾਂ ਦੀਆਂ ਮਾਨਸਿਕ ਮੁਹਾਰਤਾਂ ਅਤੇ ਕਾਬਲੀਅਤਾ ਸਥਾਪਿਤ ਕਰਦੀਆਂ ਹਨ ਅਤੇ ਜਿਸ ਸਮਾਜਿਕ ਅਤੇ ਭੌਤਿਕ ਵਾਤਾਵਰਣ ਵਿਚ ਬੱਚਾ ਵਿਕਾਸ ਕਰਦਾ ਹੈ, ਇਸ ਗੱਲ 'ਤੇ ਅਸਰ ਪਾਉਂਦਾ ਹੈ ਕਿ ਕਿਹੜੀ ਕਾਬਲੀਅਤ ਹੋਰਾਂ ਨਾਲੋਂ ਵੱਧ ਵਿਕਸਿਤ ਹੋਵੇਗੀ।

ਆਈ. ਕਿਉ. (IQ) ਅਤੇ ਅਕਲਮੰਦੀ ਇਕੋ ਗੱਲ ਹੈ?

ਇਸ ਬਿੰਦੂ ਤੇ ਤੁਸੀ ਕਹਿ ਸਕਦੇ ਹੋ ਕਿ ਆਈ. ਕਿਉ. ਬਾਰੇ ਕੋਈ ਜ਼ਿਕਰ ਕਿਉਂ ਨਹੀਂ ਹੋਇਆ, ਜਿਸ ਬਾਰੇ ਕਿਸ਼ੋਰ, ਉਨ੍ਹਾਂ ਦੇ ਅਧਿਆਪਕ ਅਤੇ ਮਾਪੇ ਅਕਲਮੰਦੀ ਦੇ ਸੰਬੰਧ ਵਿਚ ਅਕਸਰ ਵਰਤੋਂ ਕਰਦੇ ਹਨ। ਆਈ. ਕਿਉ. ਇੰਟੇਲਿਜੰਸ ਕੋਵਸੰਟ (Quotient) ਦਾ

ਛੋਟਾ ਨਾਂ ਹੈ ਇਹ ਇਕ ਅੰਕ ਹੈ ਜੋ ਕਿ ਅਕਲਮੰਦੀ ਦੇ ਟੈਸਟ ਮਗਰੋਂ ਪ੍ਰਾਪਤ ਹੁੰਦਾ ਹੈ ਅਤੇ ਇਸ ਟੈਸਟ, ਨਾਲ ਕਿਸੇ ਦੂਸਰੇ ਵਿਅਕਤੀ ਦੀ ਕਾਰਗੁਜ਼ਾਰੀ ਨੂੰ ਤੁਲਨਾਇਆ ਜਾਂਦਾ ਹੈ। ਇਸ ਲਈ, ਕਿਸੇ ਉਸ ਵਿਆਕਤੀ ਦੇ ਆਈ. ਕਿਉ. ਦਾ ਪਤਾ ਨਹੀਂ ਲਗਾਇਆ ਜਾ ਸਕਦਾ ਜੇ ਉਹ 'ਅਕਲਮੰਦੀ ਟੈਸਟ' ਦਾ ਜਵਾਬ ਨਹੀਂ ਦਿੰਦਾ। ਵੈਸੇ, ਇਹ ਜ਼ਰੂਰੀ ਨਹੀਂ ਕਿ ਆਈ. ਕਿਉ. ਕਿਸੇ ਵਿਅਕਤੀ ਦੀ ਅਕਲਮੰਦੀ ਦਾ ਸੱਚਾ ਪ੍ਰਤੀਬਿੰਬ ਹੋਵੇ। ਕਿਉਂ ਜੋ ਆਈ. ਕਿਉ. ਦਾ ਪਤਾ ਕੁਝ ਪ੍ਰਸ਼ਨਾਂ ਦੀ ਲੜੀ ਤੋਂ ਲੱਗਦਾ ਹੈ, ਇਸ ਤਰ੍ਹਾ ਟੈਸਟ ਦੀ ਆਪਣੀ ਯੋਗਤਾ 'ਤੇ ਵੀ ਸ਼ੱਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜਿਸ ਵਿਅਕਤੀ ਨੂੰ ਟੈਸਟ ਕੀਤਾ ਜਾ ਰਿਹਾ ਹੈ ਉਸ ਦਾ ਮੂਡ, ਇਮਤਿਹਾਨ ਲੈਣ ਵਾਲੇ ਦੀ ਕਾਬਲੀਅਤ ਅਤੇ ਟੈਸਟ ਦੀ ਸਭਿਆਚਾਰ ਅਨੁਸਾਰ ਪ੍ਰਸੰਗਿਕਤਾ ਆਦਿ ਵੀ ਕਾਰਗੁਜ਼ਾਰੀ ਨੂੰ ਘਟਾ ਵਧਾ ਸਕਦੇ ਹਨ। ਦੂਸਰੇ ਸ਼ਬਦਾਂ ਵਿਚ ਆਈ. ਕਿਉ. ਅਕਲਮੰਦੀ ਨਹੀਂ ਅਤੇ ਸਾਰੀ ਮਨੁੱਖੀ ਅਕਲਮੰਦੀ ਨੂੰ ਆਈ. ਕਿਊ ਅੰਕਾਂ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ।

ਇੱਥੇ ਇਕ ਅਕਲਮੰਦੀ ਟੈਸਟ ਦੀਆਂ ਕੁੱਝ ਮੱਦਾਂ ਪੇਸ਼ ਹਨ ਜੋ ਕਿ ਕਿਸ਼ੋਰਾਂ ਉਪਰ ਲਾਗੂ ਹਨ। ਇਹ ਮੱਦਾ ਭਾਰਤੀ ਬੱਚਿਆ ਲਈ ਮਲਿਨ (Malin's) ਅਕਲਮੰਦੀ ਟੈਸਟ ਵਿਚੋਂ ਲਈਆਂ ਗਈਆਂ ਹਨ

- ਪਾਣੀ ਉਪਰ ਤੇਲ ਕਿਉਂ ਤੈਰਦਾ ਹੈ?
- ਸੰਸਕ੍ਰਿਤ ਕੀ ਹੈ?
- ਰਾਸਟਰੀ ਗੀਤ ਕਿਸ ਨੇ ਲਿਖਿਆ?
- ਬੈਰੋਮੀਟਰ ਕੀ ਹੈ?
- ਵੀ.ਪੀ.ਪੀ. ਦਾ ਮਤਲਬ ਕੀ ਹੈ?
- ਜੇਕਰ ਬੱਸ ਦਾ ਕਿਰਾਇਆ ਪਹਿਲੇ ਚੌਥਾਈ ਮੀਲ ਵਿਚ 20 ਪੈਸੇ ਹੈ ਅਤੇ ਇਕ ਪੈਸਾ ਅਗਲੇ ਚੌਥਾਈ ਮੀਲ ਲਈ ਤਾਂ ਦੋ ਮੀਲ ਲਈ ਬੱਸ ਦਾ ਕਿਰਾਇਆ ਕੀ ਹੋਵੇਗਾ?
- ਅੰਕ 36 ਕਿਸ ਅੰਕ ਦਾ ਦੋ-ਤਿਹਾਈ ਹੈ ?

ਇਨ੍ਹਾਂ ਮੱਦਾਂ ਤੋਂ ਸਾਫ਼ ਜ਼ਾਹਿਰ ਹੈ ਕਿ ਟੈਸਟ ਰਾਹੀਂ ਵਿਧੀਵਤ ਪੜ੍ਹਾਈ ਦੀ ਕਾਬਲੀਅਤ ਦਾ ਪਤਾ ਲਾਇਆ ਜਾਂਦਾ ਹੈ ਅਤੇ ਹੋਰਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਜੋ ਕਿ ਅਕਲਮੰਦੀ ਦੇ ਵਿਵਹਾਰ ਵਿਚ ਬਰਾਬਰ ਦੀਆਂ ਮਹਤੱਵਪੂਰਣ ਹਨ।

ਸੋਝੀ ਦੀਆਂ ਵੱਖ-ਵੱਖ ਕਿਸਮਾਂ

ਮਨੋਵਿਗਿਆਨ ਦੇ ਖੇਤਰ ਵਿਚ ਹੁਣੇ ਹੁਣੇ ਹੀ, ਇਕ ਧਾਰਨਾ ਜੋ ਕਿ ਕਾਫ਼ੀ ਜ਼ੋਰ ਫੜ

ਰਹੀ ਹੈ, ਉਹ ਇਹ ਕਿ ਸਿਆਣਪ ਦੀਆਂ ਕਈ ਕਿਸਮਾਂ ਹੁੰਦੀਆਂ ਹਨ ਅਤੇ ਕਿਸੇ ਵਿਅਕਤੀ ਵਿਚ ਇਨ੍ਹਾਂ ਕਈ ਕਿਸਮਾਂ ਦਾ ਮੇਲ ਹੋ ਸਕਦਾ ਹੈ। ਇਹ ਨਜ਼ਰੀਆ ਸਿਆਣਪ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

- ਭਾਸ਼ਾ ਬਾਰੇ ਸਿਆਣਪ - ਭਾਸ਼ਾ ਨੂੰ ਸਮਝਣਾ ਅਤੇ ਉਸ ਦੀ ਵਰਤੋਂ ਕਰਨਾ।
- ਸੰਗੀਤ ਦੀ ਸੋਝੀ - ਸੰਗੀਤ ਦੇ ਵੱਖ-ਵੱਖ ਪਹਿਲੂਆਂ ਦੇ ਮਹਤੱਵ ਨੂੰ ਸਮਝਣਾ, ਸੰਗੀਤ ਵਜਾਉਣਾ/ਪੈਦਾ ਕਰਨਾ।
- ਗਣਿਤਕ ਤਰਕ ਬੋਧ - ਅਮੂਰਤ ਚਿੰਤਨ ਨਾਲ ਸਿੱਝਣ ਦੀ ਕਾਬਲੀਅਤ, ਦਲੀਲ ਨਾਲ ਸਮਝਾਉਣ ਅਤੇ ਅੰਕਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ।
- ਪੁਲਾੜੀ-ਕਲਪਨਾ ਬੋਧ - ਬ੍ਰਹਿਮੰਡ ਨੂੰ ਠੀਕ ਠੀਕ ਕਲਪਿਤ ਕਰਨਾ ਅਤੇ ਫਿਰ ਆਲੇ -ਦੁਆਲੇ ਨੂੰ ਸਿਰਜਣ ਲਈ ਵਰਤਣਾ (ਜਿਵੇਂ ਇਮਾਰਤਸਾਜ਼ ਨਕਸ਼ਾਨਵੀਸ ਜਾਂ ਮੂਰਤੀਕਾਰ ਕਰਦੇ ਹਨ)।
- ਸਰੀਰਕ ਕ੍ਰਿਆਵਾਂ ਦੇ ਸੁਮੇਲ ਦੀ ਸੋਝੀ -(ਖਿਡਾਰੀਆਂ, ਨਾਚੀਆਂ, ਕਲਾਕਾਰਾ, ਸਰਜਨਾਂ ਆਦਿ ਲਈ ਲੋੜੀਂਦੀ) ਸਰੀਰ ਅਤੇ ਵਸਤੂ ਨੂੰ ਵਰਤਣ ਦੀ ਕਾਬਲੀਅਤ।
- ਸਮਾਜੀ ਸੰਬੰਧਾਂ ਦੀ ਸਿਆਣਪ - ਦੂਸਰੇ ਲੋਕਾਂ ਦੇ ਮੂਡ, ਪ੍ਰਯੋਜਨ ਅਤੇ ਇਰਾਦਿਆਂ ਦਾ ਪਤਾ ਲਗਾਉਣ ਦੀ ਯੋਗਤਾ।
- ਸਵੈਂ-ਬੋਧ - ਆਪਣੇ ਜਜ਼ਬਾਤਾਂ, ਸਮਰਥਾ, ਘਾਟਾਂ-ਕਮਜ਼ੋਰੀਆਂ ਅਤੇ ਸੂਝ ਬਾਰੇ ਸੁਚੇਤ ਹੋਣਾ।

ਬਿਨਾਂ ਸ਼ੱਕ, ਸਿਆਣਪ ਬਾਰੇ ਇਹ ਸੰਪੂਰਨ ਪਹੁੰਚ, ਆਈ.ਕਿਉ. ਦੀ ਧਾਰਨਾ ਦੇ ਮੁਕਾਬਲੇ ਹੋਰ ਬਥੇਰੀਆਂ ਚੀਜ਼ਾ ਦੀ ਪਛਾਣ ਕਰ ਸਕਦੀ ਹੈ ਜਿਸ ਵਿਚ ਉਹ ਵਧੀਆ ਕਾਰਗੁਜ਼ਾਰੀ ਕਰ ਸਕਦੀ ਹੈ। ਕਿਸ਼ੋਰ, ਜੋ ਕਿ ਹਿਸਾਬ ਅਤੇ ਭਾਸ਼ਾ ਵਿਚ ਬਹੁਤੇ ਸੂਝਵਾਨ ਨਾ ਹੋਣ ਕਾਰਣ, ਹੋ ਸਕਦਾ ਹੈ ਵਿਦਿਅਕ ਪੱਧਰ 'ਤੇ ਵਧੀਆ ਨਾ ਹੋਣ, ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਮੰਦ ਬੁੱਧੀ ਕਹਿ ਦਿੱਤਾ ਜਾਵੇ। ਜੇ ਉਹ ਕਿਸੇ ਹੋਰ ਪੱਖੋਂ ਸੂਝਵਾਨ ਹਨ, ਉਹ ਹੋਰ ਖੇਤਰਾਂ ਵਿਚ ਚੰਗੀ ਕਾਰਗੁਜ਼ਾਰੀ ਕਰ ਸਕਦੇ ਹਨ।

ਸਿਆਣਪ ਅਤੇ ਵਿਦਿਅਕ ਪ੍ਰਾਪਤੀ

ਇਸ ਸਵਾਲ 'ਤੇ ਵਾਪਿਸ ਆਉਂਦੇ ਹੋਏ ਕਿ ਕਿਵੇਂ ਸਿਆਣਪ ਅਤੇ ਵਿਦਿਅਕ ਪ੍ਰਾਪਤੀ ਆਪਸ ਵਿਚ ਸੰਬੰਧਿਤ ਹਨ, ਆਓ 14 ਸਾਲ ਦੇ ਬੱਚੇ ਵਿਕਟਰ ਦੇ ਕੇਸ ਦਾ ਅਧਿਐਨ ਕਰੀਏ। ਉਹ ਛੋਟੇ ਜਿਹੇ ਕਸਬੇ ਵਿਚ ਰਹਿੰਦਾ ਹੈ ਅਤੇ ਉਸ ਦੇ ਪਰਿਵਾਰ ਵਿਚ ਮਾਂ-ਪਿਉ, ਦੋ ਵੱਡੇ ਭਰਾ, ਇਸ ਛੋਟੀ ਭੈਣ, ਦਾਦਾ ਜੀ ਅਤੇ ਇਕ ਕੁਆਰਾ ਚਾਚਾ ਹੈ। ਉਹ

ਕਿਸੇ ਪ੍ਰਾਈਵੇਟ ਸਕੂਲ ਦੀ ਦਸਵੀਂ ਜਮਾਤ ਵਿਚ ਪੜ੍ਹਦਾ ਹੈ ਜਿੱਥੇ 330 ਰੁਪਏ ਮਹੀਨਾ ਫੀਸ ਜਾਂਦੀ ਹੈ।

ਵਿਕਟਰ ਦੀ ਵਿਦਿਅਕ ਪ੍ਰਾਪਤੀ ਸਕੂਲ ਦੀਆਂ ਰਿਪੋਰਟਾਂ ਅਨੁਸਾਰ ਔਸਤਨ ਤੋਂ ਚੰਗੇ ਦੇ ਵਿਚਕਾਰ ਹੈ। ਉਸ ਦੇ ਪਿਤਾ ਨੂੰ ਉਸ ਦੀ ਬਹੁਤੀ ਫ਼ਿਕਰ ਨਹੀਂ ਸੀ। ਉਹ ਆਪਣੇ ਵੱਡੇ ਪੁੱਤਰਾਂ ਦੀ ਪੜ੍ਹਾਈ ਅਤੇ ਭਵਿੱਖ ਬਾਰੇ ਜ਼ਿਆਦਾ ਚਿੰਤਾਤੁਰ ਸੀ ਕਿਉਂ ਜੋ ਉਹ ਚਾਹੁੰਦਾ ਸੀ ਕਿ ਉਹ ਜਿੰਨਾ ਛੇਤੀ ਹੋ ਸਕੇ ਕਮਾਉਣ ਲੱਗਣ ਤੇ ਪਰਿਵਾਰ ਨੂੰ ਸਹਾਰਾ ਦੇਣ। ਵਿਕਟਰ ਦੀ ਮਾਤਾ ਅੱਠਵੀਂ ਤਕ ਪੜ੍ਹੀ ਸੀ ਅਤੇ ਉਹ ਚਾਹੁੰਦੀ ਸੀ ਕਿ ਉਸ ਦੇ ਸਾਰੇ ਬੱਚੇ ਕਾਲਜ ਦੀ ਪੜ੍ਹਾਈ ਹਾਸਿਲ ਕਰਨ। ਉਹ ਵਿਕਟਰ ਨੂੰ ਹਮੇਸ਼ਾ ਸਖਤ ਮਿਹਨਤ ਕਰਨ ਲਈ ਕਹਿੰਦੀ ਤਾਂ ਜੋ ਬਾਅਦ ਵਿਚ ਉਹ ਚੰਗੇ ਕਾਲਜ ਵਿਚ ਦਾਖਲਾ ਲੈ ਸਕੇ। ਨਾਲੇ ਵਿਕਟਰ ਵੀ ਇਹੀ ਚਾਹੁੰਦਾ ਸੀ।

ਜਦੋਂ ਵਿਕਟਰ ਦਸਵੀਂ ਵਿਚ ਪਹੁੰਚਿਆ ਇਕ ਨਵੇਂ ਮੁੰਡੇ ਦਿਨੇਸ਼ ਨੇ ਉਸ ਦੀ ਜਮਾਤ ਵਿਚ ਦਾਖਲਾ ਲਿਆ। ਦਿਨੇਸ਼ ਨੂੰ ਵਿਕਟਰ ਦੇ ਨਾਲ ਹੀ ਸੀਟ ਮਿਲੀ ਅਤੇ ਉਹ ਦੋਵੇਂ ਦੋਸਤ ਬਣ ਗਏ। ਦਿਨੇਸ਼ ਅਮੀਰ ਪਰਿਵਾਰ ਨਾਲ ਸੰਬੰਧਿਤ ਸੀ ਅਤੇ ਖਰਚੇ ਲਈ ਕਾਫ਼ੀ ਪੈਸੇ ਲਿਆਉਂਦਾ ਸੀ। ਉਹ ਜੋ ਉਸ ਦੇ ਦੋਸਤ ਸਨ, ਉਨ੍ਹਾਂ ਬਾਰੇ ਗੱਲਾਂ ਸੁਣਾਉਂਦਾ। ਵਿਕਟਰ ਦਿਨੇਸ਼ ਦੇ ਰੰਗ-ਢੰਗ ਤੋਂ ਪ੍ਰਭਾਵਿਤ ਹੋਇਆ ਅਤੇ ਚਾਹੁੰਦਾ ਕਿ ਉਸ ਕੋਲ ਉਸੇ ਤਰ੍ਹਾਂ ਪੈਸੇ ਅਤੇ ਆਜ਼ਾਦੀ ਹੋਵੇ।

ਇਕ ਦਿਨ ਦਿਨੇਸ ਨੇ ਸਲਾਹ ਦਿੱਤੀ ਕਿ ਦੋਵੇਂ ਸਕੂਲ ਤੋਂ ਛੇਤੀ ਨਿਕਲ ਕੇ, ਸ਼ਹਿਰ ਵਿੱਚ ਲੱਗੀ ਨਵੀਂ ਫਿਲਮ ਦਾ 'ਪਹਿਲੇ ਦਿਨ ਪਹਿਲਾ ਸ਼ੋਅ' ਦੇਖੀਏ। ਵਿਕਟਰ ਨੇ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਰੇ ਉਹ ਘਰੇ ਦੇਰ ਨਾਲ ਪਹੁੰਚਿਆ ਤਾਂ ਉਸ ਦੀ ਮਾਂ ਪਰੇਸ਼ਾਨ ਹੋਵੇਗੀ। ਇਸ 'ਤੇ ਦਿਨੇਸ਼ ਹੱਸਿਆ ਅਤੇ ਉਸ ਨੂੰ 'ਜਨਾਨੜਾ' ਕਿਹਾ। 'ਮਰਦ' ਬਣ, ਉਸ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਤੂੰ ਫਿਲਮ ਦੇਖਣ ਗਿਆ ਸੀ, ਕਹੀਂ ਕਿ ਸਾਡੀ ਵਾਧੂ ਕਲਾਸ ਸੀ, ਆਖਿਰ ਆਪਾਂ ਹੁਣ ਦਸਵੀਂ ਵਿਚ ਪੜ੍ਹਦੇ ਹਾਂ।' ਵਿਕਟਰ ਭਰਮਾਇਆ ਗਿਆ ਅਤੇ ਦਿਨੇਸ਼ ਨਾਲ ਫਿਲਮ ਦੇਖਣ ਚਲਾ ਗਿਆ, ਜਿਸ ਦੇ ਲਈ ਉਸ ਨੇ ਪੈਸੇ ਖਰਚੇ। ਵਿਕਟਰ ਦੀ ਮਾ ਨੇ ਉਸ ਦੀ ਗੱਲ ਮੰਨ ਲਈ ਜਦੋਂ ਉਸ ਨੇ ਕਿਹਾ ਕਿ ਉਨ੍ਹਾਂ ਨੂੰ ਸਕੂਲ ਵਿਚ ਜ਼ਿਆਦਾ ਦੇਰ ਰੁਕਣ ਲਈ ਕਿਹਾ ਗਿਆ ਸੀ।

ਇਸ ਤੋਂ ਮਗਰੋਂ ਦਿਨੇਸ਼ ਅਤੇ ਵਿਕਟਰ ਨੇ ਦਿਲਚਸਪ ਚੀਜ਼ਾਂ ਮਿਲ ਕੇ ਇਕੱਠੀਆ ਕੀਤੀਆਂ ਜਿਵੇਂ ਨਵੀਆਂ ਦੁਕਾਨਾਂ 'ਤੇ ਜਾਣਾ, ਮਨਪਸੰਦ ਥਾਵਾਂ ਤੋਂ ਖਾਣਾ ਅਤੇ ਫਿਲਮਾਂ ਦੇਖਣਾ। ਕੁਝ ਮੌਕਿਆਂ ਤੋਂ ਬਾਅਦ, ਵਿਕਟਰ ਦੀ ਮਾਂ ਨੂੰ ਸ਼ਕ ਹੋਇਆ ਅਤੇ ਉਸ ਨੇ ਪੁੱਛਿਆ ਕਿ ਉਹ ਝੂਠ ਤਾਂ ਨਹੀਂ ਬੋਲ ਰਿਹਾ। ਫਿਰ ਉਸ ਦੇ ਇਕ ਹੋਰ ਜਮਾਤੀ ਨੇ ਵਿਕਟਰ ਦੀ ਭੈਣ ਨੂੰ ਦੱਸਿਆ ਕਿ ਉਹ ਅਤੇ ਦਿਨੇਸ਼ ਅਕਸਰ ਸਕੂਲ ਤੋਂ

ਗਾਇਬ ਰਹਿੰਦੇ ਹਨ। ਉਸ ਦੇ ਪਿਤਾ ਨੂੰ ਪਤਾ ਲੱਗਾ, ਜਿਸ ਨੇ ਵਿਕਟਰ ਨੂੰ ਬੁਲਾ ਕੇ ਖ਼ੂਬ ਝਾੜ ਕੀਤੀ। ਵਿਕਟਰ ਕੁੱਟ ਖਾਣ 'ਤੇ ਆਪਣੇ ਪਿਤਾ ਨਾਲ ਬਹੁਤ ਗੁੱਸੇ ਹੋਇਆ। ਉਸ ਨੇ ਦਿਨੇਸ਼ ਨਾਲ ਜਾਣਾ ਤਾਂ ਛੱਡ ਦਿੱਤਾ, ਪਰ ਚੁੱਪ-ਚਪੀਤਾ ਰਹਿਣ ਲੱਗ ਪਿਆ। ਛਿਮਾਹੀ ਇਮਤਿਹਾਨਾਂ ਵਿਚ, ਉਹ ਦੋ ਵਿਸ਼ਿਆਂ ਵਿਚੋਂ ਫੇਲ੍ਹ ਹੋ ਗਿਆ। ਸਾਰੇ ਪਰਿਵਾਰ ਨੂੰ ਧੱਕਾ ਲੱਗਿਆ। 'ਵਿਕਟਰ ਨੂੰ ਕੀ ਹੋ ਗਿਆ? ਉਹ ਤਾਂ ਸਿਆਣਾ ਮੁੰਡਾ ਸੀ।'

ਇਸ ਕਿੱਸੇ ਤੋਂ ਆਪਾਂ ਜਾਣਦੇ ਹਾਂ ਕਿ ਵਿਕਟਰ ਦੀ ਸਿਆਣਪ ਘਟ ਨਹੀਂ ਸਕਦੀ, ਭਾਵੇ ਉਹ ਫੇਲ੍ਹ ਹੋ ਗਿਆ ਹੈ। ਉਸ ਦੀ ਮਿਹਨਤ ਕਰਨ ਵਿਚ ਰੁਚੀ ਅਤੇ ਮੰਤਵ ਮੁਕ ਗਏ ਹਨ। ਸਕੂਲ ਦੀਆਂ ਪ੍ਰਾਪਤੀਆਂ ਲਈ ਜਮਾਤ ਵਿਚ ਪੜ੍ਹਾਏ ਪਾਠ ਨੂੰ ਨਿਯਮਿਤ ਪੜ੍ਹਨ ਦੀ ਲੋੜ ਹੁੰਦੀ ਹੈ ਅਤੇ ਜਵਾਬ ਦੇਣ ਦੀ ਮੁਹਾਰਤ ਚਾਹੀਦੀ ਹੁੰਦੀ ਹੈ। ਨਿਯਮਿਤਤਾ ਤੋਂ ਇਲਾਵਾ, ਇਮਤਿਹਾਨ ਵਿਚ ਸਵਾਲਾਂ ਦੇ ਜਵਾਬ ਦੇਣ ਲਈ ਯਾਦ ਕਰਨਾ ਅਤੇ ਮੁੜ ਚੇਤੇ ਵਿਚ ਲਿਆਉਣ ਦੀ ਮੁਹਾਰਤ ਵੀ ਜ਼ਰੂਰੀ ਹੈ।

ਵਿਕਟਰ ਫੇਲ੍ਹ ਹੋਇਆ ਕਿਉਂਕਿ ਉਸ ਨੇ ਕਾਫ਼ੀ ਕਲਾਸਾਂ ਛੱਡੀਆਂ। ਆਪਣਾ ਘਰ ਲਈ ਮਿਲਿਆ ਕੰਮ ਪੂਰਾ ਨਹੀਂ ਕੀਤਾ ਅਤੇ ਆਪਣੇ ਪਾਠਾਂ ਵੱਲ ਧਿਆਨ ਨਹੀਂ ਦਿੱਤਾ, ਕਿਉਂ ਜੋ ਉਹ ਹਮੇਸ਼ਾ ਦਿਨੇਸ਼ ਨਾਲ ਜਾਣ ਲਈ ਖ਼ਿਆਲਾਂ ਵਿਚ ਖੋਇਆ ਰਹਿੰਦਾ ਸੀ। ਇਸ ਦੇ ਨਾਲ ਜਦੋਂ ਉਸ ਨੂੰ ਕੁੱਟ ਪਈ ਤਾਂ ਵਿਕਟਰ ਨੇ ਬੁਰਾ ਮਨਾਇਆ ਕਿਉਂਕਿ ਉਸ ਨੂੰ ਪਹਿਲਾਂ ਕਦੇ ਝਾੜ ਨਹੀਂ ਪਈ ਸੀ। ਉਸ ਨੂੰ ਸ਼ਰਮ ਵੀ ਮਹਿਸੂਸ ਹੋਈ। ਘਰ ਵਿਚ ਹਰ ਇਕ ਨੇ ਉਸ ਨੂੰ ਮਾਰ ਖਾਂਦੇ ਦੇਖਿਆ, ਭਾਵੇਂ ਉਹ ਸਾਰੇ ਸਮਝਦੇ ਸਨ ਕਿ ਇਸ ਲਈ ਉਹ ਯੋਗ ਸੀ। ਇਸ ਤੋਂ ਬਾਅਦ ਉਸ ਨੇ ਬੋਲਣਾ ਛੱਡ ਦਿੱਤਾ। ਉਸ ਨੇ ਪੜ੍ਹਾਈ ਵੱਲ ਧਿਆਨ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਨਾ ਕਰ ਸਕਿਆ। ਉਸ ਦਾ ਮਨ ਭਟਕਦਾ ਰਹਿੰਦਾ ਅਤੇ ਉਸ ਨੂੰ ਆਪਣੇ ਪਾਠ ਸਮਝ ਨਾ ਆਉਂਦੇ। ਦੂਸਰੇ ਲਫ਼ਜ਼ਾਂ ਵਿਚ, ਵਿਕਟਰ ਜਜ਼ਬਾਤੀ ਤੌਰ 'ਤੇ ਪਰੇਸ਼ਾਨ ਸੀ ਅਤੇ ਇਸ ਤਰ੍ਹਾਂ ਉਸ ਦੀ ਪੜ੍ਹਨ ਦੀ ਕਾਬਲੀਅਤ ਵਿਚ ਰੁਕਾਵਟ ਹੁੰਦੀ, ਉਸ ਨੇ ਇਮਤਿਹਾਨਾਂ ਵਿਚ ਮਾੜੀ ਕਾਰਗੁਜ਼ਾਰੀ ਦਿਖਾਈ।

ਨਿਯਮਿਤ ਕੰਮ ਨਾ ਕਰਨਾ ਅਤੇ ਜਜ਼ਬਾਤੀ ਪਰੇਸ਼ਾਨੀ, ਕਈ ਕਾਰਣਾਂ ਵਿਚੋਂ ਦੋ ਕਾਰਣ ਹਨ, ਜਿਸ ਕਾਰਣ ਵਿਦਿਆਰਥੀ ਠੀਕ ਸੋਝੀ ਦੇ ਹੁੰਦਿਆਂ ਵਿਦਿਅਕ ਖੇਤਰ ਵਿਚ ਚੰਗੀ ਕਾਰਗੁਜ਼ਾਰੀ ਨਹੀਂ ਕਰ ਸਕਦੇ। ਇਸ ਦੇ ਹੋਰ ਵੀ ਕਾਰਣ ਹਨ ਜਿਵੇਂ ਪੜ੍ਹਾਈ ਦੇ ਮਾੜੇ ਢੰਗ, ਵਿਦਿਆਰਥੀਆਂ ਦੀ ਕੁਝ ਵਿਸ਼ਿਆਂ ਵਿਚ ਦਿਲਚਸਪੀ ਨਾ ਹੋਣਾ, ਇਮਤਿਹਾਨ ਦੇ ਔਖੇ ਢੰਗ-ਤਰੀਕੇ, ਜ਼ਿਆਦਾ ਪੜ੍ਹਾਈ ਦੀ ਥਕਾਵਟ ਆਦਿ। ਇਸ ਲਈ ਇਹ ਕਹਿ ਸਕਦੇ ਹਾਂ ਕਿ ਆਮ ਤੋਂ ਚੰਗੀ ਬੁੱਧੀ ਵਾਲੇ ਕਿਸ਼ੋਰਾਂ ਲਈ ਚੰਗੀ ਕਾਰਗੁਜ਼ਾਰੀ ਕਰਨਾ ਸੰਭਵ ਹੈ, ਭਾਵੇਂ ਸਿਆਣੇ ਹੁੰਦੇ ਹੋਇਆਂ ਵੀ ਮਿਹਨਤ ਕਰਨ ਤੋਂ ਬਿਨਾਂ

ਵਿਦਿਅਕ ਸਫ਼ਲਤਾ ਸੰਭਵ ਨਹੀਂ। ਉਹ ਵਿਅਕਤੀ ਜੋ ਔਸਤ ਜਾਂ ਇਸ ਤੋਂ ਘੱਟ ਮਾਨਸਿਕ ਕਾਬਲੀਅਤ ਰੱਖਦੇ ਹਨ, ਜੋ ਕਿ ਸਕੂਲੀ ਕੰਮ ਲਈ ਲੋੜੀਦੀ ਹੁੰਦੀ ਹੈ, ਘੱਟ ਹੀ ਅੱਗੇ ਤੁਰ ਪਾਉਂਦੇ ਹਨ। ਜਿਨ੍ਹਾਂ ਕਾਬਲੀਅਤਾਂ ਦਾ ਜ਼ਿਕਰ ਪਹਿਲਾਂ ਇਸ ਅਧਿਆਇ ਵਿਚ ਹੋ ਚੁਕਿਆ ਹੈ, ਅਜੋਕੇ ਵਿਦਿਅਕ ਢਾਂਚੇ ਵਿਚ ਵਧੀਆ ਕਾਰਗੁਜ਼ਾਰੀ ਲਈ ਜਿਨ੍ਹਾਂ ਦੀ ਲੋੜ ਹੁੰਦੀ ਹੈ, ਉਹ ਹਨ - ਭਾਸ਼ਾ ਬਾਰੇ ਸਿਆਣਪ, ਗਣਿਤਕ ਤਰਕ ਬੋਧ ਅਤੇ ਪੁਲਾੜੀ ਕਲਪਨਾ ਬੋਧ। ਜੋ ਇਨ੍ਹਾਂ ਕਾਬਲੀਅਤਾਂ ਵਿਚ ਘੱਟ ਹੁੰਦੇ ਹਨ, ਘੱਟ ਪ੍ਰਾਪਤੀਆਂ ਕਰਨ ਵਾਲਾ ਕਿਹਾ ਜਾਂਦਾ ਹੈ ਜੇਕਰ ਉਹ ਕਲਾਸ ਵਿਚ ਹਮੇਸ਼ਾ ਸਭ ਤੋਂ ਥੱਲੜੇ ਪੱਧਰ 'ਤੇ ਹੋਣ। ਵਿਦਿਅਕ ਢਾਂਚਾ ਬੱਚਿਆਂ ਦੀ ਯੋਗਤਾ ਨੂੰ ਪਰਖਣ ਵੇਲੇ ਸੰਗੀਤ, ਸਰੀਰਕ ਕ੍ਰਿਆਵਾਂ ਦੇ ਸੁਮੇਲ, ਸਮਾਜੀ ਸੰਬੰਧਾਂ ਅਤੇ ਸਵੈ-ਬੋਧ ਵਰਗੀਆ ਹੋਰ ਸਿਆਣਪ ਦੀਆਂ ਕਿਸਮਾਂ ਨੂੰ ਕੋਈ ਮਹੱਤਤਾ ਨਹੀਂ ਦਿੰਦਾ।

ਜਦੋਂ ਅਸੀਂ ਵਿਦਿਅਕ ਸਫ਼ਲਤਾ ਬਾਰੇ ਬੁੱਧੀ ਦੇ ਵਿਸ਼ੇ 'ਤੇ ਗੱਲ ਕਰ ਰਹੇ ਹਾਂ ਤਾ ਇਹ ਜਾਣਨਾ ਜ਼ਰੂਰੀ ਹੋ ਜਾਦਾ ਹੈ ਕਿ ਸਿਆਣਪ ਸਾਰੇ ਵਿਅਕਤੀਆਂ ਲਈ, ਹਰ ਉਮਰ 'ਤੇ ਇਕ ਵਰਦਾਨ ਹੁੰਦੀ ਹੈ, ਭਾਵੇਂ ਉਸ ਨੇ ਕਿਸੇ ਵਿਦਿਅਕ ਸੰਸਥਾ ਵਿਚ ਦਾਖਲਾ ਲਿਆ ਹੈ ਜਾਂ ਨਹੀਂ। ਭਾਰਤ ਵਿਚ ਬਹੁਤ ਸਾਰੇ ਬੱਚੇ ਸਾਧਨਾਂ ਦੀ ਕਮੀ ਕਰਕੇ, ਸਕੂਲ ਨਹੀਂ ਜਾਦੇ ਜਾਂ ਵਿਚੋਂ ਛੱਡ ਦਿੰਦੇ ਹਨ। ਉਹ ਕਿਸੇ ਵੀ ਸਕੂਲ ਜਾ ਰਹੇ ਬੱਚੇ ਜਿੰਨੇ ਹੀ ਬੁੱਧੀਮਾਨ ਹੋ ਸਕਦੇ ਹਨ। ਉਨ੍ਹਾਂ ਵਿਚ ਮੁੱਖ ਫਰਕ ਇਹ ਹੋਵੇਗਾ ਕਿ ਸਕੂਲ ਨਾ ਜਾਣ ਵਾਲੇ ਬੱਚੇ ਨੂੰ ਪੜ੍ਹਨਾ-ਲਿਖਣਾ ਨਹੀਂ ਆਵੇਗਾ ਅਤੇ ਨਤੀਜੇ ਵਜੋਂ ਜਦੋਂ ਉਹ ਵੱਡੇ ਹੋਣਗੇ, ਉਨ੍ਹਾਂ ਨੂੰ ਉਹ ਕੰਮ ਨਹੀਂ ਮਿਲੇਗਾ ਜਿਸ ਵਿਚ ਅੱਖਰ ਗਿਆਨ ਦੀ ਲੋੜ ਹੁੰਦੀ ਹੈ। ਪਰ, ਦੂਸਰੇ ਪਾਸੇ, ਸਕੂਲ ਨਾ ਜਾਣ ਵਾਲਾ ਬੱਚਾ, ਆਪਣੀ ਸੋਝੀ ਨਾਲ ਆਪਣੀ ਜ਼ਿੰਦਗੀ ਵਿਚ ਕਈ ਅਮਲੀ ਹੁਨਰ ਅਖ਼ਤਿਆਰ ਕਰ ਸਕਦਾ ਹੈ ਜਿਸ ਨੂੰ ਸਕੂਲੀ ਬੱਚਾ ਸਿੱਖਣ ਤੋਂ ਅਸਮਰਥ ਰਹਿੰਦਾ ਹੈ। ਇਸ ਵਿਚ ਵਸਤੂਆਂ ਬਣਾਉਣੀਆਂ, ਘਰ ਦੇ ਔਖੇ ਫੁਟਕਲ ਕੰਮ ਕਰਨਾ ਅਤੇ ਜ਼ਮਾਨੇ ਨਾਲ ਨਿਪਟਣ ਦੇ ਹੋਰ ਹੁਨਰਾ ਨੂੰ ਵਿਕਸਿਤ ਕਰਨਾ ਸ਼ਾਮਿਲ ਹਨ।

ਇਸ ਤੋਂ ਇਹ ਮਤਲਬ ਨਹੀਂ ਕੱਢਿਆ ਜਾ ਸਕਦਾ ਕਿ ਸਕੂਲ ਨਾ ਜਾਣ ਵਾਲੇ ਬੱਚਿਆਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਬਿਨ੍ਹਾਂ ਸ਼ੱਕ, ਵਿਧੀਵਤ ਸਿੱਖਿਆ ਦੀ ਘਾਟ ਇਸ ਦੁਨੀਆ ਵਿਚ ਮਨੁੱਖੀ ਵਿਕਾਸ ਲਈ ਇਕ ਮੁੱਖ ਰੁਕਾਵਟ ਹੈ ਜਿਥੇ ਬਹੁਤੇ ਕੰਮਾਂ ਲਈ ਕੁਝ ਨਾ ਕੁਝ ਵਿਦਿਆ ਦੀ ਲੋੜ ਹੁੰਦੀ ਹੈ।

ਕੀ ਗਰੀਬੀ ਵਿਚ ਪਲ ਰਹੇ ਬੱਚੇ ਜਾ ਦੂਰਦੁਰਾਡੇ ਖੇਤਰਾ ਵਿਚ ਰਹਿੰਦੇ ਬੱਚੇ ਵੀ ਅਕਲਮੰਦੀ ਵਾਲੀਆਂ ਗੱਲਾਂ ਕਰਦੇ ਹਨ? ਜਵਾਬ ਹੈ- ਹਾਂ। ਜੇ ਤੁਸੀ ਸਿਆਣਪ ਦੇ ਅਰਥ, ਜੋ ਕਿ ਇਸ ਅਧਿਆਇ ਦੇ ਸ਼ੁਰੂ ਵਿਚ ਵਿਚਾਰੇ ਗਏ ਹਨ, ਨੂੰ ਯਾਦ ਕਰੋ, ਆਲੇ-ਦਆਲੇ

ਨਾਲ ਢਲਦਾ ਇਕ ਮਹਤੱਵਪੂਰਣ ਗੁਣ ਹੈ। ਕਿਸ਼ੋਰ ਜੋ ਕਿ ਔਖੀਆਂ ਜਾਂ ਆਸਾਧਾਰਣ ਹਾਲਤਾਂ ਵਿਚ ਵੱਡੇ ਹੁੰਦੇ ਹਨ ਮੁੱਖ ਤੌਰ 'ਤੇ ਜਿਸ ਤਰ੍ਹਾਂ ਕਿਸ਼ੋਰ ਵੱਡੇ ਹੁੰਦੇ ਹਨ, ਉਨ੍ਹਾਂ ਦੇ ਮੁਕਾਬਲੇ ਮੁਸ਼ਕਿਲ ਦੀ ਘੜੀ ਵਿਚ ਜੋ ਵੀ ਉਨ੍ਹਾਂ ਕੋਲ ਵਸੀਲੇ ਹੁੰਦੇ ਹਨ, ਉਸ ਦੀ ਵਰਤੋਂ ਕਰਦੇ ਹਨ, ਉਹੀ ਸਿਆਣਪ ਵਾਲਾ ਰਵੱਈਆ ਹੈ। ਇਸ ਤਰ੍ਹਾਂ ਜਦੋਂ ਕੋਈ 13 ਸਾਲ ਦਾ ਮੁੰਡਾ ਆਪਣੀ ਰੋਜ਼ੀ ਕਮਾਉਣ ਲਈ, ਇਕ ਸਟੇਸ਼ਨ 'ਤੇ ਕੁਲੀ ਦਾ ਕੰਮ ਕਰਦਾ ਹੈ, ਉਹ ਢਾਲ ਸਕਣ ਦੀ ਆਪਣੀ ਕਾਬਲੀਅਤ ਨੂੰ ਦਰਸਾ ਰਿਹਾ ਹੁੰਦਾ ਹੈ। ਇਸ ਮੱਧਵਰਗੀ ਪਰਿਵਾਰ ਦਾ, ਉਸੇ ਉਮਰ ਦਾ ਬੱਚਾ ਇਹ ਕੰਮ ਕਰਨ ਦੇ ਸਮਰਥ ਨਹੀਂ ਹੋਵੇਗਾ।

ਜੇਕਰ ਅਸੀਂ ਦੋਵਾਂ ਮੁੰਡਿਆਂ ਦਾ ਬੌਧਿਕ ਟੈਸਟ ਲੈਣਾ ਹੋਵੇ, ਹੋ ਸਕਦਾ ਹੈ ਕਿ ਦੂਸਰੇ ਬੱਚੇ ਦੇ ਪਹਿਲੇ ਬੱਚੇ ਨਾਲੋਂ ਵੱਧ ਅੰਕ ਆਉਣ। ਇਸ ਲਈ ਕਿ ਬੌਧਿਕ ਟੈਸਟ ਸਕੂਲੀ ਤਜਰਬੇ ਨਾਲ ਸੰਬੰਧਿਤ ਹੋਣ ਕਾਰਣ ਪੱਖਪਾਤੀ ਹਨ। ਇਹੀ ਕੰਮ ਕਿਸੇ ਪ੍ਰੀਖਿਅਕ ਸਾਹਮਣੇ ਬੈਠ ਕੇ ਸਵਾਲਾਂ ਦੇ ਜਵਾਬ ਦੇਣ ਬਾਰੇ ਹੈ, ਜਿਸ ਦੇ ਬਾਰੇ ਸਕੂਲੀ ਮੁੰਡਾ ਜਾਣੂ ਹੁੰਦਾ ਹੈ ਅਤੇ ਕੰਮਕਾਜੀ ਬੱਚਾ ਨਹੀਂ, ਜੇ ਅਸੀਂ ਦੋਵਾਂ ਬੱਚਿਆਂ ਨੂੰ ਇਕ ਕੱਪੜਿਆਂ ਦੇ ਭਰੇ ਸੂਟਕੇਸ ਨੂੰ ਚੁੱਕ ਕੇ, ਉਸ ਦੇ ਭਾਰ ਦਾ ਅੰਦਾਜਾ ਲਗਾਉਣ ਲਈ ਕਹੀਏ ਤਾਂ ਕੰਮਕਾਜੀ ਮੁੰਡਾ ਸਕੂਲੀ ਮੁੰਡੇ ਤੋਂ ਜ਼ਿਆਦਾ ਸਹੀ ਹੋ ਸਕਦਾ ਹੈ ਕਿਉਂਕਿ ਉਹ ਸੂਟਕੇਸਾਂ ਨੂੰ ਚੁੱਕਦਾ ਹੈ ਅਤੇ ਆਪਣੀ ਸਿਆਣਪ ਨਾਲ ਉਨ੍ਹਾਂ ਦਾ ਜਾਇਜ਼ਾ ਲੈਂਦਾ ਹੈ। ਇਸ ਲਈ ਵੱਖ-ਵੱਖ ਸਮਾਜਿਕ ਅਤੇ ਸਭਿਾਚਾਰਕ ਪਿਛੋਕੜ ਦੇ ਬੱਚਿਆਂ 'ਤੇ ਬਿਨਾਂ ਉਨ੍ਹਾਂ ਦੇ ਵੱਖ- ਵੱਖ ਤਜਰਬਿਆਂ ਨੂੰ ਜਾਣਿਆਂ ਜੋ ਉਹ ਆਪਦੀ ਸਿਆਣਪ ਨਾਲ ਸਿਖਦੇ ਹਨ, ਇਕੋ ਆਈ ਕਿਉ. ਟੈਸਟ ਲਾਗੂ ਕਰਨਾ ਨਾਜਾਇਜ਼ ਹੈ।

ਘੱਟ ਜਾਂ ਵੱਧ ਸੂਝਵਾਨ ਹੋਣ ਵਿਚ ਕਿਸ ਦਾ ਹੱਥ ਹੈ?

ਇਹ ਉਹ ਸਵਾਲ ਹੈ ਜਿਸ ਲਈ ਬਹੁਤ ਸਾਰੇ ਛੇਤੀ ਅਤੇ ਸਹੀ ਜਵਾਬ ਚਾਹੁੰਦੇ ਹਨ ਤਾਂ ਜੋ ਉਹ ਵੱਧ ਸੂਝਵਾਨ ਹੋਣ ਦੀ ਦਿਸ਼ਾ ਵਿਚ ਕੁਝ ਕਰ ਸਕਣ। ਪਬ ਜਵਾਬ ਏਨਾ ਸੌਖਾ ਨਹੀਂ ਹੈ। ਸ਼ੁਰੂ ਤੋਂ ਲੈ ਕੇ, ਵਿਅਕਤੀ ਦੇ ਸਿਆਣਪ ਦੇ ਪੱਧਰ ਨੂੰ ਨਿਰਧਾਰਿਤ ਕਰਨ ਵਿਚ ਕਈ ਤੱਤ ਯੋਗਦਾਨ ਪਾਉਂਦੇ ਹਨ।

ਵੰਸ਼ ਵੱਲੋਂ ਹਾਸਿਲ ਜੀਨਜ਼ : ਗਰਭ ਧਾਰਨ ਦੇ ਸਮੇਂ ਤੋਂ ਸ਼ੁਰੂ ਵਿਚ, ਹਰ ਇਕ ਬੱਚਾ ਆਪਣੇ ਮਾ-ਪਿਉ ਕੋਲੋਂ ਜੀਨਜ਼ ਦਾ ਇਕ ਜੁੱਟ ਹਾਸਿਲ ਕਰਦਾ ਹੈ। ਇਹ ਜੀਨਜ਼ ਜੋ ਕਰੋਮੋਸੋਮਜ਼ ਉਪਰ ਕ੍ਰਮਬੱਧ ਕੀਤੇ ਰਸਾਇਣਕ ਤੱਤਾਂ ਦੇ ਬਣੇ ਹੁੰਦੇ ਹਨ ਅਤੇ ਗੁਣਾਂ ਦੇ ਸੰਕੇਤਕਾਂ ਨੂੰ ਅੱਗੇ ਤੋਰਨ ਲਈ ਜ਼ਿੰਮੇਵਾਰ ਹੁੰਦੇ ਹਨ, ਜੋ ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਨੂੰ ਜਾਂਦੇ ਹਨ। ਜਦੋਂ ਇਹ ਨਿਰਧਾਰਿਤ ਹੋ ਚੁੱਕਾ ਹੈ ਕਿ ਸਰੀਰਕ ਗੁਣਾਂ ਲਈ ਜੀਨਜ਼ ਹਿੱਸਾ ਪਾਉਂਦੇ ਹਨ, ਜਿਵੇ ਅੱਖਾਂ ਦਾ ਰੰਗ, ਵਾਲਾਂ ਦੀਆਂ ਕਿਸਮਾਂ ਅਤੇ ਹੱਡੀਆਂ ਦੀ

ਬਣਤਰ, ਉਥੇ ਸਿਆਣਪ ਲਈ ਕੋਈ ਜੀਨ ਨਹੀਂ ਹੈ। ਇਹ ਮੰਨਿਆ ਜਾਂਦਾ ਹੈ ਕਿ ਸੰਭਾਵੀ ਸਿਆਣਪ ਮਾਂ ਅਤੇ ਪਿਉ ਵੱਲੋਂ ਆਏ ਕਈ ਜੀਨਜ਼ ਦਾ ਨਤੀਜਾ ਹੁੰਦੀ ਹੈ, ਪਰ ਨਿਸ਼ਚਿਤ ਜੀਨ ਅਜੇ ਤਕ ਪਛਾਣਿਆ ਨਹੀਂ ਗਿਆ।

ਆਪਣੇ ਮੰਤਵ ਲਈ, ਇਹ ਆਰਾਮ ਨਾਲ ਕਿਹਾ ਜਾ ਸਕਦਾ ਹੈ ਕਿ ਸਿਆਣਪ ਦੀ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਸੰਭਾਵਨਾ, ਜੋ ਇਕ ਕਿਸ਼ੋਰ ਹਾਸਿਲ ਕਰਦਾ ਹੈ, ਗਰਭ ਧਾਰਨ ਸਮੇਂ, ਕੁੱਖ ਵਿਚ ਹੀ ਨਿਰਧਾਰਿਤ ਹੋ ਜਾਂਦੀ ਹੈ। ਬੱਚੇ ਇਸ ਸਮਰਥਾ ਦੇ ਵੱਖ-ਵੱਖ ਪੱਧਰ ਨਾਲ ਪੈਦਾ ਹੁੰਦੇ ਹਨ ਕਿਉਂ ਜੋ ਉਨ੍ਹਾਂ ਦੇ ਮਾਂ-ਪਿਉ ਵੱਖਰੇ ਹੁੰਦੇ ਹਨ। ਇੱਥੋ ਤੱਕ ਕਿ ਇਕੋ ਮਾਂ-ਪਿਉ ਦੇ ਬੱਚਿਆਂ ਵਿਚ ਸਿਆਣਪ ਦਾ ਪੱਧਰ ਇਕੋ ਜਿਹਾ ਨਹੀਂ ਹੁੰਦਾ ਕਿਉਂ ਜੋ ਵੱਖ-ਵੱਖ ਸਮੇਂ 'ਤੇ ਗਰਭ ਧਾਰਨ ਕਾਰਣ, ਬੱਚਿਆਂ ਵਿਚ ਜੀਨਜ਼ ਦੇ ਵੱਖਰੇ ਜੁੱਟ ਆਉਂਦੇ ਹਨ। ਇਹ ਸਿਰਫ਼ ਜੁੜਵਾਂ ਬੱਚਿਆਂ ਵਿਚ (ਇਕੋ ਹੀ ਆਂਡੇ ਤੋਂ ਦੋ ਬੱਚੇ ਬਣਨ ਦੀ ਪ੍ਰਕ੍ਰਿਆ ਵੇਲੇ) ਜਮਾਂਦਰੂ ਗੁਣ ਇਕੋ ਜਿਹੇ ਹੁੰਦੇ ਹਨ।

ਵਾਤਾਵਰਣ ਦਾ ਅਸਰ : ਗਰਭ ਧਾਰਨ ਕਰਨ ਦੇ ਸਮੇਂ ਤੋਂ ਹੀ ਬੱਚਾ ਇਕ ਵਾਤਾਵਰਣ ਵਿਚ ਵਧਦਾ ਹੈ। ਮਾਂ ਦੀ ਕੁੱਖ ਵਿਚ ਵਧਦੇ ਹੋਏ, ਰਸਾਇਣਾਂ ਦੇ ਬਦਲਾਅ, ਖੁਰਾਕ ਅਤੇ ਆਕਸੀਜਨ ਦਾ ਜੀਵਨ ਉਪਰ ਅਸਰ ਹੁੰਦਾ ਹੈ। ਜਨਮ ਮਗਰੋਂ ਵਾਤਾਵਰਣ ਜਿਆਦਾ ਗੁੰਝਲਦਾਰ ਹੋ ਜਾਂਦਾ ਹੈ ਅਤੇ ਇਸ ਵਾਤਾਵਰਣ ਵਿਚ ਜਮਾਂਦਰੂ ਬੁੱਧੀ ਦੀ ਸੰਭਾਵਨਾ ਵਿਕਾਸ ਲਈ ਅਭੀਵਿਅਕਤੀ ਲਭਦੀ ਹੈ। ਆਮ ਤੌਰ 'ਤੇ, ਜਦੋਂ ਬੱਚੇ ਦਾ ਵਾਤਾਵਰਣ ਉਸਾਰੂ ਅਤੇ ਭਰਪੂਰ ਹੋਵੇ, ਤਾਂ ਬੱਚਾ ਜੀਨਜ਼ ਵਲੋਂ ਮਿਲੀ ਸਿਆਣਪ ਦੀ ਸਮਰਥਾ ਨੂੰ ਉਪਰਲੇ ਪੱਧਰ ਤਕ ਪਹੁੰਚਾਉਣ ਦੇ ਯੋਗ ਹੁੰਦਾ ਹੈ। ਇਸ ਦੇ ਉਲਟ, ਮਾੜੇ ਗੁਣ ਜਾਂ ਢਾਹੂ ਅਸਰ ਵਿਅਕਤੀ ਨੂੰ ਆਪਣੀ ਸਮਰਥਾ ਤਕ ਪਹੁੰਚਣ ਵਿਚ ਰੁਕਾਵਟ ਬਣਦੇ ਹਨ।

ਵਾਤਾਵਰਣ ਦੇ ਕੁਝ ਹਾਲਾਤ ਕਿਸ਼ੋਰਾਂ ਅਤੇ ਬੱਚਿਆਂ ਦੇ ਬੌਧਿਕ ਵਿਕਾਸ ਲਈ ਜ਼ਰੂਰੀ ਹਨ। ਸ਼ੁਰੂ ਵਿਚ, ਸਿਹਤਮੰਦ ਜਾਂ ਦੇਖ-ਭਾਲ ਕਰਨ ਵਾਲਾ ਪਰਿਵਾਰ ਅਤੇ ਪੌਸ਼ਟਿਕ ਖੁਰਾਕ ਚੰਗੇ ਵਾਤਾਵਰਣ ਦੇ ਕੁਝ ਮਹੱਤਵਪੂਰਣ ਅੰਗ ਹਨ। ਛੋਟੇ ਬੱਚੇ ਨੂੰ ਚੰਗੀ ਖੁਰਾਕ ਅਤੇ ਚੰਗੀ ਦੇਖ-ਭਾਲ ਲਾਜ਼ਮੀ ਮਿਲਣੀ ਚਾਹੀਦੀ ਹੈ। ਜਦੋਂ ਬੱਚਾ ਸਕੂਲ ਦੀ ਉਮਰ 'ਤੇ ਪਹੁੰਚਦਾ ਹੈ, ਉਪਰਲੀਆਂ ਗੱਲਾਂ ਤੋਂ ਇਲਾਵਾ, ਉਕਸਾਊ ਵਾਤਾਵਰਣ ਵਾਲੇ ਸਕੂਲ ਵਿਚ ਦੁਨੀਆਂ ਨੂੰ ਜਾਣਨਾ ਅਤੇ ਹਮਉਮਰ ਸਾਥੀਆਂ ਨਾਲ ਖੇਡਣਾ ਵੀ ਮਹੱਤਵਪੂਰਣ ਬਣ ਜਾਂਦੇ ਹਨ। ਜਦੋਂ ਬੱਚਾ ਕਿਸ਼ੋਰ ਅਵਸਥਾ 'ਤੇ ਪਹੁੰਚਦਾ ਹੈ, ਸਕੂਲ, ਕਾਲਜ, ਪਰਿਵਾਰ ਅਤੇ ਹਮਉਮਰ ਸਾਥੀ ਕਿਸ਼ੋਰਾਂ ਦੇ ਬੌਧਿਕ ਵਿਕਾਸ ਲਈ ਇਮਦਾਦੀ ਢਾਂਚੇ ਦੇ ਤੌਰ 'ਤੇ ਹੋਰ ਵੀ ਮਹੱਤਵਪੂਰਣ ਹੋ ਜਾਂਦੇ ਹਨ।

ਇਸ ਢੰਗ ਨਾਲ ਕਹੀਏ ਤਾਂ ਕੋਈ ਕਾਰਣ ਨਜ਼ਰ ਨਹੀਂ ਆਉਂਦਾ ਕਿ ਕਿਉਂ ਕੋਈ ਬੱਚਾ ਮਾਨਸਿਕ ਅਸੁਖਾਵਾਂਪਨ ਤੋਂ ਪੀੜਤ ਹੁੰਦਾ ਹੈ। ਫਿਰ ਵੀ, ਗਰੀਬੀ ਅਤੇ ਅਮੀਰੀ

ਦੋਵੇਂ ਹੀ, ਬੱਚਿਆ ਦੇ ਪੂਰਨ ਵਿਕਾਸ ਵਿਚ ਅੜਿੱਕਾ ਲਾਉਂਦੇ ਹਨ। ਗਰੀਬੀ ਵਿਚ ਰਹਿੰਦੇ ਪਰਿਵਾਰ ਆਪਣੇ ਛੋਟੇ ਬੱਚਿਆਂ ਨੂੰ ਚੰਗੀ ਖੁਰਾਕ ਅਤੇ ਜਾਣਕਾਰੀ ਭਰਪੂਰ ਵਾਤਾਵਰਣ ਮੁਹੱਈਆ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ। ਮਾਵਾਂ ਦਾ ਖਾਸ ਕਰ, ਵਿਦਿਆ ਅਤੇ ਜਾਣਕਾਰੀ ਤੋਂ ਵਾਂਝੇ ਹੋਣਾ, ਉਨ੍ਹਾਂ ਦੇ ਬੱਚਿਆਂ ਵਿਚ ਮਾਨਸਿਕ ਕਾਬਲੀਅਤ ਦੇ ਘੱਟ ਹੋਣ ਨਾਲ ਸੰਬੰਧਿਤ ਹੈ ਕਿਉਂ ਜੋ ਜਿਸ ਵਾਤਾਵਰਣ ਵਿਚ ਉਹ ਵੱਡੇ ਹੁੰਦੇ ਹਨ, ਉਹ ਉਨ੍ਹਾਂ ਨੂੰ ਪੂਰੀ ਤਰ੍ਹਾਂ ਉਤੇਜਿਤ ਨਹੀਂ ਕਰਦਾ। ਸਕੂਲੀ ਵਿਦਿਆ ਦੀ ਘਾਟ ਜਾਂ ਅਸੁਖਾਵੇਂ ਪਰਿਵਾਰਾਂ ਵਿਚ ਬੱਚਿਆਂ ਪ੍ਰਤੀ ਅਣਗੌਲਿਆਂ ਵਿਵਹਾਰ ਆਮ ਵਰਤਾਰਾ ਹੈ ਅਤੇ ਇਹ ਜਜ਼ਬਾਤੀ ਤੌਰ 'ਤੇ ਵੀ ਉਨ੍ਹਾਂ 'ਤੇ ਅਸਰ ਪਾਉਂਦਾ ਹੈ।

ਇਹ ਤੱਥ ਹੈ ਕਿ ਅਮੀਰੀ ਵੀ ਮਾਨਸਿਕ ਕਾਬਲੀਅਤਾ ਦੇ ਵਿਕਾਸ ਵਿਚ ਅੜਿੱਕਾ ਬਣ ਸਕਦੀ ਹੈ, ਇਕ ਚੁਣੌਤੀ ਭਰਿਆ ਸੰਕਲਪ ਹੈ। ਜਦੋਂ ਇਕ ਪਰਿਵਾਰ ਜਿਸ ਕੋਲ ਜ਼ਰੂਰਤ ਤੋਂ ਕਿਤੇ ਜ਼ਿਆਦਾ ਪੈਸਾ ਹੈ ਤਾਂ ਇਹ ਰੁਝਾਨ ਰਹਿੰਦਾ ਹੈ ਕਿ ਜੋ ਵੀ ਪੈਸੇ ਨਾਲ ਖਰੀਦਿਆ ਜਾ ਸਕਦਾ ਹੈ ਹਾਸਿਲ ਕੀਤਾ ਜਾਵੇ। ਪਰਿਵਾਰ ਵਿਚ ਵਿਅਕਤੀਆਂ ਨੂੰ ਸਾਧਨ-ਸੰਪੰਨ ਹੋਣ ਲਈ ਜ਼ਿਆਦਾ ਹੱਥ-ਪੈਰ ਨਹੀਂ ਮਾਰਨੇ ਪੈਂਦੇ। ਅਜਿਹੇ ਪਰਿਵਾਰਾ ਦੇ ਬੱਚੇ ਸਖਤ ਮਿਹਨਤ ਨਹੀਂ ਕਰਦੇ, ਕਿਉਂ ਜੋ ਜ਼ਿੰਦਗੀ ਦਾ ਸਾਰਾ ਸਾਜ਼ੋ-ਸਮਾਨ ਬਗੈਰ ਹੀਲ-ਹੁਜਤ ਦੇ ਉਨ੍ਹਾਂ ਲਈ ਮੌਜੂਦ ਹੁੰਦਾ ਹੈ। ਦਿਲਚਸਪੀ ਦੀ ਗੱਲ ਹੈ ਕਿ ਸਮੱਸਿਆਵਾਂ ਨਾਲ ਨਜਿੱਠਣਾ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਬੌਧਿਕ ਵਿਕਾਸ ਲਈ ਜਰੂਰੀ ਮਾਨਸਿਕ ਤਜਰਬੇ ਹਨ ਜਦੋਂ ਕਿ ਬਹੁਤੇ ਅਮੀਰ ਪਰਿਵਾਰ ਆਪਣੇ ਕਿਸ਼ੋਰਾ ਲਈ ਇਹ ਸੰਤੁਸਟੀ ਨਹੀਂ ਚਾਹੁੰਦੇ ਜਦੋਂ ਕਿ ਪਰਿਵਾਰ ਇਸ ਤੋਂ ਉਲਟ ਕਰਦੇ ਹਨ।

ਇਕ ਹੋਰ ਤਰੀਕੇ ਨਾਲ, ਉੱਚ ਵਰਗ ਦੇ ਪਰਿਵਾਰ ਕਿਸ਼ੋਰਾ 'ਤੇ ਵਾਧੂ ਪ੍ਰਾਪਤੀਆਂ ਲਈ ਬੋਝ ਪਾ ਕੇ ਉਨ੍ਹਾਂ ਦੇ ਮਾਨਸਿਕ ਵਿਕਾਸ ਵਿਚ ਦਖਲ ਪੈਦਾ ਕਰਦੇ ਹਨ। ਇਹ ਆਸਾ ਕਿਸ਼ੋਰਾ ਦੀਆਂ ਰੁਚੀਆਂ ਅਤੇ ਯੋਗਤਾਵਾਂ ਦੇ ਪੱਧਰ ਨਾਲ ਮੇਚ ਨਹੀਂ ਖਾਂਦੀਆਂ, ਪਰ ਪਰਿਵਾਰ ਦੀ ਰਿਵਾਇਤ ਤੇ ਸੁਰ ਦੀਆਂ ਜ਼ਿਆਦਾ ਹੁੰਦੀਆ ਹਨ (ਡਾਕਟਰ ਦਾ ਪੁੱਤਰ ਲਾਜ਼ਮੀ ਡਾਕਟਰ ਹੋਣਾ ਚਾਹੀਦਾ ਹੈ।) ਜਾਂ ਅਜੋਕੇ ਸਮਾਜ ਦੇ ਰੁਝਾਨ ਅਨੁਸਾਰ ਹੁੰਦੀਆਂ ਹਨ। (ਤੁਹਾਨੂੰ ਵਪਾਰ ਵਿਚ ਕਾਮਯਾਬ ਹੋਣ ਲਈ ਐਮ ਬੀ. ਏ. ਹੋਣਾ ਚਾਹੀਦਾ ਹੈ।) ਜਦੋਂ ਮੁਕਾਬਲੇ ਲਈ ਜ਼ਿਆਦਾ ਜ਼ੋਰ ਪਾਇਆ ਜਾਂਦਾ ਹੈ ਤਾ ਬਹੁਤ ਨੌਜਵਾਨ ਜਜ਼ਬਾਤੀ ਤੌਰ 'ਤੇ ਟੁੱਟ ਜਾਦੇ ਹਨ ਅਤੇ ਪੜ੍ਹਾਈ ਵਿਚ ਪਛੜ ਜਾਦੇ ਹਨ।

ਆਪਸ ਵਿਚ ਚੰਗੀ ਤਰ੍ਹਾਂ ਜੁੜਿਆ ਪਰਿਵਾਰ, ਇਕਾਕੀ ਜਾ ਸੰਯੁਕਤ, ਹਾਂ-ਪੱਖੀ ਵਾਤਾਵਰਣ ਲਈ ਮੁੱਖ ਲੋੜ ਹੈ। ਬੱਚੇ ਅਤੇ ਕਿਸ਼ੋਰਾ ਨੂੰ ਆਪਣੀ ਪੂਰੀ ਸਮਰਥਾ ਦੇ ਪ੍ਰਗਟਾਵੇ ਲਈ ਪਿਆਰ, ਦੁਲਾਰ ਅਤੇ ਚਾਹੇ ਜਾਣ ਦੀ ਲੋੜ ਹੁੰਦੀ ਹੈ। ਮਾ-ਪਿਉ ਅਤੇ ਹੋਰ ਸਿਆਣੇ ਬੱਚਿਆਂ ਦੇ ਵਿਕਾਸ ਨੂੰ ਸਹਾਰਾ ਦਿੰਦੇ ਹਨ, ਜੇ ਉਹ ਆਪਸ ਵਿਚ ਖੁਦ ਸਾਵੇ ਹੋਣ। ਆਪਸੀ ਖਿੱਚ-ਖਿੱਚ, ਲੜਾਈ, ਮਾਪਿਆਂ ਦਾ ਅੱਡ ਰਹਿਣ

ਜਾਂ ਤਲਾਕ ਬੱਚਿਆਂ ਦੇ ਵਿਕਾਸ ਲਈ ਮਾੜਾ ਸਾਬਿਤ ਹੁੰਦਾ ਹੈ। ਜਿੱਥੇ ਪਿਆਰ, ਕਬੂਲੀਅਤ, ਬੋਲਚਾਲ ਹੁੰਦਾ ਹੈ, ਕਿਸ਼ੋਰ ਆਪਣੀ ਸਿਆਣਪ ਸਦਕਾ ਕਾਫ਼ੀ ਚੰਗੇ ਨਤੀਜੇ ਸਾਹਮਣੇ ਲਿਆਉਂਦੇ ਹਨ।

ਕਿਸ਼ੋਰ ਅਵਸਥਾ 'ਤੇ ਬੌਧਿਕ ਵਿਕਾਸ

ਮਾਨਸਿਕ ਕਾਰਗੁਜ਼ਾਰੀ ਦੇ ਵਿਸ਼ੇ ਤੋਂ ਆਓ ਕੁਝ ਆਧੁਨਿਕ ਵਿਚਾਰਾਂ ਵੱਲ ਝਾਤ ਮਾਰੀਏ ਕਿ ਕਿਵੇਂ ਕਿਸ਼ੋਰਾਂ ਦਾ ਮਨ ਕੰਮ ਕਰਦਾ ਹੈ। ਆਓ ਝਾਤੀ ਮਾਰੀਏ ਕਿ ਬੱਚੇ ਜੋ ਸਿੱਧੇ -ਸਾਦੇ ਵਿਚਾਰਾ ਅਤੇ ਵਰਤਾਉ ਕਰਨ ਵਾਲੇ ਹੁੰਦੇ ਹਨ, ਕਿਵੇਂ ਆਪਣੀ ਕਿਸ਼ੋਰ ਅਵਸਥਾ ਵਿਚ ਇਕ ਪ੍ਰੋੜ੍ਹ ਸੋਚਵਾਨ ਖੋਜੀ ਅਤੇ ਕਰਨਹਾਰ ਬਣ ਜਾਂਦੇ ਹਨ। ਇਹ ਪ੍ਰੋੜ੍ਹਤਾ ਦੇ ਬਦਲਾਅ ਬਿਨ੍ਹਾਂ ਕਿਸੇ ਨਸਲ, ਸਮਾਜਿਕ ਜਮਾਤ, ਸੈਕਸ ਅਤੇ ਰਾਸ਼ਟਰੀਅਤਾ ਦੇ ਭੇਦਭਾਵ ਤੋਂ, ਸਾਰੇ ਮਨੁੱਖਾਂ ਵਿਚ ਵਾਪਰਦੇ ਹਨ। ਇਸ ਨੂੰ ਬੌਧਿਕ ਵਿਕਾਸ ਕਹਿੰਦੇ ਹਨ ਅਤੇ ਇਹ ਕਈ ਪੜਾਵਾ ਵਿਚ ਹੁੰਦਾ ਹੈ। ਮਨੁੱਖੀ ਬੌਧਿਕ ਵਿਕਾਸ ਦਾ ਇਹ ਸਿਧਾਂਤ, ਸਵਿਸ ਦੇ ਮਨੋਵਿਗਿਆਨੀ ਜੀਨ ਪਿਐਗੇਟ ਵੱਲੋਂ ਵਿਕਸਿਤ ਹੋਇਆ।

ਬੌਧਿਕਤਾ ਮਨ ਦੀਆ ਉਨ੍ਹਾਂ ਅੰਦਰੂਨੀ ਕਾਰਜਪ੍ਰਣਾਲੀਆਂ ਨੂੰ ਸੰਬੋਧਿਤ ਕਰਦਾ ਹੈ ਜੋ ਚੇਤਨ ਹੋਣ ਵੱਲ ਲੈ ਜਾਦੀਆ ਹਨ। ਮਾਨਸਿਕ ਕਾਰਗੁਜ਼ਾਰੀਆਂ ਤੋਂ ਇਲਾਵਾ ਸਮੱਸਿਆਵਾ ਨੂੰ ਸੁਲਝਾਉਣਾ, ਯਾਦ ਰੱਖਣਾ, ਕਲਪਨਾ ਕਰਨਾ, ਸਿਰਜਨ ਅਤੇ ਸੋਚਣਾ ਵੀ ਇਸ ਨਾਲ ਜੁੜੀਆ ਹਨ। ਜੇ ਤੁਸੀ ਯਾਦ ਕਰੋ, ਇਹ ਸਭ ਸਿਆਣਪ ਦੇ ਹੀ ਹਿੱਸੇ ਹਨ। ਇਹ ਨਿਰਧਾਰਿਤ ਹੋ ਚੁੱਕਾ ਹੈ ਕਿ ਮਨੁੱਖੀ ਬੁੱਧੀ ਪੜਾਵਾਂ ਵਿਚ ਅੱਗੇ ਵਧਦੀ ਹੈ। ਸਰੀਰਕ ਵਿਕਾਸ ਦੇ ਨਾਲ ਦਿਮਾਗ ਦੀ ਬਣਤਰ ਵੀ ਪੋੜ੍ਹ ਹੁੰਦੀ ਹੈ। ਆਲੇ-ਦੁਆਲੇ ਨਾਲ ਲਗਾਤਾਰ ਆਪਸੀ ਪ੍ਰਭਾਵ ਪੈਣ ਨਾਲ, ਬੱਚਾ ਮਨ ਵਿਚ ਅਸਲੀਅਤ ਨੂੰ ਸਮਝਣ ਲੱਗਦਾ ਹੈ। ਸੁਰੂ ਸੁਰੂ ਵਿਚ ਆਲੇ-ਦੁਆਲੇ ਦੀ ਦੁਨੀਆ ਬਾਰੇ ਵਿਚਾਰ-ਸਾਦ-ਮੁਰਾਦੇ ਅਤੇ ਪ੍ਰਤੱਖ ਅਨੁਭਵ ਤਕ ਸੀਮਿਤ ਹੁੰਦੇ ਹਨ। ਹੌਲੀ ਹੌਲੀ ਬੱਚਾ ਇਨ੍ਹਾਂ ਨਾਲ ਨਿਪਟਣ ਲਈ ਸੰਕੇਤਾ ਅਤੇ ਭਾਸ਼ਾ ਨੂੰ ਸਮਝਣ ਅਤੇ ਵਰਤਣ ਲੱਗਦਾ ਹੈ। ਕਿਸ਼ੋਰ ਅਵਸਥਾ ਦੌਰਾਨ, ਬੌਧਿਕ ਵਿਕਾਸ ਦੇ ਅੰਤਲੇ ਪੜਾਅ ਵੇਲੇ, ਵਿਅਕਤੀ ਸੂਖਮ ਵਿਚਾਰਾਂ ਅਤੇ ਵਿਕਸਿਤ ਮਾਨਸਿਕ ਕ੍ਰਿਆਵਾਂ ਦੇ ਯੋਗ ਹੋ ਜਾਂਦਾ ਹੈ। ਕਿਸ਼ੋਰ ਅਵਸਥਾ ਤੋਂ ਬਾਅਦ, ਉਹੀ ਮਾਨਸਿਕ ਪ੍ਰਕ੍ਰਿਆਵਾਂ ਅੱਗੇ ਤੁਰਦੀਆਂ ਹਨ ਅਤੇ ਬੌਧਿਕ ਕਾਰਜ ਲਈ ਵਰਤੋਂ ਵਿਚ ਆਉਂਦੀਆ ਹਨ।

ਕਿਸੋਰ ਅਵਸਥਾ ਦੀ ਬੌਧਿਕਤਾ ਦੀ ਵਿਸ਼ੇਸ਼ਤਾ ਨੂੰ ਵਿਚਾਰਨ ਤੋਂ ਪਹਿਲਾਂ ਆਓ ਬਚਪਨ ਦੇ ਪੜਾਵਾਂ ਵੱਲ ਸੰਖੇਪ ਝਾਤੀ ਮਾਰ ਲਈਏ ਤਾਂ ਜੋ ਆਪਸੀ ਸੰਬੰਧਾਂ ਬਾਰੇ ਜਾਣਿਆ ਜਾ ਸਕੇ।

1. **ਸੰਵੇਦੀ ਪ੍ਰੇਰਕ ਅਵਸਥਾ** : ਜਨਮ ਤੋਂ ਦੋ ਸਾਲ ਦੌਰਾਨ ਤਕ ਹੁੰਦੀ ਹੈ। ਇਸ ਛੋਟੀ

ਅਵਸਥਾ 'ਤੇ ਵੀ ਬੱਚਾ ਸਮਝਦਾਰੀ ਵਾਲਾ ਵਿਵਹਾਰ ਕਰਦਾ ਹੈ, ਜੋ ਕਿ ਉਸ ਉਮਰ ਅਨੁਸਾਰ ਹੀ ਹੁੰਦਾ ਹੈ ਤੇ ਬਾਅਦ ਵਿਚ ਬਚਕਾਨਾ ਜਾਪਦਾ ਹੈ। ਬੱਚੇ ਦੋ ਸਾਲ ਦੀ ਉਮਰ ਤਕ, ਸੁੰਘਣਾ, ਸੁਣਨਾ, ਦੇਖਣਾ, ਅਨੁਭਵ ਕਰਨ ਅਤੇ ਕੁਝ ਕੁ ਸ਼ਬਦਾਂ ਨੂੰ ਜੋੜਨਾ ਤੇ ਬੋਲਣਾ ਸਿਖ ਜਾਂਦੇ ਹਨ। ਇਨ੍ਹਾਂ ਮੁਹਾਰਤਾਂ ਨੂੰ ਵਰਤਦੇ ਹੋਏ, ਉਹ ਕਈ ਤਰ੍ਹਾਂ ਦੇ ਵਿਵਹਾਰ ਵਿਕਸਿਤ ਕਰਦੇ ਹਨ ਜੋ ਕਿ ਵਾਰ-ਵਾਰ ਦੁਹਰਾਉਣ ਵਾਲੇ ਹੁੰਦੇ ਹਨ, ਪਰ ਉਨ੍ਹਾਂ ਲਈ ਸਾਰਥਕ ਹੁੰਦੇ ਹਨ। ਉਦਾਹਰਣ ਵਜੋਂ, 18 ਮਹੀਨਿਆਂ ਦੀ ਇਕ ਕੁੜੀ ਆਪਣੀ ਮਾਂ ਦੀ ਅਲਮਾਰੀ ਕੋਲ ਹਰ ਰੋਜ਼ ਜਾਂਦੀ ਹੋਵੇ, ਖੋਲਦੀ ਹੋਵੇ ਅਤੇ ਸਾਰੇ ਕੱਪੜੇ ਕੱਢਦੀ ਹੋਵੇ। ਮਾਂ ਉਸ ਨੂੰ ਇਸ ਤਰ੍ਹਾ ਕਰਨ ਲਈ ਰੋਕਦੀ ਹੋਵੇਗੀ ਅਤੇ ਸਮਝਾਉਂਦੀ ਹੋਵੇਗੀ ਕਿ ਕੱਪੜੇ ਗੰਦੇ ਹੋ ਜਾਣਗੇ। ਫਿਰ ਵੀ ਛੋਟੀ ਕੁੜੀ ਉਸ ਨੂੰ ਦੁਬਾਰਾ ਕਰੇਗੀ, ਕਿਉਂਕਿ ਉਸ ਲਈ ਇਹ ਖੋਜ ਦਾ ਤਜਰਬਾ ਹੈ। ਇਸ ਤੋਂ ਵੱਧ ਮਹੱਤਵਪੂਰਣ ਇਹ ਇਕ ਮਨਪਰਚਾਵਾ ਹੈ।

2. **ਅਮਲ ਤੋਂ ਪਹਿਲਾਂ ਦੀ ਅਵਸਥਾ** : ਦੂਸਰੇ ਵਰ੍ਹੇ ਦੇ ਅੰਤ 'ਤੇ ਸ਼ੁਰੂ ਹੁੰਦੀ ਹੈ ਅਤੇ ਸੱਤ ਸਾਲ ਦੀ ਉਮਰ ਤਕ ਰਹਿੰਦੀ ਹੈ। ਹੁਣ ਬੱਚੇ ਕੋਲ ਇਕ ਪੂਰੀ ਤਰ੍ਹਾਂ ਵਿਕਸਿਤ ਬੋਲਾਂ ਦਾ ਹੁਨਰ ਹੁੰਦਾ ਹੈ। ਹੁਣ ਬੱਚੇ ਨਕਲ ਲਾਹੁਣ ਵਾਲੀਆਂ ਖੇਡਾਂ ਵਿਚ ਰੁੱਝੇ ਰਹਿੰਦੇ ਹਨ ਜਿਵੇਂ ਘਰ-ਘਰ ਖੇਡਣਾ, ਅਧਿਆਪਕ ਬਣਨਾ, ਸਬਜ਼ੀ ਵੇਚਣ ਵਾਲਾ, ਪੁਲਿਸਮੈਨ, ਭਾਵੇਂ ਉਨ੍ਹਾਂ ਦੇ ਵਿਚਾਰ ਆਪਣੇ ਨਜ਼ਰੀਏ ਤੋਂ ਦੁਨੀਆ ਦੇਖਣ ਕਾਰਣ ਸੀਮਿਤ ਹੁੰਦੇ ਹਨ। ਇਕ ਸਾਧਾਰਣ ਜਿਹਾ ਪ੍ਰਯੋਗ ਕਿ ਜੇ ਤੁਸੀ ਕਾਗਜ 'ਤੇ ਕੁਝ ਵਾਹੋ, ਮੰਨ ਲਵੋ ਰੁੱਖ ਅਤੇ ਉਸ ਤਸਵੀਰ ਨੂੰ ਚਾਰ ਸਾਲ ਦੇ ਮੁੰਡੇ ਨੂੰ ਦਿਖਾਉ ਅਤੇ ਆਪਣੇ ਵਾਲਾ ਪਾਸਾ ਛੁਪਾ ਲਵੋ। ਉਸ ਤੋਂ ਪੁੱਛੋਂ, 'ਕਿ ਤੂੰ ਇਹ ਰੁੱਖ ਦੇਖ ਸਕਦਾ ਹੈਂ? ਕੀ ਤੇਰੇ ਖ਼ਿਆਲ ਵਿਚ ਮੈਂ ਵੀ ਇਹ ਰੁੱਖ ਦੇਖ ਸਕਦਾ ਹਾਂ? ਹੋ ਸਕਦਾ ਹੈ, ਬੱਚਾ ਇਨ੍ਹਾ ਦੋਵਾ ਸਵਾਲਾ ਦਾ ਜਵਾਬ 'ਹਾਂ' ਵਿਚ ਦੇਵੇ। ਉਹ ਸੋਚਦਾ ਹੈ ਕਿਉ ਜੋ ਉਸ ਨੂੰ ਦਿਖ ਰਿਹਾ ਹੈ, ਉਸੇ ਤਰ੍ਹਾਂ ਤੁਸੀ ਵੀ ਦੇਖ ਸਕਦੇ ਹੋ।

3. **ਠੋਸ ਅਮਲ ਦੀ ਅਵਸਥਾ** : ਬੱਚੇ ਦੇ 7 ਤੋਂ 11 ਸਾਲ ਦੀ ਉਮਰ ਦੀ ਸੋਚ ਨੂੰ ਵਰਣਨ ਕਰਦੀ ਹੈ। ਉਨ੍ਹਾਂ ਦੀ ਦਲੀਲਬਾਜ਼ੀ, ਛੋਟੇ ਬੱਚਿਆਂ ਦੇ ਮੁਕਾਬਲੇ ਜ਼ਿਆਦਾ ਤਰਕਸ਼ੀਲ, ਨਰਮਮਿਜਾਜ਼ ਅਤੇ ਸੰਗਠਿਤ ਹੋ ਜਾਂਦੀ ਹੈ। ਉਹ ਦੂਰੀ, ਸਮਾ ਅਤੇ ਰਫ਼ਤਾਰ ਦੇ ਸੰਕਲਪ ਨੂੰ ਸਮਝਣ ਲੱਗਦੇ ਹਨ। ਜਮਾਤ ਦੀ ਸਿਖਲਾਈ ਦੌਰਾਨ ਉਹ ਮੌਖਿਕ ਜਾਂ ਦਿਮਾਗੀ ਹਿਸਾਬ ਕਰ ਸਕਦੇ ਹਨ। ਕਿਉਂ ਜੋ ਉਹ ਮਾਨਸਿਕ ਪ੍ਰਕ੍ਰਿਆ ਦੀ ਵਰਤੋਂ ਕਰ ਸਕਦੇ ਹਨ। ਉਹ ਆਪਣੇ ਮਨ ਵਿਚ, ਉਡਣਾ ਜਾਂ ਪਾਣੀ ਦਾ ਗਲਾਸ ਖਾਲੀ ਕਰਨ ਵਰਗੇ ਕਾਰਜ ਪਰਤਿਆ ਸਕਦੇ ਹਨ, ਜੋ ਇਕ ਵਾਧੂ ਸਮਰੱਥਾ ਹੈ ਜੋ ਕਿ ਬਾਲਗ ਦੀ ਪੱਧਰ ਦੀ ਸੋਚ ਵੱਲ ਰਾਹ ਖੋਲ੍ਹਦੀ ਹੈ। ਫਿਰ ਵੀ, ਇਸ ਅਵਸਥਾ 'ਤੇ ਬੱਚੇ ਸਿਰਫ਼ ਉਹੀ ਠੋਸ ਜਾਣਕਾਰੀ ਨਾਲ ਨਿਪਟਾਰਾ ਕਰ ਸਕਦੇ ਹਨ। ਉਨ੍ਹਾਂ ਨੂੰ ਸੂਖਮ ਧਾਰਨਾਵਾਂ ਜਿਵੇ 'ਹੋਰ

ਗ੍ਰਿਹਾਂ ਉਪਰ ਜ਼ਿੰਦਗੀ ਨੂੰ ਸਮਝਣ ਵਿਚ ਮੁਸ਼ਕਿਲ ਹੁੰਦੀ ਹੈ।

4. **ਵਿਧੀਵਤ ਪ੍ਰਕ੍ਰਿਆਵਾਂ ਦੀ ਅਵਸਥਾ** : ਗਿਆਰਾਂ ਸਾਲ ਦੀ ਉਮਰ ਦੇ ਆਸ-ਪਾਸ ਸ਼ੁਰੂ ਹੁੰਦੀ ਹੈ ਅਤੇ ਵਿਅਕਤੀ ਦੀ ਸਾਰੀ ਜ਼ਿੰਦਗੀ ਦੇ ਵਿਚਾਰਾਂ ਨੂੰ ਵਿਸ਼ੇਸਤਾ ਪ੍ਰਦਾਨ ਕਰਦੀ ਹੈ। ਕਿਸ਼ੋਰਾਂ ਦੇ ਵਿਚਾਰਾਂ ਦਾ ਇਕ ਮੁੱਖ ਗੁਣ ਯੋਜਨਾਬੱਧ ਸੋਚ ਹੈ। ਕਿਸ਼ੋਰ ਆਪਣੇ ਵਿਚਾਰਾਂ ਨੂੰ ਸੰਗਠਿਤ ਕਰਨ ਦੀ ਕਾਬਲੀਅਤ ਵਿਕਸਿਤ ਕਰ ਲੈਂਦੇ ਹਨ, ਉਨ੍ਹਾਂ 'ਤੇ ਗੌਰ ਕਰਦੇ ਹਨ, ਉਨ੍ਹਾਂ 'ਤੇ ਆਧਾਰਿਤ ਫੈਸਲਾ ਲੈਂਦੇ ਹਨ ਅਤੇ ਫਿਰ ਲਾਗੂ ਕਰਦੇ ਹਨ। ਉਦਾਹਰਣ ਦੇ ਤੌਰ ਤੇ ਜਦੋਂ 16 ਸਾਲ ਦੀ ਲੜਕੀ ਨੂੰ ਆਪਣੇ ਲਈ ਸੈਂਡਲ ਖਰੀਦਣ ਲਈ ਕੁਝ ਪੈਸੇ ਦਿੱਤੇ ਜਾਂਦੇ ਹਨ, ਉਹ ਕਈ ਦੁਕਾਨਾਂ ਤੇ ਜਾਂਦੀ ਹੈ, ਕਈ ਡਿਜਾਈਨ/ਨਮੂਨੇ/ਕਿਸਮਾ ਦੇਖਦੀ ਹੈ, ਉਨ੍ਹਾਂ ਦੇ ਮੁੱਲ ਦਾ ਨਿਰੀਖਣ ਕਰਦੀ ਹੈ ਅਤੇ ਫਿਰ ਫੈਸਲਾ ਕਰਦੀ ਹੈ ਕਿ ਕਿਹੜਾ ਉਹ ਖਰੀਦਣਾ ਚਾਹੁੰਦੀ ਹੈ।

ਇਕ ਹੋਰ ਪ੍ਰਾਪਤੀ ਜੋ ਕਿਸ਼ੋਰ ਅਵਸਥਾ 'ਤੇ ਹੁੰਦੀ ਹੈ, ਉਹ ਹੈ ਸੂਖਮ ਸੋਚ। ਭਾਵ, ਉਨ੍ਹਾਂ ਵਰਤਾਰਿਆਂ ਦੀ ਕਲਪਨਾ ਜੋ ਠੋਸ ਨਹੀਂ ਹਨ, ਜੋ ਕਾਲਪਨਿਕ ਹਨ। ਇਸ ਵਿਚ ਹਿਸਾਬ, ਤਰਕ, ਵਿਗਿਆਨ ਦੇ ਸੰਕਲਪ, ਕਾਨੂੰਨ ਅਤੇ ਭੂਗੋਲ ਨਾਲ ਸੰਬੰਧਿਤ ਸਮੱਸਿਆਵਾਂ ਸ਼ਾਮਿਲ ਹਨ। ਉਦਾਹਰਣ ਵਜੋਂ ਇਕ ਕਿਸ਼ੋਰ ਨਿਮਨ ਲਿਖਤ ਕਥਨਾਂ ਨੂੰ ਸਮਝਣ ਦੇ ਕਾਬਲ ਹੋਵੇਗਾ :

- ਗੋਵਿੰਦ ਅਸਲਮ ਨਾਲੋਂ ਲੰਮਾ ਹੈ ਅਤੇ ਅਸਲਮ ਨਵੀਨ ਨਾਲੋਂ ਲੰਮਾ ਹੈ, ਇਸ ਲਈ ਨਵੀਨ ਸਭ ਤੋਂ ਛੋਟਾ ਹੈ।
- ਲੋਕਤੰਤਰ ਵਿਚ, ਕਾਨੂੰਨ ਦੀ ਨਜ਼ਰ ਵਿਚ ਸਾਰੇ ਬਰਾਬਰ ਹਨ।
- ਮਾਊਂਟ ਐਵਰੈਸਟ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਹੈ।
- ਰੋਸ਼ਨੀ ਆਵਾਜ਼ ਨਾਲੋਂ ਤੇਜ਼ ਰਫ਼ਤਾਰ ਨਾਲ ਤੁਰਦੀ ਹੈ।
- ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਹੈ।

ਉਪਰੋਕਤ ਸਾਰੇ ਕਥਨਾ ਵਿਚ ਸੂਖਮ ਵਿਚਾਰਾ, ਜਿਵੇਂ 'ਲੋਕਤੰਤਰ' ਅਤੇ 'ਜ਼ਿੰਦਗੀ' ਨੂੰ ਸਮਝਣ ਲਈ, ਦੀ ਕਾਬਲੀਅਤ ਲੋੜੀਂਦੀ ਹੈ। ਇਥੋਂ ਤਕ ਕਿ ਸਾਡੇ ਵਿਚੋਂ ਕਿਸੇ ਨੇ ਵੀ ਮਾਊਂਟ ਐਵਰੈਸਟ ਦੀ ਉਚਾਈ ਨਹੀਂ ਮਾਪੀ, ਕਿਉਂ ਜੋ ਵਿਗਿਆਨੀਆਂ ਨੇ ਉਸ ਦੀ ਉਚਾਈ ਦਾ ਤੱਥ ਨਿਰਧਾਰਿਤ ਕੀਤਾ ਹੈ ਤਾਂ ਇਕ ਕਿਸ਼ੋਰ ਨੂੰ ਇਸ ਕਥਨ ਨੂੰ ਸੱਚ ਮੰਨਣਾ ਪਵੇਗਾ। ਤੀਸਰੇ ਅਤੇ ਚੌਥੇ ਨੰਬਰ ਦਾ ਕਥਨ ਉਨ੍ਹਾ ਕਿਸ਼ੋਰਾਂ ਨੂੰ ਸਮਝ ਆਵੇਗਾ ਜੋ ਸਕੂਲ ਵਿਚ ਦਸਵੀਂ ਤਕ ਪੜ੍ਹੇ ਹਨ। ਪਹਿਲਾ ਅਤੇ ਪੰਜਵਾਂ ਆਮ ਜਾਣਕਾਰੀ ਦੇ ਕਥਨ ਹਨ ਅਤੇ ਗੈਰ-ਸਕੂਲੀ ਕਿਸ਼ੋਰ ਵੀ ਇਨ੍ਹਾਂ ਨੂੰ ਸਮਝ ਸਕਦੇ ਹਨ।

ਇਹ ਸਾਨੂੰ ਇਕ ਮਹੱਤਵਪੂਰਣ ਸਵਾਲ ਦਾ ਸਾਹਮਣਾ ਕਰਵਾਉਂਦਾ ਹੈ ਕਿ ਬੌਧਿਕ ਕਾਬਲੀਅਤ ਦੀ ਚੌਥੀ ਅਵਸਥਾ ਭਾਵ ਵਿਧੀਵਤ ਪ੍ਰਕਿਆ ਦੀ ਅਵਸਥਾ ਹਾਸਿਲ ਕਰਨ

ਲਈ ਸਕੂਲ ਦੀ ਵਿਧੀਵਤ ਪੜ੍ਹਾਈ ਜਰੂਰੀ ਹੈ।

ਜਿਸ ਸਮੇਂ ਜੀਨ ਪਿਐਗੇਟ ਨੇ ਬੌਧਿਕ ਵਿਕਾਸ ਦੇ ਚਾਰ ਪੜਅ ਸੁਝਾਏ, ਉਸ ਨੇ ਬੱਚੇ ਦੇ ਵਾਤਾਵਰਣ ਦੀ ਭੂਮਿਕਾ ਨੂੰ ਘੱਟ ਮਹੱਤਵ ਦਿੱਤਾ। ਇਹ ਵਾਤਾਵਰਣ ਨਾਲ ਆਪਸੀ ਪ੍ਰਭਾਵ ਹੈ ਜਿਸ ਨਾਲ ਬੱਚੇ ਅਤੇ ਕਿਸ਼ੋਰ ਨਵੀਂ ਅੰਤਰਦ੍ਰਿਸ਼ਟੀ ਪ੍ਰਾਪਤ ਕਰਦੇ ਹਨ ਜਦੋਂ ਉਨ੍ਹਾਂ ਦੇ ਦਿਮਾਗ ਦੀ ਬਣਤਰ ਵਿਕਾਸ ਕਰ ਰਹੀ ਹੁੰਦੀ ਹੈ। ਇਸ ਨਜ਼ਰੀਏ ਤੋਂ ਹਮ-ਉਮਰ ਸਾਥੀਆਂ ਨਾਲ, ਪਰਿਵਾਰ ਦੇ ਮੈਂਬਰਾਂ, ਗੁਆਂਢੀਆਂ, ਬਿਰਾਦਰੀ ਅਤੇ ਸੰਸਥਾਵਾਂ ਜਿਵੇ ਸਕੂਲ ਨਾਲ ਆਪਸੀ ਮੇਲ-ਜੋਲ ਬਹੁਤ ਅਹਿਮ ਹੈ। ਜਦੋਂ ਕਿ ਸਕੂਲ ਵਿਚ ਪੜ੍ਹਾਈ ਵਿਧੀਵਤ ਹੁੰਦੀ ਹੈ, ਦੂਸਰੇ ਪਾਸੇ ਖੇਡਾਂ, ਵਿਚਾਰ-ਵਟਾਂਦਰੇ, ਸਮਾਜੀ-ਜਜ਼ਬਾਤੀ ਮੇਲ-ਜੋਲ ਅਤੇ ਨਿਰੀਖਣ-ਪਰੀਖਣ ਰਾਹੀ ਜਾਣਕਾਰੀ ਹਾਸਿਲ ਹੁੰਦੀ ਹੈ।

ਇਹ ਸੱਚ ਹੈ ਕਿ ਕੁਝ ਤਰ੍ਹਾਂ ਦੀ ਜਾਣਕਾਰੀ ਮੁੱਢਲੇ ਤੌਰ 'ਤੇ ਜਮਾਤੀ ਸਿੱਖਿਆ ਤੋਂ ਪ੍ਰਾਪਤੀ ਹੁੰਦੀ ਹੈ। ਜਿਵੇਂ ਜਮ੍ਹਾਂ-ਘਟਾਉ ਤੋਂ ਵਧੇਰੇ ਹਿਸਾਬ ਤੇ ਸੰਕਲਪ, ਭਾਸ਼ਾ ਦੀਆਂ ਪੇਚੀਦਗੀਆਂ ਨੂੰ ਸਮਝਣਾ ਅਤੇ ਵਰਤਣਾ, ਵਿਗਿਆਨਕ-ਵਰਤਾਰਿਆ ਦਾ ਬਿਆਨ ਕਰਨਾ ਅਤੇ ਦੁਨੀਆ ਬਾਰੇ ਆਮ ਸਮਝ, ਸਕੂਲ ਵਿਚ ਹੀ ਤਰਤੀਬਵਾਰ ਵਿਚਾਰੇ ਜਾਂਦੇ ਹਨ। ਅਧਿਆਪਕ ਅਤੇ ਬੱਚਿਆਂ ਵਿਚਕਾਰ ਸਰਗਰਮ ਚਰਚਾ ਅਤੇ ਬੱਚਿਆਂ ਵਿਚਕਾਰ ਆਪਸੀ ਵਿਚਾਰ-ਵਟਾਂਦਰਾ ਉਨ੍ਹਾਂ ਦੀ ਬੌਧਿਕ ਕਾਬਲੀਅਤ ਨੂੰ ਉਕਸਾਉਂਦਾ ਹੈ। ਜਾਣਕਾਰੀ ਦਾ ਵਿਸ਼ਾ-ਵਸਤੂ ਕੀ ਹੈ, ਇਹ ਮਾਨਸਿਕ ਵਿਕਾਸ ਦੇ ਪੱਧਰ ਨੂੰ ਤੈਅ ਨਹੀਂ ਕਰਦਾ, ਸਗੋ ਕਿਵੇ ਬੱਚਾ ਉਸ ਗਿਆਨ ਨਾਲ ਵਿਚਾਰਾਂ ਦੀ ਹੋਰ ਖੋਜ ਅਤੇ ਵਿਕਾਸ ਲਈ ਉਤੇਜਿਤ ਹੁੰਦਾ ਹੈ।

ਇਕ ਬੱਚਾ ਜੋ ਕਦੇ ਸਕੂਲ ਨਹੀਂ ਗਿਆ ਜਾ ਮੁੱਢਲੇ ਸਕੂਲੀ ਸਾਲਾਂ ਵਿਚ ਵਿਚੋਂ ਹੀ ਛੱਡ ਆਇਆ ਹੈ, ਕੁਝ ਅਸੁਖਾਵਾਂ 'ਤੇ ਹੁੰਦਾ ਹੈ। ਮਨ-ਮਸਤਕ ਦੀ ਜੋ ਉਤੇਜਨਾ ਪੜ੍ਹਨ ਅਤੇ ਲਿਖਣ ਨਾਲ ਸਾਰੀ ਉਮਰ ਹੁੰਦੀ ਹੈ, ਉਹ ਉਨ੍ਹਾਂ ਦੇ ਤਜਰਬੇ ਦਾ ਹਿੱਸਾ ਨਹੀਂ ਬਣਦੀ। ਇਸ ਲਈ ਕੁਝ ਮਾਨਸਿਕ ਕਾਰਜ ਜਿਨ੍ਹਾਂ ਲਈ ਵਿਦਿਅਕ ਯੋਗਤਾ ਦੀ ਲੋੜ ਹੁੰਦੀ ਹੈ, ਗੈਰ-ਸਕੂਲੀ ਬੱਚਿਆਂ ਅਤੇ ਬਾਲਗਾ ਤੋਂ ਅਦਾ ਨਹੀਂ ਹੁੰਦੇ। ਇਨ੍ਹਾਂ ਵਿਚ ਪੜ੍ਹਨਾ-ਲਿਖਣਾ, ਲੇਖਾ-ਜੋਖਾ ਕਰਨਾ ਜਾ ਇਸਤਿਹਾਰਾਂ ਅਤੇ ਲੇਬਲਾ ਨੂੰ ਸਮਝਣਾ ਸ਼ਾਮਿਲ ਹਨ।

ਖੋਜੀਆ ਵਿਚ ਵਾਦ-ਵਿਵਾਦ ਹੈ ਕਿ ਕੀ ਪੇਂਡੂ, ਕਬਾਇਲੀ ਅਤੇ ਗੈਰ-ਸਕੂਲੀ

ਬਾਕਸ 3

ਉਨਾਂ ਅਮਲਾਂ ਦੇ ਉਦਾਹਰਣ ਜੋ 7 ਤੋਂ 11 ਸਾਲ ਦੇ ਸਕੂਲ ਜਾਣ ਵਾਲੇ ਬੱਚੇ ਆਸਾਨੀ ਨਾਲ ਸਮਝ ਲੈਂਦੇ ਹਨ।

ਬੱਚੇ = ਮੁੰਡੇ + ਕੁੜੀਆਂ

(ਜਾਰੀ)

ਜਾਂ

ਬ = ਮ + ਕ

ਤਾਂ

ਬ - ਮ = ਕ

ਬ - ਕ = ਮ

ਮ + ਕ = ਬ

ਕ + ਮ = ਬ

11 ਸਾਲ ਦੀ ਉਮਰ ਤੋਂ ਬਾਅਦ

2 ਅ + ਬ = 8

7 ਅ - 2 ਬ = 6

ਵੱਲੋਂ ਦੇ ਕਿਸ਼ੋਰ ਵਿਧੀਵਤ ਪਕ੍ਰਿਆਵਾਂ ਦੀ ਅਵਸਥਾ 'ਤੇ ਪਹੁੰਚ ਸਕਦੇ ਹਨ। ਇਹ ਜ਼ਰੂਰੀ ਹੈ ਕਿ ਇਸ ਗੱਲ ਨੂੰ ਸਮਝਿਆ ਜਾਵੇ ਕਿ ਇਸ ਤਰ੍ਹਾਂ ਦਾ ਭੁਲੇਖਾ ਕਿਉਂ ਹੈ। ਬਹੁਤੇ ਸਮਾਜਾ ਵਿਚ, ਕਿਸ਼ੋਰਾਂ ਵਿਚ ਪੇਸ਼ ਸਮੱਸਿਆਵਾਂ ਨਾਲ ਨਜਿੱਠਣ ਦੀ ਪ੍ਰਵਿਰਤੀ ਦੂਸਰੀ ਥਾ ਦੇ ਕਿਸੋਰਾਂ ਤੋਂ ਵੱਖਰੀ ਹੁੰਦੀ ਹੈ। ਕਿਸ਼ੋਰ, ਜਿਨ੍ਹਾਂ ਨੇ ਸਕੂਲ ਦਾਖਲਾ ਨਹੀ ਲਿਆ ਹੁੰਦਾ, ਜਾਂ ਅਧੂਰੀ ਵਿਧੀਵਤ ਪੜ੍ਹਾਈ ਕੀਤੀ ਹੁੰਦੀ ਹੈ, ਹਿਸਾਬੀ ਤਰਕ ਉੱਨਤ ਕਿਸਮ ਦੀਆਂ ਸਮੱਸਿਆਵਾ ਨਹੀਂ ਸੁਲਝਾ ਸਕਦੇ ਜੋ ਕਿ ਦਸਵੀ ਪਾਸ ਕੀਤੇ ਬੱਚੇ ਕਰ ਸਕਦੇ ਹਨ।

ਵੈਸੇ ਵਿਵਸਥਿਤ ਵਿਚਾਰਾ ਦਾ ਸਿਰਫ ਵਿਦਿਅਕ ਸਮੱਸਿਆਵਾਂ-ਸੁਲਝਾਉਣ ਨਾਲ ਹੀ ਵਾਸਤਾ ਨਹੀਂ ਹੁੰਦਾ। ਜਦੋ 18 ਸਾਲ ਦੀ ਲੜਕੀ ਨੂੰ ਰਸੋਈ ਦੀ ਸੰਭਾਲ ਦਿੱਤੀ ਜਾਵੇ ਅਤੇ ਪਰਿਵਾਰ ਲਈ ਖਾਣਾ ਬਣਾਉਣ ਲਈ ਕਿਹਾ ਜਾਵੇ, ਉਹ ਆਪਣੀ ਵਿਧੀਵਤ ਕਾਰਜ ਯੋਗਤਾਂ ਨੂੰ ਇਸਤੇਮਾਲ ਕਰਦੀ ਹੋਈ ਅਨਾਜ, ਦਾਲਾਂ, ਸਬਜੀਆਂ ਨੂੰ ਰਲਾ ਕੇ ਸਾਰੇ ਪਰਿਵਾਰ ਦੇ ਮੈਂਬਰਾਂ ਦਾ ਧਿਆਨ ਰੱਖਦੇ ਹੋਏ, ਹਰ ਖਾਣੇ 'ਤੇ ਅਲੱਗ-ਅਲੱਗ ਖਾਣਾ ਪਰੋਸੇਗੀ। ਖੱਡੀ 'ਤੇ ਕੰਮ ਕਰਨ ਵਾਲਾ ਇਕ ਕਿਸ਼ੋਰ ਰੰਗਦਾਰ ਗਲੀਚੇ ਬਣਾਉਣ ਵਾਲਾ ਇਕ ਹੁਨਰਮੰਦ ਕਲਾਕਾਰ ਹੈ। ਕਾਗਜ ਉਪਰ ਬਣੇ ਨਮੂਨੇ ਨੂੰ ਗਲੀਚੇ 'ਤੇ ਉਤਾਰਨ ਲਈ ਉਸ ਨੂੰ ਵਿਧਵਿਤ ਪ੍ਰਕ੍ਰਿਆ ਦੀ ਵਰਤੋਂ ਦੀ ਲੋੜ ਹੈ। ਉੱਚ ਪੱਧਰੀ ਸੋਝੀ ਨੂੰ ਪ੍ਰਾਪਤ ਕਰਨ ਅਤੇ ਜਾਰੀ ਰੱਖਣ ਲਈ ਇਕ ਚੀਜ਼ ਜ਼ਰੂਰੀ ਜਾਪਦੀ ਹੈ ਕਿ ਉਨ੍ਹਾਂ ਕ੍ਰਿਆਵਾਂ ਵਿਚ ਰੁੱਝਿਆ ਜਾਵੇ ਜਿਸ ਵਿਚ ਗੁੰਝਲਦਾਰ ਮਾਨਸਿਕ ਕ੍ਰਿਆਵਾਂ ਸ਼ਾਮਿਲ ਹਨ। ਦੂਸਰੇ ਸ਼ਬਦਾਂ ਵਿਚ, ਕੋਈ ਵੀ ਪ੍ਰਸਥਿਤੀਆਂ ਹੋਣ, ਜਿਗਿਆਸੂ ਅਤੇ ਸਰਗਰਮ ਰਹਿਣਾ, ਚੁਣੌਤੀ ਭਰਪੂਰ ਕਾਰਜਾ ਨੂੰ ਹੱਥ ਵਿਚ ਲੈਣਾ ਅਤੇ ਆਲੇ-ਦੁਆਲੇ ਦੀ ਦੁਨੀਆ ਬਾਰੇ ਸੁਚੇਤ ਰਹਿਣਾ, ਉੱਚ ਪੱਧਰੀ ਬੋਧਿਕ ਕਾਬਲੀਅਤ ਦੇ ਵਿਕਾਸ ਨੂੰ ਅੱਗੇ ਵਧਾਉਂਦੇ ਹਨ। ਪੜ੍ਹਨ-ਲਿਖਣ ਦੀ ਕਾਬਲੀਅਤ ਯਕੀਨਨ ਇਕ ਵਾਧੂ ਸਹੂਲਤ ਹੈ।

ਉਹ ਪਹਿਲੂ ਜੋ ਕਿਸ਼ੋਰਾਂ ਦੀ ਵਿਵਸਥਿਤ ਸੋਚ ਨੂੰ ਪ੍ਰਭਾਵਿਤ ਕਰਦੇ ਹਨ

ਦੁਨੀਆ ਨੂੰ ਸਮਝਣ ਦੀ ਨਵੀਂ ਸਥਾਪਿਤ ਵਿਸ਼ਲੇਸ਼ਣਾਤਮਕ ਵਿਧੀ ਦੇ ਨਿੱਜੀ, ਸਮਾਜੀ ਅਤੇ ਜਜਬਾਤੀ ਸਿੱਟੇ ਹਨ। ਕਿਸੋਰਾਂ ਦੀ ਨਿਖੇੜਨ ਦੀ ਕਾਬਲੀਅਤ, ਉਨ੍ਹਾਂ ਨੂੰ ਸਥਾਰਥਕ ਹੋਣ ਦਾ ਤਜਰਬਾ ਪ੍ਰਦਾਨ ਕਰਦੀ ਹੈ ਭਾਵ, ਵਸਤੂਆਂ ਨੂੰ ਉਸ ਤਰ੍ਹਾਂ ਦੇਖਣ ਦੇ ਕਾਬਿਲ ਹੋਣਾ ਜਿਵੇਂ ਹੋਰ ਦੇਖਦੇ ਹਨ। ਉਹ ਤਰਕਸ਼ੀਲ ਅਤੇ ਆਲੋਚਕ ਹੋ ਸਕਦੇ ਹਨ। ਇਸ ਵਿਕਾਸ ਦਾ ਸਪਸ਼ਟ ਸਿੱਟਾ ਇਹ ਹੁੰਦਾ ਹੈ ਕਿ ਮਾਂ-ਪਿਉ ਜਿਨ੍ਹਾਂ ਨੂੰ ਉਨ੍ਹਾ ਨੇ ਬੱਚਿਆਂ ਦੇ ਤੌਰ 'ਤੇ ਮਾਣ-ਸਤਿਕਾਰ ਦਿੱਤਾ ਹੁੰਦਾ ਹੈ, ਉਹ ਹੁਣ ਆਦਰਸ਼ਕ ਨਹੀ ਜਾਪਦੇ। ਮਾਂ-ਪਿਉ ਅਤੇ ਹੋਰ ਵੱਡੇ-ਵੱਡੇਰਿਆਂ ਵਿਚ ਹੁਣ ਨੁਕਸ ਨਜ਼ਰ ਆਉਣ ਲੱਗਦੇ ਹਨ ਅਤੇ ਉਹ ਅਭੁੱਲਣ ਯੋਗ ਨਹੀਂ ਦਿੱਸਦੇ। ਜੋ ਗਲਤੀਆਂ ਉਹ ਕਰਦੇ ਹਨ, ਉਹ ਹੁਣ ਅਣਗੌਲੀਆਂ ਨਹੀਂ ਰਹਿੰਦੀਆਂ। ਕਿਸ਼ੋਰ ਹੁਣ ਇਨ੍ਹਾਂ ਵੱਡੇ ਵਿਅਕਤੀਆਂ ਨੂੰ ਉਨ੍ਹਾਂ ਦੇ ਕਾਰਜ ਪ੍ਰਤੀ ਪ੍ਰਸ਼ਨ ਕਰਨ ਲੱਗਦੇ ਹਨ। ਜਦੋਂ ਉਹ ਹੈਰਾਨੀ ਅਤੇ ਗੁੱਸੇ ਨਾਲ ਪੇਸ਼ ਆਉਂਦੇ ਹਨ (ਤੇਰੀ ਹਿੰਮਤ ਕਿਵੇਂ ਹੋਈ ਮੇਰੇ ਮੂੰਹ ਲੱਗਣ ਦੀ?) ਤਾ ਕਿਸ਼ੋਰ ਉਨ੍ਹਾਂ ਤੋਂ ਨਿਰਾਸ਼ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਦੋਹਰੇ ਕਿਰਦਾਰ ਵਾਲਿਆਂ ਦੀ ਤਰ੍ਹਾਂ ਦੇਖਦੇ ਹਨ। ਵੈਸੇ ਬਹੁਤੇ ਭਾਰਤੀ ਮਾਪੇ, ਕਿਸ਼ੋਰਾ ਦੇ ਆਲੋਚਨਾਤਮਕ ਰਵੱਈਏ ਨੂੰ ਬਰਦਾਸ਼ਤ ਜਾਂ ਉਤਸਾਹਿਤ ਨਹੀਂ ਕਰਦੇ, ਤੇ ਯੁਵਕ ਜ਼ਿਆਦਾਤਰ ਆਪਣੀ ਸੋਚ ਦੇ ਨਤੀਜੇ ਵਜੋਂ ਸਨਕੀ ਹੋ ਜਾਦੇ ਹਨ। ਨਿਸਬਤ ਆਪਣੇ ਮਾਪਿਆ ਦੇ ਵਤੀਰੇ ਵਿਚ ਆਏ ਕਿਸੇ ਅਸਲੀ ਬਦਲਾਅ ਵਜੋਂ। ਸਿਰੇ ਦੇ ਕੇਸਾਂ ਵਿਚ, ਕਿਸੋਰ ਮਾਪਿਆਂ, ਸਕੂਲੀ ਅਤੇ ਸਮਾਜੀ ਪੱਧਰ ਦੇ ਲੋਕਾਂ ਦੇ ਦਬਦਬੇ ਤੋਂ ਬਾਗੀ ਹੋ ਜਾਦੇ ਹਨ ਜੋ ਕਿ ਮਾਪੇ-ਬੱਚਿਆਂ ਵਿਚ ਟਕਰਾਉ, ਲਾਪਰਵਾਹ ਵਤੀਰਾ ਜਾ ਵਿਦਿਆਰਥੀ ਵਿਰੋਧਾਂ ਦੀ ਸ਼ਕਲ ਵਿਚ ਦੇਖਣ ਨੂੰ ਮਿਲਦਾ ਹੈ।

ਇਸ ਉਮਰ 'ਤੇ ਸੋਚ ਦਾ ਇਕ ਹੋਰ ਰੌਚਕ ਪਹਿਲੂ ਇਹ ਹੁੰਦਾ ਹੈ ਕਿ ਕਿਸ਼ੋਰ ਸੋਚਦੇ ਹਨ ਕਿ ਦੂਸਰੇ ਲੋਕ ਉਨ੍ਹਾਂ ਵਿਚ ਦਿਲਚਸਪੀ ਲੈ ਰਹੇ ਹਨ। ਇਹ ਗੱਲ 'ਕਾਲਪਨਿਕ ਦਰਸ਼ਕ' ਦੇ ਯਕੀਨ ਵੱਲ ਲੈ ਜਾਂਦੀ ਹੈ। ਉਹ ਕਲਪਨਾ ਕਰਦੇ ਹਨ ਕਿ ਉਸ ਦੇ ਆਲੇ-ਦੁਆਲੇ ਦੇ ਹੋਰ ਲੋਕ ਉਸ ਨੂੰ ਦੇਖ ਅਤੇ ਘੋਖ ਰਹੇ ਹਨ।

ਜਦੋਂ 15 ਸਾਲ ਦੀ ਇਕ ਕੁੜੀ ਡਰੈਸ ਪਾ ਕੇ ਬਾਹਰ ਜਾਂਦੀ ਹੈ, ਉਹ ਆਪਣੇ ਆਪ ਵਿਚ ਬਹੁਤ ਸੁਚੇਤ ਹੁੰਦੀ ਹੈ। ਉਹ ਸੋਚਦੀ ਹੈ, ਗੁਆਂਢ ਵਿਚ ਹਰ ਕੋਈ ਉਸ ਵੱਲ ਧਿਆਨ ਦੇ ਰਿਹਾ ਹੈ ਅਤੇ ਨਿਰਣੈ ਲੈ ਰਿਹਾ ਹੈ। ਮਜ਼ੇ ਦੀ ਗੱਲ ਕਿਸ਼ੋਰਾਂ ਦੇ ਗਰੁੱਪ ਵਿਚ, ਹਰ ਇਕ ਵਿਸ਼ਵਾਸ ਕਰਦਾ ਹੈ ਕਿ ਸਾਰੇ ਦਰਸ਼ਕ ਹਨ ਜਦੋਂ ਕਿ ਸਚਮੁੱਚ ਹਰ ਕੋਈ ਆਪਣੇ ਆਪ ਵਿਚ ਖੋਹਿਆ ਹੁੰਦਾ ਹੈ। ਕਿਸ਼ੋਰਾਂ ਦੇ ਬੌਧਿਕ ਰੂਪਾਂਤਰਣ ਵਿਚੋਂ ਪੈਦਾ ਹੋਇਆ ਇਕ ਵਿਸ਼ਵਾਸ ਕਿ ਜੋ ਸਭ ਲਈ ਸਾਂਝਾ ਹੈ, ਉਸ ਲਈ ਨਿਵੇਕਲਾ ਹੈ, ਇਕ ਧਾਰਨਾ ਜਿਸ ਨੂੰ 'ਨਿੱਜੀ ਕਥਾ' ਕਿਹਾ ਜਾਂਦਾ

ਹੈ। ਇਕ ਲੜਕੀ ਜਿਸ ਨੂੰ ਮਾਂਹਵਾਰੀ ਸ਼ੁਰੂ ਹੋਈ ਹੈ, ਸੋਚਦੀ ਹੈ ਕਿ ਕਿਸੇ ਹੋਰ ਨੂੰ ਇਸ ਤਰ੍ਹਾਂ ਦਾ ਤਜਰਬਾ ਨਹੀਂ ਹੋਇਆ ਹੋਵੇਗਾ। ਇਕ ਮੁੰਡਾ ਜੋ ਪਹਿਲੀ ਵਾਰੀ ਪਿਆਰ ਕਰਦਾ ਹੈ, ਵਿਸ਼ਵਾਸ ਕਰਦਾ ਹੈ ਕਿ ਜਿਸ ਤਰ੍ਹਾਂ ਉਹ ਕੁੜੀ ਦੀ ਤਾਰੀਫ਼ ਕਰਦਾ ਹੈ, ਉਸ ਤਰ੍ਹਾਂ ਕੋਈ ਹੋਰ ਮਹਿਸੂਸ ਨਹੀਂ ਕਰ ਸਕਦਾ। ਕੁਝ ਸਮੇਂ ਲਈ, ਕਿਸ਼ੋਰ ਇਹ ਵੀ ਮਹਿਸੂਸ ਕਰਦੇ ਹਨ ਕਿ ਦੁਰਘਟਨਾਵਾਂ ਜਾਂ ਮੌਤ ਵਰਗੀਆਂ ਗੱਲਾ, ਉਨ੍ਹਾ ਨਾਲ ਨਹੀਂ ਵਾਪਰ ਸਕਦੀਆਂ। ਜਦੋਂ ਕਿਸ਼ੋਰ ਬਾਲਗ ਅਵਸਥਾ ਵਿਚ ਪਹੁੰਚਦੇ ਹਨ, ਕਾਲਪਨਿਕ ਦਰਸ਼ਕਾਂ ਅਤੇ ਨਿੱਜੀ ਕਥਾ, ਇਹ ਦੋਵੇਂ ਵਿਸ਼ਵਾਸ, ਹੌਲੀ ਹੌਲੀ ਪ੍ਰੌੜ੍ਹ ਵਿਚਾਰਾਂ ਵੱਲੋਂ ਮੱਲੀਆਂ ਜਾਂਦੀਆਂ ਹਨ ਜੋ ਕਿ ਯਥਾਰਥ ਦੇ ਨੇੜੇ ਹੁੰਦੀਆਂ ਹਨ।

ਕੀ ਕੁੜੀਆਂ ਮੁੰਡਿਆਂ ਨਾਲੋ ਬੌਧਿਕ ਸਮੱਰਥਾ ਵਿਚ ਵੱਖਰੀਆਂ ਹੁੰਦੀਆਂ ਹਨ?

ਕਈ ਇਹ ਸਮਝਦੇ ਹਨ ਕਿ ਕੁੜੀਆਂ ਮੁੰਡਿਆਂ ਨਾਲੋਂ ਘੱਟ ਸਮਝਦਾਰ ਹੁੰਦੀਆਂ ਹਨ। ਇਹ ਧਾਰਨਾ ਇਕ ਪਾਸੜ ਅਤੇ ਗਲਤ ਹੈ। ਵੈਸੇ, ਇਸ ਦਾ ਕੋਈ ਬੇਹਤਰ ਕਾਰਣ ਹੋਣਾ ਚਾਹੀਦਾ ਹੈ ਕਿ ਇਹ ਵਿਚਾਰ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆ ਦੇ ਬਹੁਤੇ ਹਿੱਸੇ ਵਿਚ ਕਿਉਂ ਮੌਜੂਦ ਹੈ। ਜਿਵੇਂ ਕਿ ਤੁਹਾਨੂੰ ਪਤਾ ਹੋਵੇਗਾ, ਬਹੁਤੇ ਸਮਾਜ ਪੁਰਸ਼ ਪ੍ਰਧਾਨ ਹਨ, ਭਾਵ ਜ਼ਿਆਦਾਤਰ ਆਦਮੀ ਆਪਣੇ ਪਰਿਵਾਰਾਂ ਅਤੇ ਕੰਮ ਵਾਲੀ ਥਾਂ ਤੇ ਮੁਖੀ ਹੁੰਦੇ ਹਨ। ਇਸ ਤਰ੍ਹਾਂ ਔਰਤਾਂ ਨੂੰ ਆਪਣੀ ਪੂਰੀ ਸਮਰਥਾ ਦਿਖਾਉਣ ਦੇ ਘੱਟ ਮੌਕੇ ਮਿਲਦੇ ਹਨ ਅਤੇ ਜਦੋਂ ਵੀ ਉਹ ਆਦਮੀਆ ਨਾਲ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਦੂਸਰਾ ਦਰਜਾ ਹਾਸਿਲ ਹੁੰਦਾ ਹੈ। ਬਹੁਤੇ ਸਮਾਜਿਕ ਰੀਤੀ-ਰਿਵਾਜ ਅਜਿਹੇ ਹਨ, ਜੋ ਔਰਤਾਂ ਨੂੰ ਵਿਸ਼ੇਸ਼ ਖੇਤਰਾਂ ਵਿਚ ਸੰਭਾਵਨਾ ਪ੍ਰਗਟਾਉਣ ਲਈ ਰੋਕਦੇ ਹਨ ਜਿਵੇਂ ਘਰ ਅਤੇ ਬਾਹਰਲੇ ਘੱਟ ਮਾਨਤਾ ਪ੍ਰਾਪਤ ਕੰਮ। ਔਰਤਾਂ ਘਰ ਦੇ ਮੁਕਾਬਲੇ ਬਾਹਰ ਘੱਟ ਨਜ਼ਰ ਆਉਣਾ, ਸਭਿਆਚਾਰਕ-ਇਮਦਾਦ ਪ੍ਰਾਪਤ ਨੇਮ ਹੈ।

ਜਦੋਂ ਕੁੜੀਆਂ ਇਨ੍ਹਾਂ ਭੂਮਿਕਾਵਾਂ ਯੋਗ ਹੋਣ ਲਈ ਵੱਡੀਆਂ ਹੁੰਦੀਆਂ ਹਨ, ਜੋ ਔਰਤਾਂ ਲਈ ਹੀ ਬਣੇ ਹਨ, ਉਹ ਆਮ ਤੌਰ 'ਤੇ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਮੰਤਵ ਸਮਝ ਕੇ ਕਬੂਲ ਕਰ ਲੈਂਦੀਆ ਹਨ। ਨਾ ਹੀ ਪਰਿਵਾਰ ਅਤੇ ਨਾਲ ਹੀ ਸਮਾਜ ਵਿਚ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਮਿਲਦੇ ਹਨ। ਜੋ ਥੋੜ੍ਹੀਆ ਜਿਹੀਆ ਇਸ ਨੂੰ ਮਾਣਦੀਆ ਹਨ, ਉਨ੍ਹਾ ਨੂੰ ਮੁੰਡਿਆਂ ਨਾਲ ਤਕੜਾ ਮੁਕਾਬਲਾ ਕਰਨਾ ਪੈਂਦਾ ਹੈ। ਉਨ੍ਹਾ ਨੂੰ ਦੁੱਗਣਾ ਸਖਤ ਕੰਮ ਕਰਨਾ ਪੈਂਦਾ ਹੈ ਜੋ ਮੁੰਡੇ ਆਮ ਤੌਰ 'ਤੇ ਕੁਦਰਤੀ ਕਰਦੇ ਹਨ। ਇਸ ਤਰ੍ਹਾ ਦੇ ਪੱਖ ਪਾਤੀ ਅਮਲ ਦਾ ਇਹ ਨਤੀਜਾ ਹੁੰਦਾ ਹੈ ਕਿ ਬਹੁਤ ਘੱਟ ਕੁੜੀਆਂ ਬੌਧਿਕ ਚੁਣੌਤੀਆਂ ਵਾਲੀਆਂ ਸਥਿਤੀਆਂ ਨਾਲ ਦੋ-ਚਾਰ ਹੁੰਦੀਆ ਹਨ ਜਿਵੇਂ ਵਿਧੀਵਤ ਸਕੂਲ ਜਾ ਕਾਲਜ ਦੀ ਪੜ੍ਹਾਈ, ਲੋਕਾਂ ਨਾਲ ਨਿਪਟਣ ਲਈ ਬਾਹਰ ਜਾਣਾ ਜਾਂ ਆਪਣੀ ਮਰਜੀ ਦੇ ਕਿੱਤੇ ਦਾ ਕੰਮ ਕਰਨਾ।

ਅਸੀਂ ਇਥੇ ਇਹ ਕਹਿ ਰਹੇ ਹਾਂ ਕਿ ਕੁੜੀਆਂ ਦਾ ਵਾਤਾਵਰਣ ਦਾ ਅਤੇ ਇਕ ਦੂਸਰੇ ਨੂੰ ਮਿਲਣ ਦਾ ਤਜਰਬਾ ਮੁੰਡਿਆਂ ਨਾਲੋਂ ਵੱਖਰਾ ਹੁੰਦਾ ਹੈ। ਜੀਨ ਪੱਖੋਂ, ਦੋਵਾਂ ਨੇ ਮੁਕਾਬਲੇ ਦੀ ਸੰਭਾਵਨਾ ਹਾਸਿਲ ਕੀਤੀ ਹੈ, ਕੁੜੀਆਂ ਕਮਜ਼ੋਰ ਜੀਨ ਹਾਸਿਲ ਨਹੀਂ ਕਰਦਿਆਂ। ਕਿਉਂ ਜੋ ਜੀਨ ਦੀ ਬਣਤਰ ਵਾਤਾਵਰਣ ਨਾਲ ਰਲ ਕੇ, ਕਿਸੇ ਵਿਅਕਤੀ ਦੇ ਹੁਨਰ ਦਾ ਸਿੱਟਾ ਹੁੰਦੀ ਹੈ, ਇਸ ਲਈ ਅਧੂਰਾ ਵਾਤਾਵਰਣ, ਬੌਧਿਕ ਵਿਕਾਸ ਲਈ ਕਿਸੇ ਸੀਮਾ ਤਕ ਹਿੱਸਾ ਪਾ ਸਕਦਾ ਹੈ। ਬਿਨਾਂ ਸ਼ੱਕ, ਬਹੁਤ ਸਾਰੀਆਂ ਕੁੜੀਆਂ ਅਤੇ ਔਰਤਾਂ ਨੂੰ ਅਸੀਂ ਜਾਣਦੇ ਹਾਂ, ਜੋ ਕਿ ਸਮਰਥ ਅਤੇ ਬੁਧੀਮਾਨ ਹਨ। ਇਸ ਤਰ੍ਹਾਂ ਦੇ ਬਹੁਤੇ ਕੇਸਾਂ ਵਿਚ ਕੁੜੀਆਂ ਸਿੱਧੇ ਅਸਿੱਧੇ ਤਰੀਕੇ ਨਾਲ ਆਪਣੇ ਪਰਿਵਾਰ ਦੀ ਮਦਦ ਨਾਲ, ਵਿਚਾਰਾਂ ਅਤੇ ਕਾਰਜ ਦੀ ਆਜ਼ਾਦੀ ਹਾਸਿਲ ਕਰਕੇ ਆਪਣੇ ਸਵੈ-ਪ੍ਰਗਟਾਵੇ ਲਈ ਮੌਕੇ ਤਲਾਸ਼ਦੀਆਂ ਹਨ। ਭਾਰਤ ਵਿਚ ਪੇਂਡੂ ਨਾਲੋਂ ਵੱਧ ਸ਼ਹਿਰੀ ਅਤੇ ਨਿਮਨ-ਸਮਾਜੀ-ਆਰਥਿਕ ਵਰਗ ਨਾਲੋਂ ਮੱਧ ਅਤੇ ਉੱਚ ਵਰਗ ਦੀਆਂ ਕੁੜੀਆਂ ਆਪਣੀ ਬੌਧਿਕ ਸਮਰਥਾ ਨੂੰ ਬਲ ਦੇਣ ਦੇ ਮੌਕੇ ਹਾਸਿਲ ਕਰਦੀਆਂ ਹਨ। ਪਰ ਇਹ ਯਾਦ ਰੱਖਣਾ ਚਾਹੀਦਾ ਹੈ, ਕੁਝ ਵਿਅਕਤੀਗਤ ਵਖਰੇਵੇਂ ਇਨ੍ਹਾਂ ਵਸੋਂ ਆਧਾਰਿਤ ਵਰਗਾਂ ਨੂੰ ਤੋੜ ਦਿੰਦੇ ਹਨ।

ਮੁੰਡੇ ਅਤੇ ਕੁੜੀਆਂ ਆਪਣੀ ਮਾਨਸਿਕ ਸਮਰਥਾ ਦੀ ਵੰਨਗੀ ਵਿਚ ਵੱਖਰੇ ਹੁੰਦੇ ਹਨ। ਕੁਝ ਇਸ ਲਈ ਕਿ ਕੁਦਰਤ ਨੇ ਉਨ੍ਹਾਂ ਨੂੰ ਬਣਾਇਆ ਹੀ ਇਸ ਤਰ੍ਹਾਂ ਹੈ ਅਤੇ ਕੁਝ ਇਸ ਲਈ ਕਿ ਉਨ੍ਹਾਂ ਦਾ ਪਾਲਣ-ਪੋਸ਼ਣ ਵੱਖਰਾ ਹੁੰਦਾ ਹੈ। ਇਸ ਲਈ ਕੁਝ ਹੱਦ ਤਕ, ਕੁੜੀਆਂ ਮੁੰਡਿਆਂ ਨਾਲੋਂ ਮਾਨਸਿਕ ਕਾਬਲੀਅਤ ਦੇ ਕੁਝ ਖੇਤਰਾਂ ਵਿਚ ਬੇਹਤਰ ਹੁੰਦੀਆਂ ਹਨ। ਕੁੜੀਆਂ ਬਚਪਨ ਵਿਚ ਮੁੰਡਿਆ ਨਾਲੋਂ ਛੇਤੀ ਬੋਲਣਾ ਸਿਖਦੀਆ ਹਨ। ਜੇ ਬਰਾਬਰ ਮੌਕੇ ਦਿੱਤੇ ਜਾਣ, ਉਹ ਜਿਵੇਂ ਵੱਡੀਆਂ ਹੁੰਦੀਆਂ ਹਨ, ਮੁੰਡਿਆ ਨਾਲੋਂ ਸਾਫ਼ ਬੋਲਦੀਆਂ ਹਨ ਅਤੇ ਜ਼ਿਆਦਾ ਸ਼ਬਦਾਵਲੀ ਵਿਕਸਿਤ ਕਰਦੀਆਂ ਹਨ। ਅਧਿਆਪਕ ਦੱਸਦੇ ਹਨ ਕਿ ਕੁੜੀਆਂ ਬੇਹਤਰ ਲਿਖਦੀਆਂ ਹਨ ਅਤੇ ਉਨ੍ਹਾਂ ਦਾ ਵਿਆਕਰਣ ਦਾ ਪ੍ਰਯੋਗ ਵੀ ਮੁੰਡਿਆਂ ਨਾਲੋਂ ਪਕੇਰਾ ਹੁੰਦਾ ਹੈ। ਭਾਸ਼ਾ ਦੇ ਹੁਨਰ ਦੇ ਇਸ ਫਾਇਦੇ ਕਰਕੇ ਲੜਕੀਆਂ ਮੌਖਿਕ ਅਤੇ ਲਿਖਣ ਵਾਲੇ ਪ੍ਰਗਟਾਉ ਕਾਰਜਾਂ ਵਿਚ ਮੁੰਡਿਆਂ ਨਾਲੋਂ ਚੁਸਤ ਹੁੰਦੀਆਂ ਹਨ।

ਦੂਸਰੇ ਪਾਸੇ ਮੁੰਡੇ ਪੁਲਾੜ ਕਾਬਲੀਅਤ ਵਿਚ ਬੇਹਤਰ ਹੁੰਦੇ ਹਨ, ਜਿੱਥੇ ਪੁਲਾੜ ਦੀ ਪਰਖ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੇ ਕਾਰਜ ਵਿਚ ਟੀਚੇ ਵੱਲ ਸੇਧ, ਮੰਤਵਾਂ ਨੂੰ ਸਿਲਸਿਲੇਵਾਰ ਕਰਨਾ (ਕਿਸ਼ੋਰ ਅਵਸਥਾ ਦੌਰਾਨ ਕਲਪਨਾ ਕਰਨੀ) ਜਾਂ ਨਕਸ਼ੇ ਦਾ ਅਨੁਸਰਨ ਕਰਨਾ, ਸ਼ਾਮਿਲ ਹਨ। ਮੁੰਡੇ ਆਪਣੀ ਪੁਲਾੜ ਪਰਖ ਵਿਚ ਉੱਚਤਾ ਕਾਰਣ ਮਸ਼ੀਨ ਸੰਬੰਧੀ ਕੰਮ ਜਿਵੇ ਟੁੱਟੀ ਹੋਈ ਮੇਜ਼ ਨੂੰ ਠੀਕ ਕਰਨਾ ਜਾਂ ਮਸ਼ੀਨ ਦੇ ਕੰਮ ਦਾ ਅਧਿਐਨ ਕਰਨ ਵਿਚ ਜ਼ਿਆਦਾ ਰੁਚੀ ਲੈਂਦੇ ਹਨ। ਲੜਕੀਆਂ ਚੇਤੇ ਵਿਚ ਅਸੰਬੰਧਿਤ ਤੱਥ ਜਿਵੇਂ, ਕਾਲਸ ਵਿਚ ਆਉਣ ਵਾਲੇ ਨਿਰੀਖਕ ਦੇ ਵਾਲਾ ਦੇ ਰੰਗ-ਢੰਗ ਅਤੇ

ਪੈਨ ਦਾ ਰੰਗ ਯਾਦ ਰੱਖ ਸਕਦੀਆਂ ਹਨ। ਲੜਕੇ ਵੀ ਕਈ ਤਰ੍ਹਾਂ ਦੇ ਤੱਥ ਜਿਵੇਂ ਪਿਛਲੇ ਤਿੰਨ ਦਹਾਕਿਆਂ ਦੇ ਕ੍ਰਿਕੇਟ ਮੈਚ ਦਾ ਵਿਸਥਾਰ ਯਾਦ ਰਖਣ ਦੀ ਪ੍ਰਵਿਰਤੀ ਰੱਖਦੇ ਹਨ।

ਮੁੱਕਦੀ ਗੱਲ ਇਹ ਮੰਨਿਆ ਜਾ ਸਕਦਾ ਹੈ ਕਿ ਕੁੜੀਆਂ ਅਤੇ ਮੁੰਡੇ ਬੌਧਿਕ ਵਿਕਾਸ ਦੀ ਬਰਾਬਰ ਦੀ ਸੰਭਾਵਨਾ ਰੱਖਦੇ ਹਨ। ਇਹ ਤੱਥ ਹੈ ਕਿ ਬਾਹਰੀ ਜਗਤ ਕੁੜੀਆਂ ਨਾਲੋਂ ਮੁੰਡਿਆਂ ਨੂੰ ਬੌਧਿਕ ਕੰਮ-ਧੰਦੇ ਪ੍ਰਤੀ ਜ਼ਿਆਦਾ ਗਵਾਹੀ ਦਿੰਦਾ ਹੈ, ਇਕ ਮੌਕੇ ਦੀ ਗੱਲ ਹੈ। ਤਜਰਬਿਆਂ ਵਿਚ ਸੁਹਿਰਦ ਬਰਾਬਰੀ ਦਿਉ, ਬੌਧਿਕਤਾ ਕਿਸੇ ਇਕ ਸੈਕਸ ਦੇ ਪੱਖ ਵਿਚ ਨਹੀਂ ਝੁਕੇਗੀ ਕਿਉਂਕਿ ਮੁੰਡੇ ਅਤੇ ਕੁੜੀਆ, ਬੌਧਿਕ ਵਿਕਾਸ ਦੇ ਪੜਾਅ ਦੇ ਇਕੋ ਜਿਹੇ ਸਿਲਸਿਲੇ ਵਿਚੋਂ ਲੰਘਦੇ ਹਨ।

ਕਿਸ਼ੋਰ ਅਵਸਥਾ ਵਿਚ ਸਿਰਜਣਾਤਮਕਤਾ

ਇਕ ਹੋਰ ਨਾਂ ਜੋ ਕਿ ਕਿਸ਼ੋਰਾਂ ਦੀ ਮਾਨਸਿਕ ਸ੍ਰੇਸ਼ਟਤਾ ਨੂੰ ਉਚਿਤ ਠਹਿਰਾਉਣ ਲਈ ਵਰਤੀ ਜਾਂਦੀ ਹੈ ਉਹ ਹੈ ਸਿਰਜਣਾਤਮਕਤਾ। ਇਕ ਲੜਕਾ ਜੋ ਚੱਕਰੇ 'ਤੇ ਇਕ ਖੂਬਸੂਰਤ ਬਰਤਨ ਬਣਾਉਂਦਾ ਹੈ -ਸਿਰਜਕ ਹੈ। ਉਹ ਆਪਣੇ ਨਮੂਨੇ ਸਿਰਜ ਸਕਦਾ ਹੈ ਜੋ ਕਿ ਦੂਸਰਿਆ ਵੱਲੋਂ ਸਲਾਹੇ ਜਾਣ। ਇਸੇ ਤਰ੍ਹਾਂ ਹੋਰ ਕਿਸ਼ੋਰ ਕਵਿਤਾ-ਕਹਾਣੀ ਲਿਖਣ ਵਿਚ, ਕੱਪੜੇ ਬੁਣਨ ਵੇਲੇ ਨਮੂਨੇ ਬਣਾਉਣ ਵਿਚ, ਚਿੱਤਰ-ਕਲਾ ਅਤੇ ਸੰਗੀਤ ਵਿਚ ਮੌਲਿਕਤਾ ਪ੍ਰਗਟਾਉਂਦੇ ਹਨ। ਉਹ ਉਸ ਕਾਸੇ ਤੋਂ ਵੱਖਰਾ ਕਰਦੇ ਹਨ ਜੋ ਪਹਿਲਾਂ ਮੌਜੂਦ ਹੈ। ਇਸੇ ਲਈ ਉਨ੍ਹਾਂ ਨੂੰ ਸਿਰਜਕ ਜਾਂ ਹੁਨਰਮੰਦ ਕਿਹਾ ਜਾਂਦਾ ਹੈ। ਇਕ ਢੰਗ ਜਿਸ ਵਿਚ ਉਹ ਸ੍ਰੇਸ਼ਟਤਾ ਪ੍ਰਾਪਤ ਕਰਦੇ ਹਨ ਕਿ ਜੋ ਕੁਝ ਉਹ ਸਿਰਜਦੇ ਹਨ, ਉਹ ਦੂਸਰਿਆ ਵਲੋਂ ਨਿਵੇਕਲਾ ਅਤੇ ਖੂਬਸੂਰਤ ਕਹਿ ਕੇ ਸਲਾਹਿਆ ਜਾਂਦਾ ਹੈ।

ਸਿਰਜਣਾਤਮਕਤਾ ਬੌਧਿਕਤਾ ਤੋਂ ਵੱਖਰੀ ਹੈ। ਇਹ ਵਿਅਕਤੀ ਦੀ ਮੌਲਿਕ ਅਤੇ ਵੱਖਰੀ ਕਾਰਜ-ਕੁਸ਼ਲਤਾ ਦੀ ਸਮਰੱਥਾ ਹੈ। ਜੋ ਬੌਧਿਕ ਕ੍ਰਿਆ ਲਈ ਜ਼ਰੂਰੀ ਸ਼ਰਤ ਨਹੀਂ ਹੈ। ਬਹੁਤ ਸਾਰੇ ਬੁੱਧੀਮਾਨ ਵਿਅਕਤੀ ਸਿਰਜਕ ਨਹੀਂ ਹਨ। ਫਿਰ ਵੀ, ਸਿਰਜਕ ਲੋਕਾਂ ਵਿਚ ਔਸਤਨ ਸਿਆਣਪ ਹੁੰਦੀ ਹੈ, ਭਾਵੇਂ ਉਹ ਜ਼ਿਆਦਾ ਬੁੱਧੀਮਾਨ ਵੀ ਹੋ ਸਕਦੇ ਹਨ, ਕੁਝ ਤਰ੍ਹਾਂ ਦੀ ਸਿਆਣਪ (ਜਿਵੇਂ ਪਹਿਲਾਂ ਚਰਚਾ ਹੋਈ ਹੈ) ਸਿਰਜਣਾਤਮਕਤਾ ਨਾਲ ਘੁਲ-ਮਿਲ ਜਾਂਦੀ ਹੈ। ਇਸ ਲਈ ਜੋ ਵਿਅਕਤੀ ਭਾਸ਼ਾ, ਪੁਲਾੜ, ਸੰਗੀਤ ਜਾਂ ਸਰੀਰਕ-ਕ੍ਰਿਆਵਾਂ ਦੇ ਸੁਮੇਲ ਦੀ ਸੋਝੀ ਵਿਚ ਉੱਤਮ ਹੁੰਦੇ ਹਨ, ਜੇ ਇਨ੍ਹਾਂ ਨੂੰ ਨਵੇਂ ਅਤੇ ਮੌਲਿਕ ਸਿੱਟੇ ਲਈ ਵਰਤਣ ਤਾਂ ਹੋ ਸਕਦਾ ਹੈ ਸਿਰਜਕ ਅਤੇ ਹੁਨਰਮੰਦ ਸਾਬਿਤ ਹੋਣ। ਬਹੁਤੇ ਕਿਸ਼ੋਰ ਜੋ ਬਚਪਨ ਵਿਚ ਸਿਰਜਕ ਹੁੰਦੇ ਹਨ, ਜਿਵੇਂ ਹੀ ਵੱਡੇ ਹੁੰਦੇ ਹਨ ਆਪਣੀ ਮੌਲਿਕਤਾ ਗੁਆ ਦਿੰਦੇ ਹਨ ਕਿਉਂ ਜੋ ਉਹ ਆਪਣੀਆਂ ਕੋਸ਼ਿਸ਼ਾਂ ਪ੍ਰਤੀ ਉਤਸਾਹਿਤ ਨਹੀਂ ਕੀਤੇ ਜਾਂਦੇ ਜਾਂ ਆਪਣਾ ਹੁਨਰ ਪ੍ਰਗਟਾਉਣ ਲਈ ਰੋਕੇ ਜਾਂਦੇ ਹਨ। ਉਦਾਹਰਣ ਵਜੋਂ, ਇਕ ਲੜਕੀ ਜੋ ਨ੍ਰਿਤ ਵਾਸਤੇ ਯੋਗ

ਹੈ, ਉਸ ਨੂੰ ਨ੍ਰਿਤ ਪ੍ਰਤੀ ਗੰਭੀਰ ਹੋਣ ਲਈ ਆਗਿਆ ਨਹੀਂ ਹੁੰਦੀ ਕਿਉਂ ਜੋ ਪਰਿਵਾਰ ਇਸ ਨੂੰ ਵਾਜਬ ਨਹੀਂ ਸਮਝਦਾ। ਕਈ ਬੱਚੇ ਡਰਾਇੰਗ ਅਤੇ ਚਿੱਤਰ-ਕਲਾ, ਕਹਾਣੀਆਂ ਲਿਖਣ, ਆਪਣੇ ਹੱਥਾਂ ਨਾਲ ਵਸਤੂਆਂ ਬਣਾਉਣ ਵਿਚ ਆਪਣੀ ਸਿਰਜਣਾਤਮਕਤਾ ਪ੍ਰਗਟਾਉਂਦੇ ਹਨ। ਪਰ ਸਕੂਲ ਦਾ ਸਖ਼ਤ ਵਾਤਾਵਰਣ ਅਤੇ ਘਰ ਦਾ ਢਹੂ ਵਰਤਾਉ ਬੱਚਿਆਂ ਵਿਚੋਂ ਸਿਰਜਕ ਕਣ ਨੂੰ ਕੱਢ ਦਿੰਦੇ ਹਨ, ਜਦੋਂ ਤਕ ਉਹ ਕਿਸ਼ੋਰ ਅਵਸਥਾ ਵਿਚ ਪਹੁੰਚਦੇ ਹਨ। ਬੱਚਿਆਂ ਵਿਚ ਸਿਰਜਣਾਤਮਕ ਬਚਪਨ ਲਈ ਵਾਤਾਵਰਣ ਲਚਕੀਲਾ ਅਤੇ ਉਦਾਰ ਹੋਣਾ ਚਾਹੀਦਾ ਹੈ। ਬੱਚੇ ਨੂੰ ਨਿਸ਼ਚਿਤ ਕਾਰਜਕ੍ਰਮ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ। ਇਕ ਸਿਰਜਕ ਕਿਸ਼ੋਰ ਵਿਅਕਤਿਤਵ ਅਤੇ ਜੀਵਨ-ਜਾਚ ਵਿਚ ਦੂਸਰਿਆਂ ਨਾਲੋਂ ਥੋੜ੍ਹਾ ਵੱਖਰਾ ਹੋਵੇਗਾ। ਉਹ ਨਿਵੇਕਲੇ ਢੰਗ ਨਾਲ ਸੋਚੇਗਾ ਅਤੇ ਕਾਰਜ ਕਰੇਗਾ ਤੇ ਗਰੁੱਪ ਦੇ ਮਗਰ ਨਹੀਂ ਲੱਗੇਗਾ। ਇਸ ਲਈ, ਮਾਪੇ ਅਤੇ ਸਾਥੀ, ਅਜਿਹੇ ਵਿਅਕਤੀ ਨੂੰ ਅਜੀਬ ਸਮਝਦੇ ਹਨ। ਮਾਂ-ਪਿਉ, ਖਾਸ ਕਰਕੇ ਲੜਕੀਆਂ ਵਿਚ ਵਿਲੱਖਣ ਵਿਵਹਾਰ ਬਰਦਾਸ਼ਤ ਨਹੀਂ ਕਰਨਾ ਚਾਹੁੰਦੇ। ਕਿਸ਼ੋਰ ਅਵਸਥਾ ਦੌਰਾਨ, ਉਨ੍ਹਾਂ ਨੂੰ ਲਗਾਤਾਰ ਪਰਿਵਾਰ ਦਾ ਆਮ ਮੈਂਬਰ ਬਣੇ ਰਹਿਣ ਦਾ ਅਹਿਸਾਸ ਕਰਵਾਉਣ ਨਾਲ, ਉਨ੍ਹਾ ਦੀ ਸਿਰਜਣਾਤਮਕਤਾ ਦੀ ਲਾਲਸਾ ਘਟ ਜਾਂਦੀ ਹੈ।

ਕਿਸ਼ੋਰ ਅਵਸਥਾ ਤੇ ਭਾਸ਼ਾ

ਸ਼ਿਆਮ : 'ਡਿੱਬਾ ਅਜਿਹਾ ਨੀਰਸ ਬੁੱਢਾ ਹੈ, ਉਸ ਨੇ ਘਰੇ ਕਰਨ ਲਈ ਏਨਾ ਕੰਮ ਦੇ ਦਿੱਤਾ ਹੈ ਕਿ ਉਹ ਸਭ ਕਰਦਾ ਹੋਇਆ ਮੈਂ ਪਾਗਲ ਹੋ ਜਾਉਗਾ।'

ਪਵਨ : 'ਕਿਉਂ ਫ਼ਿਕਰ ਕਰਨੈ? ਕੀ ਤੂੰ ਡਿੱਬੇ ਤੋਂ ਡਰਨੈ ? ਮੈਂ ਕੋਈ ਬਹਾਨਾ ਲਾ ਦਿਆਂਗਾ ਜਾ ਆਪਣੇ ਬੁੱਢੇ ਵੱਲੋਂ ਬਹਾਨਾ ਬਣਾ ਕੇ ਕੋਈ ਝੂਠੀ ਚਿੱਠੀ ਲੈ ਜਾਂਗਾ।'

ਇਹ ਗਿਆਰਵੀਂ ਕਲਾਸ ਦੇ ਦੋ ਮੁੰਡਿਆਂ ਦੀ ਆਪਸੀ ਗੱਲਬਾਤ ਹੈ। ਉਹ ਵਿਅਕਤੀ ਜਿਸ ਨੂੰ ਉਹ ਡਿੱਬਾ ਕਹਿ ਰਹੇ ਨੇ, ਉਨ੍ਹਾਂ ਦੇ ਹਿਸਾਬ ਦਾ ਅਧਿਆਪਕ ਸ੍ਰੀਮਾਨ ਡਬਰਾਲ ਹੈ ਜਿਸ ਨੇ ਘਰੋਂ ਹਿਸਾਬ ਦਾ ਕੰਮ ਕਰਕੇ ਲਿਆਉਣ ਲਈ ਕਿਹਾ ਹੈ। ਪਵਨ ਆਪਣੀ ਟਿੱਪਣੀ ਵਿਚ ਆਪਣੇ ਪਿਤਾ ਨੂੰ ਬੁੱਢਾ ਕਹਿ ਰਿਹਾ ਹੈ। ਖੈਰ। ਇਹ ਕਿਸ਼ੋਰਾਂ ਦੀ ਐਨ ਪ੍ਰਤੀਨਿਧ ਗੱਲਬਾਤ ਹੈ। ਉਹ ਭਾਸ਼ਾ ਦੇ ਨਵੇਂ ਰੂਪ ਵਰਤਣ ਦਾ ਹੁਨਰ ਹਾਸਿਲ ਕਰਦੇ ਹਨ। ਪਰ ਇਸ ਤੋਂ ਇਲਾਵਾ, ਭਾਸ਼ਾ ਦੇ ਰੰਗ-ਢੰਗ ਨੂੰ ਇਸਤੇਮਾਲ ਕਰਨ ਦਾ ਗੁਣ ਹੁੰਦਾ ਹੈ ਜੋ ਕਿ ਹਮਉਮਰ ਲੋਕਾਂ ਵਿਚ ਪ੍ਰਭਾਵ ਪਾਉਂਦਾ ਹੈ ਅਤੇ ਉਨ੍ਹਾਂ ਲਈ ਨਿਵੇਕਲਾ ਹੁੰਦਾ ਹੈ। ਇਥੇ ਬੋਲਚਾਲ ਦੀ ਭਾਸ਼ਾ (ਸਾਦਾ ਜਾਂ ਅਨਿਯਮਿਤ) ਦੀ ਵਰਤੋਂ ਹੁੰਦੀ ਹੈ। ਜਿਵੇਂ ਉਪਰਲੀ ਗੱਲਬਾਤ ਵਿਚ 'ਇਹ ਕੰਮ ਔਖਾ ਹੈ' ਦੀ ਥਾਂ 'ਮੈਂ ਪਾਗਲ ਹੋ ਜਾਵਾਂਗਾ।' ਵੱਡਿਆਂ ਪ੍ਰਤੀ ਟਿਚਕਰਾਂ ਦਾ ਪ੍ਰਗਟਾਉ ਵੀ ਕਾਫ਼ੀ ਪ੍ਰਚਲਿਤ ਹੈ। ਅਧਿਆਪਕਾਂ ਨੂੰ ਉਨ੍ਹਾ ਦੇ ਨਾਂ ਨਾਲ ਮਿਲਦੇ-ਜੁਲਦੇ ਮਜ਼ਾਕੀਏ ਸ਼ਬਦਾਂ ਨਾਲ ਬੁਲਾਉਣਾ ਜਿਵੇਂ ਡਬਰਾਲ ਵਾਸਤੇ

ਡਿੱਬਾ, ਜਦੋ ਕਿ ਮਾਪਿਆਂ ਲਈ ਕੁਝ ਘੱਟ ਤਿੱਖੇ ਲੇਬਲ ਦਿੱਤੇ ਜਾਂਦੇ ਹਨ ਜਿਵੇਂ ਦੋਸਤਾ ਨਾਲ ਗੱਲਬਾਤ ਦੌਰਾਨ ਪਿਉ ਨੂੰ 'ਬੁੱਢਾ' ਕਹਿਣਾ।

ਇਸ ਤਰ੍ਹਾਂ ਦੀ ਭਾਸ਼ਾ ਦੇ ਪ੍ਰਯੋਗ ਕਰਦਿਆਂ, ਜੋ ਵੀ ਭਾਸ਼ਾ ਬੋਲੀ ਜਾਂਦੀ ਹੈ, ਕਿਸ਼ੋਰ ਆਪਣੇ ਹਾਣੀਆਂ ਨਾਲ ਇਕਮੁੱਠਤਾ ਕਾਇਮ ਕਰ ਲੈਂਦੇ ਹਨ ਅਤੇ ਸੁਚੇਤ ਹੀ, ਬਚਪਨ ਦੀ ਅਵਸਥਾ ਤੋਂ ਅਤੇ ਬਾਲਗਾਂ ਤੋਂ ਜਿਨ੍ਹਾਂ ਨੂੰ ਉਹ ਹੈਂਕੜਬਾਜ਼ ਸਮਝਦੇ ਹਨ, ਦੂਰੀ ਬਣਾ ਲੈਂਦੇ ਹਨ। ਭਾਰਤ ਦੇ ਬਹੁਤੇ ਹਿੱਸਿਆਂ ਵਿਚ, ਖਾਸ ਕਰ ਸ਼ਹਿਰੀ ਇਲਾਕਿਆਂ ਵਿਚ, ਕਿਸ਼ੋਰ ਇਕ ਤੋਂ ਵੱਧ ਬੋਲੀਆਂ, ਆਪਣੀ ਮਾਂ-ਬੋਲੀ ਅਤੇ ਹੋਰ ਹਿੰਦੀ, ਅੰਗ੍ਰੇਜ਼ੀ ਜਾਂ ਖੇਤਰੀ ਭਾਸ਼ਾਵਾਂ, ਨਾਲ ਰੁਬਰੂ ਹੁੰਦੇ ਹਨ। ਜੇ ਕੋਈ ਹੋਰ ਭਾਸ਼ਾ ਬੋਲਣ ਦਾ ਰਿਵਾਜ ਹੋਵੇ, ਕਿਸ਼ੋਰ ਆਪਣੇ ਵਾਕਾਂ ਵਿਚ ਜ਼ਿਆਦਤਰ ਦੋ ਭਾਸ਼ਾਵਾਂ ਰਲਾ ਲੈਂਦੇ ਹਨ। ਇਕ ਪੰਜਾਬੀ ਬੋਲਣ ਵਾਲਾ ਮੁੰਡਾ ਇਹ ਬੋਲਦਾ ਸੁਣਿਆ ਜਾ ਸਕਦਾ ਹੈ, 'ਅਸੀ ਤਾਂ ਬੋਰ ਹੋ ਗਏ, ਲੱਟ ਅਸ ਗੋਅ ਐਂਡ ਦੇਖੀਏ ਫਿਲਮ'। ਉਂਜ ਵੀ, ਜਦੋਂ ਕਿਸ਼ੋਰ ਇਕ ਹੀ ਭਾਸ਼ਾ ਦੀ ਵਰਤੋਂ ਕਰਨ ਤਾਂ ਉਹ ਸ਼ਬਦ ਘੜ ਲੈਂਦੇ ਹਨ ਜੋ ਉਨ੍ਹਾਂ ਦੇ ਜਾਣਕਾਰ ਦੂਸਰੇ ਕਿਸ਼ੋਰਾਂ ਨੂੰ ਹੀ ਸਮਝ ਆਉਂਦੇ ਹਨ।

ਭਾਸਾ ਸੰਚਾਰ ਲਈ ਹੈ। ਆਮ ਤੌਰ 'ਤੇ ਸਾਰੇ ਬੱਚੇ ਆਪਣੀ ਮਾ-ਬੋਲੀ ਪਹਿਲੇ ਤਿੰਨ ਸਾਲ ਵਿਚ ਸਿਖ ਲੈਂਦੇ ਹਨ। ਦੂਸਰੀਆ ਭਾਸ਼ਾਵਾ, ਮੌਕੇ ਅਨੁਸਾਰ ਇਸਤੇਮਾਲ ਕਰਨ ਪੱਖੋਂ, ਬਾਅਦ ਵਿਚ ਆਉਂਦੀਆ ਹਨ। ਭਾਰਤ ਵਿਚ ਹਰ ਇਕ ਰਾਜ ਅਤੇ ਰਾਜ ਅੰਦਰ ਹਰ ਖੇਤਰ ਵੀ ਵੱਖਰੀ ਪ੍ਰਮੁੱਖ ਭਾਸ਼ਾ ਹੈ। ਬਹੁਤੇ ਕਿਸੋਰ ਦੋ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ। ਬੌਧਿਕ ਹੁਨਰਾ ਦੇ ਵਧਣ ਨਾਲ, ਕਿਸੋਰ ਭਾਸਾਂ ਦੀਆ ਬਾਰੀਕੀਆ ਨੂੰ ਸਮਝਣ ਲੱਗਦੇ ਹਨ ਜਿਵੇਂ ਮੁਹਾਵਰੇ (ਜਿੰਦਗੀ ਫੁੱਲਾਂ ਦੀ ਸੇਜ ਨਹੀਂ ਹੈ।), ਉਪਮਾਵਾ (ਉਹ ਨਹੁੰ ਵਾਂਗ ਸਖਤ ਹੈ) ਅਤੇ ਰੂਪਕ (ਜੋ ਸ਼ੀਸ਼ੇ ਦੇ ਘਰਾ ਵਿਚ ਰਹਿੰਦੇ ਹਨ, ਉਹ ਦੂਸਰਿਆ ਨੂੰ ਪੱਥਰ ਨਹੀ ਮਾਰਦੇ) ਉਹ ਚੋਭਵੀਆ ਗੱਲਾ (ਤੁਹਾਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਮੈ ਲੰਗ ਮਾਰ ਰਿਹਾ ਹਾ) ਅਤੇ ਖੁਸ਼ਮਿਜਾਜ਼ੀ (ਤੁਸੀ ਤਿੰਨੇ ਜੋੜੀਦਾਰ ਇਧਰ ਆਉ) ਨੂੰ ਸਮਝਦੇ ਅਤੇ ਵਰਤਦੇ ਹਨ।

ਸਾਰਿਆਂ ਵਿਅਕਤੀਆਂ ਨੂੰ ਭਾਸਾ ਦੀ ਵਰਤੋਂ ਦੀ ਬਰਾਬਰ ਸਹੂਲਤ ਨਹੀਂ ਹੁੰਦੀ। ਕਈਆਂ ਵਿਚ ਭਾਸ਼ਾ ਦੀ ਜਮਾਂਦਰੂ ਕਾਬਲੀਅਤ ਹੁੰਦੀ ਹੈ ਅਤੇ ਇਹ ਪੜ੍ਹਨ ਤੇ ਲਿਖਣ ਨਾਲ ਸੰਬੰਧਿਤ ਖਾਸ ਕਰ, ਚੰਗੀ ਕਾਰਗੁਜਾਰੀ ਲਈ ਉਨ੍ਹਾਂ ਦੀ ਮਦਦ ਕਰਦੀ ਹੈ। ਦੂਸਰੇ, ਜਿਨ੍ਹਾਂ ਕੋਲ ਬੋਲਣ ਲਿਖਣ ਦੀ ਔਸਤ ਕਾਬਲੀਅਤ ਹੁੰਦੀ ਹੈ, ਇਹ ਮਹਿਸੂਸ ਕਰਦੇ ਹਨ ਕਿ ਰੋਜ਼ਮਰ੍ਹਾ ਦੀ ਗੱਲਬਾਤ ਵਿਚ ਇਹ ਕੋਈ ਰੁਕਾਵਟ ਨਹੀਂ ਲਿਆਉਂਦੀ।

ਇਕ ਮੁੱਦਾ : ਮੰਦਬੁੱਧੀ

ਲੀਲਾ ਆਪਣੇ ਘਰ ਦੀ ਖਿੜਕੀ ਵਿਚ ਬੈਠੀ ਜਾਂਦੇ ਹੋਏ ਲੋਕਾਂ ਨੂੰ ਤੱਕਦੀ ਹੈ।

ਕਦੇ ਕਦੇ ਉਹ ਕਹਿੰਦੀ ਹੈ, 'ਮੈਂ ਜਾਣਾ ਹੈ।' ਭਾਵੇਂ ਉਸ ਦੀ ਆਵਾਜ਼ ਸਪਸ਼ਟ ਨਹੀਂ ਹੈ। ਉਹ ਸਤਾਰਾਂ ਸਾਲ ਦੀ ਹੈ ਪਰ 12-13 ਤੋਂ ਵੱਧ ਨਹੀਂ ਲੱਗਦੀ। ਉਸ 'ਤੇ ਨਜ਼ਰ ਰੱਖੀ ਜਾਂਦੀ ਹੈ ਅਤੇ ਉਸ ਦੇ ਕਮਰੇ ਦਾ ਦਰਵਾਜ਼ਾ ਬੰਦ ਹੈ, ਨਹੀਂ ਤਾਂ ਉਹ ਗਲੀ ਵਿਚ ਦੌੜ ਜਾਂਦੀ ਹੈ। ਇਕ ਵਾਰੀ ਉਹ ਪਿੰਡ ਵਿਚ ਗੁੰਮ ਹੋ ਗਈ ਸੀ ਅਤੇ ਲੋਕਾਂ ਨੂੰ ਖੇਤਾਂ ਵਿਚੋਂ ਲੱਭੀ ਸੀ। ਉਸ ਤੋਂ ਮਗਰੋਂ, ਲੀਲਾ ਦਾ ਪਰਿਵਾਰ ਉਸ ਨੂੰ ਘਰ ਵਿਚ ਜਿੰਦਰਾ ਲਾ ਕੇ ਰੱਖਦਾ ਹੈ।

ਲੀਲਾ ਦਾ ਜਨਮ ਜੀਨ ਨਾਲ ਸੰਬੰਧਿਤ ਇਕ ਸਥਿਤੀ ਡਾਊਨ ਸਿਨਡਰੋਮ ਨਾਲ ਹੋਇਆ। ਇਹ ਕਰੋਮੋਸੋਮਲ ਨੁਕਸ ਦਾ ਸਿੱਟਾ ਹੁੰਦਾ ਹੈ ਜੋ ਬੱਚੇ ਨੂੰ ਮੰਦਬੁੱਧੀ ਵੱਲ ਲੈ ਜਾਂਦਾ ਹੈ। ਜਿਵੇਂ ਲੀਲਾ ਵੱਡੀ ਹੋਈ, ਉਹ ਬੈਠਣ, ਪੜ੍ਹਨ ਅਤੇ ਤੁਰਨ ਵਿਚ ਆਪਣੀ ਉਮਰ ਨਾਲੋਂ ਪਿੱਛੇ ਸੀ। ਲੀਲਾ ਪੰਜ ਸਾਲ ਦੀ ਉਮਰ ਤਕ ਬੋਲ ਨਾ ਸਕੀ। ਉਸ ਦਾ ਚਿਹਰਾ ਕੁਝ ਵਿਲੱਖਣ ਸੀ, ਤਿਰਛੀਆਂ ਅੱਖਾਂ ਅਤੇ ਚੌੜਾ ਮੱਥਾ।

ਲੀਲਾ ਦੀ ਦਾਦੀ ਕੁੜੀ ਜੰਮਣ ਅਤੇ ਉਹ ਵੀ ਨੁਕਸ ਵਾਲੀ, ਲਈ ਆਪਣੀ ਨੂੰਹ ਨੂੰ ਦੋਸ਼ੀ ਮੰਨਦੀ ਸੀ। ਲੀਲਾ ਦਾ ਪਿਉ ਉਸ ਨੂੰ ਸ਼ਹਿਰ ਦੇ ਡਾਕਟਰ ਕੋਲ ਦਿਖਾਉਣ ਲੈ ਗਿਆ, ਜਿਸ ਨੇ ਕਿਹਾ ਕਿ ਲੀਲਾ ਠੀਕ ਨਹੀਂ ਹੋ ਸਕਦੀ ਕਿਉਂਕਿ ਉਸ ਨੂੰ ਸਥਾਈ ਮੰਦਬੁੱਧੀ ਹੈ। ਉਸ ਨੇ ਪਿਤਾ ਨੂੰ ਸਲਾਹ ਦਿੱਤੀ ਕਿ ਇਸ ਨੂੰ ਮੰਦਬੁੱਧੀ ਬੱਚਿਆ ਦੇ ਵਿਸ਼ੇਸ਼ ਸਕੂਲ ਵਿਚ ਦਾਖਿਲ ਕਰਵਾਉ। ਪਰ ਪਿੰਡ ਵਿਚ ਇਸ ਤਰ੍ਹਾਂ ਦਾ ਕੋਈ ਸਕੂਲ ਨਹੀਂ ਸੀ। ਇਸ ਲਈ ਲੀਲਾ ਘਰੇ ਹੀ ਰਹਿੰਦੀ ਤੇ ਉਸ ਦੇ ਛੋਟੇ ਭੈਣ-ਭਰਾ ਸਕੂਲ ਜਾਂਦੇ ਹਨ।

ਲੀਲਾ ਵਾਂਗ, ਭਾਰਤ ਵਿਚ ਲੱਖਾਂ ਹੀ ਕਿਸ਼ੋਰ ਮੁੰਡੇ ਕੁੜੀਆਂ ਮੰਦਬੁੱਧੀ ਦੇ ਸ਼ਿਕਾਰ ਹਨ। ਉਨ੍ਹਾਂ ਸਾਰਿਆਂ ਵਿਚ ਮੰਦਬੁੱਧੀ ਦਾ ਕਾਰਣ ਡਾਊਨ ਸਿਨਡਰੋਮ ਨਹੀਂ ਹੈ। ਕਈਆਂ ਵਿਚ ਮਾੜੀ ਖ਼ੁਰਾਕ, ਐਕਸੀਡੈਂਟ, ਛੂਤ ਦੀ ਬਿਮਾਰੀ ਜਾਂ ਜ਼ਹਿਰ ਖਾ ਲੈਣਾ ਕਾਰਣ ਹਨ। ਭਾਰਤ ਵਿਚ ਸਭ ਤੋਂ ਵੱਧ ਮਾਨਸਿਕ ਤੌਰ 'ਤੇ ਅਪਾਹਿਜ਼ ਬੱਚੇ ਹਨ। ਉਨ੍ਹਾਂ ਦੇ ਪਰਿਵਾਰਾਂ ਕੋਲ, ਉਨ੍ਹਾਂ ਨੂੰ ਪਾਲਣ ਲਈ ਕਾਫੀ ਵਸੀਲੇ ਨਹੀਂ ਹਨ। ਇਹ ਬੱਚੇ ਅਣਗੌਲੇ ਰਹਿੰਦੇ ਹਨ, ਗੁਆਂਢ ਉਨ੍ਹਾਂ ਦਾ ਮਜ਼ਾਕ ਬਣਾਉਂਦੇ ਹਨ ਅਤੇ ਮਾਪੇ ਉਨ੍ਹਾਂ ਨੂੰ ਸ਼ਰਮ ਦੇ ਮਾਰੇ ਜਾਂ ਬਚਾਅ ਪੱਖ ਤੋਂ ਅੰਦਰ ਬੰਦ ਕਰਕੇ ਰੱਖਦੇ ਹਨ। ਇਨ੍ਹਾਂ ਵਿਚੋਂ ਬਹੁਤੇ ਛੋਟੀ ਉਮਰ ਵਿਚ ਹੀ ਮਰ ਜਾਂਦੇ ਹਨ।

ਜੋ ਬੱਚੇ ਦਿਮਾਗੀ ਵਿਗਾੜ ਤੋਂ ਪੀੜਤ ਹੁੰਦੇ ਹਨ ਜਾਂ ਜੀਨ ਦੇ ਨੁਕਸ ਨਾਲ ਪੈਦਾ ਹੁੰਦੇ ਹਨ, ਉਨ੍ਹਾਂ ਵਿਚ ਮਾਨਸਿਕ ਵਿਕਾਸ ਘੱਟ ਹੁੰਦਾ ਹੈ, ਜਿਸ ਕਾਰਣ ਉਹ ਆਪਣੇ ਆਲੇ-ਦੁਆਲੇ ਨਾਲ ਢਲ ਸਕਣ ਵਿਚ ਕਮਜ਼ੋਰ ਹੁੰਦੇ ਹਨ। ਉਹ ਉਮਰ ਦੇ ਮੁਕਾਬਲੇ ਸੰਚਾਰ ਅਤੇ ਕੰਮ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ। 15-16

ਸਾਲ ਦੇ ਹੋ ਕੇ ਵੀ ਉਹ ਬਚਕਾਨਾ ਵਿਵਹਾਰ ਕਰਦੇ ਹਨ। ਸਾਡਾ ਸਮਾਜ ਅਜਿਹੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਨਕਾਰਦਾ ਹੈ। ਉਹ ਇਕ ਬੋਝ ਸਮਝੇ ਜਾਂਦੇ ਹਨ ਕਿਉਂ ਜੋ ਉਹ ਘਰ ਦੇ ਕੰਮਾਂ ਵਿਚ ਹੱਥ ਨਹੀਂ ਵਟਾਉਂਦੇ ਅਤੇ ਉਨ੍ਹਾਂ ਦਾ ਭਵਿੱਖ ਅਨਿਸ਼ਚਿਤ ਹੁੰਦਾ ਹੈ।

ਪ੍ਰਭਾਵਿਤ ਕਿਸ਼ੋਰਾਂ ਦੇ ਪਹਿਲੂ ਤੋਂ ਦੇਖੀਏ ਤਾਂ, ਆਪਣੀ ਹਾਲਤ ਲਈ ਉਹ ਜ਼ਿੰਮੇਵਾਰ ਨਹੀਂ ਹਨ। ਭਾਰਤ ਦਾ ਸੰਵਿਧਾਨ ਉਨ੍ਹਾਂ ਨੂੰ ਬਚਾਅ ਤੇ ਅਤੇ ਬਰਾਬਰ ਮੌਕਿਆਂ ਦੇ ਹੱਕ ਦਿੰਦਾ ਹੈ। ਜੇਕਰ ਮੰਦਬੁੱਧੀ ਬੱਚੇ ਸਿਖਿਆ ਅਤੇ ਕਲਿਆਣ ਦੇ ਪ੍ਰੋਗਰਾਮ ਵਿਚ ਹਾਜ਼ਿਰ ਹੋਣ, ਜੋ ਕਿ ਉਨ੍ਹਾ ਲਈ ਬਣੇ ਹਨ, ਕਿਸ਼ੋਰ ਅਵਸਥਾ ਵਿਚ ਉਹ ਆਪਣੀਆਂ ਜਰੂਰਤਾਂ ਨੂੰ ਲਗਭਗ ਪੂਰਾ ਕਰਨ ਦੇ ਕਾਬਿਲ ਹੋ ਜਾਂਦੇ ਹਨ। ਕੁਝ ਹੁਨਰ ਸਿੱਖ ਕੇ ਅਤੇ ਬਾਲਗਾ ਵਾਗ ਉਪਯੋਗੀ ਜਿੰਦਗੀ ਗੁਜਾਰਦੇ ਹਨ। ਕਈ ਹੋਰ ਦੇਸ਼ਾਂ ਨੇ ਇਸ ਨੂੰ ਸੱਚ ਕਰ ਦਿਖਾਇਆ ਹੈ।

ਭਾਰਤ ਵਿਚ ਮੰਦਬੁੱਧੀ ਲੋਕਾ ਨੂੰ ਸਹੂਲਤਾਂ ਦੇਣ ਲਈ ਕਈ ਤਰ੍ਹਾਂ ਦੇ ਕਾਨੂੰਨ, ਸਕੀਮਾਂ ਅਤੇ ਪ੍ਰੋਗਰਾਮ ਹਨ। ਸਰਕਾਰ ਸਵੈ-ਸੇਵੀ ਸੰਸਥਾਵਾਂ ਦੀ ਮਦਦ ਕਰਦੀ ਹੈ ਜੋ ਇਸ ਵਿਸ਼ੇ ਵਿਚ ਕੰਮ ਕਰਦੀਆਂ ਹਨ। ਪਰ ਅਜੇ ਤਕ ਇਨ੍ਹਾਂ ਕੋਸ਼ਿਸਾਂ ਨਾਲ ਸਿਰਫ਼ ਬਹੁਤ ਥੋੜ੍ਹੇ ਇਸ ਤਰ੍ਹਾਂ ਦੇ ਅਪਾਹਿਜ ਬੱਚਿਆਂ ਤਕ ਪਹੁੰਚ ਹੋਈ ਹੈ। ਲੀਲਾ ਵਰਗੇ ਕਿਸੋਰਾਂ ਤਕ ਪਹੁੰਚਣ ਲਈ ਹੀ ਜ਼ਿਆਦਾ ਵਚਨਬੱਧ ਕਾਮਿਆਂ ਦੀ ਲੋੜ ਹੈ ਤਾਂ ਜੋ ਉਨ੍ਹਾ ਦੀ ਜ਼ਿੰਦਗੀ ਖਰਾਬ ਨਾ ਹੋਵੇ। ਬਹੁਤ ਕੁਝ ਹਾਸਿਲ ਕੀਤਾ ਜਾ ਸਕਦਾ ਹੈ ਜੇ ਪਰਿਵਾਰ ਦੇ ਮੈਂਬਰਾਂ ਨੂੰ ਇਹ ਸਮਝਣ ਵਿਚ ਮਦਦ ਕੀਤੀ ਜਾਵੇ ਕਿ ਮੰਦਬੁੱਧੀ ਕੋਈ ਸਰਾਪ ਨਹੀਂ ਹੈ। ਅਸਾਧਾਰਣ ਬੱਚੇ ਦਾ ਪਰਿਵਾਰ ਵਲੋਂ ਕਬੂਲਿਆ ਜਾਣਾ ਮਾ ਉਪਰ ਬੋਝ ਨੂੰ ਘੱਟ ਕਰੇਗਾ, ਜਿਸ ਨੂੰ ਅਪਾਹਿਜ ਬੱਚਾ ਪੈਦਾ ਕਰਨ ਦਾ ਹਮਲਾ ਸਹਿਣਾ ਪੈਂਦਾ ਹੈ।

ਕਈ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਅਪਾਹਿਜ਼ ਕਿਸ਼ੋਰਾਂ ਨਾਲ ਦੋਸਤੀ ਕਰਨ ਜਾਂ ਹੋਰ ਢੰਗ ਨਾਲ ਸਹਾਰਾ ਦੇਣ ਲਈ ਅੱਗੇ ਆਉਣ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਬਹੁਤੇ ਮੰਦਬੁੱਧੀ ਕਿਸ਼ੋਰ ਵਿਵਸਥਿਤ ਅਤੇ ਸਾਦਾ ਸੰਕਲਪ ਸਮਝਣ ਦੇ ਕਾਬਿਲ ਹੁੰਦੇ ਹਨ। ਉਹ ਮੇਲ-ਜੋਲ ਬਣਾਉਣ ਦੇ ਕਾਬਿਲ ਹੁੰਦੇ ਹਨ ਅਤੇ ਭਾਵੁਕ ਹੁੰਦੇ ਹਨ। ਉਹ ਗਾ, ਨੱਚ ਅਤੇ ਖੇਡ ਸਕਦੇ ਹਨ। ਉਹ ਸਾਥ ਮਾਣਦੇ ਹਨ ਅਤੇ ਵਿਤਕਰੇ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ।

ਇਹ ਕੁਝ ਸਵਾਲ ਸੋਚਣ ਲਈ ਹਨ :

- ਕੀ ਤੁਸੀ ਕਿਸੇ ਬੱਚੇ ਜਾ ਕਿਸ਼ੋਰ ਨੂੰ ਕਦੀ ਮਿਲੇ ਹੋ ਜੋ ਮੰਦਬੁੱਧੀ ਹੋਵੇ?

- ਜਦੋਂ ਤੁਸੀ ਮੰਦਬੁੱਧੀ ਕਿਸ਼ੋਰ ਨੂੰ ਮਿਲਦੇ ਹੋ, ਕੀ ਤੁਸੀ ਦੇਖ ਸਕਦੇ ਹੋ ਕਿ ਕਿਨ੍ਹਾਂ ਢੰਗਾਂ/ਤਰੀਕਿਆ ਨਾਲ ਉਹ ਪਹਿਲੋਂ ਇਕ ਵਿਅਕਤੀ ਹਨ?
- ਕੀ ਤੁਹਾਡੇ ਕੋਲ ਕੋਈ ਰਾਹ ਹੈ ਜਿਸ ਨਾਲ ਤੁਸੀਂ ਭਵਿੱਖ ਵਿਚ ਕਿਸੇ ਮੰਦਬੁੱਧੀ ਬੱਚੇ ਜਾਂ ਕਿਸ਼ੋਰ ਦੀ ਖੁਸ਼ੀ ਵਿਚ ਹਿੱਸਾ ਪਾਉਣਾ ਚਾਹੁੰਦੇ ਹੋ?

4

ਨੈਤਿਕਤਾ, ਕਦਰਾਂ-ਕੀਮਤਾਂ, ਧਰਮ ਅਤੇ ਸਿਆਸਤ ਬਾਰੇ ਵਿਚਾਰਾਂ ਦਾ ਵਿਕਾਸ

ਮਾਂ : 'ਬਿਮਲ, ਮੈਂ ਚਾਹੁੰਦੀ ਹਾਂ ਕਿ ਤੂੰ ਹੁਣੇ ਜਾ ਅਤੇ ਵਾਧੂ ਕੇਲੇ ਵਾਪਸ ਕਰਕੇ ਆ ਜੋ ਤੈਨੂੰ ਫਲਾ ਵਾਲੇ ਨੇ ਗਲਤੀ ਨਾਲ ਦੇ ਦਿੱਤੇ ਨੇ।'

ਬਿਮਲ : 'ਮੰਮਾਂ, ਮੈਂ ਨਹੀ ਜਾਣਾ। 'ਕਿਸੇ ਵੀ ਤਰ੍ਹਾ ਮੈਂ ਉਨ੍ਹਾਂ ਨੂੰ ਚੁਰਾਇਆ ਨਹੀਂ। ਇਹ ਉਸ ਦੀ ਗਲਤੀ ਹੈ ਕਿ ਉਸ ਨੇ ਵਾਧੂ ਦਿੱਤੇ ਅਤੇ ਉਸ ਨੂੰ ਇਸ ਦਾ ਪਤਾ ਵੀ ਨਹੀਂ। ਇਸ ਲਈ ਫਿਕਰ ਨਾ ਕਰੋ।'

ਇਸ ਤਰ੍ਹਾ ਦੀ ਘਟਨਾ ਸ਼ਾਇਦ ਬਹੁਤ ਵਾਰੀ, ਹਰ ਇਕ ਦੀ ਜ਼ਿੰਦਗੀ ਵਿਚ ਵਾਪਰਦੀ ਹੈ। ਇਹ ਸਥਿਤੀ ਹੈ ਜਿਸ ਵਿਚ ਮਾਪੇ ਸਹੀ ਕਦਰਾਂ-ਕੀਮਤਾਂ ਦਾ ਸੰਚਾਰ ਕਰਨ ਦੀ ਕੋਸਿਸ਼ ਕਰ ਰਹੇ ਹਨ, ਜਦੋਂ ਕਿ ਕਿਸ਼ੋਰ ਇਹ ਕਹਿ ਕੇ ਆਪਣੇ ਕਾਰਜ ਨੂੰ ਠੀਕ ਠਹਿਰਾ ਰਿਹਾ ਹੈ ਕਿ ਉਸ ਨੇ ਜਾਣ ਬੁਝ ਕੇ ਕੋਈ ਗਲਤ ਕੰਮ ਨਹੀਂ ਕੀਤਾ।

ਤੁਸੀ ਕੀ ਕਰਦੇ, ਜੇ ਤੁਸੀਂ ਬਿਮਲ ਦੀ ਥਾਂ 'ਤੇ ਹੁੰਦੇ?

ਨੈਤਿਕਤਾ ਦਾ ਵਿਕਾਸ ਉਨ੍ਹਾਂ ਨਿਯਮਾ ਨਾਲ ਸੰਬੰਧਿਤ ਹੈ ਕਿ ਜਦੋਂ ਦੂਸਰੇ ਲੋਕਾਂ ਨਾਲ ਨਿਪਟਣਾ ਹੋਵੇ ਤਾਂ ਲੋਕ ਕੀ ਕਰਨ? ਨੈਤਿਕਤਾ ਦੇ ਕਈ ਪਹਿਲੂ ਹਨ। ਇਕ ਪਹਿਲੂ ਇਸ ਗੱਲ ਬਾਰੇ ਹੈ ਕਿ ਕੋਈ ਨੈਤਿਕ ਮੁੱਦਿਆਂ ਨੂੰ ਕਿਵੇਂ ਸੋਚਦਾ ਜਾਂ ਕਿੰਤੂ ਕਰਦਾ ਹੈ। ਉਦਾਹਰਣ ਦੇ ਤੌਰ ਤੇ ਬਿਮਲ ਦੀ ਦਲੀਲਬਾਜ਼ੀ ਆਪਣੀ ਮਾਂ ਨਾਲੋਂ ਵੱਖਰੀ ਹੈ। ਵਾਧੂ ਕੇਲੇ ਲਿਆਉਣ ਦੇ ਮਾਮਲੇ ਵਿਚ, ਜਿਸ ਵਿਚ ਕਿ ਉਸ ਦਾ ਕੋਈ ਕਸੂਰ ਨਹੀਂ। ਨੈਤਿਕ ਵਿਕਾਸ ਦਾ ਦੂਸਰਾ ਪਹਿਲੂ ਇਸ ਗੱਲ ਨਾਲ ਸੰਬੰਧਿਤ ਹੈ ਕਿ ਕੋਈ ਕਿਵੇਂ ਕਾਰਜ ਕਰਦਾ ਹੈ ਜਾਂ ਵਿਵਹਾਰ ਕਰਦਾ ਹੈ। ਇਸ ਲਈ ਬਿਮਲ ਨੇ ਕੇਲੇ ਰੱਖਣ ਦਾ ਫੈਸਲਾ ਲਿਆ ਅਤੇ ਉਨ੍ਹਾਂ ਨੂੰ ਵਾਪਸ ਨਾ ਕੀਤਾ। ਤੀਸਰਾ ਪਹਿਲੂ ਇਹ ਕਿ ਕੋਈ ਨੈਤਿਕ ਫੈਸਲਾ ਲੈਣ ਤੋਂ ਬਾਅਦ ਕਿਵੇਂ ਮਹਿਸੂਸ ਕਰਦਾ ਹੈ। ਸਾਨੂੰ ਪਤਾ ਨਹੀਂ ਬਿਮਲ ਨੇ ਕਿਵੇਂ ਮਹਿਸੂਸ ਕੀਤਾ। ਕੀ ਉਸ ਨੇ ਇਸ ਮੁੱਦੇ ਬਾਰੇ ਦੁਬਾਰਾ ਸੋਚਿਆ ਜਾਂ ਉਨ੍ਹਾਂ ਨੇ ਖੁਸ਼ੀ ਮਹਿਸੂਸ ਕੀਤੀ ਕਿ ਉਹ ਪੈਸਿਆਂ ਦੇ ਜ਼ਿਆਦਾ ਕੇਲੇ ਲੈ ਆਇਆ ਹੈ? ਸ਼ਾਇਦ ਉਸ ਨੇ ਦੋਸ਼ੀ ਮਹਿਸੂਸ

ਕੀਤਾ ਕਿ ਉਹ ਵਾਪਸ ਨਹੀਂ ਗਿਆ ਅਤੇ ਫਲਾਂ ਵਾਲੇ ਨੂੰ ਕੇਲੇ ਨਹੀਂ ਮੋੜ ਕੇ ਆਇਆ ਜੋ ਕਿ ਇਕ ਗਰੀਬ ਆਦਮੀ ਲੱਗਦਾ ਸੀ।

ਸਾਧਾਰਣ ਸ਼ਬਦਾਂ ਵਿਚ ਕਹੀਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਵੱਡਾ ਹੋ ਰਿਹਾ ਵਿਅਕਤੀ ਸਚੇਤ ਹੋ ਜਾਂਦਾ ਹੈ ਕਿ ਸਮਾਜਿਕ ਵਾਤਾਵਰਣ ਵਿਚ ਬਹੁਤ ਗੱਲਾਂ ਵਾਪਰਦੀਆਂ ਹਨ ਜਿਨ੍ਹਾਂ ਨੂੰ ਗਲਤ ਜਾਂ ਠੀਕ ਪਰਖਣਾ ਹੁੰਦਾ ਹੈ। ਇਸ ਲਈ ਜਦੋਂ ਪਿਤਾ ਆਪਣੇ ਕਿਸ਼ੋਰ ਪੁੱਤ ਨੂੰ ਝਿੜਕਦੇ ਹਨ, ਜਦੋਂ ਕੋਈ ਆਂਟੀ ਆਪਣੀ ਨੂੰਹ ਕੋਲੋਂ ਦਾਜ ਦੀ ਮੰਗ ਕਰਦੀ ਹੈ, ਜਦੋਂ ਦੋਸਤ ਕਿਸੇ ਦੁਕਾਨਦਾਰ ਨੂੰ ਧੋਖਾ ਦੇ ਕੇ ਮੌਜ-ਮਸਤੀ ਕਰਦੇ ਨੇ ਜਾਂ ਜਦੋਂ ਪੁਲਿਸ ਵਾਲਾ ਰਿਸ਼ਵਤ ਲੈਂਦਾ ਹੈ, ਅਜਿਹੀਆਂ ਸਾਰੀਆਂ ਘਟਨਾਵਾਂ ਕਿਸ਼ੋਰ ਕੋਲ ਜਾਂਚ-ਪਰਖ ਦੀ ਮੰਗ ਕਰਦੀਆਂ ਹਨ, ਭਾਵੇਂ ਇਹ ਸਿਰਫ਼ ਧਾਰਨਾ ਬਣਾਉਣਾ ਹੈ ਨਾ ਕਿ ਫ਼ੈਸਲਾ ਦੇਣਾ। ਅਜਿਹੇ ਨੈਤਿਕ ਮਸਲੇ ਮੁੰਡੇ-ਕੁੜੀਆਂ ਦੀ ਵਿਚਾਰ ਪ੍ਰਕ੍ਰਿਆ ਦਾ ਹਿੱਸਾ ਬਣਦੇ ਹਨ। ਇਨ੍ਹਾਂ ਸੂਖਮ ਸੰਕਲਪਾਂ ਬਾਰੇ ਸੋਚਣਾ, ਉਨ੍ਹਾਂ ਦੀ ਬੌਧਿਕ ਸਮਰੱਥਾ ਦਾ ਨਤੀਜਾ ਹੈ।

ਸਮਾਜ ਦਾ ਮੈਂਬਰ ਹੋਣ ਦੇ ਨਾਤੇ ਸਮਾਜਿਕ ਉਚਿਤਤਾ ਦੇ ਮਸਲਿਆਂ ਬਾਰੇ ਖੜਾ ਹੋਣਾ ਵੀ ਬਣਦਾ ਹੈ।

ਇਕ ਵਾਰ ਫਿਰ ਬੌਧਿਕ ਪੱਧਰ ਦੇ ਘੱਟ ਵਿਕਸਿਤ ਹੋਣ ਕਾਰਣ, ਬੱਚੇ ਦੇ ਤੌਰ ਤੇ ਉਸੇ ਵਿਅਕਤੀ ਦੀ ਨੈਤਿਕਤਾ ਬਿਲਕੁਲ ਸਾਧਾਰਣ ਸੀ। ਮੁੱਢਲੇ ਬਚਪਨ ਵਿਚ, ਬੱਚਿਆ ਲਈ ਉਹ ਕਾਰਜ ਠੀਕ ਹੈ ਜਿਸ ਨੂੰ ਮਾਪੇ ਜਾ ਹੋਰ ਮਹੱਤਵਪੂਰਣ ਵੱਡੇ ਵਿਅਕਤੀ ਪ੍ਰਵਾਨਗੀ ਦਿੰਦੇ ਹਨ ਅਤੇ ਜਿਸ ਨੂੰ ਉਹ ਨਾਪਸੰਦ ਕਰਦੇ ਹਨ ਉਹ ਗਲਤ ਹੈ। ਉਹ ਕੰਮ ਜਿਨ੍ਹਾਂ ਲਈ ਬੱਚਿਆਂ ਨੂੰ ਸਜ਼ਾ ਮਿਲਦੀ ਹੈ, ਗਲਤ ਸਮਝੇ ਜਾਂਦੇ ਹਨ। ਜਦੋਂ ਇਕ ਕੁੜੀ ਮਾਂ ਵੱਲੋਂ ਰੱਖੇ ਪੈਸਿਆਂ ਨੂੰ ਚੁੱਕ ਕੇ ਆਪਣੇ ਆਪ ਗੋਲੀਆਂ ਖਰੀਦ ਲੈਂਦੀ ਹੈ ਤਾਂ ਮਾਂ ਉਸ ਨੂੰ ਗੁੱਸੇ ਹੁੰਦੀ ਕਹਿੰਦੀ ਹੈ, 'ਬਿਨਾਂ ਪੁੱਛੇ ਪੈਸੇ ਚੁੱਕਣਾ ਚੋਰੀ ਹੁੰਦੀ ਹੈ।' ਬੱਚਾ ਸਿੱਖਦਾ ਹੈ ਕਿ ਚੋਰੀ ਕਰਨਾ ਬੁਰਾ ਹੈ ਕਿਉਂ ਜੋ ਇਸ ਨਾਲ ਮਾਂ ਗੁੱਸੇ ਹੁੰਦੀ ਹੈ ਅਤੇ ਉਸ ਦੀ ਝਾੜ-ਝੰਬ ਵੀ ਹੁੰਦੀ ਹੈ।

ਥੋੜ੍ਹੇ ਜਿਹੇ ਵੱਡੇ ਬੱਚੇ ਇਹ ਯਕੀਨ ਕਰਦੇ ਹਨ ਕਿ ਨਿਯਮਾਂ ਦਾ ਉਦੋਂ ਹੀ ਅਨੁਸਰਨ ਕਰਨਾ ਚਾਹੀਦਾ ਹੈ ਜਦੋਂ ਕਿਸੇ ਦਾ ਕੁਝ ਸੰਵਾਰਦੇ ਹੋਣ। ਤਰਫ਼ਦਾਰੀ ਦੇ ਵਟਾਂਦਰੇ ਖਾਤਰ ਉਹ ਆਪਣੇ ਹਾਣੀਆਂ ਨਾਲ ਇਹ ਸਮਝ ਇਸਤੇਮਾਲ ਕਰਦੇ ਹਨ। 'ਜੇ ਤੂੰ ਮੈਨੂੰ ਆਪਣੀ ਗੇਂਦ ਦੇਵੇਂਗਾ ਤਾ ਮੈ ਤੈਨੂੰ ਆਪਣੇ ਨਵੇ ਬੈਟਿਆ ਨਾਲ ਖੇਡਣ ਦੇਵਾਂਗਾ' ਵੈਸੇ ਮੁੱਢਲੀ ਅਵਸਥਾ 'ਤੇ ਬੱਚਾ ਸਿਰਫ਼ ਉਸ ਕੰਮ ਨੂੰ ਗਲਤ ਸਮਝਦਾ ਹੈ ਜਿਸ ਦੇ ਨਤੀਜੇ ਗਲਤ ਹੁੰਦੇ ਹਨ। ਇਸ ਲਈ ਇਕ ਲੜਕਾ ਜੋ ਪਾਣੀ ਲੈ ਜਾਂਦਾ ਹੋਇਆ ਦੋ ਗਲਾਸ ਤੋੜ ਦਿੰਦਾ ਹੈ, ਉਸ ਕੁੜੀ ਨਾਲੋਂ ਜ਼ਿਆਦਾ ਕਸੂਰਵਾਰ ਸਮਝਿਆ ਜਾਂਦਾ ਹੈ ਜੋ ਗੁੱਸਾ ਪ੍ਰਗਟਾਉਣ ਲਈ ਜਾਣ-ਬੁਝ ਕੇ ਇਕ ਗਲਾਸ ਤੋੜ ਦਿੰਦੀ ਹੈ।

ਕਿਸ਼ੋਰ ਅਵਸਥਾ ਵਿਚ ਦਾਖਿਲੇ ਦੇ ਅੰਤ 'ਤੇ, ਇਕ ਬਦਲਾਅ ਦੇਖਿਆ ਜਾਂਦਾ ਹੈ

ਕਿ ਕਿਸ ਤਰ੍ਹਾਂ ਬੱਚੇ ਨੈਤਿਕ ਫੈਸਲੇ ਕਰਦੇ ਹਨ। ਕਿਸ਼ੋਰ ਅਵਸਥਾ ਦੇ ਲੰਮੇ ਸਮੇਂ ਦੌਰਾਨ, ਉਹ ਨੈਤਿਕ ਦਲੀਲਬਾਜ਼ੀ ਦੀਆਂ ਕਈ ਅਵਸਥਾਵਾਂ ਵਿਚੋਂ ਲੰਘਦੇ ਹਨ। ਮੁੱਢਲੀ ਅਵਸਥਾ ਵਿਚ ਚੰਗਾ ਵਿਅਕਤੀ ਦਿਖਣ 'ਤੇ ਮਹੱਤਵ ਹੁੰਦਾ ਹੈ। ਕਿਸ਼ੋਰ ਆਪਣੇ ਪਰਿਵਾਰ ਦੇ ਮੈਂਬਰਾ ਦੀਆਂ ਆਸਾਂ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਆਪਸੀ ਮੇਲ-ਮਿਲਾਪ ਉਨ੍ਹਾਂ ਲਈ ਬਹੁਤ ਮਹੱਤਵਪੂਰਣ ਹੁੰਦਾ ਹੈ।

ਉਹ ਵਫ਼ਾਦਾਰੀ, ਵਿਸ਼ਵਾਸ, ਦੋਸਤੀ ਅਤੇ ਸਤਿਕਾਰ ਨੂੰ ਮਹੱਤਵ ਦੇਣਾ ਸ਼ੁਰੂ ਕਰਦੇ ਹਨ। ਉਹ ਨਿਆਂ ਨੂੰ ਬਣਾ ਕੇ ਰੱਖਣ ਅਤੇ ਵੱਡਿਆਂ ਦੀ ਇਜ਼ਤ ਵਿਚ ਵਿਸ਼ਵਾਸ ਰੱਖਦੇ ਹਨ। ਇਸ ਛੋਟੇ ਕਿਸ਼ੋਰ (11 ਤੋਂ 13 ਸਾਲ) ਬਾਲਗਾਂ ਵੱਲੋਂ ਆਮ ਤੌਰ 'ਤੇ ਆਗਿਆਕਾਰੀ ਅਤੇ ਵਿਸ਼ਵਾਸ ਦੇ ਪਾਤਰ ਸਮਝੇ ਜਾਂਦੇ ਹਨ। ਉਹ ਚੋਰੀ ਕਰਨ ਤੋਂ ਕਿਉਂ ਪਰਹੇਜ ਕਰਨਗੇ, ਕਾਰਣ ਕਿ ਦੂਸਰੇ ਸੋਚਣਗੇ ਕਿ ਮੈਂ ਚੰਗਾ ਮੁੰਡਾ ਜਾਂ ਕੁੜੀ ਨਹੀਂ ਹਾਂ।

ਇਸ ਨੈਤਿਕ ਦਲੀਲਬਾਜ਼ੀ ਦੀ ਥੋੜ੍ਹੀ ਬਹੁਤ ਨਿੱਜੀ ਅਵਸਥਾ ਤੋਂ, ਕਿਸ਼ੋਰ ਨੈਤਿਕਤਾ ਨੂੰ ਸਮਾਜਿਕ ਸੰਦਰਭ ਵਿਚ ਦੇਖਣ ਲੱਗਦੇ ਹਨ। ਉਹ ਧਿਆਨ ਕਰਨਾ ਸ਼ੁਰੂ ਕਰਦੇ ਹਨ ਕਿ ਸਮਾਜ ਨਿਯਮਾਂ ਅਤੇ ਕਾਨੂੰਨਾਂ ਨਾਲ ਨਿਯੰਤ੍ਰਿਤ ਹੁੰਦਾ ਹੈ। ਸਮਾਜਿਕ ਵਿਵਸਥਾ ਨੂੰ ਜਾਰੀ ਰੱਖਣ ਲਈ ਹਰ ਇਕ ਵੱਲੋਂ ਆਪਣੇ ਕਰਤੱਵ ਨਿਭਾਉਣ ਦੀ ਲੋੜ ਨੂੰ, ਇਸ ਪੜਾਅ 'ਤੇ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ। ਉਦਾਹਰਣ ਵਜੋਂ, ਬਿਮਲ ਦੀ ਚਾਚੀ ਆਪਣੀ ਨੂੰਹ ਕੋਲੋਂ ਦਾਜ ਦੀ ਮੰਗ ਕਰਦੀ ਹੈ ਜੋ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਅਪਰਾਧ ਹੈ। 15 ਸਾਲ ਦੀ ਉਮਰ ਤੇ ਬਿਮਲ ਇਸ ਨਜਰੀਏ ਨੂੰ ਮਾਨਤਾ ਦੇਵੇਗੀ ਕਿ ਕਾਨੂੰਨ ਤੋੜਨ ਲਈ ਚਾਚੀ ਦੀ ਪੁਲਿਸ ਵਿਚ ਸ਼ਿਕਾਇਤ ਕੀਤੀ ਜਾਵੇ। ਇਥੇ ਬਿਮਲ ਵੱਲੋਂ ਕਾਨੂੰਨ ਦੀ ਮਦਦ ਕਰਨ ਦਾ ਕਾਰਜ ਜ਼ਿਆਦਾ ਵਿਸ਼ਵਾਸਯੋਗ ਹੈ ਬਜਾਏ ਇਸ ਤੱਥ ਦੇ ਕਿ ਚਾਚੀ ਉਸ ਦੀ ਰਿਸ਼ਤੇਦਾਰ ਹੈ।

ਕਈ ਮਨੋਵਿਗਿਆਨੀਆਂ ਨੇ ਇਹ ਸਥਾਪਿਤ ਕੀਤਾ ਹੈ ਕਿ ਮਨੁੱਖ ਇਸ ਨੈਤਿਕ ਵਿਕਾਸ ਦੀ ਅਵਸਥਾ 'ਤੋਂ ਕਿਸ਼ੋਰ ਅਵਸਥਾ ਦੇ ਅੰਤ ਵਿਚੋਂ ਬਾਹਰ ਆਉਂਦੇ ਹਨ, ਇਹ ਵਿਕਾਸ ਸਭਿਆਚਾਰਕ ਕਦਰਾਂ-ਕੀਮਤਾਂ ਵੱਲੋਂ ਪ੍ਰਭਾਵਿਤ ਹੁੰਦਾ ਹੈ, ਜਿਸ ਦਾ ਕਿ ਅਧਿਕਾਰ, ਸਾਰੇ ਸਮਾਜਾ ਵਿਚ ਮਹੱਤਵ ਰੱਖਦੇ ਹਨ। ਇਹ ਵਿਸ਼ੇਸ ਕਾਨੂੰਨ ਤੋਂ ਵੀ, ਜੋ ਕਿ ਮਨੁੱਖ ਵੱਲੋਂ ਜ਼ਿੰਦਗੀ ਨੂੰ ਬਚਾਉਣ ਜਾਂ ਨਿਆਂ ਦਿਵਾਉਣ ਲਈ ਬਣਾਏ ਗਏ ਹਨ, ਜ਼ਿਆਦਾ ਮਹਤੱਵਪੂਰਣ ਹੁੰਦੇ ਹਨ। ਜੋ ਵਿਅਕਤੀ ਇਸ ਸਿਧਾਂਤ ਨੂੰ ਮੰਨਦਾ ਹੈ, ਨੈਤਿਕਤਾ ਦੀ ਅਵਸਥਾ ਵਿਚ ਹੁੰਦਾ ਹੈ ਜਦੋਂ ਕਿ ਨਿਯਮ ਅਤੇ ਕਾਨੂੰਨ ਮਨੁੱਖੀ ਭਲਾਈ ਲਈ ਮਾਧਿਅਮ ਮੰਨੇ ਜਾਂਦੇ ਹਨ।

ਨੈਤਿਕ ਵਿਕਾਸ ਦੀ ਉੱਚਪੱਧਰੀ ਅਵਸਥਾ 'ਤੇ ਵਿਅਕਤੀ ਮਨੁੱਖੀ ਵਿਵਹਾਰ ਨੂੰ ਕਾਨੂੰਨ ਦੇ ਮੁਤਾਬਿਕ ਢਾਲਣ ਦੀ ਬਜਾਏ, ਨਿਯਮਾਂ ਅਤੇ ਕਾਨੂੰਨ ਨੂੰ ਹੋਰ ਵਧੇਰੇ ਮਨੁੱਖੀ ਭਲਾਈ ਅਤੇ ਵਿਕਾਸ ਲਈ ਵਿਆਖਿਆ ਦੇਵੇਗਾ। ਕਿਸ਼ੋਰ ਅਤੇ ਯੁਵਕ ਇਸ ਅਵਸਥਾ 'ਤੇ ਪਹੁੰਚਣ ਦੇ ਯੋਗ ਹੁੰਦੇ ਹਨ। ਆਜ਼ਾਦੀ ਲਹਿਰ ਦੌਰਾਨ ਮਹਾਤਮਾ ਗਾਂਧੀ ਅੰਗ੍ਰੇਜ਼ੀ ਕਾਨੂੰਨ ਵਿਰੁੱਧ

ਲੜੇ ਕਿਉਂਕਿ ਉਹ ਕਾਨੂੰਨ ਭਾਰਤੀ ਸ਼ਹਿਰੀਆਂ ਦੀ ਮਾਨ-ਮਰਿਆਦਾ ਦਾ ਅਨਾਦਰ ਕਰਦੇ ਸੀ। ਉਨ੍ਹਾਂ ਦੀ ਅਹਿੰਸਾ, ਅਸਹਿਯੋਗ ਲਹਿਰ, ਜਿਸ ਨੂੰ 'ਸਤਿਆਗ੍ਰਹਿ' ਕਿਹਾ ਜਾਂਦਾ ਸੀ, ਅੰਗ੍ਰਜ਼ੀ ਰਾਜ ਦੇ ਭਾਰਤੀ ਵਿਰੋਧੀ ਕਾਨੂੰਨਾਂ ਖਿਲਾਫ਼ ਵਿਰੋਧ, ਉੱਚਪੱਧਰੀ ਨੈਤਿਕ ਸੋਚ ਦਾ ਸਬੂਤ ਹੈ।

ਨੈਤਿਕ ਵਿਕਾਸ 'ਤੇ ਪ੍ਰਭਾਵ

ਸਾਰੇ ਕਿਸ਼ੋਰ ਉਚੇਰੀ ਨੈਤਿਕ ਦਲੀਲਬਾਜ਼ੀ ਦੀ ਅਵਸਥਾ 'ਤੇ ਆਪਣੇ ਆਪ ਨਹੀਂ ਪਹੁੰਚ ਜਾਂਦੇ। ਕਿਸ਼ੋਰਾਂ ਦੀ ਸੋਚਣ ਅਤੇ ਕੰਮ ਕਰਨ ਦੀ ਕਾਬਲੀਅਤ ਨੂੰ ਕਈ ਤੱਤ ਪ੍ਰਭਾਵਿਤ ਕਰਦੇ ਹਨ; ਬੱਚੇ ਲਈ ਗਲਤ ਅਤੇ ਠੀਕ ਵਿਚਕਾਰ ਭੇਦ ਕਰਨ ਦੇ ਮੌਕੇ ਦੇਣ ਲਈ ਪਰਿਵਾਰ ਪਹਿਲਾ ਸ੍ਰੋਤ ਹੈ। ਮਾਪੇ ਜੋ ਖੁਦ ਸੱਚਾਈ, ਇਮਾਨਦਾਰੀ ਅਤੇ ਖੁੱਲ੍ਹਦਿਲੀ ਨੂੰ ਅਪਣਾਉਂਦੇ ਅਤੇ ਮਹੱਤਵ ਦਿੰਦੇ ਹਨ, ਆਪਣੇ ਬੱਚਿਆਂ ਲਈ ਚੰਗੀ ਮਿਸਾਲ ਹੁੰਦੇ ਹਨ ਅਤੇ ਉਨ੍ਹਾਂ ਲਈ ਮਾਪੇ ਪਹਿਲੇ ਅਧਿਆਪਕ ਹਨ। ਜਿਉਂ ਹੀ ਬੱਚੇ ਵੱਡੇ ਹੁੰਦੇ ਹਨ, ਉਹ ਦੇਖਣ ਲੱਗਦੇ ਹਨ ਕਿ ਨੈਤਿਕਤਾ ਤੁਲਨਾਤਮਕ ਮੁੱਦਾ ਹੈ। ਉਹੀ ਕਾਰਜ ਇਕ ਥਾ 'ਤੇ ਗਲਤ ਲੱਗਦਾ ਹੈ ਤੇ ਦੂਸਰੀ ਥਾਂ 'ਤੇ ਠੀਕ। ਉਦਾਹਰਣ ਵਜੋਂ ਇਕ ਲੜਕੀ ਦਾ ਛੋਟਾ ਭਰਾ ਆਚਾਰ ਦੀ ਬੋਤਲ ਤੋੜਦਾ ਹੈ। ਉਹ ਉਸ ਨੂੰ ਕਿਸੇ ਨੂੰ ਨਾ ਦੱਸਣ ਲਈ ਬਹਿਸਦਾ ਹੈ। ਲੜਕੀ ਮਾ ਨੂੰ ਦੱਸਦੀ ਹੈ ਕਿ ਉਸ ਨੇ ਬੋਤਲ ਤੋੜੀ ਹੈ ਅਤੇ ਮਾਂ ਤੋਂ ਝਿੜਕਾਂ ਖਾਂਦੀ ਹੈ। ਹੋਰ ਮੌਕੇ 'ਤੇ, ਮੁੰਡਾ ਜ਼ੋਰ ਨਾਲ ਚਾਬੀ ਭਰਦੇ ਹੋਏ ਕਲਾਕ ਖਰਾਬ ਕਰ ਦਿੰਦਾ ਹੈ। ਇਸ ਵਾਰੀ ਲੜਕੀ ਕਸੂਰ ਆਪਣੇ ਸਿਰ ਨਹੀਂ ਲੈਣਾ ਚਾਹੁੰਦੀ ਅਤੇ ਮਾ ਨੂੰ ਸੱਚ ਦੱਸ ਦਿੰਦੀ ਹੈ। ਕਿਸ਼ੋਰ ਹੋਣ ਦੇ ਨਾਤੇ ਉਹ ਮਹਿਸੂਸ ਕਰਦੀ ਹੈ ਕਿ ਉਸ ਦਾ ਭਰਾ ਆਪਣੇ ਕੀਤੇ ਦਾ ਨਤੀਜਾ ਜਰੂਰ ਭੁਗਤੇ।

ਕਿਸ਼ੋਰ ਧਿਆਨ ਕਰਦੇ ਹੋਣਗੇ ਕਿ ਮਾਪੇ ਜੋ ਕਹਿੰਦੇ ਨੇ, ਹਰ ਵੇਲੇ ਉਹ ਕਰਦੇ ਨਹੀਂ। ਹਾਂ ਜੇਕਰ ਆਮ ਤੌਰ 'ਤੇ ਪਰਿਵਾਰ ਕਦਰਾਂ-ਕੀਮਤਾ ਨੂੰ ਸੰਭਾਲਣ ਅਤੇ ਨੈਤਿਕਤਾ ਆਧਾਰਿਤ ਮੁੱਦਿਆਂ ਨੂੰ ਸਪਸ਼ਟ ਕਰਨ ਲਈ ਦਲੀਲਬਾਜ਼ੀ ਦਾ ਪ੍ਰਯੋਗ ਕਰਨ, ਉਹ ਆਪਣੇ ਕਿਸ਼ੋਰਾ ਵਿਚ ਨੈਤਿਕ ਵਿਕਾਸ ਅੱਗੇ ਵਧਾਉਂਦੇ ਹਨ। ਜੇਕਰ ਬੱਚਾ ਉਸ ਪਰਿਵਾਰ ਵਿਚ ਵੱਡਾ ਹੋਵੇ, ਜਿੱਥੇ ਪਿਤਾ ਕੰਮ ਚੋਰ ਹੋਵੇ, ਦੂਸਰਿਆ ਤੋਂ ਨਾਜਾਇਜ਼ ਤਰਫ਼ਦਾਰੀ ਹਾਸਲ ਕਰੇ ਜਾ ਕਿਸੇ ਹੋਰ ਢੰਗ ਨਾਲ ਬੇਈਮਾਨ ਹੋਵੇ, ਬੱਚੇ ਇਨ੍ਹਾ ਵਿਚੋਂ ਕੁਝ ਵਿਵਹਾਰ ਯੋਗ ਸਮਝ ਕੇ ਅਪਣਾ ਲੈਣਗੇ। ਜਦੋ ਪਰਿਵਾਰ ਨਾਜਾਇਜ ਢੰਗ ਨਾਲ ਦੌਲਤ ਇਕੱਠੀ ਕਰਦਾ ਹੈ ਅਤੇ ਆਪਣੇ ਬੱਚਿਆਂ ਨੂੰ ਸੁਖ ਸਹੂਲਤਾ ਮੁਹੱਈਆ ਕਰਦਾ ਹੈ ਤਾਂ ਬੱਚੇ ਇਸ ਦੀ ਅਨੈਤਿਕ ਤਸਵੀਰ ਦੇਖਣ ਵਿਚ ਅਸਫ਼ਲ ਰਹਿੰਦੇ ਹਨ, ਕਿਉਂ ਜੋ ਉਹ ਚੀਜ਼ਾਂ ਹਾਸਲ ਕਰਨ ਅਤੇ ਪੈਸੇ ਖਰਚ ਕਰਨ ਵਿਚ ਮਸਤ ਹੁੰਦੇ ਹਨ। ਜਦੋਂ ਉਹ ਕਿਸ਼ੋਰ ਅਵਸਥਾ 'ਤੇ ਪਹੁੰਚਦੇ ਹਨ, ਆਪਣੇ ਮਾਪਿਆ ਨੂੰ ਬੇਈਮਾਨੀ ਨਾਲ ਪੈਸਾ ਕਮਾਉਂਦੇ ਦੇਖਣਾ 'ਤੇ ਵੀ, ਉਹ ਸਵਾਲ

ਕਰਨ ਦੇ ਅਸਮੱਰਥ ਹੁੰਦੇ ਹਨ, ਖਾਸ ਕਰ ਜਦੋਂ ਉਹ ਖਰਚੀਲੇ ਜਿਉਣ-ਢੰਗ ਦੇ ਆਦੀ ਹੋ ਚੁੱਕੇ ਹੁੰਦੇ ਹਨ। ਉਂਜ ਵੀ, ਮਾਪੇ, ਆਪਣੇ ਬੱਚਿਆਂ ਨੂੰ ਕਿੰਤੂ ਕਰਨ ਦੀ ਇਜਾਜ਼ਤ ਨਹੀਂ ਦੇਣਗੇ।

ਨੈਤਿਕ ਮੁੱਦਿਆਂ ਬਾਰੇ ਪਰਿਵਾਰ ਤੋਂ ਬਾਹਰ ਅਤੇ ਨਜ਼ਦੀਕੀ ਤਬਕੇ ਵਿਚ, ਕਿਸ਼ੋਰ ਪਹਿਲੇ ਵਿਅਕਤੀ ਹੁੰਦੇ ਹਨ ਜੋ ਕਿ ਲੋਕ ਜੀਵਨ ਵਿਚ ਭ੍ਰਿਸ਼ਟਾਚਾਰ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੇ ਹਨ। ਸਕੂਲਾਂ ਵਿਚ ਕਿਸ਼ੋਰ ਦੂਜਿਆਂ ਦੇ ਮੁਕਾਬਲੇ ਵੱਡੇ ਲੋਕਾਂ ਦੇ ਦਬਦਬੇ ਹੇਠਾਂ ਹੁੰਦੇ ਹਨ, ਇਸ ਲਈ ਆਮ ਤੌਰ 'ਤੇ ਅਨਿਆਂ ਵਿਰੁੱਧ ਜਨਤਕ ਜਲਸਿਆਂ ਵਿਚ ਹਿੱਸਾ ਨਹੀਂ ਲੈਂਦੇ। ਉਂਜ ਕਾਲਜਾ ਅਤੇ ਵਿਸ਼ਵ-ਵਿਦਿਆਲਿਆਂ ਦੇ ਵਿਦਿਆਰਥੀ ਵੱਡੇ ਲੋਕਾਂ ਅਤੇ ਰਾਜਨੇਤਾਵਾਂ ਵਰਗੇ ਮੁੱਦਿਆਂ ਵਿਰੁੱਧ ਇੱਕਠੇ ਹੋ ਕੇ ਵਿਰੋਧ ਕਰਦੇ ਦੇਖੇ ਜਾਂਦੇ ਹਨ। ਕਿਉਂਕਿ ਯੁਵਕ ਨੈਤਿਕ ਮੁੱਦਿਆਂ ਪ੍ਰਤੀ ਫੌਰੀ ਅਤੇ ਦਲੇਰਾਨਾ ਪ੍ਰਤੀਕਰਮ ਕਰਦੇ ਹਨ, ਇਸ ਲਈ ਸਵਾਰਥੀ ਹਿੱਤਾਂ ਵਾਲੇ ਲੋਕ ਉਨ੍ਹਾਂ ਨੂੰ ਅਕਸਰ ਕੁਰਾਹੇ ਪਾਉਂਦੇ ਹਨ ਅਤੇ ਉਨ੍ਹਾਂ ਦੀ ਸਮੂਹਿਕ ਸ਼ਕਤੀ ਨੂੰ ਆਪਣੇ ਮਤਲਬ ਲਈ ਵਰਤਦੇ ਹਨ।

ਯੁਵਕ ਜੋ ਵਿਦਿਅਕ ਸੰਸਥਾਵਾਂ ਤੋਂ ਬਾਹਰ ਹੁੰਦੇ ਹਨ, ਅਨਿਆਂ ਨੂੰ ਅਨੁਭਵ ਕਰਨ ਦੇ ਓਨੇ ਹੀ ਸਮਰੱਥ ਹੁੰਦੇ ਹਨ। ਉਹ ਦੇਖਦੇ ਹਨ ਕਿ ਅਮੀਰ ਦਾ ਪੁੱਤਰ ਉਸ ਜੁਰਮ ਲਈ ਸਹੀ ਸਲਾਮਤ ਘੁੰਮਦਾ ਹੈ ਜਿਸ ਦੇ ਲਈ ਗਰੀਬ ਦੇ ਲੜਕੇ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਯੁਵਕ ਅਕਸਰ ਸਵਾਲ ਕਰਦੇ ਹਨ ਕਿ ਇਸ ਵਿਵਸਥਾ ਵਿਚ ਇਮਾਨਦਾਰ ਰਹਿਣਾ ਕਾਬਲ ਹੈ, ਜਿਸ ਵਿਚ ਉਹ ਦੇਖਦੇ ਹਨ ਕਿ ਜੋੜ-ਤੋੜ ਕਰਨ ਵਾਲਾ ਅਤੇ ਬੇਈਮਾਨ ਵਿਅਕਤੀ ਖੁਸ਼ਹਾਲ ਹੁੰਦਾ ਹੈ। ਉਨ੍ਹਾਂ ਵਿਚੋਂ ਬਹੁਤੇ ਛੋਟੇ ਤੋਂ ਛੋਟਾ ਕੰਮ ਜਿਵੇਂ ਪਾਣੀ ਦਾ ਕੰਨੈਕਸ਼ਨ ਲੈਣਾ, ਵੀ ਸੰਬੰਧਿਤ ਕਰਮਚਾਰੀ ਨੂੰ ਰਿਸ਼ਵਤ ਦਿੱਤੇ ਬਗੈਰ ਨਹੀਂ ਕਰਵਾ ਸਕਦੇ। ਜੇਕਰ ਪਰਿਵਾਰ ਨੂੰ ਇਸ ਕੰਮ ਲਈ 500 ਰੁਪਏ ਦੇਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਅਤੇ ਇਸ ਦੇ ਬਾਰੇ ਸ਼ਿਕਾਇਤ ਕਰਨ ਦਾ ਕੋਈ ਮੰਚ ਨਹੀਂ ਤਾਂ ਯੁਵਕ ਵਾਟਰ-ਮੀਟਰ ਵਿਚ ਹੇਰ-ਫੇਰ ਕਰਨ ਲਈ ਭਰਮਾ ਸਕਦਾ ਹੈ ਤਾਂ ਜੋ ਉਹ ਘੱਟ ਬਿੱਲ ਦੇ ਸਕਣ।

ਕਦਰਾਂ – ਕੀਮਤਾਂ

ਕਿਸੇ ਵਿਅਕਤੀ, ਵਰਗ ਜਾਂ ਸਮਾਜ ਵੱਲੋਂ ਧਾਰਨ ਜਾ ਕਬੂਲੇ ਗਏ ਸਮਾਜਿਕ ਸਿਧਾਂਤਾਂ, ਮੰਤਵਾਂ ਜਾਂ ਮਾਨਦੰਡਾਂ ਨੂੰ ਕਦਰਾਂ-ਕੀਮਤਾਂ ਕਿਹਾ ਜਾਂਦਾ ਹੈ। ਅਸੀਂ ਸਾਰੇ ਕਦਰਾਂ-ਕੀਮਤਾਂ ਨਾਲ ਵੱਡੇ ਹੁੰਦੇ ਹਾਂ ਜੋ ਅਸੀਂ ਆਪਣੇ ਪਰਿਵਾਰ, ਸਮੂਹ, ਬਰਾਦਰੀ ਦੇ ਲੋਕਾਂ ਅਤੇ ਆਲੇ -ਦੁਆਲੇ ਦੇ ਸੰਸਾਰ ਪ੍ਰਤੀ ਆਪਣੀ ਸੁਚੇਰਤਾ ਰਾਹੀਂ ਦਿਲ ਵਿਚ ਬੈਠਾਉਂਦੇ ਹਾਂ। ਜਦੋਂ ਮਾਂ ਆਪਣੀ ਦੋ ਸਾਲ ਦੀ ਧੀ ਨੂੰ ਕਹਿੰਦੀ ਹੈ, ''ਹੱਥ ਜੋੜ ਕੇ ਦਾਦੀ ਨੂੰ ਸਤਿ ਸ੍ਰੀ ਅਕਾਲ ਬੁਲਾਉ, ਉਹ ਉਸ ਨੂੰ ਬਜ਼ੁਰਗ ਦੀ ਇੱਜ਼ਤ ਕਰਨ ਦੀ ਮਹੱਤਤਾ ਸਿਖਾ ਰਹੀ ਹੁੰਦੀ ਹੈ। ਇਹ ਪਰਿਵਾਰ ਦੀਆਂ ਕਦਰਾਂ ਦੀ ਸਿੱਧੀ ਸਿਖਲਾਈ ਦੀ ਉਦਾਹਰਣ ਹੈ। ਵੈਸੇ ਕਦਰਾਂ-

ਕੀਮਤਾਂ ਅਸਿੱਧੇ ਤਰੀਕੇ ਨਾਲ ਅਸਰ ਪਾਉਂਦੀਆਂ ਹਨ। ਉਦਾਹਰਣ ਦੇ ਤੌਰ ਤੇ, ਕਿਸਾਨ ਆਪਣੇ ਅੱਠ ਸਾਲ ਦੇ ਬੱਚੇ ਨੂੰ ਖੇਤ ਲੈ ਕੇ ਜਾਂਦਾ ਹੈ। ਜਦੋਂ ਕਿਸਾਨ ਖੇਤ ਵਿਚ ਹਲ ਚਲਾਉਂਦਾ ਹੈ ਤੇ ਲੜਕਾ ਉਸ ਨੂੰ ਦੇਖ ਰਿਹਾ ਹੁੰਦਾ ਹੈ ਅਤੇ ਕਈ ਵਾਰੀ ਉਸ ਦੇ ਕੰਮ ਵਿਚ ਹੱਥ ਵੀ ਵੰਡਾਉਂਦਾ ਹੈ। ਪਿਤਾ ਆਪਣੀ ਜ਼ਮੀਨ ਬਾਰੇ ਉਸ ਨੂੰ ਕੁਝ ਗੱਲਾਂ ਦੱਸਦਾ ਹੈ। ਇਸ ਤਰ੍ਹਾਂ ਲੜਕਾ ਕੰਮ ਕਰਨ ਦਾਂ ਮਹੱਤਵ ਹਾਸਲ ਕਰਦਾ ਹੈ। ਪਰਿਵਾਰ ਵੱਲੋਂ ਸੰਚਾਲਿਤ ਸਾਰੀਆਂ ਕਦਰਾਂ, ਹੋ ਸਕਦਾ ਹੈ ਸਰਵ ਵਿਆਪਕ ਪਹਿਲੂ ਤੋਂ ਨਾ ਕਬੂਲੀਆਂ ਜਾਣ। ਜਾਤੀ ਪੱਖਪਾਤ ਅਤੇ ਸਮਾਜਿਕ ਵਰਗਾਂ ਵਿਚਕਾਰ ਦੂਰੀ ਪਰਿਵਾਰਕ ਕਦਰਾਂ-ਕੀਮਤਾਂ ਦੇ ਅਜਿਹੇ ਉਦਾਹਰਣ ਹਨ।

ਕਿਸ਼ੋਰ ਅਵਸਥਾ ਦੌਰਾਨ, ਵਿਅਕਤੀ, ਪਰਿਵਾਰ ਅਤੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਜੋੜਦਾ ਹੈ। ਪਰ ਬੱਚੇ ਜੋ ਦੇਖਦੇ ਹਨ ਅਤੇ ਸੁਣਦੇ ਹਨ, ਉਨ੍ਹਾਂ ਨੂੰ ਵੈਸੇ ਹੀ ਆਤਮਸਾਤ ਅਤੇ ਅਮਲ ਨਹੀਂ ਕਰ ਲੈਂਦੇ। ਆਪਣੀ ਵਧਦੀ ਨੈਤਿਕਤਾ ਦੀ ਸੂਝ ਦੀ ਵਰਤੋਂ ਕਰਕੇ ਉਹ ਆਪਣੀਆਂ ਕਦਰਾਂ-ਕੀਮਤਾਂ ਆਪ ਘੜਦੇ ਹਨ। ਇਸ ਤਰ੍ਹਾਂ ਉਹ ਪਰਿਵਾਰ ਨਾਲੋ ਆਪਣੇ ਮਾਨਦੰਡ ਕਈ ਪੱਖ ਤੋਂ ਵੱਖਰੇ ਵਿਕਸਿਤ ਕਰਦੇ ਹਨ। ਉਸ ਲੜਕੀ ਦੀ ਉਦਾਹਰਣ ਲਈਏ, ਜੋ ਉਸ ਪਰਿਵਾਰ ਵਿਚ ਵੱਡੀ ਹੋਈ ਜਿੱਥੇ ਮਾਂ-ਪਿਉ ਅਨਪੜ੍ਹ ਹਨ, ਪਰ ਉਨ੍ਹਾਂ ਨੇ ਉਸ ਨੂੰ ਦਸਵੀਂ ਤਕ ਪੜ੍ਹਾਇਆ ਹੈ। ਉਸ ਨੇ ਆਪਣੇ ਮਾਪਿਆਂ ਕੋਲੋਂ ਅਤੇ ਹੋਰਾਂ ਤੋਂ ਸੁਣਿਆ ਹੈ ਕਿ ਲੜਕੀਆਂ ਬੋਝ ਹੁੰਦੀਆਂ ਹਨ। ਇਹ ਸੰਭਵ ਹੈ ਕਿ ਲੜਕੀ ਇਹ ਵਿਸ਼ਵਾਸ ਕਰੇ ਕੀ ਕੁੜੀਆ ਬੋਝ ਹੁੰਦੀਆਂ ਹਨ। ਪਰ ਇਹ ਵੀ ਹੈ ਕਿ 15 ਸਾਲ ਦੀ ਉਮਰ 'ਤੇ ਲੜਕੀ ਇਹ ਵਿਸਵਾਸ ਕਰੇਗੀ ਕਿ ਉਹ ਕਾਬਲ ਹੈ ਅਤੇ ਆਪਣੇ ਭਰਾ ਲਈ ਵਰਤੇ ਜਾਂਦੇ ਵਿਤਕਰੇ ਲਈ ਬੁਰਾ ਮਨਾਏਗੀ; ਗੁੱਸਾ ਜਾਹਿਰ ਕਰੇਗੀ। ਉਸ ਦੀ ਸਕੂਲੀ ਸਿਖਿਆ ਪਰਿਵਾਰ ਦੇ ਰੀਤ-ਰਿਵਾਜ ਵਿਚ ਨੁਕਸ ਮਹਿਸੂਸ ਕਰਨ ਅਤੇ ਔਰਤ ਦੀ ਭੂਮਿਕਾ ਅਤੇ ਰੁਤਬੇ ਅਨੁਸਾਰ ਆਪਣੀਆਂ ਕਦਰਾਂ-ਕੀਮਤਾਂ ਵਿਕਸਿਤ ਕਰਨ ਵਿਚ ਮਦਦ ਕਰਦੀ ਹੈ।

ਇਸ ਤਰ੍ਹਾ ਕਿਸ਼ੋਰ ਅਕਸਰ ਪਰਿਵਾਰ ਵਿਚ ਟਕਰਾਉ ਹਾਲਤਾਂ ਦਾ ਸਾਹਮਣਾ ਕਰਦੇ ਹਨ ਕਿਉਂਕਿ ਉਹ ਮੌਜੂਦਾ ਨਿਯਮਾਂ ਦੀ ਯੋਗਤਾ ਦੀ ਪਰਖ ਕਰਨ ਦੇ ਕਾਬਿਲ ਹੁੰਦੇ ਹਨ। ਉਹ ਉਨ੍ਹਾ ਪ੍ਰੋੜ੍ਹ ਵਿਅਕਤੀਆਂ ਜੋ ਕਿ ਵੱਡੇ ਰੁਤਬਿਆਂ 'ਤੇ ਹੁੰਦੇ ਹਨ ਦੇ ਦੋਹਰੇ ਕਿਰਦਾਰ ਨੂੰ ਵੀ ਦੇਖਣ-ਪਰਖਣ ਲੱਗਦੇ ਹਨ। ਜਦੋਂ ਕੋਈ ਮੰਤਰੀ, ਜੋ ਆਪਣੇ ਦੇਸ਼ ਦੀ ਜਨਤਾ ਨੂੰ ਸਖਤ ਮਿਹਨਤ ਕਰਨ ਲਈ ਬਹਿਕਾਉਂਦਾ ਹੈ, ਦਾ ਪਤਾ ਚਲੇ ਕਿ ਉਸ ਨੇ ਬਹੁਤ ਪੈਸਾ ਇਕੱਠਾ ਕੀਤਾ ਹੈ, ਨੌਜਵਾਨ ਉਸ ਨੇਤਾ ਦੇ ਪਾਖੰਡੀ ਵਿਵਹਾਰ 'ਤੇ ਗੁੱਸੇ ਹੁੰਦੇ ਹਨ ਅਤੇ ਉਨ੍ਹਾਂ ਦਾ ਭਰਮ ਟੁੱਟ ਜਾਂਦਾ ਹੈ।

ਹੋਰ ਗੱਲਾ ਤੇ ਇਲਾਵਾ, ਕਿਸ਼ੋਰ ਅਵਸਥਾ ਵੇਲੇ ਵਿਅਕਤੀ, ਹਾਣੀਆਂ ਨਾਲ ਦੋਸਤੀ, ਕੁਝ ਪਰਿਵਾਰਕ ਰਿਸ਼ਤੇਦਾਰੀਆਂ, ਨਿਜੀ ਵਿਸ਼ਵਾਸਾਂ ਅਤੇ ਅਧਿਕਾਰਾਂ ਨਾਲ ਮਹੱਤਵ ਜੋੜਦੇ

ਹਨ। ਨੌਜਵਾਨ ਵਰਗ ਆਪਣੀ ਧਾਰਮਿਕ ਜਾਣਕਾਰੀ ਅਤੇ ਨਵੇਂ ਵਿਚਾਰ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ, ਨੂੰ ਵੀ ਮਹੱਤਵ ਦਿੰਦੇ ਹਨ। ਆਉਣ ਵਾਲੀ ਚਰਚਾ ਵਿਚ ਆਪਾਂ ਧਾਰਮਿਕ ਅਤੇ ਰਾਜਨੀਤਿਕ ਵਿਚਾਰਾਂ ਬਾਰੇ, ਜੋ ਕਿ ਕਿਸ਼ੋਰ ਅਵਸਥਾ ਵਿਚ ਨਜ਼ਰ ਆਉਂਦੇ ਹਨ, ਹੋਰ ਵਿਸਥਾਰ ਨਾਲ ਗੱਲ ਕਰਾਂਗੇ।

ਧਾਰਮਿਕ ਵਿਚਾਰ

ਭਾਰਤ ਵਿਚ ਜਿੱਥੇ ਕਈ ਧਰਮ ਹਨ ਅਤੇ ਲੋਕ ਵੱਖ-ਵੱਖ ਵਿਸਵਾਸਾ 'ਤੇ ਅਮਲ ਕਰਦੇ ਹਨ, ਬੱਚੇ ਅਕਸਰ ਵੱਖ-ਵੱਖ ਧਰਮਾਂ ਨੂੰ ਸਿੱਖਦੇ-ਦੇਖਦੇ ਵੱਡੇ ਹੁੰਦੇ ਹਨ। ਜਦੋਂ ਕਿ ਧਰਮ ਖਾਸ ਕਿਸਮ ਦੇ ਵਿਸ਼ਵਾਸਾ ਅਤੇ ਪੂਜਾ ਦੀ ਪੱਧਤੀ ਹੈ ਜਿਵੇਂ ਹਿੰਦੂ ਧਰਮ ਜਾਂ ਇਸਾਈ ਮੱਤ; ਵਿਸਵਾਸ ਜ਼ਰੂਰੀ ਨਹੀਂ ਕਿ ਧਾਰਮਿਕ ਰੀਤੀ-ਰਿਵਾਜ ਦੇ ਅਮਲ ਜਿਹਾ ਹੀ ਹੋਵੇ। ਕੋਈ ਵਿਅਕਤੀ ਕਿਸੇ ਧਾਰਮਿਕ ਮੱਤ ਜਾ ਅਮਲ ਦਾ ਅਨੁਆਈ ਹੋਏ ਬਿਨਾਂ ਪੂਰੀ ਤਰ੍ਹਾਂ ਅਧਿਆਤਮਕ ਹੋ ਸਕਦਾ ਹੈ।

ਬਹੁਤ ਭਾਰਤੀ ਪਰਿਵਾਰ ਕਿਸੇ ਨਾ ਕਿਸੇ ਧਰਮ ਨੂੰ ਮੰਨਦੇ ਹਨ, ਬਹੁਗਿਣਤੀ ਲੋਕਾ ਦਾ ਧਰਮ ਹਿੰਦੂ ਹੈ। ਭਾਰਤ ਦੇ ਹੋਰ ਮੁੱਖ ਧਰਮ ਇਸਲਾਮ, ਸਿੱਖ, ਬੁੱਧ, ਜੈਨ ਅਤੇ ਇਸਾਈ ਹਨ। ਛੋਟੀ ਉਮਰੇ ਬੱਚੇ ਦੇਖਦੇ ਹਨ ਕਿ ਧਰਮ ਰੀਤੀ-ਰਿਵਾਜਾਂ ਦੀ ਇਕ ਲੜੀ ਹੈ ਜੋ ਉਨ੍ਹਾ ਦੇ ਪਰਿਵਾਰ ਦੇ ਮੈਂਬਰ ਕਰਦੇ ਹਨ ਜਿਵੇਂ ਮੰਦਰ ਜਾਣਾ ਜਾ ਘਰ ਹੀ ਦੇਵੀ-ਦੇਵਤਾ ਜਾਂ ਕਿਸੇ ਪਵਿੱਤਰ ਕਿਤਾਬ ਦੀ ਪੂਜਾ ਕਰਨ ਜਾਂ ਕੁਝ ਖਾਸ ਦਿਨਾਂ 'ਤੇ ਵਰਤ ਰੱਖਣਾ। ਕਿਸ਼ੋਰ ਅਵਸਥਾ 'ਤੇ ਵਿਅਕਤੀ ਧਰਮ ਨੂੰ ਕੁਝ ਵੱਖਰੇ ਢੰਗ ਨਾਲ ਮਹਿਸੂਸ ਕਰਦੇ ਹਨ। ਹੁਣ ਜਦੋਂ ਕਿਸ਼ੋਰ ਆਪਣੇ ਵਿਚਾਰਾ ਨੂੰ ਘੋਖ ਸਕਦੇ ਹਨ, ਉਹ ਸਵਾਲ ਕਰਨ ਲੱਗਦੇ ਹਨ :

- ਕੀ ਇਹ ਦੇਵੀ-ਦੇਵਤੇ ਸਚਮੁੱਚ ਰੱਬ ਹਨ?
- ਕੁਰਾਨ/ਗੀਤਾ/ਬਾਈਬਲ ਬਾਰੇ ਪਵਿੱਤਰ ਕੀ ਹੈ?
- ਜੇ ਰੱਬ ਹੈ ਤਾ ਉਹ ਸਾਨੂੰ ਦਿੱਸਦਾ ਕਿਉ ਨਹੀਂ?
- ਮੈਂ ਉਹ ਰੀਤੀ ਰਿਵਾਜ਼ ਕਿਉਂ ਮੰਨਾ ਜੋ ਮੈਨੂੰ ਬੇਮਤਲਬ ਲੱਗਦੇ ਹਨ?

ਦੂਸਰੇ ਪਾਸੇ ਕਿਸ਼ੋਰ ਅਤੇ ਨੌਜਵਾਨ ਆਪਣੇ ਧਾਰਮਿਕ ਵਿਸ਼ਵਾਸਾਂ ਰਾਹੀਂ ਆਪਣੀ ਜ਼ਿੰਦਗੀ ਵਿਚ ਮਕਸਦ ਅਤੇ ਮਤਲਬ ਲੱਭਦੇ ਹਨ। ਉਹ ਔਖੀ ਘੜੀ ਵਿਚ ਸਹਾਰੇ ਲਈ ਰੱਬ ਦੀ ਜਾਂ ਧਾਰਮਿਕ ਕਿਤਾਬ ਦੀ ਸਕਤੀ ਵਿਚ ਪੂਰਾ ਵਿਸ਼ਵਾਸ ਦਰਸਾਉਂਦੇ ਹਨ। ਇਹ ਆਮ ਦੇਖਣ ਵਿਚ ਆਇਆ ਹੈ ਕਿ ਕਿਸੇ ਹੋਰ ਅਮਲ ਦੀ ਬਜਾਏ ਬਹੁਤੇ ਨੌਜਵਾਨ ਮੰਦਰਾ, ਗੁਰਦੁਆਰੇ ਜਾਂ ਚਰਚ ਵਿਚ ਰੱਬ ਕੋਲੋਂ ਸ਼ੁਭ ਕਾਮਨਾਵਾ ਅਤੇ ਆਸ਼ੀਰਵਾਦ ਲੈਣ ਜਾਂਦੇ ਹਨ। ਉਨ੍ਹਾਂ ਕਿਸੋਰਾਂ ਨੂੰ ਜੋ ਪਰਿਵਾਰ ਜਾਂ ਸਮਾਜਿਕ ਵਿਵਸਥਾ ਤੋਂ ਪਰ੍ਹੇ ਸੁਰੱਖਿਆ ਦੀ

ਭਾਵਨਾ ਲਈ ਤਾਕ ਰੱਖਦੇ ਹਨ, ਉਨ੍ਹਾਂ ਨੂੰ ਰੱਬ ਦਾ ਭਰੋਸਾ ਆਸਰਾ ਪ੍ਰਦਾਨ ਕਰਦਾ ਹੈ।

ਧਾਰਮਿਕ ਵਿਚਾਰ ਵੀ ਕਿਸ਼ੋਰਾਂ ਦੀ ਨੈਤਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਧਾਰਮਿਕ ਗ੍ਰੰਥਾਂ ਵਿਚ ਸ਼ਾਮਿਲ ਸਿਖਿਆਵਾਂ, ਬੱਚਿਆਂ ਨੂੰ ਪਰਿਵਾਰ ਵਿਚ ਆਦੇਸ਼ਾਂ, ਲੋਕ ਕਹਾਣੀਆਂ, ਧਾਰਮਿਕ ਕਥਾਵਾਂ ਰਾਹੀ ਸੰਚਾਲਿਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਇਕ ਆਦਰਸ਼ ਪੁਰਸ਼ ਦੇ ਨੈਤਿਕ ਵਿਵਹਾਰ ਦੇ ਨਿਯਮ ਤੇ ਕਥਨ ਦਰਜ ਹੁੰਦੇ ਹਨ। ਕਿਸ਼ੋਰ ਅਵਸਥਾ 'ਤੇ ਹੀ, ਮੁੰਡੇ ਅਤੇ ਕੁੜੀਆਂ ਧਾਰਮਿਕ ਪਾਠਾਂ ਨੂੰ ਸੁਣਨ ਜਾ ਪੜ੍ਹਨ ਮਗਰੋਂ, ਆਪਣੇ ਦੇਵੀ-ਦੇਵਤਿਆਂ, ਜਿਸ ਨੂੰ ਉਹ ਪੂਜਦੇ ਹਨ, ਨਾਲ ਸੰਬੰਧਿਤ ਕੁਝ ਗੁਣ ਧਾਰਨ ਕਰਨ ਬਾਰੇ ਸੋਚਦੇ ਹਨ।

ਧਾਰਮਿਕ ਫਸਾਦਾਂ ਸਮੇਂ ਜਿਵੇਂ 1947 ਵਿਚ ਧਰਮ ਦੇ ਆਧਾਰ 'ਤੇ ਭਾਰਤ ਦੀ ਵੰਡ ਵੇਲੇ, 1992 ਵਿਚ ਬਾਬਰੀ ਮਸਜਿਦ ਦੇ ਢਾਹੁਣ ਤੋਂ ਬਾਅਦ, ਕਿਸ਼ੋਰ ਆਪਣੀਆਂ ਧਾਰਮਿਕ ਸੰਬੰਧਨਾਂ ਲਈ ਤੇਜ਼ੀ ਨਾਲ ਜਾਗਰੂਕ ਹੋਵੇ। ਉਹ ਜੋ ਸਿੱਧੇ ਤੌਰ 'ਤੇ ਪ੍ਰਭਾਵਿਤ ਵਰਗ ਨਾਲ ਸੰਬੰਧਿਤ ਹੁੰਦੇ ਹਨ, ਜ਼ਿਆਦਾ ਮਾਨਸਿਕ ਟਕਰਾਉ ਮਹਿਸੂਸ ਕਰਦੇ ਹਨ।

ਰਾਜਨੀਤਿਕ ਵਿਚਾਰ

ਤੁਸੀ ਹੈਰਾਨ ਹੋਵੋਗੇ ਕਿ ਬਿਨ੍ਹਾਂ ਕਿਸੇ ਦੇ ਰਾਜਨੀਤੀ ਵਿਚ ਦਿਲਚਸਪੀ ਲਏ, ਕਿਵੇਂ ਉਸ ਦੇ ਵਿਚਾਰ ਰਾਜਨੀਤਿਕ ਹੋ ਸਕਦੇ ਹਨ। ਮਜੇ ਦੀ ਗੱਲ ਹੈ ਕਿ ਵਿਅਕਤੀ ਦੇ ਵਿਕਾਸ ਵਿਚ ਰਾਜਨੀਤਿਕ ਵਿਚਾਰਾਂ ਦਾ ਵਿਕਾਸ ਕੁਦਰਤੀ ਹੈ। ਪਹਿਲਾ ਆਪਾਂ ਸਪਸ਼ਟ ਕਰ ਲਈਏ ਕਿ 'ਰਾਜਨੀਤੀ' ਤੋਂ ਭਾਵ ਕੀ ਹੈ। ਮੋਟੇ ਤੌਰ 'ਤੇ ਉਸ ਢਾਂਚੇ ਨੂੰ ਰਾਜਨੀਤਿਕ ਕਿਹਾ ਜਾਂਦਾ ਹੈ, ਜਿਸ ਢਾਚੇ ਵਿਚ ਮਨੁੱਖੀ ਰਿਸ਼ਤਿਆਂ ਵਿਚ ਤਾਕਤ, ਨਿਯਮ ਅਤੇ ਦਬਦਬੇ ਦੀ ਵਰਤੋਂ ਹੁੰਦੀ ਹੈ। ਇਸ ਲਈ ਸਰਕਾਰ ਆਪਣੇ ਕਰਤੱਵ ਨਿਭਾਉਣ ਲਈ ਰਾਜਨੀਤਿਕ ਕਾਰਵਾਈ ਵਿਚ ਰੁੱਝੀ ਰਹਿੰਦੀ ਹੈ। ਇਸ ਤਰ੍ਹਾਂ ਕਿਸ਼ੋਰਾਂ ਦਾ ਇਕ ਵਰਗ ਰਾਜਨੀਤਿਕ ਕਾਰਜ ਕਰਦਾ ਹੈ, ਜਦੋਂ ਉਹ ਫੁੱਟਬਾਲ ਖੇਡਣ ਲਈ ਜਗ੍ਹਾ ਦੀ ਲੋੜ ਵਾਸਤੇ ਕਿਸੇ ਹੋਰ ਗਰੁੱਪ ਦੇ ਵਿਰੁੱਧ ਇਕੱਠਾ ਹੁੰਦਾ ਹੈ।

ਰਾਜਨੀਤਿਕ ਚੇਤਨਾ ਦਾ ਵਿਕਾਸ, ਕਿਸ਼ੋਰਾਂ ਦੇ ਬੌਧਿਕ ਵਿਕਾਸ ਦਾ ਨਤੀਜਾ ਹੈ ਜਿਸ ਨਾਲ ਸੂਖਮ ਸੋਚ ਅੱਗੇ ਵਧਦੀ ਹੈ। ਰਾਜਨੀਤਿਕ ਵਿਚਾਰ ਸੂਖਮ ਹਨ ਅਤੇ ਨੈਤਿਕ ਵਿਕਾਸ ਨਾਲ ਜੁੜੇ ਹੋਏ ਹਨ। ਜਦੋਂ ਛੋਟੇ ਬੱਚੇ ਸਮਾਜ ਵਿਚ ਰਾਜਨੀਤੀ ਨੂੰ ਉਮੀਦਵਾਰ ਨਾਲ ਜੋੜ ਕੇ ਦੇਖਦੇ ਹਨ, ਜਿਸ ਦੀ ਉਨ੍ਹਾ ਨੇ ਤਸਵੀਰ ਦੇਖੀ ਹੁੰਦੀ ਹੈ ਜਾਂ ਜਿਸ ਬਾਰੇ ਉਨ੍ਹਾਂ ਨੇ ਸੁਣਿਆ ਹੁੰਦਾ ਹੈ। ਬਾਅਦ ਵਿਚ ਬੱਚਿਆ ਲਈ ਦੇਸ਼ ਦਾ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਹੋਰ ਉੱਘੇ ਵਿਅਕਤੀ 'ਰਾਜਨੀਤੀ' ਦੀ ਪ੍ਰਤੀਨਿਧਤਾ ਕਰਦੇ ਹਨ। ਮਾਨਸਿਕ ਕਾਰਜਾਂ ਦੀ ਗੁੱਝੀ ਕਾਰਗੁਜ਼ਾਰੀ ਦੀ ਆਮਦ ਨਾਲ ਕਿਸ਼ੋਰ ਨਿਯਮਾ, ਕਾਨੂੰਨਾਂ, ਵਿਚਾਰਧਾਰਾ ਅਤੇ ਨਿਯੰਤ੍ਰਣ ਬਾਰੇ ਸਮਝਣ ਲੱਗਦੇ ਹਨ।

ਕਿਸ ਵਿਚਾਰਧਾਰਾ ਨੂੰ ਕਿਸ਼ੋਰ ਕਬੂਲ ਕਰਨਗੇ ਅਤੇ ਉਸ ਨਾਲ ਜੁੜਨਗੇ, ਇਹ ਬਹੁਤਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਸ ਰਾਜਨੀਤਿਕ ਅਮਲ ਵਿਚ ਉਹ ਵਿਚਰਦੇ ਹਨ ਅਤੇ ਮੌਜੂਦਾ ਢਾਂਚੇ ਉੱਪਰ ਆਪਣੇ ਵਿਚਾਰ ਪੇਸ਼ ਕਰਨ ਦੀ ਕਿੰਨੀ ਕੁ ਖੁੱਲ੍ਹ ਮਾਣਦੇ ਹਨ। ਪ੍ਰੌੜ੍ਹ ਨੈਤਿਕ ਦਲੀਲਬਾਜ਼ੀ ਦੀ ਕਿਸ਼ੋਰਾਂ ਦੀ ਸਮਰਥਾ, ਉਨ੍ਹਾਂ ਨੂੰ ਰਾਜਨੀਤਿਕ ਕਾਰਜਾਂ ਲਈ ਆਲੋਚਕ ਬਣਾਉਂਦੀ ਹੈ, ਜਿਨ੍ਹਾਂ ਨੂੰ ਉਹ ਅਨਿਆਂਪੂਰਨ ਸਮਝਦੇ ਹਨ। 18 ਸਾਲ ਦੀ ਉਮਰ 'ਤੇ ਵਿਅਕਤੀ ਰਾਜਨੀਤਿਕ ਸੋਚ ਦੇ ਕਾਬਲ ਹੋ ਜਾਂਦਾ ਹੈ ਅਤੇ ਭਾਰਤ ਵਿਚ ਇਹ ਉਮਰ ਵੋਟ ਦੇਣ ਦੀ ਘੱਟੋ-ਘੱਟ ਉਮਰ ਨਾਲ ਮੇਲ ਖਾਂਦੀ ਹੈ।

ਰਾਜਨੀਤਿਕ ਵਿਚਾਰ ਉਦੋਂ ਵੀ ਸੰਮਲਿਤ ਹੁੰਦੇ ਹਨ ਜਦੋਂ ਕਿਸ਼ੋਰ ਸਰਕਾਰ ਦੇ ਰਵੱਈਏ, ਜਿਵੇਂ ਦੂਸਰੇ ਦੇਸ਼ ਨਾਲ ਸੰਬੰਧਾਂ, ਡੈਮ ਬਣਾਉਣ ਦੇ ਵਿਰੁੱਧ ਉੱਦਮੀ ਕਾਰਜ-ਕਰਤਾਵਾਂ ਦਾ ਵਿਰੋਧ ਜਾਂ ਸੰਸਦ ਵਿਚ ਵਿਵਹਾਰ, ਨੂੰ ਪਰਖਦੇ ਹਨ। ਕਿਉਂ ਜੋ ਪੰਚਾਇਤੀ ਰਾਜ ਭਾਰਤ ਵਿਚ ਇਕ ਸੱਚਾਈ ਬਣ ਰਿਹਾ ਹੈ, ਕਿਸ਼ੋਰ ਅਤੇ ਯੁਵਕਾਂ ਨੂੰ ਰਾਜਨੀਤਿਕ ਮੁੱਦਿਆਂ ਨੂੰ ਨਜ਼ਦੀਕ ਤੋਂ ਦੇਖਣ ਅਤੇ ਚਰਚਾ ਕਰਨ ਦਾ ਮੌਕਾ ਮਿਲੇਗਾ। ਉਨ੍ਹਾ ਕੋਲ ਚੋਣਾ, ਆਜ਼ਾਦੀ, ਇਨਸਾਫ਼, ਹੱਕ ਅਤੇ ਕਰਤਵ ਵਰਗੇ ਵਿਚਾਰਾਂ 'ਤੇ ਕੇਂਦ੍ਰਿਤ ਕਰ ਸਕਣ ਦੀ ਮਾਨਸਿਕ ਅਤੇ ਰਾਜਨੀਤਿਕ ਸਮੱਗਰੀ ਹੁੰਦੀ ਹੈ। ਆਮ ਤੌਰ ਤੇ ਕਿਸੋਰ ਜੋ ਹਾਈ ਸਕੂਲ ਜਾਂ ਕਾਲਜ ਗਿਆ ਹੈ, ਉਸ ਕੋਲ ਰਾਜਨੀਤਿਕ ਕਾਰਜਾਂ ਵਿਚ ਹਿੱਸਾ ਲੈਣ ਦੀ ਜਾਣਕਾਰੀ ਦਾ ਆਧਾਰ ਹੋਵੇਗਾ। ਅਸਲ ਵਿਚ, ਕਾਲਜ ਵਿਚ ਵਿਦਿਆਰਥੀ ਅਕਸਰ ਹੀ ਜਾਤ, ਲਿੰਗ ਭੇਦ, ਪ੍ਰਮਾਣੂ ਵਾਧੇ ਜਾਂ ਸਿਖਿਅਕ ਸੰਸਥਾਵਾਂ ਦੇ ਅਪਰਾਧੀਕਰਨ ਵਰਗੇ ਮੁੱਦਿਆਂ ਨੂੰ ਲੈ ਕੇ ਰਾਜਨੀਤਿਕ ਸਰਗਰਮੀ ਵਿਚ ਉਲਝੇ ਰਹਿੰਦੇ ਹਨ।

ਨੈਤਿਕ ਵਿਕਾਸ ਵਿਚ ਮੁੰਡੇ-ਕੁੜੀਆਂ ਵਿਚ ਭੇਦ

ਮੰਨ ਲਵੋ, ਗਲੀ ਵਿਚ ਇਕ ਬੁੱਢਾ ਆਦਮੀ ਹਰ ਆਉਣ-ਜਾਣ ਵਾਲੇ ਨੂੰ ਖਾਣ ਲਈ ਰੋਟੀ ਬਾਰੇ ਕਹਿ ਰਿਹਾ ਹੈ ਕਿਉਂ ਜੋ ਉਸ ਨੇ ਕਈ ਦਿਨ ਤੋਂ ਕੁਝ ਨਹੀਂ ਖਾਧਾ। ਕੀ ਮੁੰਡਾ ਅਤੇ ਕੁੜੀ ਉਸ ਨੂੰ ਇਕੋ ਤਰ੍ਹਾਂ ਪ੍ਰਤੀਕਰਮ ਦੇਣਗੇ ਜਾ ਅਲਗ ਅਲਗ ਤਰ੍ਹਾਂ ਨਾਲ? ਤੁਹਾਡਾ ਆਪਣਾ ਪ੍ਰਤੀਕਰਮ ਕੀ ਹੋਵੇਗਾ?

ਆਪਾਂ ਬੌਧਿਕ ਵਿਕਾਸ ਵਾਲੇ ਪਿਛਲੇ ਅਧਿਆਇ ਵਿਚ ਦੇਖਿਆ ਹੈ ਕਿ ਮਾਨਸਿਕ ਵਿਕਾਸ ਦੌਰਾਨ ਮੁੰਡਾ ਅਤੇ ਕੁੜੀ ਇਕੋ ਜਿਹੇ ਪੜਾਵਾਂ ਵਿਚੋਂ ਲੰਘਦੇ ਹਨ। ਇਸ ਲਈ ਉਨ੍ਹਾ ਦੀ ਨੈਤਿਕ ਪਰਖ ਦੀ ਸਮਰਥਾ ਵੀ ਤੁਲਨਾਤਮਕ ਅਵਸਥਾਵਾਂ ਵਿਚੋਂ ਲੰਘਦੀ ਹੈ। ਫ਼ਰਕ ਉਦੋਂ ਪੈਦਾ ਹੁੰਦਾ ਹੈ ਕਿ ਕੁੜੀਆਂ ਨੈਤਿਕ ਮੁੱਦਿਆਂ ਨੂੰ ਮੁੰਡਿਆਂ ਦੇ ਮੁਕਾਬਲੇ ਕਿਸ ਤਰ੍ਹਾਂ ਦੇਖਦੀਆਂ ਹਨ। ਕਾਰਜ ਨੂੰ ਸਹੀ ਠਹਿਰਾਉਣ ਵੇਲੇ, ਉਹ ਆਪਣੇ ਅਤੇ ਹੋਰਾਂ ਦੇ ਜਜ਼ਬਾਤੀ ਪ੍ਰਭਾਵ ਨਾਲ ਜੁੜੀਆਂ ਹੁੰਦੀਆਂ ਹਨ। ਕੁੜੀਆਂ ਉਹ ਫੈਸਲਾ ਲੈਣ ਤੋਂ

ਵੀ ਕਤਰਾਉਂਦੀਆਂ ਹਨ ਜੋ ਉਨ੍ਹਾਂ ਨੂੰ ਦੂਸਰਿਆਂ ਦੀਆਂ ਨਜ਼ਰਾਂ ਵਿਚ ਪ੍ਰਤੀਕੂਲ ਪੇਸ਼ ਕਰੇ।

ਹਮਦਰਦੀ, ਦਇਆ, ਬਲੀਦਾਨ ਅਤੇ ਅਸੁਆਰਥ ਦੀ ਭਾਵਨਾਂ ਵੀ ਕੁੜੀਆਂ ਦੇ ਨੈਤਿਕ ਵਿਵਹਾਰ ਵਿਚ ਮੁੰਡਿਆਂ ਨਾਲੋਂ ਵੱਧ ਉਘੜਵੀਂ ਹੁੰਦੀ ਹੈ। ਇਸ ਲਈ ਜਦੋਂ ਕੋਈ ਕਿਸ਼ੋਰ ਲੜਕੀ ਗਲੀ ਵਿਚ ਕਿਸੇ ਬੁੱਢੇ ਆਦਮੀ ਦੀ ਮਦਦ ਕਰਦੀ ਹੈ, ਇਹ ਇਸ ਲਈ ਕਿ ਉਹ ਉਸ ਵਿਚ ਕਿਸੇ ਹੋਰ ਬੁੱਢੇ ਵਿਅਕਤੀ ਨੂੰ ਦੇਖਦੀ ਹੈ, ਜੋ ਬੁਢਾਪੇ ਕਾਰਣ ਲਾਚਾਰ ਹੈ ਅਤੇ ਦੁਖ-ਭਾਲ ਲਈ ਨੌਜਵਾਨਾਂ ਦੀ ਜ਼ਰੂਰਤ ਚਾਹੁੰਦਾ ਹੈ। ਜੇ ਮੁੰਡਾ ਉਸ ਦੀ ਮਦਦ ਕਰਨਾ ਚਾਹੁੰਦਾ ਹੈ, ਉਹ ਇਸ ਨੂੰ ਹੋਰ ਤਰ੍ਹਾਂ ਕਰੇਗਾ, ਭਾਵ ਬੁੱਢੇ ਆਦਮੀ ਨੂੰ ਕੁਝ ਪੈਸੇ ਦੇ ਕੇ ਅਤੇ ਇਹ ਵੀ ਕਿ ਉਸ ਦੇ ਦੋਸਤ ਦੇਖ ਨਾ ਲੈਣ, ਨਹੀਂ ਤਾ ਉਹ ਉਸ ਨੂੰ ਛੇੜਨਗੇ। ਫਿਰ ਵੀ, ਕਈ ਅਜਿਹੇ ਢੰਗ-ਤਰੀਕੇ ਹਨ ਜਿਸ ਵਿਚ ਮੁੰਡੇ ਅਤੇ ਕੁੜੀਆਂ ਇਕੋ ਜਿਹਾ ਵੀ ਵਿਵਹਾਰ ਕਰਦੇ ਹਨ।

ਇਹ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋਇਆ ਕਿ ਨੈਤਿਕ ਨਜ਼ਰੀਏ ਤੋਂ ਮੁੰਡੇ ਅਤੇ ਕੁੜੀਆ ਵਿਚ ਫ਼ਰਕ ਕਿਉਂ ਹੈ। ਇਹ ਕਿਹਾ ਜਾ ਸਕਦਾ ਹੈ ਕਿ ਪਰਿਵਾਰ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਇਸ ਤਰ੍ਹਾਂ ਕਰਦੇ ਹਨ ਕਿ ਕੁੜੀਆਂ ਨੂੰ ਮੁੰਡਿਆ ਨਾਲੋਂ ਵੱਖਰੇ ਸੁਨੇਹੇ ਸੰਚਾਲਿਤ ਹੁੰਦੇ ਹਨ। ਕੁੜੀਆਂ ਤੋਂ ਸਾਊ, ਸ਼ਰੀਫ਼ ਅਤੇ ਦੇਖ-ਭਾਲ ਕਰਨ ਵਾਲੀ ਬਣਨ ਦੀ ਆਸ ਰੱਖੀ ਜਾਂਦੀ ਹੈ ਜਦੋਂ ਕਿ ਮੁੰਡਿਆ ਨੂੰ ਦਾਅਵੇ ਵਾਲਾ, ਤਾਕਤਵਰ ਅਤੇ ਸਵੈ-ਕੇਂਦ੍ਰਿਤ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਨੈਤਿਕ ਵਿਵਹਾਰ ਦੀ ਇਸ ਸਿਖਲਾਈ ਦਾ ਪ੍ਰਭਾਵ ਦੋਹਾਂ ਲਿੰਗਾਂ 'ਤੇ ਕਾਫ਼ੀ ਪੈਂਦਾ ਹੈ। ਫਿਰ ਵੀ, ਕਿਸ਼ੋਰਾ ਦੀ ਨੈਤਿਕਤਾ ਵਿਚ ਲਿੰਗ ਭੇਦ ਤੋਂ ਬਿਨ੍ਹਾਂ ਕਈ ਬਿੰਦੂ ਸਾਂਝੇ ਹਨ।

ਸਮਾਜ ਵਿਚ ਹਿੰਸਾ : ਇਕ ਮੁੱਦਾ

ਸਾਡਾ ਸਮਾਜ ਵੱਖ-ਵੱਖ ਰੂਪਾਂ ਵਿਚ ਹਿੰਸਾ ਦੇ ਰੂਬਰੂ ਹੁੰਦਾ ਆਇਆ ਹੈ। ਜੰਗ, ਅੱਤਵਾਦ, ਦੰਗੇ, ਧਰਮ, ਜਾਤ-ਜਮਾਤੀ ਵਿਰੋਧਾਂ ਦੇ ਰੂਪ ਵਿਚ ਹਿੰਸਾ। ਹਿੰਸਾ ਦੇ ਹੋਰ ਰੂਪ ਬਲਾਤਕਾਰ, ਕਤਲ, ਬਹੂ ਦਾ ਅੱਗ ਲਗਾ ਕੇ ਸੜਨਾ ਅਤੇ ਕਮਜ਼ੋਰ ਵਰਗ ਦਾ ਸ਼ੋਸ਼ਣ। ਦਹਾਕਿਆਂ ਤੋਂ ਵਧ ਰਹੀ ਇਸ ਹਿੰਸਾ ਦੇ ਕਿਸੇ ਖਾਸ ਕਾਰਣ ਵਲ ਉਂਗਲ ਕਰਨਾ ਮੁਸ਼ਕਿਲ ਹੈ। ਇਕ ਸਾਂਝਾ ਕਾਰਣ ਜੋ ਉਭਰ ਕੇ ਸਾਹਮਣੇ ਆਇਆ ਦਿਸਦਾ ਹੈ ਉਹ ਹੈ ਸਮਾਜ ਵਿਚ ਨੈਤਿਕ ਮਾਨਦੰਡਾ ਦਾ ਡਿੱਗਣਾ। ਕਿਸੇ ਇਕ ਜਾਂ ਹੋਰ ਸੰਦਰਭ ਵਿਚ ਕਿਸੇ ਵਿਅਕਤੀ ਦੀ ਜਾਨ ਲੈ ਲੈਣਾ ਕੀ ਉਸ ਵਿਚ ਅਪਰਾਧ ਦੀ ਭਾਵਨਾ ਪੈਦਾ ਕਰਦਾ ਹੈ ਜੋ ਇਹ ਕੰਮ ਕਰਦਾ ਹੈ? ਔਰਤਾਂ ਪ੍ਰਤੀ ਹਿੰਸਾ ਵਧ ਰਹੀ ਹੈ। ਕੀ ਇਸ ਦਾ ਮਤਲਬ ਹੈ ਕਿ ਮਰਦ ਪਹਿਲਾਂ ਨਾਲੋਂ ਘੱਟ ਨੈਤਿਕਤਾ ਵੱਲ ਵਧ ਰਹੇ ਹਨ? ਕੀ ਇਸ ਝੁਕਾਅ ਨੂੰ ਮੋੜਿਆ ਜਾ ਸਕਦਾ ਹੈ ਤਾਂ ਜੋ ਸਮਾਜ ਵਿਚ ਹਿੰਸਾ ਹੌਲੀ ਹੌਲੀ ਘੱਟ

ਹੋ ਸਕੇ? ਕੀ ਤੁਸੀ ਇਸ ਬਾਰੇ ਸੋਚਿਆ ਹੈ? ਕੀ ਤੁਹਾਨੂੰ ਭਵਿੱਖ ਵਿਚ ਕਿਸੇ ਹਾਂ ਪੱਖੀ ਤਬਦੀਲੀ ਦੀ ਸੰਭਾਵਨਾ ਦਿੱਸਦੀ ਹੈ? ਕੀ ਤੁਸੀ ਇਸ ਵਿਚ ਕੋਈ ਭੂਮਿਕਾ ਅਦਾ ਕਰਨ ਦੀ ਆਸ ਕਰਦੇ ਹੋ?

5

ਪਛਾਣ ਦੀ ਤਲਾਸ਼ : ਵਿਅਕਤਿੱਤਵ ਦਾ ਵਿਕਾਸ

ਮੈਂ ਕੌਣ ਹਾਂ?

ਜ਼ਰਾ ਰੁਕ ਕੇ ਪਿੱਛੇ ਝਾਤੀ ਮਾਰੀਏ : ਪਿਛਲੇ ਅਧਿਆਇਆਂ ਵਿਚ ਕਿਸ਼ੋਰ ਦੇ ਸਰੀਰਕ, ਮਾਨਸਿਕ ਅਤੇ ਨੈਤਿਕ ਗੁਣਾਂ ਬਾਰੇ ਚਰਚਾ ਹੋਈ ਹੈ ਜੋ ਕਿ ਉਨ੍ਹਾਂ ਨੂੰ ਬੱਚਿਆਂ ਤੋਂ ਵੱਖਰਾ ਕਰਦੀ ਹੈ। ਦੂਸਰੇ ਸ਼ਬਦਾਂ ਵਿਚ ਕਿਸ਼ੋਰ ਬੱਚਿਆਂ ਨਾਲੋਂ ਕਈ ਤਰੀਕਿਆਂ ਨਾਲ ਵੱਖਰੇ ਹਨ। ਪਰ ਫਿਰ ਵੀ ਉਹ ਪ੍ਰੌੜ੍ਹ ਨਹੀਂ ਹੁੰਦੇ। ਅਸਲ ਵਿੱਚ ਬਹੁਤੇ ਕਿਸ਼ੋਰਾਂ ਦਾ ਇਹ ਸਾਂਝਾ ਤਜਰਬਾ ਹੈ ਜੋ ਕਈ ਵਾਰ ਉਨ੍ਹਾਂ ਨੇ ਮਾਪੇ ਉਨ੍ਹਾਂ ਨੂੰ ਕਹਿੰਦੇ ਹਨ, 'ਤੂੰ ਹੁਣ ਬੱਚਾ ਨਹੀਂ ਹੈ; ਇਹ ਕੰਮ ਆਪ ਕਰ।' ਦੂਸਰੇ ਮੌਕੇ ਉਹੀ ਕਹਿਣਗੇ, 'ਨਾ, ਤੂੰ ਉੱਥੇ ਇਕੱਲਾ ਨਹੀਂ ਜਾ ਸਕਦਾ, ਤੂੰ ਅਜੇ ਕਾਫ਼ੀ ਛੋਟਾ ਹੈ।' 'ਇਸ ਤਰ੍ਹਾਂ ਦੇ ਤਜਰਬੇ ਜੋ ਨਾ ਬੱਚਿਆਂ ਵਿਚ ਅਤੇ ਨਾ ਹੀ ਪ੍ਰੌੜ੍ਹਾਂ ਵਿਚ ਵੰਡੇ ਜਾਣ, ਕਿਸ਼ੋਰਾ ਨੂੰ ਭੰਬਲਭੂਸੇ ਵਿਚ ਪਾਉਂਦੇ ਹਨ ਜਦੋਂ ਕਿ ਉਹ ਵੱਡੇਂ ਹਨ ਅਤੇ ਉਸ ਤਰ੍ਹਾਂ ਦਾ ਵਰਤਾਉ ਚਾਹੁੰਦੇ ਹਨ। ਫਿਰ ਵੀ ਬਚਪਨ ਦੇ ਕੁਝ ਵਿਸ਼ੇਸ਼ ਗੁਣ ਜਿਵੇਂ ਨਿਰਭਰਤਾ ਦੀ ਲੋੜ, ਗੌਰ ਕੀਤੇ ਜਾਣਾ ਅਤੇ ਖੇਡਣਾ-ਕੁੱਦਣਾ, ਅੱਲ੍ਹੜ ਉਮਰ ਦੀ ਸ਼ੁਰੂਆਤ ਨਾਲ ਇਕਦਮ ਗਾਇਬ ਨਹੀਂ ਹੋ ਜਾਂਦੇ। ਜੇਕਰ ਕਿਸ਼ੋਰਾਂ ਨੂੰ 'ਬਚਕਾਨੇਪਨ' ਤੋਂ ਅਕਸਰ ਟੋਕਿਆ ਜਾਵੇ ਤਾਂ ਉਹ ਬੁਰਾ ਮਹਿਸੂਸ ਕਰਦੇ ਹਨ।

ਅਮਰੀਕਾ ਦੇ ਇਕ ਜਾਣੇ-ਪਛਾਣੇ ਮਨੋਵਿਗਿਆਨੀ ਏਰਿਕ ਐਚ. ਏਰਿਕਸਨ ਅਨੁਸਾਰ ਕਿਸ਼ੋਰ ਅਵਸਥਾ ਸਰਕਸ ਦੇ ਬਾਜ਼ੀਗਰ ਕਲਾਕਾਰ ਵਾਂਗ ਹੁੰਦੇ ਹਨ ਜੋ ਦੋ ਉਤਰਾਈਆਂ ਵਿਚਕਾਰ ਜ਼ੋਰਦਾਰ ਰਫ਼ਤਾਰ ਅਨੁਭਵ ਕਰਦਾ ਹੈ ਇਕ ਬਚਪਨ ਦੀ ਅਤੇ ਦੂਸਰੀ ਬਾਲਗ ਅਵਸਥਾ ਦੀ ਨੁਮਾਇੰਦਗੀ ਕਰਦੀ ਹੈ। ਉਸ ਨੂੰ ਆਪਣੇ ਬਚਪਨ 'ਤੇ ਪਕੜ ਛੱਡਣੀ ਚਾਹੀਦੀ ਹੈ ਅਤੇ ਅਣਜਾਨੀ ਬਾਲਗ ਅਵਸਥਾ ਲਈ ਪਹੁੰਚ ਕਰਨੀ ਚਾਹੀਦੀ ਹੈ। ਇਸ ਦੇ ਵਿਚਕਾਰ ਕਿਸ਼ੋਰ ਅਵਸਥਾ ਦਾ ਸਮਾਂ ਹੈ ਜੋ ਅਜੇ ਕੁਝ ਬਚਪਨ ਨਾਲ ਮਿਲਦਾ-ਜੁਲਦਾ ਹੈ ਅਤੇ ਪ੍ਰੌੜ੍ਹਤਾ ਵੱਲ ਵਧ ਰਿਹਾ ਹੈ। ਇਹ ਬਹੁਤ ਮੁਨਾਸਿਬ ਵਿਆਖਿਆ ਹੈ ਅਤੇ ਬਹੁਤ ਕਿਸ਼ੋਰਾਂ ਨਾਲ ਮੇਲ ਖਾਂਦੀ ਹੈ, ਕਿਉਂਕਿ ਉਹ ਸਵਾਲ ਪੁੱਛਦੇ

ਹਨ, 'ਮੈਂ ਕੌਣ ਹਾਂ?' ਇਹ ਸਵਾਲ ਸ਼ਾਇਦ ਇਸ ਅਨੁਭਵ ਤੋਂ ਪ੍ਰੇਰਿਤ ਹੁੰਦਾ ਹੈ ਕਿ ਉਹ ਆਪਣੇ ਬਾਰੇ ਉਸ ਤਰ੍ਹਾਂ ਮਹਿਸੂਸ ਨਹੀਂ ਕਰਦੇ, ਜਿਸ ਤਰ੍ਹਾਂ ਪਹਿਲਾਂ ਮਹਿਸੂਸ ਕਰਦੇ ਸਨ।

ਇਹ ਜਜ਼ਬਾ ਕੁਝ ਹੱਦ ਤਕ ਇਸ ਤੱਥ ਨਾਲ ਬਿਆਨ ਕੀਤਾ ਜਾ ਸਕਦਾ ਹੈ ਕਿ ਕਿਸ਼ੋਰ ਅਵਸਥਾ 'ਤੋਂ ਪਹਿਲਾਂ ਅਤੇ ਇਸ ਦੌਰਾਨ ਵਿਕਾਸ ਦੀ ਤੇਜ਼ ਰਫ਼ਤਾਰ, ਵਿਅਕਤੀ ਨੂੰ ਅੰਤਰਾਲ (ਵਕਫ਼ੇ) ਦੀ ਭਾਵਨਾ ਪ੍ਰਦਾਨ ਕਰਦੀ ਹੈ। ਜਿਵੇਂ ਅਧਿਆਇ ਨੰਬਰ ਦੋ ਵਿਚ ਚਰਚਾ ਹੋਈ ਹੈ ਕਿ ਉਨ੍ਹਾਂ ਦੇ ਸਰੀਰ ਵਿਚ ਕਾਫ਼ੀ ਤਬਦੀਲੀ ਹੁੰਦੀ ਹੈ। ਹਾਰਮੋਨਜ਼ ਵਿਚ ਬਦਲਾਅ ਨਾਲ ਮੂਡ ਵਿਚ ਇਕਦਮ ਤਬਦੀਲੀ ਆਉਂਦੀ ਹੈ। ਕੰਧ ਉਤੇ ਟੰਗਿਆ ਸੀਸ਼ਾ ਵੀ ਸਿਰਫ਼ ਉਨ੍ਹਾਂ ਦੀ ਯਾਦ ਨਹੀਂ ਕਰਵਾਉਂਦਾ ਕਿ ਉਹ ਸਾਲ ਦਰ ਸਾਲ ਬਦਲ ਰਹੇ ਹਨ, ਰਿਸ਼ਤੇਦਾਰ ਅਤੇ ਗੁਆਂਢੀ ਵੀ ਇਕੋ ਜਿਹਾ ਨਾ ਬਣੇ ਰਹਿਣ ਨੂੰ ਪੱਕਾ ਕਰਦੇ ਹਨ, ਜਦੋਂ ਉਹ ਅਜਿਹਾ ਕਹਿੰਦੇ ਹਨ, 'ਓ ਗੱਾਡ, ਤੂੰ ਏਨਾ ਵੱਡਾ ਹੋ ਗਿਆ' ਜਾਂ 'ਤੂੰ ਸੋਹਣੀ ਲੱਗਦੀ ਹੈ।' ਜਾਂ ਤੂੰ ਉਹ ਨਹੀਂ ਰਿਹਾ, ਤੇਰੀਆਂ ਗੱਲਾ ਗੋਭਲੀਆਂ ਹੁੰਦੀਆਂ ਸੀ।' ਇਹ ਟਿੱਪਣੀਆਂ ਜੋ ਅਕਸਰ ਹੋਰਾਂ ਵੱਲੋਂ ਸਹਿਜ-ਸੁਭਾਅ ਕੀਤੀਆਂ ਜਾਂਦੀਆਂ ਹਨ, ਕਿਸ਼ੋਰਾਂ ਵਿਚ ਤਣਾਉ ਪੈਦਾ ਕਰਦੀਆਂ ਹਨ, ਜਿਨ੍ਹਾਂ ਨੂੰ ਸ਼ਕ ਹੋਣ ਲੱਗਦਾ ਹੈ, 'ਮੈਂ ਠੀਕ ਹਾਂ ਜਾਂ ਅਸਾਧਾਰਣ?'

ਕਿਸ਼ੋਰ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਲਈ ਇਕ ਸਵੈ ਦੀ ਭਾਵਨਾ ਜ਼ਰੂਰੀ ਹੈ ਜੋ ਸਥਿਰ ਹੋਵੇ ਭਾਵੇਂ ਉਹ ਤਬਦੀਲੀਆਂ ਵਿਚੋਂ ਗੁਜ਼ਰ ਰਹੇ ਹਨ। ਜਿਵੇਂ, 16 ਸਾਲ ਦੀ ਲੜਕੀ ਦਾ ਇਹ ਵਿਸ਼ਵਾਸ ਕਰਨਾ ਕਿ ਉਹ ਉਹੀ ਹੈ ਜੋ ਦਸ ਸਾਲ 'ਤੇ ਸੀ, ਉਸ ਨੂੰ ਉਹ ਬਦਲਾਅ ਕਬੂਲਣੇ ਚਾਹੀਦੇ ਹਨ ਜੋ ਉਹ 10 ਤੋਂ 16 ਸਾਲ ਦੇ ਦਰਮਿਆਨ ਲੰਘੀ ਹੈ। 16 ਸਾਲ ਦੀ ਉਮਰ 'ਤੇ ਉਹ ਯਕੀਨਨ ਪਹਿਲਾਂ ਨਾਲੋਂ ਵੱਡੀ ਅਤੇ ਵੱਖਰੀ ਦਿੱਸੇਗੀ। ਉਹ ਤੱਤ ਜਿਹੜੇ ਉਸ ਦੀ ਗੱਲ ਦੀ ਪੁਸ਼ਟੀ ਕਰਨ ਵਿਚ ਸਹਾਇਕ ਹੋਣਗੇ ਕਿ ਉਹ ਉਹੀ ਵਿਅਕਤੀ ਹੈ ਅਤੇ ਉਹ ਆਪਣੇ ਆਪ ਨੂੰ ਪਸੰਦ ਕਰਦੀ ਹੈ, ਜਿਸ ਤਰ੍ਹਾ ਕਿ ਉਹ ਵੱਡੀ ਹੋਈ ਹੈ, ਉਹ ਹਨ .

(ੳ) ਉਸ ਦੇ ਬਦਲਾਆਂ ਵੱਲ ਉਸ ਦੇ ਪਰਿਵਾਰ ਦਾ ਹਾਂ-ਪੱਖੀ ਰਵੱਈਆ

(ਅ) ਹਾਣੀਆ ਨਾਲ ਚੰਗਾ ਰਿਸ਼ਤਾ

(ੲ) ਆਪਣੇ ਵਿਅਕਤਿੱਤਵ ਦੇ ਨਵੇਂ ਪਸਾਰ ਦੇ ਵਿਕਾਸ ਦੇ ਬਾਵਜੂਦ ਆਪਣੇ ਪ੍ਰਤੀ ਵਿਸ਼ਵਾਸ। ਜਦੋਂ ਕਿਸ਼ੋਜ ਇਸ ਤਰ੍ਹਾ ਦੀਆਂ ਟਿੱਪਣੀਆਂ ਸੁਣਦੇ ਹਨ, 'ਮੇਰੀ ਧੀ ਦਾ ਰੰਗ ਪੱਕਾ ਹੈ, ਉਸ ਦੇ ਲਈ ਘਰ ਲੱਭਣਾ ਮੁਸ਼ਕਲ ਹੋ ਜਾਵੇਗਾ।' 'ਜਾਂ 'ਤੇਰਾ ਪਿਉ ਲੰਮਾ ਹੈ, ਤੂੰ ਕਿਵੇਂ ਗਿੱਠਾ ਰਹਿ ਗਿਆ?' ਉਹ ਇਨ੍ਹਾ ਨੂੰ ਆਪਣੀ ਪਛਾਣ ਦਾ ਮਾਨਦੰਡ ਮੰਨਦੇ ਹਨ ਅਤੇ ਅਕਸਰ ਉਦਾਸ ਹੋ ਜਾਂਦੇ ਹਨ।

ਕਿਸ਼ੋਰ ਪਹਿਲਾਂ ਮੁੰਡੇ ਅਤੇ ਕੁੜੀ ਹਨ

ਜਦੋਂ ਅਸੀਂ ਇਸ ਪੜਾਅ 'ਤੇ ਵਿਅਕਤੀ ਨੂੰ ਕਿਸ਼ੋਰ ਕਹਿੰਦੇ ਹਾਂ, ਇਹ ਜਰੂਰੀ ਹੈ ਕਿ

ਉਨ੍ਹਾਂ ਨੂੰ ਔਰਤ ਅਤੇ ਮਰਦ ਦੇ ਰੂਪ ਵਿਚ ਯੋਗਤਾ ਦਿੱਤੀ ਜਾਵੇ। ਦੋਵੇਂ ਸੈਕਸ, ਆਪਣੀ ਕਿਸ਼ੋਰ ਅਵਸਥਾ ਵਿਚੋਂ ਵੱਖਰੀ ਤਰ੍ਹਾਂ ਲੰਘਦੇ ਹਨ। ਭਾਰਤ ਵਿਚ ਸਮਾਜਿਕ ਵੱਖਰੇਵਾਂ ਹਾਲਾਤਾਂ 'ਤੇ ਭਾਰੂ ਹੋਣ ਦਾ ਯਤਨ ਕਰਦਾ ਹੈ। ਜਦੋਂ ਕਿ ਅੱਲ੍ਹੜ ਉਮਰੇ, ਔਰਤ-ਮਰਦ ਵਿਚਕਾਰ ਵੱਖਰੇਵਾਂ ਦੁਨੀਆਂ ਦੇ ਸਾਰੇ ਸਮਾਜਿਕ-ਸਭਿਆਚਾਰਾਂ ਵਿਚ ਇਕ ਸਚਾਈ ਹੈ ਤੇ ਵੱਖ- ਵੱਖ ਸਭਿਆਚਾਰਾਂ ਵਿਚ ਔਰਤ-ਮਰਦ ਤੇ ਵਿਅਕਤਿੱਤਵ ਅਤੇ ਪਛਾਣ ਵਿਚ ਵੱਖਰੇਵਾ ਉਨ੍ਹਾਂ ਦੇ ਪਾਲਣ-ਪੋਸ਼ਣ ਅਤੇ ਸਮਾਜੀਕਰਨ ਕਰਕੇ ਹੈ। ਕਿਸ਼ੋਰਾਂ 'ਤੋਂ ਉਨ੍ਹਾਂ ਦੇ ਵਿਚਕਾਰ ਦੀ ਉਮੀਦ, ਭਵਿੱਖ ਵਿਚ ਉਨ੍ਹਾਂ ਦੇ ਬਾਲਗ ਹੋਣ ਦੀ ਭੂਮਿਕਾ ਨਾਲ ਸੰਬੰਧਿਤ ਹੈ।

ਬਹੁਤ ਸਮਾਜ, ਭਾਰਤ ਵਿਚ ਵੀ ਕੁਝ, ਅੱਲ੍ਹੜ, ਉਮਰ ਦੀ ਸ਼ੁਰੂਆਤ ਵੇਲੇ ਮੁੰਡੇ-ਕੁੜੀਆਂ ਦੇ ਵੱਡੇ ਹੋਣ ਦੀ ਸਥਿਤੀ ਨੂੰ ਲੋਕਾਂ ਵਿਚ ਸੂਚਿਤ ਕਰਨ ਲਈ ਕੁਝ ਰੀਤੀ-ਰਿਵਾਜ਼ ਕਰਦੇ ਹਨ। ਇਹ ਅੱਲ੍ਹੜ ਉਮਰ ਦੇ ਕਰਮਕਾਂਡ ਕਹੇ ਜਾਂਦੇ ਹਨ ਅਤੇ ਬਾਲਗ ਉਮਰ ਵੱਲ ਰਾਹ ਨੂੰ ਦਰਸਾਉਂਦੇ ਹਨ। ਵੱਡੇ ਹੋ ਕੇ ਉਸ ਕਿਸ਼ੋਰ ਵੱਲੋਂ ਸਭਿਆਚਾਰ ਵਿਚ ਕੀ ਉਮੀਦ ਕੀਤੀ ਜਾਂਦੀ ਹੈ, ਅੱਲ੍ਹੜ ਉਮਰ ਨਾਲ ਸੰਬੰਧਿਤ ਰਸਮਾਂ ਦੇ ਸੁਭਾਅ ਤੈਅ ਕਰਦੇ ਹਨ। ਇੱਥੇ ਅੱਲ੍ਹੜ ਉਮਰ ਦੇ ਦੋ ਕਰਮ-ਕਾਂਡਾ ਦੇ ਉਦਾਹਰਣ ਹਨ, ਇਕ ਲੜਕੀਆਂ ਅਤੇ ਦੂਸਰਾ ਲੜਕਿਆਂ ਨਾਲ ਸੰਬੰਧਿਤ ਹੈ। ਇਹ ਭਾਰਤੀ ਸਮਾਜ ਦੇ ਰੀਤੀ-ਰਿਵਾਜ 'ਤੇ ਇਕ ਝਾਤ ਪਾਉਂਦੇ ਹਨ ਜੋ ਉਹ ਆਪਣੇ ਕਿਸ਼ੋਰਾਂ ਲਈ ਕਰਦੇ ਹਨ, ਜਿਨ੍ਹਾਂ ਨੂੰ ਇਸ ਬਾਰੇ ਜਾਣੂ ਕਰਵਾਇਆ ਜਾਂਦਾ ਹੈ ਕਿ ਉਨ੍ਹਾਂ ਦਾ ਬਚਪਨ ਮੁੱਕ ਗਿਆ ਹੈ ਅਤੇ ਉਹ ਬਾਲਗ ਅਵਸਥਾ ਦੀ ਤਿਆਰੀ ਵਿਚ ਦਾਖਲ ਹੋ ਰਹੇ ਹਨ।

ਪਹਿਲਾਂ ਬਿਰਤਾਂਤ, ਭਾਰਤ ਦੇ ਦੱਖਣੀ ਰਾਜਾਂ ਜਿਵੇਂ ਆਂਧਰ ਪ੍ਰਦੇਸ਼, ਤਾਮਿਲਨਾਡੂ, ਕੇਰਲਾ ਅਤੇ ਕਰਨਾਟਕ ਵਿਚ ਲੜਕੀ ਦੀ ਪਹਿਲੀ ਮਾਹਵਾਰੀ ਨੂੰ ਮਨਾਉਣ ਬਾਰੇ ਹੈ। ਇਹ ਵਰਣਨ ਉਸ ਪਰਿਵਾਰ ਦਾ ਹੈ ਜਿਸ ਨੇ ਹੁਣੇ-ਹੁਣੇ ਹੀ ਇਹ ਮਨਾਇਆ ਹੈ, ਭਾਵੇ ਪਰੰਪਰਾਗਤ ਅਤੇ ਇਤਿਹਾਸਕ ਤੌਰ 'ਤੇ ਇਹ ਰਿਵਾਜ਼ ਕਾਫ਼ੀ ਵਿਸਥਾਰ ਵਿਚ ਹੈ।

ਬਾਕਸ 4

ਜਦੋਂ ਕੁੜੀ ਵੱਡੀ ਹੁੰਦੀ ਹੈ ਭਾਵ ਜਦੋਂ ਉਸ ਨੂੰ ਪਹਿਲੀ ਵਾਰੀ ਮਾਂਹਵਾਰੀ ਆਉਂਦੀ ਹੈ, ਇਹ ਪਰਿਵਾਰ ਲਈ ਖੁਸ਼ੀ ਦਾ ਮੌਕਾ ਹੁੰਦਾ ਹੈ ਅਤੇ ਬਰਾਦਰੀ ਨੂੰ ਇਤਲਾਹ ਕੀਤੀ ਜਾਂਦੀ ਹੈ। ਕੁੜੀ ਨੂੰ ਵੱਡਾ ਹੋ ਗਿਆ ਸਮਝਿਆ ਜਾਂਦਾ ਹੈ ਅਤੇ ਇਸ ਮੌਕੇ ਨੂੰ ਉਸ ਦੇ ਵਿਆਹ ਲਈ ਤਿਆਰ ਹੋ ਗਏ ਲੱਛਣ ਵਜੋਂ ਮਨਾਇਆ ਜਾਂਦਾ ਹੈ। ਉਸ ਨੂੰ ਇਕ ਵੱਖਰੇ ਕਮਰੇ ਵਿਚ (ਜੇ ਸੰਭਵ ਹੋਵੇ) ਅੱਡ ਕਰ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਪ੍ਰੌੜ੍ਹ ਹੋਈ ਲੜਕੀ ਵਾਂਗ ਵਿਵਹਾਰ ਕਰਨ ਲਈ

(ਜਾਰੀ..)

ਨਿਯਮ ਸਮਝਾਏ ਜਾਂਦੇ ਹਨ। ਔਰਤਾਂ ਅਤੇ ਮਾਂਹਵਾਰੀ ਸ਼ੁਰੂ ਹੋ ਚੁੱਕੀਆਂ ਲੜਕੀਆਂ ਘਰ ਵਿਚ ਮਿਲਣ ਆਉਂਦੀਆਂ ਹਨ ਅਤੇ ਕੁੜੀ ਵਾਸਤੇ ਮਿਠਾਈ, ਫਲ, ਕੱਪੜੇ, ਜੇਵਰ ਅਤੇ ਪੈਸੇ ਲੈ ਕੇ ਆਉਂਦੀਆਂ ਹਨ। ਤਿੰਨ ਦਿਨਾਂ ਦੌਰਾਨ ਉਸ ਨੂੰ ਕਿਸੇ ਵਿਅਕਤੀ ਜਾਂ ਕਿਸੇ ਹੋਰ ਚੀਜ਼ ਨੂੰ, ਜੋ ਦੂਸਰਿਆਂ ਨੇ ਵਰਤਣੀ ਹੈ, ਛੂਹਣ ਦੀ ਇਜਾਜ਼ਤ ਨਹੀਂ ਹੁੰਦੀ। ਉਸ ਦਾ ਖਾਣਾ ਉਸ ਨੂੰ ਉਸ ਦੇ ਕਮਰੇ ਵਿਚ ਪਹੁੰਚਾ ਦਿੱਤਾ ਜਾਂਦਾ ਹੈ। ਉਹ ਚੌਥੇ ਦਿਨ ਤਕ, ਜੋ ਕਿ ਜਸ਼ਨ ਦਾ ਦਿਨ ਹੁੰਦਾ ਹੈ, ਨਾ ਨਹਾਉਂਦੀ ਹੈ ਅਤੇ ਨਾ ਹੀ ਕੱਪੜੇ ਬਦਲਦੀ ਹੈ। ਉਸ ਦਿਨ, ਸਵੇਰੇ ਹੀ ਉਸ ਨੂੰ ਰੀਤੀ-ਰਿਵਾਜਾਂ ਨਾਲ ਨਹਾਇਆ ਜਾਂਦਾ ਹੈ ਅਤੇ ਨਵੇਂ ਕੱਪੜੇ ਪੁਆਏ ਜਾਂਦੇ ਹਨ। ਉਸ ਨੂੰ ਤਕਰੀਬਨ ਦੁਲਹਨ ਵਾਂਗ ਫੁੱਲਾਂ ਅਤੇ ਜੇਵਰਾਂ ਨਾਲ ਸਜਾਇਆ ਜਾਂਦਾ ਹੈ। ਉਥੇ ਪਰਿਵਾਰਕ ਭੋਜ ਹੁੰਦਾ ਹੈ ਜਿਸ ਵਿਚ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਸ ਦਿਨ ਤੋਂ ਮਗਰੋਂ ਉਹ ਲੜਕੀ ਔਰਤ ਵਿਚ ਪ੍ਰਫੁਲਿਤ ਹੁੰਦੀ ਸਮਝੀ ਜਾਂਦੀ ਹੈ।

ਦੂਸਰੀ ਉਦਾਹਰਣ ਦਿੱਲੀ ਵਿਚ ਰਹਿਣ ਵਾਲੇ ਬਿਹਾਰੀ ਪਰਿਵਾਰ ਦੇ ਪੁੱਤਰ ਨਵੀਨ ਦੀ ਰਸਮ ਹੈ ਜਦੋਂ ਉਹ 13 ਸਾਲ ਦਾ ਹੋਇਆ। ਇਸ ਨੂੰ *'ਉਪਨਿਆਨਮ ਸੰਸਕਾਰ'* ਜਾਂ *ਯਗੋਪਵੀਤ* ਕਹਿੰਦੇ ਹਨ ਅਤੇ ਬੱਚੇ ਦੇ 5-13 ਸਾਲ ਦੀ ਉਮਰ ਵਿਚ ਕਿਸੇ ਵੀ ਸਾਲ ਮਨਾਇਆ ਜਾਂਦਾ ਹੈ। ਇਹ ਰਿਵਾਜ ਭਾਰਤ ਦੇ ਕਈ ਹਿੱਸਿਆਂ ਵਿਚ, ਮੁੰਡੇ ਦੀ ਵਿਧੀਵਤ ਪੜ੍ਹਾਈ ਸ਼ੁਰੂ ਕਰਨ ਅਤੇ ਕਾਰੋਬਾਰ ਲਈ ਸ਼ਗਿਰਦੀ ਦੀ ਨਿਸ਼ਾਨੀ ਵਜੋਂ ਕੀਤਾ ਜਾਂਦਾ ਹੈ। ਉਹ ਵਿਧੀਵਤ ਪੜ੍ਹਾਈ ਅਤੇ ਬਾਲਗ ਅਵਸਥਾ ਦੀ ਭੂਮਿਕਾ ਲਈ ਹੁਨਰ ਹਾਸਲ ਕਰਨ ਲਈ ਤਿਆਰ ਸਮਝਿਆ ਜਾਂਦਾ ਹੈ।

ਬਾਕਸ 5

ਉਸ ਸ਼ੁਭ ਅਵਸਰ ਤੋਂ ਪਹਿਲਾਂ ਉਸ ਨੂੰ ਚਾਰ ਦਿਨ ਬਹੁਤ ਸਾਦਾ ਖਾਣਾ ਦਿੱਤਾ ਗਿਆ। *ਉਪਨਿਆਨਮ ਸੰਸਕਾਰ* ਲਈ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਸੱਦਿਆ ਗਿਆ। ਨਵੀਨ ਨੇ ਸਿਰਫ਼ ਧੋਤੀ (ਬਰੀਕ ਸਫੈਦ ਕੱਪੜਾ) ਪਾਈ ਤੇ ਛਾਤੀ ਨੰਗੀ ਸੀ। ਪੰਡਤ ਨੇ ਉਸ ਪਵਿੱਤਰ ਮੌਕੇ ਮੁਤਾਬਿਕ *ਮੰਤਰ* ਪੜ੍ਹਦੇ ਹੋਏ *ਹਵਨ* ਕੀਤਾ। ਨਵੀਨ ਦੇ ਵਾਲਾਂ ਵਿਚੋਂ ਕੁਝ ਲਿਟਾਂ ਕੱਟੀਆਂ ਗਈਆਂ (ਰਿਵਾਇਤਨ ਸਿਰ ਗੰਜਾ ਕਰਨ ਦੀ ਥਾਂ) ਅਤੇ ਨਹੁੰ ਕੱਟੇ ਗਏ। ਰਿਵਾਜ਼ ਅਨੁਸਾਰ ਕੰਨਾਂ ਨੂੰ ਨਾ ਵਿੰਨ੍ਹਿਆ ਗਿਆ ਕਿਉਂ ਜੋ ਪਰਿਵਾਰ ਇਹ ਨਹੀਂ ਚਾਹੁੰਦਾ ਸੀ। ਨਵੀਨ ਦੇ ਮੋਢਿਆਂ ਅਤੇ ਲੱਕ ਦੁਆਲੇ ਇਕ ਪਵਿੱਤਰ ਧਾਗਾ ਬੰਨ੍ਹਿਆ ਗਿਆ।

(ਜਾਰੀ..)

ਪਰਿਵਾਰ ਦਾ ਇਕ ਪ੍ਰੋੜ੍ਹ ਵਿਅਕਤੀ ਸੰਕੇਤਨ ਤੌਰ 'ਤੇ ਉਸ ਦਾ ਗੁਰੂ ਮਿੱਥਿਆ ਗਿਆ ਜਿਸ ਨੇ ਨਵੀਨ ਦੇ ਕੰਨ ਵਿਚ ਇਕ ਮੰਤਰ ਪੜ੍ਹਿਆ। ਇਹ ਇਕ ਮਹੱਤਵਪੂਰਣ ਸ਼ੁਰੂਆਤ ਸੀ ਅਤੇ ਸਾਰੀ ਉਮਰ ਯਾਦ ਰੱਖਣ ਵਾਲੀ ਸੀ। ਫਿਰ ਨਵੀਨ ਨੇ ਪਰਿਵਾਰ ਦੇ ਵੱਡੇ ਲੋਕਾਂ ਕੋਲੋਂ ਭਿਖਿਆ ਮੰਗੀ। ਜਿਸ ਦਾ ਮਤਲਬ ਉਨ੍ਹਾਂ ਤੋਂ ਆਸ਼ੀਰਵਾਦ ਲੈਣਾ ਸੀ। ਮਾਂ ਕੋਲੋਂ ਭਿਖਿਆ ਖਾਸ ਤੌਰ ਤੇ ਦਿਲ ਟੁੰਬਵੀਂ ਸੀ ਕਿਉਂਕਿ ਸੰਕੇਤਨ ਤੌਰ 'ਤੇ ਬੱਚਾ ਘਰ ਛੱਡ ਕੇ ਗੁਰੂਕੁਲ (ਵਿਧੀਵਤ ਸਿੱਖਿਆ ਅਤੇ ਸਿਖਲਾਈ ਹਾਸਿਲ ਕਰਨ ਦੀ ਥਾਂ) ਜਾਣ ਕੀ ਆਗਿਆ ਮੰਗਦਾ ਹੈ। ਅਖ਼ੀਰ 'ਤੇ ਸਾਰਿਆ ਲਈ ਪ੍ਰੀਤੀ ਭੋਜ ਹੁੰਦਾ ਹੈ ਅਤੇ ਮਹੱਤਵਪੂਰਣ ਲੋਕਾਂ ਨੂੰ ਤੋਹਫੇ ਦਿੱਤੇ ਜਾਂਦੇ ਹਨ।

ਪ੍ਰਤੱਖ ਰੂਪ ਵਿਚ 13 ਸਾਲ ਦੇ ਕਿਸ਼ੋਰ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਉਸ ਦਾ ਖੇਡਣ-ਕੁੱਦਣ ਵਾਲਾ ਬਚਪਨ ਮੁੱਕ ਗਿਆ ਹੈ ਅਤੇ ਕਿਸ਼ੋਰ ਅਵਸਥਾ ਦੌਰਾਨ ਉਸ ਨੂੰ ਆਪਣੇ ਗਿਆਨ ਅਤੇ ਸਦਾਚਾਰਕ ਗੁਣਾਂ ਦੀ ਤਿਆਰੀ ਕਰਨੀ ਚਾਹੀਦੀ ਹੈ।

ਅੱਲ੍ਹੜ ਉਮਰ ਦੀ ਸ਼ੁਰੂਆਤ ਲਈ ਸਾਰੀਆ ਬਿਰਾਦਰੀਆਂ ਵਿਚ ਰਸਮਾਂ ਨਹੀਂ ਕੀਤੀਆਂ ਜਾਂਦੀਆਂ। ਪੰਜਾਬ ਅਤੇ ਉੱਤਰ ਭਾਰਤ ਦੇ ਹੋਰ ਹਿੱਸਿਆਂ ਵਿਚ, ਪਹਿਲੀ ਵਾਰ ਮਾਂਹਵਾਰੀ ਸ਼ੁਰੂ ਹੋਣਾ ਨਿੱਜੀ ਮਸਲਾ ਸਮਝਿਆ ਜਾਂਦਾ ਹੈ। ਔਰਤ ਇਹ ਯਕੀਨੀ ਬਣਾਉਣ ਦੀ ਕੋਸਿਸ਼ ਕਰਦੀ ਹੈ ਕਿ ਘਰੇ ਮਰਦਾ ਨੂੰ ਇਸ ਬਾਰੇ ਪਤਾ ਨਾ ਚਲੇ। ਇੱਥੋਂ ਤਕ ਕਿ ਕੁਝ ਮਨਾਹੀਆਂ ਜੋ ਇਕ ਲੜਕੀ ਨੇ ਧਿਆਨ ਰੱਖਣੀਆਂ ਹੁੰਦੀਆਂ ਹਨ ਜਿਵੇਂ ਖਾਣਾ ਨਾ ਬਣਾਉਣਾ ਅਤੇ ਪੂਜਾ ਨਾ ਕਰਨਾ ਨੂੰ ਵੀ ਬਿਨ੍ਹਾਂ ਕਿਸੇ ਦੇ ਧਿਆਨ ਵਿਚ ਅਮਲ ਕਰ ਸਕਦੀਆਂ ਹਨ। ਇਹ ਅਮਲ ਉਸ ਨੂੰ ਸੰਚਾਰ ਕਰਦੇ ਹਨ ਕਿ ਉਹ ਮਾਂਹਵਾਰੀ ਦੌਰਾਨ ਪਲੀਤ ਹੁੰਦੀ ਹੈ। ਤਬਦੀਲੀ ਦੌਰਾਨ ਮੁੰਡਿਆਂ ਵਾਸਤੇ ਇਸ ਤਰ੍ਹਾਂ ਦੀ ਕੋਈ ਮਨਾਹੀ ਨਹੀਂ ਹੁੰਦੀ।

ਇਸ ਲੇਖਕ ਵਲੋਂ ਕੀਤੀ ਖੋਜ ਤਹਿਤ, ਇਕ 14 ਸਾਲ ਦੀ ਵਿਆਹੀ ਔਰਤ ਜੋ ਮਜਦੂਰੀ ਕਾ ਕੰਮ ਕਰਦੀ ਸੀ, ਵਲੋਂ ਮਾਂਹਵਾਰੀ ਦੌਰਾਨ ਰੋਕਾਂ ਬਾਰੇ ਪੁੱਛਿਆ ਗਿਆ। ਇਨ੍ਹਾਂ ਪੰਜਾਂ ਦਿਨਾਂ ਦੌਰਾਨ, ਉਹ ਝੌਂਪੜੀ ਦੇ ਬਾਹਰ ਬੈਠਦੀ ਸੀ। 'ਮੈਂ ਪਾਣੀ, ਗਾਂ, ਗਾ ਦੇ ਛੱਪਰ, ਗੋਹੇ ਨੂੰ ਹੱਥ ਨਹੀਂ ਲਾ ਸਕਦੀ।' ਉਸ ਨੇ ਕਿਹਾ। ਇਕ ਹੋਰ ਪੇਂਡੂ ਕੁੜੀ ਨੇ ਆਪਣੀ ਪਹਿਲੀ ਮਾਂਹਵਾਰੀ ਦਾ ਤਜ਼ਰਬਾ ਬਿਆਨ ਕੀਤਾ। 'ਮੈਂ ਕਾਫ਼ੀ ਚੀਕੀ ਜਦੋਂ ਇਸ ਤਰ੍ਹਾਂ ਹੋਇਆ। ਮਾ ਨੂੰ ਪਤਾ ਹੀ ਨਹੀਂ ਸੀ ਕਿ ਮੈਂ ਕਿਉਂ ਏਨਾ ਚੀਕ ਰਹੀ ਹਾਂ। ਮੈਂ ਉਸ ਨੂੰ ਦੱਸਿਆ .... ਜੇ ਮਾਂ ਇਸ ਬਾਰੇ ਗੱਲ ਕਰਦੀ ਤਾਂ ਬਹੁਤ ਪਰੇਸ਼ਾਨੀ ਹੋਈ, ਮਾਂ ਨੂੰ ਵੀ ਬੇਤੁੱਕਾ ਲੱਗਿਆ ਹੋਵੇਗਾ।' ਇਹ ਦੋਵੇਂ ਕੁੜੀਆਂ ਉੱਤਰੀ ਭਾਰਤ ਤੋਂ ਸਨ।

ਅੱਲ੍ਹੜ ਉਮਰ ਦੇ ਸ਼ੁਰੂ ਹੋਣ ਦਾ ਸਮਾਜਿਕ ਅਰਥ ਮੁੰਡੇ ਅਤੇ ਕੁੜੀ ਲਈ ਵੱਖਰਾ ਹੈ। ਤਜਰਬੇ ਦਰਸਾਉਂਦੇ ਹਨ ਕਿ ਸਮਾਜ ਦੋਵਾਂ ਸੈਕਸਾਂ ਵਿਚ ਵਿਤਕਰਾ ਕਰਦਾ ਹੈ ਕਿ ਔਰਤਾਂ ਦਾ ਦਰਜਾ ਮਰਦਾਂ ਨਾਲੋਂ ਨੀਵਾਂ ਹੈ। ਅੱਲ੍ਹੜ ਉਮਰੇ ਕੁੜੀਆਂ ਲਈ ਤੁਰਨ-ਫਿਰਨ ਅਤੇ ਮੁੰਡਿਆਂ ਤੇ ਮਰਦਾਂ ਨਾਲ ਮਿਲਣ ਲਈ ਜ਼ਿਆਦਾ ਸਰਗਰਮ ਹੋਣ। ਮੁੰਡੇ ਮਾਂ-ਪਿਉ ਨੂੰ ਦੱਸੇ ਬਿਨ੍ਹਾਂ ਵੀ ਕਿ ਉਹ ਕਿੱਥੇ ਹਨ, ਬਾਹਰ ਘੁੰਮਣ ਦੀ ਅਤੇ ਜ਼ਿਆਦਾ ਦੇਰ ਘਰੋਂ ਬਾਹਰ ਰਹਿਣ ਦੀ ਆਜ਼ਾਦੀ ਮਾਣਨਾ ਸ਼ੁਰੂ ਕਰ ਦਿੰਦੇ ਹਨ। ਅਸਲ ਵਿਚ ਭਰਾ ਭਾਵੇਂ ਉਹ ਆਪਣੀਆਂ ਭੈਣਾਂ ਨਾਲੋਂ ਕੁਝ ਸਾਲ ਛੋਟੇ ਹੁੰਦੇ ਹਨ ਭੈਣ ਦੇ ਕਾਰ-ਵਿਹਾਰ 'ਤੇ ਨਜ਼ਰ ਰੱਖਣ ਦਾ ਹੱਕ ਰੱਖਦੇ ਹਨ। ਦੱਸੇ ਜਾ ਚੁੱਕੇ ਖੋਜ ਕਾਰਜ ਵਿਚ ਪੰਜਾਬ ਦੇ ਇਕ ਪਿੰਡ ਦੀ 16 ਸਾਲ ਦੀ ਕੁੜੀ ਨੇ ਦੱਸਿਆ ਕਿ ਉਸ ਦਾ 13 ਸਾਲ ਦਾ ਭਰਾ ਉਸ 'ਤੇ ਹਾਵੀ ਰਹਿੰਦਾ ਹੈ। ਉਹ ਪਰਿਵਾਰ ਨੂੰ ਸਹਾਰਾ ਦੇਣ ਲਈ ਇਕ ਖੇਤ ਵਿਚ ਮਜ਼ਦੂਰ ਹੈ। ਫਿਰ ਵੀ ਉਸ ਦਾ ਭਰਾ ਉਸ ਨੂੰ ਕਹੇਗਾ, 'ਤੂੰ ਸਵੇਰ ਤੋਂ ਕਿਥੇ ਸੀ?' ਉਸ ਨੇ ਕਿਹਾ ਕਿ ਇਕ ਦਿਨ ਕੰਮ ਤੋਂ ਮੁੜਦੇ ਹੋਏ ਉਸ ਨੂੰ ਦੇਰੀ ਹੋ ਗਈ ਤਾਂ ਉਸ ਨੇ ਕਿਹਾ, 'ਇਹ ਕੋਈ ਮੁੜਨ ਦਾ ਵੇਲਾ ਹੈ? ਘਰ ਵਿਚ ਪ੍ਰਾਉਣੇ ਆਏ ਬੈਠੇ ਨੇ। ਹਨੇਰਾ ਹੋਣ ਤੋਂ ਪਹਿਲਾ ਖੇਤਾ ਵਿਚੋਂ ਮੁੜ ਆਇਆ ਕਰ।'

ਜੋ ਇਸ ਲੜਕੀ ਦਾ ਭਰਾ ਕਰ ਰਿਹਾ ਸੀ, ਉਸ ਦੀ ਭੂਮਿਕਾ ਦਾ ਹਿੱਸਾ ਬਣ ਗਿਆ ਸੀ ਜੋ ਉਸ ਕੋਲੋਂ ਵੱਡੇ ਹੋਣ ਤੋਂ ਨਿਭਾਉਣ ਦੀ ਆਸ ਸੀ। ਮਰਦ ਦੇ ਤੌਰ 'ਤੇ ਉਸ ਤੋਂ ਆਪਣੇ ਤੋਂ ਵੱਡੇ ਸਾਰੇ ਲੋਕਾਂ ਨੂੰ ਹੱਥ ਵਿਚ ਲੈਣ ਦਾ ਦਬਦਬਾ ਕਾਇਮ ਕਰਨ, ਹੁਕਮ ਮੰਨਵਾਉਣ ਅਤੇ ਪਰਿਵਾਰ ਦੀਆਂ ਸਾਰੀਆ ਔਰਤਾਂ ਨੂੰ ਕਾਬੂ ਵਿਚ ਰੱਖਣ ਦੀ ਆਸ ਕੀਤੀ ਜਾਂਦੀ ਹੈ। ਇਸ ਲਈ ਮੁੰਡੇ ਨੂੰ ਇਸ ਤਰ੍ਹਾਂ ਦਾ ਵਿਵਹਾਰ ਵਿਕਸਿਤ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜਿਸ ਨਾਲ ਉਸ ਦੀ ਭੈਣ ਦੀ ਰਾਖੀ ਹੋਵੇ ਅਤੇ ਉਸ ਨੂੰ ਕਾਬੂ ਵਿਚ ਰੱਖਿਆ ਜਾਵੇ। ਦੂਸਰੇ ਪਾਸੇ ਕੁੜੀ ਨੂੰ, ਦਬਦਬਾ ਸਹਿਣ ਲਈ, ਘਰ ਦੇ ਕੰਮ ਵਿਚ ਸੁਸ਼ੀਲ ਹੋਣ ਅਤੇ ਆਪਣੀਆਂ ਨਾ-ਪੱਖੀ ਭਾਵਨਾਵਾਂ ਨੂੰ ਦਬਾਉਣ (ਭਵਿੱਖ ਵਿਚ ਨੂੰਹ ਬਣਨ ਦੇ ਰੋਲ ਲਈ ਤਿਆਰ ਕਰਨ ਵਾਸਤੇ) ਲਈ ਸਮਾਜੀਕਰਨ ਕੀਤਾ ਜਾਂਦਾ ਹੈ।

ਅਕਸ ਵਿਚ ਭਿੰਨਤਾਵਾਂ

ਜਦੋਂ ਕਿ ਲਿੰਗ-ਭੇਦ ਸਦੀਆਂ ਪੁਰਾਣਾ ਹੈ ਅਤੇ ਰਿਵਾਇਤ ਪ੍ਰਸ਼ਟੀ ਪ੍ਰਾਪਤ ਹੈ, ਭਾਰਤ ਵਿਚ ਕਿਸ਼ੋਰ ਮੁੰਡੇ ਅਤੇ ਕੁੜੀਆਂ ਦੇ ਮੌਜੂਦਾ ਅਕਸ ਵਿਚ ਕਾਫ਼ੀ ਵਖਰੇਵੇਂ ਹਨ। ਇਹ ਵਖਰੇਵੇ ਸਹਿਰੀ, ਪੇਂਡੂ, ਕਬਾਇਲੀ ਰਿਹਾਇਸ਼, ਨਸਲ ਅਤੇ ਪੜ੍ਹਾਈ ਦੇ ਪੱਧਰ ਵਰਗੇ ਤੱਤਾਂ ਰਾਹੀ ਪੈਦਾ ਹੁੰਦੇ ਹਨ। ਸ਼ਹਿਰ ਵਿਚਕਾਰ ਹੀ ਪ੍ਰਾਈਵੇਟ ਸਕੂਲਾਂ ਜਾਂ ਸ੍ਰੇਸ਼ਟ ਕਾਲਜਾਂ ਵਿਚ ਜਾਂਦੇ ਸ਼ਹਿਰੀ ਕਿਸ਼ੋਰਾਂ ਦਾ ਜੀਵਨ-ਢੰਗ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਮੱਧਵਰਗੀ ਅਤੇ

ਨਿਮਨ ਵਰਗ ਕਿਸ਼ੋਰਾਂ ਨਾਲੋਂ ਵੱਖਰਾ ਹੁੰਦਾ ਹੈ। ਧਨਾਢ ਪਰਿਵਾਰਾਂ ਦੇ ਬੱਚੇ ਸੈਰ-ਸਪਾਟੇ, ਟੀ.ਵੀ, ਮੈਗਜ਼ੀਨਾਂ, ਫ਼ਿਲਮਾਂ ਰਾਹੀਂ ਪੱਛਮੀ ਦੇਸ਼ਾਂ ਦੇ ਜੀਉਣ ਢੰਗ ਤੋਂ ਪ੍ਰਭਾਵਿਤ ਹੁੰਦੇ ਹਨ। ਉਹ ਵਿਦੇਸ਼ਾਂ ਦੇ ਅਤੇ ਭਾਰਤੀ ਸ੍ਰੇਸ਼ਟ ਵਰਗ ਦੇ ਫੈਸ਼ਨ ਅਤੇ ਝੁਕਾਅ ਤੋਂ ਵਾਕਫ਼ ਹੋ ਜਾਂਦੇ ਹਨ। ਮੁੰਡੇ ਅਤੇ ਕੁੜੀਆਂ ਲਈ ਜੀਨ ਅਤੇ ਟੀ-ਸ਼ਰਟ ਪਹਿਣਨਾ ਫੈਸ਼ਨ ਹੈ। ਫੈਸ਼ਨ ਅਨੁਸਾਰ ਕੁੜੀਆਂ ਸਕਰਟ ਅਤੇ ਹੋਰ ਕਪੜੇ ਪਹਿਨਦੀਆਂ ਹਨ। ਪਿਛਲੇ ਕਈ ਵਰ੍ਹਿਆਂ ਤੋਂ ਬਹੁਵਿਦੇਸ਼ੀ ਕੰਪਨੀਆਂ ਦੇ ਭਾਰਤ ਵਿਚ ਆਉਣ ਨਾਲ, ਪੈਪਸੀ ਅਤੇ ਕੋਕਾ ਕੋਲਾ, ਫਾਸਟ ਫੂਡ ਜਿਵੇਂ ਪੀਜ਼ਾ ਜੋ ਕਿ ਪਹਿਲਾਂ ਵਿਦੇਸ਼ੀ ਖਾਣੇ ਮੰਨੇ ਜਾਂਦੇ ਸੀ, ਹੁਣ ਭਾਰਤੀ ਸਨੈਕ ਬਣ ਗਏ ਹਨ। ਇਹ ਕਿਸ਼ੋਰਾਂ ਵਿਚ ਫੈਸ਼ਨ ਵਾਲੇ ਲੋਕਾਂ ਦੀ ਪਛਾਣ ਵਜੋਂ ਅਪਣਾਏ ਜਾਂਦੇ ਹਨ। ਭਾਰਤੀ ਸ਼ਹਿਰ ਅਤੇ ਕਸਬੇ, ਜਿੱਥੇ ਧਨਾਢ ਵਰਗ ਦੀ ਆਬਾਦੀ ਹੈ, ਮੁੰਡੇ ਅਤੇ ਕੁੜੀਆਂ ਦੇ ਇਕੱਠੇ ਕਾਰਾਂ ਜਾਂ ਮੋਟਰ ਸਾਇਕਲ 'ਤੇ ਸੈਰ ਕਰਨ ਜਾਂ ਕਿਸੇ ਬਾਜ਼ਾਰ ਵਿਚ ਬੈਠ ਪੈਪਸੀ ਦੀਆਂ ਚੁਸਕੀਆਂ ਲੈਣ ਅਤੇ ਪਾਪਕਾਰਨ ਨੂੰ ਮਚਾਕੇ ਮਾਰ ਕੇ ਖਾਣ ਕੇ ਦ੍ਰਿਸ਼ ਇਸ ਗੱਲ ਦੀ ਗਵਾਹੀ ਭਰਦੇ ਹਨ। ਸੰਗੀਤ ਜੋ ਉਹ ਸੁਣਦੇ ਹਨ, ਆਧੁਨਿਕ ਭਾਰਤੀ ਫਿਲਮਾਂ ਦਾ ਪੌਪ ਤੇ ਵਿਦੇਸ਼ੀ ਪੌਪ ਵੀ ਹੁੰਦਾ ਹੈ। ਕਈ ਤਰ੍ਹਾਂ ਨਾਲ ਇਹ ਕਿਸ਼ੋਰ ਦੁਨੀਆਂ ਦੇ ਹੋਰ ਹਿੱਸਿਆਂ ਦੇ ਕਿਸ਼ੋਰਾ ਵਰਗੇ ਹਨ।

ਦੇਖਣ ਨੂੰ ਇਨ੍ਹਾਂ ਕਿਸ਼ੋਰਾਂ ਦੇ ਪਰਿਵਾਰ ਵਿਚ ਕੋਈ ਲਿੰਗ-ਭੇਦ ਨਜ਼ਰ ਨਹੀਂ ਆਉਂਦਾ ਕਿਉਂਕਿ ਕੁੜੀਆਂ ਨੂੰ ਵੀ ਉਨ੍ਹਾਂ ਮਹਿੰਗੇ ਸਕੂਲ ਅਤੇ ਕਾਲਜ਼ਾ ਵਿਚ ਭੇਜਿਆ ਜਾਂਦਾ ਹੈ। ਉਹ ਆਪਣੇ ਮਰਦ-ਪ੍ਰਤੀਰੂਪ ਦੀ ਤਰ੍ਹਾਂ ਕੱਪੜਿਆਂ ਅਤੇ ਹੋਰ ਚੀਜ਼ਾਂ 'ਤੇ ਕਾਫ਼ੀ ਖਰਚ ਕਰਦੀਆਂ ਹਨ। ਭੇਦ ਉਦੋਂ ਉੱਭਰ ਕੇ ਸਾਹਮਣੇ ਆਉਂਦਾ ਹੈ ਜਦੋਂ ਸ਼ਾਦੀ ਦਾ ਮੁੱਦਾ ਖੜਾ ਹੁੰਦਾ ਹੈ। ਲੜਕੀ ਨੂੰ ਕਾਲਜ ਦੀ ਪੜ੍ਹਾਈ ਪੂਰੀ ਕਰਨ ਤੋਂ ਰੋਕਿਆ ਜਾ ਸਕਦਾ ਹੈ, ਕਿਉਂ ਜੋ ਮਾਪਿਆਂ ਨੇ ਉਸ ਲਈ ਚੰਗਾ ਵਰ ਲੱਭ ਲਿਆ ਹੈ ਅਤੇ ਵਿਆਹ ਉਸ ਦੀ ਪੜ੍ਹਾਈ ਪੂਰੀ ਹੋਣ ਤਕ ਇੰਤਜ਼ਾਰ ਨਹੀਂ ਕਰ ਸਕਦਾ। ਤੇ ਹੋਰ, ਕੁੜੀ ਘਰ ਤੋਂ ਬਾਹਰ ਕੰਮ ਕਰੇਗੀ ਜਾਂ ਨਹੀਂ, ਆਮ ਕੌਰ ਤੇ ਘਰ ਵਾਲੇ ਵੱਲੋਂ ਜਾਂ ਸਹੁਰਿਆਂ ਵੱਲੋਂ ਨਿਸ਼ਚਿਤ ਹੁੰਦਾ ਹੈ। ਇਨ੍ਹਾਂ ਹਾਲਾਤਾਂ ਨਾਲ ਮਰਦ ਦਾ ਵਾਸਤਾ ਨਹੀਂ ਹੁੰਦਾ।

ਮੱਧ ਵਰਗੀ ਕਿਸ਼ੋਰ ਟੀ.ਵੀ ਅਤੇ ਹੋਰ ਮੀਡੀਆਂ ਤਕ ਪਹੁੰਚ ਰਖਦੇ ਹਨ, ਪਰ ਉੱਚ ਵਰਗ ਵਾਂਗ ਪੈਸੇ ਤੇ ਸਾਧਨ ਨਹੀਂ ਹੁੰਦੇ, ਜਿਸ ਦੀ ਉਹ ਰੀਸ ਕਰਨਾ ਚਾਹੁੰਦੇ ਹਨ। ਮੱਧ ਵਰਗ ਦੇ ਕਿਸ਼ੋਰ ਮੁੰਡੇ ਜੋ ਪੜ੍ਹਾਈ ਵਿਚ ਚੰਗੀ ਕਾਰਗੁਜਾਰੀ ਕਰਦੇ ਹਨ, ਆਰਥਿਕ ਜਮਾਤ ਦੀਆਂ ਰੋਕਾਂ ਨੂੰ ਤੋੜ ਸਕਦੇ ਹਨ। ਬਹੁਤਿਆਂ ਲਈ ਇਹ ਕੰਮ ਮੁਸ਼ਕਿਲ ਹੈ, ਜਿਨ੍ਹਾਂ ਨੇ ਸਕੂਲ ਦੀ ਪੜ੍ਹਾਈ ਅਤੇ ਸਿਖਲਾਈ, ਨੌਕਰੀ ਕਰਨ ਲਈ ਆਪਣੇ ਪੱਧਰਾਂ 'ਤੇ ਕੀਤੀ ਹੁੰਦੀ ਹੈ। ਕਈ ਵਾਰੀ ਨਿਰਾਸ਼ਾ ਵਿਚ ਕਿਸ਼ੋਰ ਮੁੰਡੇ ਅੱਜਕੱਲ੍ਹ ਦੇ ਫ਼ਿਲਮੀ ਅਦਾਕਾਰਾਂ ਵਰਗੀ ਪਛਾਣ ਬਣਾਉਣ ਲਈ ਵਾਹ ਲਾਉਂਦੇ, ਇਨ੍ਹਾਂ ਤੌਰ-ਤਰੀਕਿਆਂ ਨਾਲ ਕੁੜੀਆਂ 'ਤੇ ਆਪਣੇ ਹੱਥ ਅਜ਼ਮਾਉਂਦੇ ਹਨ। ਮੱਧ ਵਰਗੀ ਕੁੜੀਆਂ ਸਕੂਲ ਅਤੇ ਕਾਲਜ ਵਿਚ ਆਪਣੀ

ਪੜ੍ਹਾਈ ਗੰਭੀਰਤਾ ਨਾਲ ਲੈਂਦੀਆਂ ਹਨ ਅਤੇ ਅਕਸਰ ਮੁੰਡਿਆਂ ਨੂੰ ਪੜ੍ਹਾਈ ਵਿਚ ਪਿੱਛੇ ਛੱਡ ਜਾਂਦੀਆਂ ਹਨ। ਉਹ ਆਪਣੇ ਪਹਿਰਾਵੇ ਵਿਚ ਜ਼ਿਆਦਾ ਰਿਵਾਇਤਨ ਹੁੰਦੀਆਂ ਹਨ। ਉਨ੍ਹਾਂ ਦੇ ਪਰਿਵਾਰ, ਉਨ੍ਹਾਂ ਨੂੰ ਮੁੰਡਿਆਂ ਨਾਲ ਦੋਸਤੀ ਦੀ ਆਗਿਆ ਨਹੀਂ ਦਿੰਦੇ। ਇਸ ਲਈ ਉਹ ਆਪਣੇ ਸੈਕਸ ਵਿਚ ਹੀ ਰਲਦੀਆਂ ਮਿਲਦੀਆਂ ਹਨ। ਆਮ ਤੌਰ 'ਤੇ ਇਨ੍ਹਾਂ ਲੜਕੀਆਂ ਦੀਆਂ ਇਛਾਵਾਂ ਡਾਕਟਰ, ਅਧਿਆਪਕ ਅਤੇ ਮੈਨੇਜਰ ਬਣਨ ਦੀਆਂ ਹੁੰਦੀਆਂ ਹਨ। ਇਨ੍ਹਾਂ ਦਾ ਭਵਿੱਖ ਬਹੁਤਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਦਾ ਵਿਆਹ ਕਿਸ ਨਾਲ ਕਰਦੇ ਹਨ।

ਨਿਮਨ ਸਮਾਜਿਕ-ਆਰਥਿਕ ਦਰਜੇ ਦੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਘਰੇ ਜਾਂ ਬਾਹਰ ਕੰਮ ਸ਼ੁਰੂ ਕਰਨਾ ਪੈਂਦਾ ਹੈ।

ਕੁਝ ਕੁ ਬੱਚਿਆਂ ਨੇ ਸਕੂਲ ਦਾ ਮੂੰਹ ਵੀ ਨਹੀਂ ਦੇਖਿਆ ਹੁੰਦਾ ਤੇ ਬਾਕੀਆਂ ਨੂੰ ਪਰਿਵਾਰ ਦੀ ਮਦਦ ਕਰਨ ਦੀ ਲੋੜ ਵਿਚ ਵਿਚੋਂ ਛੱਡਣਾ ਪੈਂਦਾ ਹੈ। ਇਸ ਸਮਾਜਿਕ ਵਰਗ ਵਿਚ ਕੁੜੀਆਂ ਰਿਵਾਇਤਨ ਸਕੂਲ ਨਹੀਂ ਭੇਜੀਆਂ ਜਾਂਦੀਆਂ। ਸਿਰਫ਼ ਹੁਣੇ-ਹੁਣੇ ਹੀ ਸਰਕਾਰ ਵਲੋਂ ਨਵੇਂ ਜੋਸ਼ ਨਾਲ ਮੁਫ਼ਤ ਮੁੱਢਲੀ ਸਿਖਿਆ ਨੂੰ ਉਤਸ਼ਾਹਿਤ ਕਰਨ ਲਈ ਪੁੱਟੇ ਗਏ ਕਦਮਾਂ ਜਿਸ ਨੇ ਬਹੁਤੀਆਂ ਕੁੜੀਆਂ ਨੂੰ ਵਿਧੀਵਤ ਸਿੱਖਿਆ ਦੀ ਧਾਰਾ ਵਿਚ ਲਿਆਂਦਾ ਹੈ। ਕੁੜੀਆਂ ਕੋਲੋਂ ਛੇਤੀ ਹੀ ਘਰ ਦਾ ਕੰਮ ਕਾਜ ਸਿੱਖਣ ਅਤੇ ਅੱਲ੍ਹੜ ਉਮਰ ਤਕ ਇਸ ਵਿਚ ਮੁਹਾਰਤ ਹਾਸਲ ਕਰ ਲੈਣ ਦੀ ਉਮੀਦ ਕੀਤੀ ਜਾਂਦੀ ਹੈ। 13 ਤੋਂ 18 ਸਾਲ ਦੀ ਉਮਰ ਦੌਰਾਨ ਇਸ ਸਮਾਜਿਕ ਵਰਗ ਵਿਚ ਕੁੜੀਆਂ ਵਿਆਹੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਵਿਚੋਂ ਕਈ ਅੱਲ੍ਹੜ ਉਮਰੇ ਮਾਵਾਂ ਬਣ ਜਾਂਦੀਆਂ ਹਨ।

ਪੇਂਡੂ ਕਿਸ਼ੋਰਾਂ ਦੀ ਤਸਵੀਰ ਵੱਖਰੀ ਹੈ। ਮੁੰਡੇ ਅਤੇ ਕੁੜੀ ਵਿਚ ਕਾਫ਼ੀ ਜ਼ਿਆਦਾ ਵਿਤਕਰਾ ਹੈ। ਵਿਧੀਵਤ ਸਿੱਖਿਆ 'ਤੇ ਘੱਟ ਜ਼ੋਰ ਹੋਣ ਕਰਕੇ ਮੁੰਡੇ ਅਤੇ ਕੁੜੀਆਂ ਘਰ ਅਤੇ ਬਾਹਰ ਦੇ ਕਈ ਬਾਲਗ ਕਾਰਜਾਂ ਵਿਚ ਹਿੱਸਾ ਲੈਂਦੇ ਹਨ। ਮੁੰਡਿਆਂ ਤੋਂ ਜੋ ਕੰਮ ਆਦਮੀ ਰੋਜ਼ੀ ਕਮਾਉਣ ਲਈ ਕਰਦੇ ਹਨ, ਜਿਵੇਂ ਖੇਤੀ, ਕਾਰਖਾਨਾ, ਜਾਂ ਘਰ ਦੀਆ ਚੀਜ਼ਾ ਬਣਾਉਣ ਦੇ ਕੰਮ ਵਿਚ ਸਾਥ ਦੇਣ ਦੀ ਉਮੀਦ ਕੀਤੀ ਜਾਂਦੀ ਹੈ। ਕਿਸ਼ੋਰ ਅਵਸਥਾ ਦੇ ਮੱਧ ਤਕ ਮੁੰਡੇ ਤੋਂ ਰੋਜ਼ੀ ਕਮਾਉਣ ਦੀ ਕਾਬਲੀਅਤ ਹੋਣ ਦੀ ਆਸ ਰੱਖੀ ਜਾਂਦੀ ਹੈ। ਇਸ ਵਿਚ ਪੂਰੀ ਸੰਭਾਵਨਾ ਹੈ ਕਿ 20 ਸਾਲ ਤੋਂ ਪਹਿਲਾ ਹੀ ਉਸ ਦੇ ਵਿਆਹ ਦਾ ਪ੍ਰਬੰਧ ਕਰ ਦਿੱਤਾ ਜਾਵੇ। ਕੁੜੀ ਦਾ ਪਾਲਨ-ਪੋਸ਼ਣ ਮਾਂ ਦੇ ਹੱਥ ਹੁੰਦਾ ਹੈ ਜੋ ਉਸ ਕੋਲ ਛੋਟੇ ਭੈਣ ਭਰਾਵਾਂ ਨੂੰ ਸੰਭਾਲਣ ਲਈ ਛੱਡ ਕੇ, ਉਸ ਨੂੰ ਬੱਚਿਆ ਅਤੇ ਘਰ ਦੀ ਦੇਖ-ਭਾਲ ਦੀ ਸਿੱਖਿਆ ਦਿੰਦੀ ਹੈ। ਕਿਸ਼ੋਰ ਅਵਸਥਾ ਅਤੇ ਇਸ ਤੋਂ ਵੀ ਪਹਿਲਾਂ ਕੁੜੀਆਂ ਕੋਲੋਂ ਘਰ ਦੀ ਸਫ਼ਾਈ, ਖਾਣਾ ਬਣਾਉਣਾ, ਕੱਪੜੇ ਧੋਣਾ, ਪਾਣੀ ਭਰ ਕੇ ਲਿਆਉਣਾ, ਛੋਟੇ ਭੈਣ-ਭਰਾਵਾਂ ਨੂੰ ਨਹਾਉਣਾ ਅਤੇ ਹੋਰ ਕਈ ਕੰਮਾਂ ਲਈ ਆਸ ਹੁੰਦੀ ਹੈ। ਹੈਰਾਨ ਹੋਣ ਵਾਲੀ ਗੱਲ ਹੈ ਕਿ ਉਹ ਆਪਣੇ

ਲਈ ਵੀ ਸਮਾਂ ਕੱਢਦੀ ਹੈ। ਉਸ ਦੇ ਸਵੈ-ਸੰਕਲਪ ਬਾਰੇ ਅਧਿਐਨ ਕਰਨਾ ਦਿਲਚਸਪ ਹੋਵੇਗਾ।

ਭਾਵਨਾਤਮਕ ਤਬਦੀਲੀਆਂ

ਸਰੀਰਕ ਵਿਕਾਸ ਬਾਰੇ ਅਧਿਆਏ ਦੋ ਵਿਚ ਜ਼ਿਕਰ ਹੋਇਆ ਸੀ ਕਿ ਏਨਡੋਕ੍ਰਾਇਨ ਗ੍ਰੰਥੀਆਂ ਵੱਲੋਂ ਪੈਦਾ ਹੁੰਦੇ ਹਾਰਮੋਨਜ਼ ਵਿਵਹਾਰਾ 'ਤੇ ਅਸਰ ਪਾਉਂਦੇ ਹਨ। ਇੱਥੇ ਅੱਲ੍ਹੜ ਉਮਰੇ ਹਾਰਮੋਨਜ ਦੀ ਵਧੀ ਪ੍ਰਕ੍ਰਿਆ ਦਾ ਇਕ ਸਿੱਧਾ ਅਸਰ ਵਿਕਾਸ ਨਾਲ ਹੈ। ਉਹ ਮੂਡ ਵਿਚ ਬਹੁਤੀ ਖੁਸ਼ੀ ਅਤੇ ਉਦਾਸੀ ਵਿਚ ਉਤਾਰ-ਚੜਾਅ ਮਹਿਸੂਸ ਕਰਦੇ ਹਨ। ਕਈ ਵਾਰੀ ਛੋਟੀ ਜਿਹੀ ਗੱਲ 'ਤੇ ਹੀ ਗੁੱਸਾ ਆ ਜਾਂਦਾ ਹੈ ਅਤੇ ਕਈ ਵਾਰੀ ਬਿਨ੍ਹਾ ਕਿਸੇ ਕਾਰਣ ਤੋਂ ਹੱਸਦੇ ਹਨ। ਮਾਮੂਲੀ ਜਿਹੇ ਮੁੱਦਿਆਂ ਤੇ ਰੋਣ ਦੀ ਲੋੜ ਮੁੰਡੇ ਅਤੇ ਕੁੜੀਆ ਦੋਹਾਂ ਨੂੰ ਪ੍ਰਭਾਵਿਤ ਕਰਦੀ ਹੈ ਭਾਵੇਂ ਮੁੰਡਿਆਂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਹੰਝੂ ਨਾ ਵਹਾਉਣ ਭਾਵੇਂ ਉਹ ਰੋਣਾ ਚਾਹੁੰਦੇ ਹੋਣ।

ਫ਼ਿਲਮ ਦੇਖਣ ਦੀ ਸੰਭਾਵਨਾ ਕਿਸ਼ੋਰਾਂ ਨੂੰ ਬਹੁਤ ਖੁਸ਼ ਅਤੇ ਉਤੇਜਿਤ ਕਰਦੀ ਹੈ ਜਦੋਂ ਕਿ ਫਿਲਮ ਦੇ ਕਿਰਦਾਰ ਨਾਲ ਪਛਾਣ ਬਣਾਉਣ ਕਾਰਣ ਕਿਸ਼ੋਰ ਬਾਕੀ ਸਾਰਾ ਦਿਨ ਉਦਾਸੀ ਮਹਿਸੂਸ ਕਰਦੇ ਹਨ। ਕਿਸੇ ਦੋਸਤ ਵੱਲ, ਉਸ ਦੇ ਪਰਿਵਾਰ ਬਾਰੇ ਕੀਤੀ ਗਈ ਅਣਲੋੜੀਂਦੀ ਟਿੱਪਣੀ ਕੁੜੀ ਨੂੰ ਗੁੱਸੇ ਵਿਚ ਲਿਆ ਸਕਦੀ ਹੈ ਅਤੇ ਕਿਸੇ ਬੰਦੇ ਨੂੰ ਸਾਈਕਲ 'ਤੇ ਬੇਤੁਕਾ ਚੜ੍ਹਿਆ ਚਲਾਉਂਦੇ ਦੇਖ ਉਹ ਹਾਸੇ ਵਿਚ ਫੁੱਟ ਸਕਦੀ ਹੈ ਜਦੋਂ ਕਿ ਦੂਸਰਿਆ ਨੂੰ ਮਜਾਕੀਆ ਨਹੀਂ ਲੱਗ ਰਿਹਾ ਹੁੰਦਾ। ਦਿੱਖ ਬਾਰੇ ਨਿੱਜੀ ਟਿੱਪਣੀ, ਅਧਿਆਪਕ ਵੱਲੋਂ ਫਿਟਕਾਰ, ਪਿਤਾ ਨਾਲ ਵਾਦ-ਵਿਵਾਦ ਜਾਂ ਦੋਸਤ ਵੱਲੋਂ ਵਾਅਦਾ ਨਾ ਨਿਭਾਉਣਾ, ਇਨ੍ਹਾਂ ਵਿਚੋਂ ਕੁਝ ਵੀ ਕਿਸ਼ੋਰ ਦੀ ਉਦਾਸੀ ਦਾ ਕਾਰਣ ਬਣ ਸਕਦਾ ਹੈ।

ਕਈ ਵਾਰੀ ਕਿਸ਼ੋਰ ਆਪਣੇ ਆਪ ਨੂੰ ਆਪਣੇ ਜਜ਼ਬਾਤ ਕਾਬੂ ਵਿਚ ਨਾ ਰੱਖ ਸਕਣ ਦੀ ਹਲਤ ਵਿਚ ਮਹਿਸੂਸ ਕਰਦੇ ਹਨ ਅਤੇ ਹੈਰਾਨ ਹੁੰਦੇ ਹਨ ਕਿ ਉਨ੍ਹਾਂ ਨੇ ਇਸ ਤਰ੍ਹਾਂ ਪ੍ਰਤੀਕ੍ਰਿਆ ਕਿਉਂ ਕੀਤੀ। ਪਰ ਸਾਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਕਿਸ਼ੋਰਾਂ ਦਾ ਵੱਖ-ਵੱਖ ਵਿਅਕਤਿੱਤਵ ਆਪਣੇ ਢੰਗ ਨਾਲ ਹਾਲਾਤ ਨੂੰ ਹੁੰਗਾਰਾ ਭਰਦਾ ਹੈ। ਉਨ੍ਹਾਂ ਦੇ ਕੁਝ ਕੁ ਜਜ਼ਬਾਤੀ ਪ੍ਰਤੀਕਰਮ ਵਿਚ ਫ਼ਰਕ ਇਹ ਹੈ ਕਿ ਉਹ ਆਪਣੇ ਵਿਵਹਾਰ 'ਤੇ ਖੁਦ ਹੈਰਾਨ ਹੁੰਦੀ ਹੈ। ਕੋਈ ਇਹ ਕਹਿ ਸਕਦਾ ਹੈ, 'ਇਹ ਪਹਿਲਾਂ ਵਰਗੀ ਤਾਂ ਨਹੀਂ ਹੈ।'

ਸੈਕਸ ਵੱਲ ਰੁਝਾਨ

ਕੁਝ ਜਜ਼ਬਾਤ ਜੋ ਮੁੰਡੇ ਅਤੇ ਕੁੜੀਆ ਵਿਚ ਕਿਸ਼ੋਰ ਅਵਸਥਾ ਦੌਰਾਨ ਪਹਿਲੀ ਵਾਰ ਉਭਰ ਕੇ ਆਉਂਦੇ ਹਨ, ਉਹ ਸੈਕਸ ਰੁਝਾਨ ਨਾਲ ਸੰਬੰਧਿਤ ਹੁੰਦੇ ਹਨ। ਇਹ ਸੈਕਸ ਦੀ ਜ਼ਰੂਰਤ ਨਾਲ ਸੰਬੰਧਿਤ ਆਵੇਗ ਹੁੰਦੇ ਹਨ। ਇਹ ਕੁਦਰਤੀ ਜੀਵਨ ਪ੍ਰਵਿਰਤੀ ਹੈ, ਜਿਸ ਦਾ ਲੰਮੇ ਸਮੇਂ ਦਾ ਕਾਰਜ, ਪ੍ਰਜਣਨ ਰਾਹੀਂ ਮਨੁੱਖੀ ਨਸਲ ਨੂੰ ਮਹਿਫੂਜ਼ ਕਰਨਾ ਹੈ।

ਕਿਸ਼ੋਰਾਂ ਲਈ ਸੈਕਸ ਰੁਝਾਨ ਦਾ ਤਤਕਾਲ ਨਤੀਜਾ ਹੈ:

- ਵਿਪਰੀਤ ਸੈਕਸ ਦੇ ਮੈਂਬਰਾਂ ਪ੍ਰਤੀ ਖਿੱਚ।
- ਚੋਣਵੇਂ ਵਿਅਕਤੀਆਂ ਨਾਲ ਨੇੜਤਾ ਜਾਂ ਮੋਹ।
- ਸੈਕਸ ਦੀ ਸੰਤੁਸ਼ਟੀ ਦੀ ਲੋੜ।
- ਭਾਵਨਾਪੂਰਨ ਰਿਸ਼ਤੇ ਦੀ ਲੋੜ।

ਸੈਕਸ ਸੰਚਾਲਨ ਦਾ ਮੰਤਵ ਜੀਵਕ ਹੈ। ਪ੍ਰਜਣਨ ਕਾਰਜ ਤੋਂ ਇਲਾਵਾ ਇਹ ਆਵੇਗ, ਪਿਆਰ ਕਰਨ, ਔਰਤ-ਮਰਦ ਵਿਚ ਲੰਮੇ ਸਮੇਂ ਤਕ ਰਿਸ਼ਤੇ ਅੱਗੇ ਵਧਾਉਣ ਅਤੇ ਬੱਚਿਆਂ ਨੂੰ ਸੰਭਾਲਣ ਲਈ ਸਮਰਥਾ ਪ੍ਰਦਾਨ ਕਰਦਾ ਹੈ।

ਹਰ ਇਕ ਸਭਿਆਚਾਰ ਇਸ ਗੱਲ ਦੀ ਸੀਮਾ ਨਿਰਧਾਰਿਤ ਕਰਦਾ ਹੈ ਕਿ ਸੈਕਸ ਰੁਝਾਨ ਦੇ ਕਿੰਨੇ ਕੁ ਪ੍ਰਦਰਸ਼ਨ ਦੀ ਖੁੱਲ੍ਹ ਹੋਵੇ। ਇਸ ਲਈ ਵਿਵਹਾਰ ਦੇ ਜੋ ਨਿਯਮ ਮੁੰਡੇ ਕੁੜੀਆਂ ਤੋਂ ਆਪਸੀ ਮੇਲ-ਜੋਲ ਪ੍ਰਤੀ ਉਮੀਦ ਕੀਤੇ ਜਾਂਦੇ ਹਨ, ਸਮਾਜ ਵੱਲੋਂ ਸੈਕਸ ਰੁਝਾਨ ਨੂੰ ਸੰਚਾਲਿਤ ਕਰਨ ਦੇ ਤਰੀਕੇ ਹਨ। ਇਸ ਦਾ ਪ੍ਰਬੰਧ ਕਿਸੇ ਇਕ ਆਦਰਸ਼ਕ ਢੰਗ ਨਾਲ ਨਹੀਂ ਹੋ ਸਕਦਾ ਕਿਉਂ ਜੋ ਵੱਖ-ਵੱਖ ਸਭਿਆਚਾਰਾ ਦੇ ਆਪਣੇ ਨਿਯਮ ਅਤੇ ਅਮਲ ਹਨ।

ਆਓ! ਦੋ ਵਿਰੋਧੀ ਉਦਾਹਰਣਾ ਨਾਲ ਵਿਆਖਿਆ ਕਰੀਏ ਕਿ ਕਿਵੇ ਸਮਾਜ ਆਪਣੇ ਕਿਸ਼ੋਰਾਂ ਦੀਆ ਸੈਕਸ ਲੋੜਾ ਨੂੰ ਨਜਿੱਠਣ ਦੇ ਉਪਰਾਲੇ ਨਾਲ ਭਿੰਨ-ਲਿੰਗੀ ਰਿਸ਼ਤਿਆਂ ਨੂੰ ਸੰਚਾਲਿਤ ਕਰਦਾ ਹੈ। ਤੁਸੀ ਸਾਇਦ ਸੋਚਦੇ ਹੋਵੋ ਕਿ ਭਾਰਤੀ ਸਮਾਜ ਸੈਕਸ ਦੇ ਰਵੱਈਏ ਪ੍ਰਤੀ ਰੂੜੀਵਾਦੀ ਹੈ। ਜਦੋਂ ਕਿ ਕਾਫ਼ੀ ਹੱਦ ਤਕ ਇਹ ਸੱਚ ਹੈ, ਪਰ ਸਭਿਅਤਾਵਾਂ ਦੀਆਂ ਕਈ ਇਕਾਈਆਂ ਹਨ ਜਿੱਥੇ ਕਿਸ਼ੋਰ ਸੈਕਸ-ਰੁਝਾਨ ਨੂੰ ਸੂਤਰਬੱਧ ਕਰਨਾ ਸਿੱਖਦੇ ਹਨ।

ਬਾਕਸ 6

ਮੱਧ ਪ੍ਰਦੇਸ਼ ਦੇ ਬਸਤਰ ਜ਼ਿਲ੍ਹੇ ਵਿਚ ਇਕ ਕਬੀਲਾ ਹੈ, ਗੋਂਡ। ਉਨ੍ਹਾਂ ਦੇ ਲੋਕਾਂ ਨੂੰ ਮੋਰਯ ਕਹਿੰਦੇ ਹਨ। ਜੋ ਪਿੰਡ ਵਿਚ ਰਹਿੰਦੇ ਹਨ, ਉਥੇ ਯੁਕਵਾਂ ਦੇ ਸੌਣ ਦੀ ਥਾਂ ਵੱਖਰੀ ਹੁੰਦੀ ਹੈ ਜਿਸ ਨੂੰ ਘੋਟੁਲ ਕਿਹਾ ਜਾਦਾ ਹੈ। ਘੋਟੁਲ ਉਹ ਥਾ ਹੈ ਜਿੱਥੇ ਸਾਰੇ ਅਣਵਿਆਹੇ ਮੁੰਡੇ ਅਤੇ ਕੁੜੀਆਂ ਇਕੱਠੇ ਰਹਿੰਦੇ ਹਨ। ਉਸ ਥਾ ਨੂੰ ਨੌਜਵਾਨ ਖੁਦ ਹੀ ਪੂਰੀ ਤਰ੍ਹਾ ਜਥੇਬੰਦ ਕਰਦੇ ਹਨ। ਹਰ ਇਕ ਕੁੜੀ ਨੂੰ ਜੋੜੀ ਬਣਾਉਣ ਲਈ ਇਕ ਮੁੰਡਾ ਲੱਭਣਾ ਹੁੰਦਾ ਹੈ, ਭਾਵੇ ਕਿ ਇਹ ਜੋੜੀ ਆਰਜੀ ਹੁੰਦੀ ਹੈ। ਘੋਟੁਲ ਵਿਚ ਸਾਥੀ ਚੁਣਨ ਦੇ ਬਾਵਜੂਦ, ਰਿਸ਼ਤਾ ਭਾਵੁਕ ਨਹੀਂ ਹੁੰਦਾ। ਇਸ ਤਰ੍ਹਾ ਨਾਲ ਇਕ ਪੀੜ੍ਹੀ ਦੇ ਇਕੱਠੇ ਰਹਿਣ ਦਾ ਮੰਤਵ,

(ਜਾਰੀ ...)

ਉਸੇ ਲਿੰਗ ਅਤੇ ਇਸ ਉਮਰ ਜੁੱਟ ਦੀ ਇਕਜੁਟਤਾ ਦੇ ਵਿਚਾਰ ਨੂੰ ਪਕਿਆਉਣਾ ਹੈ।

ਭਾਵੇਂ ਘੋਟੁਲ ਵਿਚ ਕਿਸ਼ੋਰ ਮੁੰਡੇ ਅਤੇ ਕੁੜੀਆਂ ਇੱਕਠੇ ਰਹਿੰਦੇ ਹਨ, ਮੁੰਡੇ ਇਹ ਦਿਖਾਵਾ ਕਰਦੇ ਹਨ ਕਿ ਉਹ ਕੁੜੀਆਂ ਵਿਚ ਰੁਚਿਤ ਨਹੀਂ ਹਨ ਅਤੇ ਕੁੜੀਆਂ ਵੀ ਉਦਾਸੀਨ ਦਿੱਸਦੀਆਂ ਹਨ। ਜੋ ਵੀ ਹੈ, ਇਕ ਵਾਰੀ ਜੋੜੀ ਬਣਨ ਮਗਰੋਂ, ਜੋੜੀ ਨੂੰ ਇਕੋ ਚਟਾਈ 'ਤੇ ਸੋਣਾ ਹੁੰਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਵਿਚ ਪਿਆਰ ਅਤੇ ਗਰਭ ਕਿਸ ਤਰ੍ਹਾਂ ਰੋਕੇ ਜਾਂਦੇ ਹਨ। ਘੋਟੁਲ ਵਿਚ ਸੌਣ ਦਾ ਮਤਲਬ ਇਕੋ ਚਟਾਈ ਨੂੰ ਵੰਡਣਾ ਹੁੰਦਾ ਹੈ, ਇਸ ਤੋਂ ਵੱਧ ਨਹੀਂ। ਕਿਉਂ ਜੋ ਗਰਭ ਨੂੰ ਜੀ ਆਇਆਂ ਨਹੀਂ ਕਿਹਾ ਜਾਂਦਾ, ਇਸ ਲਈ ਸੈਕਸ ਲਈ ਵੀ ਇਹ ਟਾਵਾਂ-ਟਾਵਾਂ ਵਾਕਿਆ ਹੁੰਦਾ ਹੈ, ਚਾਹੇ ਬਿਲਕੁਲ ਗ਼ੈਰ ਹਾਜ਼ਰ ਨਹੀਂ। ਪਿਆਰ ਅਤੇ ਸੈਕਸ ਉਹ ਤੱਤ ਮੰਨੇ ਜਾਂਦੇ ਹਨ ਜੋ ਗਰੁੱਪ ਦੀ ਵਫ਼ਾਦਾਰੀ ਦੀ ਕੀਤਮ 'ਤੇ ਨਿੱਜਤਵ ਨੂੰ ਵਿਕਸਿਤ ਕਰਦੇ ਹਨ ਅਤੇ ਇਸ ਲਈ ਨੌਜਵਾਨਾਂ ਵੱਲੋਂ ਹੀ ਘੂਰੇ ਜਾਂਦੇ ਹਨ। ਸਿਰਫ਼ ਵਿਆਹ ਤੋਂ ਮਗਰੋਂ (18 ਸਾਲ ਤੋਂ ਬਾਅਦ) ਹੀ ਜੋੜੇ ਵਿਚ ਸੈਕਸ-ਸੰਬੰਧਾਂ ਦੀ ਆਗਿਆ ਦਿੱਤੀ ਜਾਂਦੀ ਹੈ।

ਇਹ ਇਕ ਵਰਗ ਹੈ ਜੋ ਆਪਣੇ ਕਿਸ਼ੋਰਾਂ ਦੀ ਸੈਕਸ ਲੋੜ ਦੀ ਪਛਾਣ ਕਰਦਾ ਹੈ ਅਤੇ ਉਸ ਦੇ ਸੰਚਾਲਨ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਮੁਹੱਈਆ ਕਰਦਾ ਹੈ।

ਦੂਸਰੀ ਉਦਾਹਰਣ ਦੇ ਤੌਰ 'ਤੇ, ਅੱਜ ਦੇ ਭਾਰਤ ਵਿਚ ਜੇਕਰ ਅਸੀ ਸ਼ਹਿਰੀ ਮੱਧਵਰਗੀ ਅਤੇ ਉੱਚਵਰਗੀ ਕਿਸ਼ੋਰਾਂ ਦੀ ਸਮਾਜਿਕ ਜ਼ਿੰਦਗੀ 'ਤੇ ਝਾਤ ਪਾਈਏ, ਤਾਂ ਤਸਵੀਰ ਕਾਫ਼ੀ ਵੱਖਰੀ ਹੈ। ਕੁੜੀ ਦੇ ਅੱਲ੍ਹੜ ਉਮਰੇ ਪਹੁੰਚਣ ਤੋਂ ਪਹਿਲਾਂ ਮਾਵਾਂ ਅਤੇ ਦਾਦੀਆਂ, ਉਸ ਨੂੰ ਪਰਿਵਾਰ ਅਤੇ ਸਮਾਜ ਦੇ ਮਰਦ ਮੈਂਬਰਾਂ ਤੋਂ ਸਰੀਰਕ ਦੂਰੀ ਰੱਖਣ ਲਈ ਹਿਦਾਇਤ ਕਰ ਦੇਂਦੀਆਂ ਹਨ। ਜਦੋਂ ਕਿ ਸਹਿ-ਸਿੱਖਿਆ ਸਕੂਲਾਂ ਵਿਚ ਕੁੜੀਆਂ ਮੁੰਡੇ ਆਪਸ ਵਿਚ ਮਿਲਦੇ ਹਨ ਪਰ ਉਨ੍ਹਾਂ ਦੇ ਮਾਪਿਆਂ ਵੱਲੋਂ ਉਨ੍ਹਾਂ ਨਾਲ ਗਹਿਰੀ ਦੋਸਤੀ ਪਸੰਦ ਨਹੀਂ ਕੀਤੀ ਜਾਂਦੀ। ਲੜਕੀਆਂ ਨਾਲ ਦੋਸਤੀ ਕਲਾਸ ਦੇ ਕਮਰੇ ਵਿਚ ਲੈਣ-ਦੇਣ ਤਕ ਹੀ ਸੀਮਿਤ ਹੁੰਦੀ ਹੈ। ਕੁਝ ਕੁ ਆਜ਼ਾਦਾਨਾ ਘਰਾਂ ਵਿਚ ਕਿਸ਼ੋਰ ਮੁੰਡੇ ਅਤੇ ਕੁੜੀਆਂ ਨੂੰ ਮਿਲਣ ਦੀ ਆਗਿਆ ਹੁੰਦੀ ਹੈ, ਪਰ ਉਹ ਵੀ ਨਿਗਰਾਨੀ ਹੇਠ। ਤਾਰੀਖ ਮਿੱਥ ਕੇ ਮੁਲਾਕਾਤ ਵਾਲਾ ਵਰਤਾਰਾ ਜੋ ਕਿ ਪੱਛਮੀ ਕਿਸ਼ੋਰਾਂ ਵਿਚ ਕਾਫ਼ੀ ਮੌਜੂਦ ਹੈ, ਭਾਰਤ ਵਿਚ ਆਮ ਨਹੀਂ ਹੈ। ਜੇ ਇਹ ਵਾਪਰਦਾ ਹੈ, ਤਾਂ ਬਹੁਤ ਘੱਟ ਮਾਪਿਆਂ ਨੂੰ ਪਤਾ ਹੁੰਦਾ ਹੈ, ਖਾਸ ਕਰਕੇ ਲੜਕੀ ਦੇ ਮਾਪਿਆਂ ਨੂੰ। ਇਕ ਲੜਕੀ ਜੋ ਅਕਸਰ ਮੁੰਡਿਆਂ ਨਾਲ

ਮੁਲਾਕਾਤਾਂ ਤੇ ਰਹਿੰਦੀ ਹੈ, ਤੇਜ਼-ਤਰਾਰ ਹੋਣ ਦੀ ਪ੍ਰਸਿੱਧੀ ਕਮਾਉਂਦੀ ਹੈ ਅਤੇ ਉਸ ਦੇ ਵਿਆਹ ਦੀ ਯੋਗਤਾ ਘਟ ਜਾਂਦੀ ਹੈ, ਜਦੋਂ ਕਿ ਇਹ ਸਭ ਕੁਝ ਉਸ ਦੇ ਮੁੰਡੇ ਸਾਥੀ ਲਈ ਸੱਚ ਨਹੀਂ ਹੈ। ਮੁੰਡਾ ਜਾਂ ਕੁੜੀ, ਜਿਸ ਦਾ ਵਿਆਹ ਤੋਂ ਪਹਿਲਾਂ ਕੋਈ 'ਚੱਕਰ' ਨਹੀਂ ਹੁੰਦਾ, ਉਸ ਨੂੰ ਚੰਗੇ ਗੁਣਾਂ ਦਾ ਵਿਅਕਤੀ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਮਰਦ ਔਰਤ ਦੇ ਰਿਸ਼ਤੇ ਨਿਯਮਾਂ ਅਨੁਸਾਰ ਸੂਤਰਬੱਧ ਹੁੰਦੇ ਹਨ।

ਇਨ੍ਹਾਂ ਰੋਕਾਂ ਦੇ ਬਾਵਜੂਦ, ਕਿਸ਼ੋਰ ਪਿਆਰ ਕਰਦੇ ਹਨ ਭਾਵ ਵਿਪਰੀਤ ਸੈਕਸ ਵੱਲ ਇਕਦਮ ਖਿੱਚਿਆ ਜਾਣਾ, ਕੁਝ ਛੁਪ-ਛੁਪ ਕੇ ਮਿਲਦੇ ਹਨ ਅਤੇ ਇਕ ਦੂਸਰੇ ਨਾਲ ਵਿਆਹ ਕਰਵਾਉਣ ਦੀਆਂ ਕਸਮਾਂ ਖਾਂਦੇ ਹਨ। ਸਿਰਫ਼ ਥੋੜ੍ਹੇ ਜਿਹੇ ਮੇਲ-ਮਿਲਾਪ ਹੀ ਵਿਆਹ ਤਕ ਨੇਪੜੇ ਚੜ੍ਹਨ ਲਈ ਲੰਮੇ ਸਮੇਂ ਤਕ ਰਹਿੰਦੇ ਹਨ। ਜੇਕਰ ਦੋਹਾਂ ਪਰਿਵਾਰਾਂ ਦੇ ਸਮਾਜਿਕ ਰੁਤਬੇ, ਜਾਤ, ਧਰਮ, ਖਿੱਤੇ ਜਾਂ ਪਰਿਵਾਰਕ ਦੌਲਤ ਵਰਗੇ ਤੱਤ ਮੇਲ ਨਹੀਂ ਖਾਂਦੇ ਤਾਂ ਮਾਂ-ਪਿਉ ਵਿਆਹ-ਸੰਬੰਧਾਂ ਦਾ ਵਿਰੋਧ ਕਰਦੇ ਹਨ। ਰਿਵਾਇਤੀ ਭਾਰਤੀ ਪਰਿਵਾਰ ਸ਼ਾਦੀ ਰਾਹੀਂ ਪਰਿਵਾਰ ਦੀ ਇਕਜੁਟਤਾ ਨੂੰ ਕਾਇਮ ਰੱਖਣ ਵਿਚ ਮਹੱਤਤਾ ਦਿੰਦੇ ਹਨ। ਇਸ ਲਈ ਸਾਥੀ ਵੀ ਨਿੱਜੀ ਚੋਣ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ। ਇਕ ਤਰੀਕੇ ਨਾਲ, ਕਿਸ਼ੋਰ ਅਵਸਥਾ 'ਤੇ ਦੋ ਸੈਕਸਾਂ ਦਾ ਮਿਲਣਾ ਸਭਿਆਚਾਰਕ ਨਿਯਮ ਵਿਚ ਝਲਕਦਾ ਹੈ। ਸੰਭੋਗ ਰਾਹੀਂ ਸੈਕਸ ਦੀ ਸੰਤੁਸ਼ਟੀ ਨੂੰ ਵਿਆਹ ਤੋਂ ਪਹਿਲਾਂ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ।

ਇਸ ਦੂਸਰੀ ਉਦਾਹਰਣ ਵਿਚ ਕਿਸ਼ੋਰਾਂ ਦੀ ਪ੍ਰਵਿਰਤੀ ਨੂੰ ਨਿਪਟਣ ਲਈ ਸੈਕਸ ਰੁਝਾਨ ਨੂੰ ਲਗਭਗ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ ਗਿਆ ਹੈ। ਅਸਲ ਵਿਚ ਮੱਧ ਅਤੇ ਉੱਚ ਵਰਗੀ ਕਿਸ਼ੋਰਾਂ ਵਿਚ ਸੈਕਸ ਦੀ ਸੰਤੁਸ਼ਟੀ, ਵਿਧੀਵਤ ਪੜ੍ਹਾਈ ਕਾਰਣ ਜੋ ਕਿ ਵੀਹਵਿਆਂ ਤਕ ਪਹੁੰਚ ਜਾਂਦੀ ਹੈ, ਹੋਰ ਪਛੜ ਜਾਂਦੀ ਹੈ। ਵਿਆਹ ਤੋਂ ਪਹਿਲਾਂ ਸੈਕਸ ਦੀ ਪ੍ਰਵਾਨਗੀ ਨਹੀਂ, ਜਦੋਂ ਕਿ ਵਿਆਹ ਪੜ੍ਹਾਈ ਅਤੇ ਸਿਖਲਾਈ ਮੁੱਕਣ ਮਗਰੋਂ ਹੀ ਸਿਰੇ ਚੜ੍ਹਦਾ ਹੈ।

ਵਿਅਕਤਿੱਤਵ ਵਿਕਾਸ ਵਿਚ ਮਹਤੱਵਪੂਰਣ ਤੱਤ

ਪਰਿਵਾਰ

ਭਾਰਤੀ ਕਿਸ਼ੋਰਾਂ ਲਈ, ਭਾਵੇਂ ਮੁੰਡਾਂ ਜਾਂ ਕੁੜੀ, ਪੇਂਡੂ ਜਾਂ ਸ਼ਹਿਰੀ, ਅਮੀਰ ਜਾਂ ਗਰੀਬ, ਪਰਿਵਾਰ ਪਛਾਣ ਅਤੇ ਸੁਰੱਖਿਆ ਦਾ ਮੁੱਢਲਾ ਸ੍ਰੋਤ ਹੈ। ਉਨ੍ਹਾਂ ਲਈ ਇਹ ਸਿਰਫ਼ ਸਮਾਜਿਕ ਇਕਾਈ ਹੀ ਨਹੀਂ ਜੋ ਕਿ ਜਨਮ ਤੋਂ ਸੰਬੰਧਿਤ ਮੈਂਬਰਾਂ ਦੀ ਬਣੀ ਹੋਈ ਹੈ, ਇਹ ਤਾਕਤ, ਰੁਤਬੇ ਅਤੇ ਸਵੈਮਾਣ ਦਾ ਪ੍ਰਤੀਕ ਹੁੰਦਾ ਹੈ। ਵੈਸੇ ਬਹੁਤੇ ਪਰਿਵਾਰ ਮਾਂ, ਪਿਉ ਅਤੇ ਬੱਚਿਆਂ ਦੇ ਬਣੇ ਹੁੰਦੇ ਹਨ, ਪਰ ਕਈ ਭਾਰਤੀ ਪਰਿਵਾਰਾਂ ਵਿਚ ਵਧਣ ਦਾ ਝੁਕਾਅ ਹੁੰਦਾ ਹੈ। ਉਨ੍ਹਾਂ ਵਿਚ ਦਾਦਾ-ਦਾਦੀ ਰਹਿੰਦੇ ਹਨ। ਇਸ ਲਈ ਬੱਚੇ ਸਿਰਫ਼ ਆਪਣੇ ਮਾਪਿਆਂ ਤੋਂ ਹੀ ਨਹੀਂ, ਸਗੋਂ ਹੋਰ ਰਿਸ਼ਤੇਦਾਰਾਂ ਵੱਲੋਂ ਵੀ ਪਾਲੇ ਜਾਂਦੇ ਹਨ।

ਭਾਵੇ ਕਿਸ਼ੋਰ ਇਕਾਕੀ ਪਰਿਵਾਰ ਵਿਚ ਮਾਪਿਆਂ ਅਤੇ ਬੱਚਿਆਂ ਵਿਚ ਰਹਿੰਦੇ ਹੋਣ ਪਰ ਫਿਰ ਵੀ ਚਾਚਿਆਂ ਅਤੇ ਭੂਆ ਦੇ ਪਰਿਵਾਰ ਬੱਚਿਆਂ ਸਮੇਤ ਹਰ ਵਕਤ ਵਿਚਾਰ ਗੋਚਰੇ ਹੁੰਦੇ ਹਨ। ਜਨਮ, ਪੜ੍ਹਾਈ, ਵਿਆਹ ਜਾਂ ਜਾਇਦਾਦ ਦੇ ਮਾਮਲੇ ਵਿਚ, ਉਨ੍ਹਾਂ ਦੇ ਮਾਪੇ ਅਕਸਰ ਆਪਣੇ ਪਰਿਵਾਰ ਦੇ ਵੱਡੇ ਮੈਂਬਰਾਂ ਦੀ ਸਲਾਹ ਲੈਂਦੇ ਹਨ, ਭਾਵੇਂ ਉਹ ਦੂਰ ਹੀ ਰਹਿੰਦੇ ਹੋਣ। ਖੁਸ਼ੀ ਅਤੇ ਗਮੀ, ਹਰ ਇਕ ਨਾਲ ਦਿਲੀ ਤੌਰ 'ਤੇ ਸਾਂਝੀ ਕੀਤੀ ਜਾਂਦੀ ਹੈ। ਉਹ ਸਾਰੇ ਜੋ ਵਿਆਹ, ਜਨਮ ਜਾਂ ਮੌਤ 'ਤੇ ਇਕੱਠੇ ਹੁੰਦੇ ਹਨ, ਪਰਿਵਾਰ ਦਾ ਹਿੱਸਾ ਹੁੰਦੇ ਹਨ।

ਪਿੰਡ ਵਿਚ ਜ਼ਿਆਦਾ ਰਿਸ਼ਤੇਦਾਰ ਨੇੜੇ ਤੇੜੇ ਹੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਬੱਚੇ ਇਕ ਦੂਸਰੇ ਦੇ ਲਗਾਤਾਰ ਸਾਥੀ ਹੁੰਦੇ ਹਨ। ਜਦੋਂ ਕੋਈ ਵਿਆਹਿਆ ਆਦਮੀ ਚੰਗੇ ਆਰਥਿਕ ਮੌਕਿਆਂ ਦੀ ਤਲਾਸ਼ ਵਿਚ ਸ਼ਹਿਰ ਜਾਂਦਾ ਹੈ ਤਾਂ ਉਸ ਦੀ ਪਤਨੀ ਅਤੇ ਬੱਚੇ ਹੋਰਾਂ ਵੱਲੋਂ ਸਾਂਭੇ ਜਾਂਦੇ ਹਨ। ਜੇ ਉਹ ਉਸ ਕੋਲ ਸ਼ਹਿਰ ਚਲੇ ਜਾਣ ਤਾ ਉਹ ਪਿੰਡ ਵਿਚ ਜਦੋਂ ਮੌਕਾ ਲੱਗੇ ਆਉਂਦੇ ਹਨ ਕਿਉਂਕਿ ਉਨ੍ਹਾਂ ਲਈ ਉਹੀ 'ਘਰ' ਹੈ। ਅਜਿਹੇ ਮੌਕਿਆਂ 'ਤੇ ਬੱਚੇ ਆਪਣੇ ਤਜਰਬੇ ਸਾਂਝੇ ਕਰਦੇ ਹਨ, ਸ਼ਹਿਰੀ ਬੱਚੇ ਸ਼ਹਿਰੀ ਜ਼ਿੰਦਗੀ ਦੀਆਂ ਦਲੇਰੀਆਂ ਅਤੇ ਬਦਨਸੀਬੀਆ ਬਿਆਨ ਕਰਦੇ ਹਨ।

ਪਰਿਵਾਰ ਵਿਚ ਕਈ ਪ੍ਰੋੜ੍ਹ ਲੋਕਾਂ ਵਿਚੋਂ, ਕਿਸ਼ੋਰਾ ਲਈ ਮਾ-ਪਿਉ ਸਭ ਤੋਂ ਵੱਧ ਮੱਹਤਵਪੂਰਣ ਵਿਅਕਤੀ ਹੁੰਦੇ ਹਨ। ਜਿੱਥੇ ਮਾਂ ਨੂੰ ਇਕ ਪਾਲਣ-ਪੋਸ਼ਣ ਵਾਲੀ ਦੇ ਤੌਰ 'ਤੇ ਕਬੂਲ ਕੀਤਾ ਜਾਂਦਾ ਹੈ ਉਥੇ ਪਿਤਾ ਅਨੁਸਾਸ਼ਨ ਪੱਖੀ ਦੇ ਤੌਰ ਤੇ ਦੇਖਿਆ ਜਾਂਦਾ ਹੈ। ਬੱਚੇ ਅਤੇ ਕਿਸ਼ੋਰ ਪਿਤਾ ਕੋਲੋਂ ਸਦਾ ਸਹਿਮੇ ਰਹਿੰਦੇ ਹਨ ਭਾਵੇਂ ਮਾਂ ਕੁੱਟੇ ਅਤੇ ਝਿੜਕੇ। ਪਰ ਮਾਂ ਨਿਤ-ਪ੍ਰਤੀ ਆਪਣੇ ਬੱਚਿਆਂ ਦੀਆ ਰੋਜਮਰ੍ਹਾ ਦੀਆਂ ਲੋੜਾਂ ਜਿਵੇਂ ਖਾਣਾ, ਉਨ੍ਹਾ ਨੂੰ ਨਹਾਉਣ ਆਦਿ ਦੀ ਦੇਖ-ਭਾਲ ਕਰਦੀ ਹੈ ਅਤੇ ਅਕਸਰ ਪਰਿਵਾਰ ਨੂੰ ਚਲਦਾ ਰੱਖਣ ਲਈ ਕਮਾਈ ਕਰਦੀ ਹੈ। ਉਹ ਉਨ੍ਹਾ ਦੇ ਅੰਦਰ-ਬਾਹਰ ਜਾਣਕਾਰੀ ਰੱਖਦੀ ਹੈ, ਸਿਹਤ ਬਾਰੇ ਫਿਕਰਮੰਦ ਰਹਿੰਦੀ ਹੈ ਅਤੇ ਪੜ੍ਹਾਈ ਬਾਰੇ ਉਨ੍ਹਾ ਨੂੰ ਹੱਲਾਸ਼ੇਰੀ ਦਿੰਦੀ ਹੈ। ਕਿਸੋਰਾਂ ਵੱਲੋਂ ਪਿਤਾ ਉਹ ਵਿਅਕਤੀ ਹੈ ਜਿਸ ਨੂੰ ਪਤਾ ਚੱਲਣਾ ਚਾਹੀਦਾ ਹੈ ਕਿ 'ਸਭ ਚੰਗਾ ਹੈ'। ਜੇਕਰ ਉਹ ਅਜਿਹਾ ਕੁਝ ਕਰਦੇ ਹਨ, ਜੋ ਉਹ ਸੋਚਦੇ ਨੇ ਕਿ ਉਨ੍ਹਾ ਦੇ ਪਿਤਾ ਨੂੰ ਪਰੇਸ਼ਾਨ ਕਰੇਗਾ, ਉਹ ਮਾਂ ਨੂੰ ਬੇਨਤੀ ਕਰਦੇ ਹਨ ਕਿ ਇਸ ਬਾਰੇ ਚੁੱਪ ਰਹੇ ਜਾਂ ਪਿਤਾ ਨਾਲ ਸਾਡੀ ਵੱਲੋਂ ਗੱਲ ਕਰੇ। ਜਿਥੇ ਪਿਤਾ ਪੜ੍ਹਿਆ-ਲਿਖਿਆ ਹੈ ਅਤੇ ਇਕਾਂਕੀ ਪਰਿਵਾਰ ਵਿਚ ਰਹਿੰਦਾ ਹੈ, ਉਹ ਬੱਚਿਆਂ ਦੇ ਸਮਾਜੀਕਰਨ ਵਿਚ ਕਾਫ਼ੀ ਭੂਮਿਕਾ ਅਦਾ ਕਰਦਾ ਹੈ ਅਤੇ ਉਨ੍ਹਾਂ ਨਾਲ ਵਧੇਰੇ ਖੁੱਲ੍ਹ ਕੇ ਗੱਲਬਾਤ ਕਰਦਾ ਹੈ।

ਕਿਸ਼ੋਰ ਅਵਸਥਾ 'ਤੇ ਸਮਾਜਿਕ ਵਿਕਾਸ ਦਾ ਇਕ ਕੁਦਰਤੀ ਪਹਿਲੂ ਹੈ ਕਿ ਉਨ੍ਹਾ ਨੂੰ ਮਾਪੇ ਪੁਰਾਣੇ ਅਤੇ ਕਠੋਰ ਨਜ਼ਰ ਆਉਂਦੇ ਹਨ। ਅੱਲ੍ਹੜ ਉਮਰ ਵਿਚ ਪੈਰ ਧਰਦਿਆਂ ਮੁੰਡੇ ਅਤੇ ਕੁੜੀਆ ਆਪਣੇ ਅਤੇ ਆਲੇ-ਦੁਆਲੇ ਬਾਰੇ ਨਵੀਆਂ ਚੀਜ਼ਾਂ ਦੀ ਖੋਜ ਕਰਦੇ ਹਨ।

ਉਹ ਓਪਰੀਆਂ ਸੰਵੇਦਨਾਵਾਂ ਮਹਿਸੂਸ ਕਰਦੇ ਹਨ ਜੋ ਕਿ ਸਿਰਫ਼ ਉਨ੍ਹਾਂ ਦੇ ਦੋਸਤ ਚਰਚਾ ਕਰਦੇ ਹਨ ਅਤੇ ਉਹ ਆਪਣੇ ਮਾਪਿਆਂ ਦੀ ਆਪਣੇ ਉਪਰ ਨਿਗਰਾਨੀ ਨੂੰ ਧੌਂਸ ਸਮਝਣ ਲੱਗਦੇ ਹਨ। ਇਸ ਤਰ੍ਹਾਂ ਮਾਂ ਅਤੇ ਪਿਉ ਜੋ ਕੁਝ ਸਮਾ ਪਹਿਲਾਂ ਤਕ ਪਿਆਰੇ ਜਾਪਦੇ ਸੀ, ਉਨ੍ਹਾਂ ਦੀ ਜਿੰਦਗੀ ਵਿਚ ਵਾਧੂ, ਸਖ਼ਤ ਅਤੇ ਟੰਗ ਅੜਾਉਣ ਵਾਲੇ ਲੱਗਣ ਲੱਗ ਪੈਂਦੇ ਹਨ। ਮਾਂ ਦਾ ਟੋਕਣਾ ਕਿ ਉਸ ਦਾ ਪੁੱਤਰ ਬਾਜ਼ਾਰ ਤੋਂ ਵਾਪਸ ਆਉਣ ਵਿਚ ਕਿੰਨਾ ਸਮਾਂ ਲਾਵੇਗਾ ਅਤੇ ਪਿਤਾ ਦੀ ਧੀ ਨੂੰ ਇਹ ਹਿਦਾਇਤ ਕਿ ਉਹ ਸੁੰਦਰ ਲਿਖਿਆ ਕਰੇ, ਕਿਸ਼ੋਰਾਂ ਨੂੰ ਚਿੜ੍ਹਾਉਣ ਲੱਗਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਉਹ ਵੱਡੇ ਹੋ ਗਏ ਹਨ ਅਤੇ ਹਰ ਸਮੇਂ ਨਿਯੰਤ੍ਰਣ ਵਿਚ ਰੱਖੇ ਜਾਣ ਅਤੇ ਸਮਝਾਏ ਨਹੀਂ ਜਾਣੇ ਚਾਹੀਦੇ।

ਮਾਪੇ, ਜੋ ਆਪਣੇ ਬੱਚਿਆਂ ਦੇ ਬਦਲਾਅ ਪ੍ਰਤੀ ਸੰਵੇਦਨਸ਼ੀਲ ਨਹੀਂ ਹੁੰਦੇ, ਜਿਵੇਂ ਹੀ ਉਹ ਪ੍ਰੋੜ੍ਹਤਾ ਵੱਲ ਵਧਦੇ ਹਨ, ਅਕਸਰ ਆਪਣੇ ਕਿਸ਼ੋਰਾ ਨੂੰ ਉਹ ਆਪਣੇ ਬੱਚਿਆਂ ਦੇ ਅੜੀਅਲ ਬਣਨ ਬਾਰੇ ਸ਼ਿਕਾਇਤ ਕਰਦੇ ਹਨ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਪ੍ਰਤੀ ਸ਼ੱਕੀ ਹੁੰਦੇ ਹਨ। ਕਿਸ਼ੋਰਾਂ ਦੀ ਇਕੱਲੇ ਰਹਿਣ ਦੀ ਲੋੜ ਨੂੰ ਪਰਿਵਾਰ ਤੋਂ ਮੂੰਹ ਵੱਟ ਲੈਣ ਦੇ ਅਰਥਾਂ ਵਿਚ ਲਿਆ ਜਾਦਾ ਹੈ। ਇਸ ਤਰ੍ਹਾਂ ਦੀਆਂ ਗਲਤ ਫਹਿਮੀਆਂ ਦੋ ਪੀੜ੍ਹੀਆਂ ਵਿਚ ਤਕਰਾਰ ਦਾ ਕਾਰਣ ਬਣਦੀਆਂ ਹਨ ਅਤੇ ਮਾਪਿਆ ਵੱਲੋਂ ਆਪਣੇ ਬੱਚਿਆਂ ਦੇ ਅੱਖੜ ਵਿਵਹਾਰ ਪ੍ਰਤੀ ਗੁੱਸੇ ਦਾ ਕਾਰਣ ਬਣਦੀ ਹੈ। ਕਿਸ਼ੋਰਾਂ ਅਤੇ ਉਨ੍ਹਾਂ ਦੇ ਮਾਪਿਆਂ ਵਿਚਕਾਰ ਇਕ ਆਰਜ਼ੀ ਬੋਲਚਾਲ ਦੀ ਵਿੱਥ ਪੈਦਾ ਹੋ ਸਕਦੀ ਹੈ।

ਵੈਸੇ, ਬਹੁਤ ਕਿਸ਼ੋਰ ਆਪਣੇ ਪਰਿਵਾਰ ਦੇ ਨੇੜੇ ਹੁੰਦੇ ਹਨ ਅਤੇ ਤਨੋ-ਮਨੋ ਉਸ ਤੋਂ ਪਰ੍ਹੇ ਜਾਣ ਦੇ ਚਾਹਵਾਨ ਨਹੀਂ ਹੁੰਦੇ। ਝਗੜੇ ਆਮ ਤੌਰ 'ਤੇ ਜਾਂ ਤਾਂ ਮਾਂ ਵੱਲੋਂ ਕਿਸ਼ੋਰਾਂ ਕੋਲ ਪਹੁੰਚ ਕਰਕੇ ਸੁਲਝਾਏ ਜਾਂਦੇ ਹਨ ਜਾ ਉਹ ਆਪਣਾ ਵਿਵਹਾਰ ਹੌਲੀ-ਹੌਲੀ ਬਦਲ ਲੈਂਦੇ ਹਨ। ਪਰਿਵਾਰ ਦੇ ਸਾਰੇ ਮੈਂਬਰਾਂ ਲਈ, ਸੁਖਾਵੀਂ ਸਥਿਤੀ ਬਣਾਈ ਰੱਖਣ ਦੀ ਲੋੜ ਬਹੁਤ ਮਹੱਤਵਪੂਰਣ ਹੁੰਦੀ ਹੈ।

ਜੇਕਰ ਕਿਸ਼ੋਰਾ ਦੇ ਦਾਦਾ-ਦਾਦੀ ਜਾਂ ਹੋਰ ਰਿਸ਼ਤੇਦਾਰ ਇਕ ਛੱਤ ਥੱਲੇ, ਪਰਿਵਾਰ ਦਾ ਹਿੱਸਾ ਹੋਣ, ਤਾਂ ਉਹ ਵੀ ਆਪਸੀ ਵਿਅਕਤੀਗਤ ਰਿਸ਼ਤੇ ਅਨੁਸਾਰ ਦੇਖ-ਭਾਲ ਕਰਨ ਵਾਲੇ ਅਤੇ ਸਾਥੀ ਵਜੋਂ ਲੋੜ ਪੂਰੀ ਕਰਦੇ ਹਨ। ਦਾਦਾ-ਦਾਦੀ ਜਿਨ੍ਹਾਂ ਨੇ ਬੱਚਿਆ ਦੇ ਪਾਲਣ-ਪੋਸ਼ਣ ਵਿਚ ਹਿੱਸਾ ਲਿਆ ਹੁੰਦਾ ਹੈ, ਮਾਪਿਆਂ ਦੇ ਮੁਕਾਬਲੇ ਉਨ੍ਹਾ ਪ੍ਰਤੀ ਮਿਹਰਬਾਨ ਹੁੰਦੇ ਹਨ। ਜੇਕਰ ਦਾਦਾ ਕਿਸ਼ੋਰ ਪ੍ਰਤੀ ਕਠੋਰ ਹੋਵੇਗਾ ਤਾਂ ਦਾਦੀ, ਖਾਸ ਕਰ ਮੁੰਡਿਆਂ ਲਈ ਨਰਮ ਵਤੀਰੇ ਵਾਲੀ ਹੋਵੇਗੀ। ਜੇਕਰ ਛੋਟੇ ਚਾਚਾ-ਚਾਚੀ ਪਰਿਵਾਰ ਵਿਚ ਰਹਿੰਦੇ ਹੋਣ, ਕਿਸ਼ੋਰ ਉਨ੍ਹਾਂ ਨਾਲ ਗਹਿਰਾ ਜਜ਼ਬਾਤੀ ਰਿਸ਼ਤਾ ਵਿਕਸਿਤ ਕਰ ਲੈਂਦੇ ਹਨ। ਉਹ ਵੱਡੇ ਹੋ ਰਹੇ ਕਿਸ਼ੋਰਾਂ ਲਈ ਆਪਣੀ ਭਾਬੀ ਜਾਂ ਛੋਟੀ ਮਾਸੀ ਨਾਲ ਆਪਣੇ ਰਿਸ਼ਤੇ ਨੂੰ ਕਾਫ਼ੀ ਤਸੱਲੀਬਖਸ਼ ਮਹਿਸੂਸ ਕਰਦੀਆਂ ਹਨ। ਕਈ ਅਧਿਐਨਾਂ ਨੇ ਦਰਸਾਇਆ

ਹੈ ਕਿ ਮਾਵਾਂ ਆਪਣੀਆਂ ਧੀਆਂ ਨਾਲ ਨੇੜਤਾ ਵਿਕਸਿਤ ਨਹੀਂ ਕਰਦੀਆਂ ਜਦੋਂ ਤਕ ਉਹ ਵਿਆਹੀਆਂ ਨਹੀਂ ਜਾਂਦੀਆਂ। ਵੈਸੇ, ਸ਼ਹਿਰੀ ਘਰਾਂ ਵਿਚ ਪੜ੍ਹੀਆਂ-ਲਿਖੀਆਂ ਮਾਵਾਂ ਦੀ ਸਥਿਤੀ ਵੱਖਰੀ ਹੈ ਅਤੇ ਮਾਂ ਤੇ ਧੀ ਵਿਚਕਾਰ ਦੋਸਤੀ ਦਾ ਮਾਹੌਲ ਮਹਿਸੂਸ ਕੀਤਾ ਜਾ ਸਕਦਾ ਹੈ।

ਕਿਸ਼ੋਰਾਂ ਦੇ ਭੈਣ-ਭਰਾ ਉਨ੍ਹਾਂ ਦੀ ਪਛਾਣ ਦਾ ਅਨਿੱਖੜਵਾਂ ਹਿੱਸਾ ਹਨ। ਕਿਸ਼ੋਰ ਜੋ ਕਿ ਬੱਚਿਆਂ ਵਿਚੋਂ ਸਭ ਤੋਂ ਛੋਟਾ ਹੁੰਦਾ ਹੈ, ਸਾਰੇ ਭੈਣ-ਭਰਾਵਾਂ ਵੱਲੋਂ ਸੰਭਾਲੇ ਜਾਣ ਲਈ ਯਾਦ ਕਰੇਗਾ। ਜੋ ਸਭ ਤੋਂ ਵੱਡਾ ਹੁੰਦਾ ਹੈ, ਉਸ ਕੋਲ ਛੋਟਿਆਂ ਨਾਲ ਖੇਡਣ ਅਤੇ ਦੇਖ-ਭਾਲ ਕਰਨ ਦੀ ਸਦੀਵੀ ਯਾਦ ਹੋਵੇਗੀ। ਕੁੜੀਆਂ ਨੂੰ ਖਾਸ ਕਰ, ਮਾਪਿਆਂ ਵੱਲੋਂ ਇਹ ਕੰਮ ਸੌਂਪਿਆ ਜਾਂਦਾ ਹੈ, ਕਿਉਂ ਜੋ ਇਸ ਨੂੰ ਉਨ੍ਹਾਂ ਦੇ ਸੈਕਸ ਕਿਰਦਾਰ ਦੀ ਸਿਖਲਾਈ ਦੇ ਹਿੱਸੇ ਵਜੋਂ ਲਿਆ ਜਾਂਦਾ ਹੈ। ਨਿਮਨ ਵਰਗ ਪਰਿਵਾਰਾਂ ਵਿਚ ਜਦੋਂ ਮਾਂ ਖੁਦ ਕੰਮ ਤੇ ਗਈ ਹੁੰਦੀ ਹੈ ਜਾਂ ਘਰੇ ਵੀ ਬੈਠ ਕੇ ਨਿਗਰਾਨੀ ਦਾ ਕੰਮ ਕਰਦੀ ਹੈ, ਕਿਸ਼ੋਰ ਧੀਆਂ ਛੋਟੇ ਬੱਚਿਆਂ ਲਈ ਮਾਂ ਦਾ ਲਗਭਗ ਬਦਨ ਹੀ ਬਣ ਜਾਂਦੀਆਂ ਹਨ।

ਕਈ ਭੈਣ-ਭਰਾ ਅਤੇ ਚਚੇਰੇ ਭਰਾਵਾਂ ਵਾਲੇ ਘਰ ਵਿਚ ਕਿਸ਼ੋਰਾਂ ਨੂੰ ਸਹਿਯੋਗ, ਮੁਕਾਬਲੇਬਾਜ਼ੀ, ਦੋਸਤੀ ਅਤੇ ਦੁਸ਼ਮਣੀ ਦਾ ਤਜਰਬਾ ਹੁੰਦਾ ਹੈ। ਉਹ ਆਪਣੇ ਛੋਟੇ ਭੈਣ-ਭਰਾਵਾਂ ਵਿਚ ਨਾਇਕ ਬਣ ਜਾਂਦੇ ਹਨ ਜੋ ਇਨ੍ਹਾਂ ਦੇ ਹੁਨਰ ਤਾਕਤ ਜਾਂ ਅਕਲਮੰਦੀ ਤੋਂ ਪ੍ਰਭਾਵਿਤ ਹੁੰਦੇ ਹਨ। ਕਿਸ਼ੋਰ ਆਪਣੇ ਆਪਸੀ ਮੇਲ-ਮਿਲਾਪ ਨਾਲ ਆਪਣੇ ਭੈਣ-ਭਰਾਵਾਂ ਤੋਂ ਹਿਮਾਇਤ ਹਾਸਲ ਕਰਦੇ ਹਨ ਜੋ ਉਨ੍ਹਾਂ ਦੇ ਬਚਾਅ ਲਈ ਆਉਂਦੇ ਹਨ ਜਦੋਂ ਵੱਡੇ ਲੋਕ ਉਨ੍ਹਾਂ ਦੇ ਕਾਰਜਾਂ 'ਤੇ ਇਤਰਾਜ਼ ਕਰਦੇ ਹਨ। ਛੋਟੇ ਭੈਣ-ਭਰਾ ਉਨ੍ਹਾਂ ਲਈ ਨਿੱਕੇ-ਮੋਟੇ ਕੰਮ ਵੀ ਕਰਦੇ ਹਨ ਜਿਸ ਨਾਲ ਕਿਸ਼ੋਰਾਂ ਨੂੰ ਆਗਿਆ ਪਾਲਣ ਕਰਵਾਉਣ ਦਾ ਮੌਕਾ ਮਿਲਦਾ ਹੈ- ਉਹ ਵਿਵਹਾਰ ਜੋ ਬਾਲਗਾਂ ਸਾਹਮਣੇ ਉਨ੍ਹਾਂ ਵੱਲੋਂ ਕੀਤੇ ਜਾਣੇਂ ਦੀ ਆਸ ਰੱਖੀ ਜਾਂਦੀ ਹੈ। ਮਾਪਿਆਂ ਵੱਲੋਂ ਭੈਣ-ਭਰਾਵਾਂ ਵਿਚ ਮਿਲ ਕੇ ਰਹਿਣ ਨੂੰ ਉਤਸ਼ਾਹਿਤ ਕੀਤਾ ਜਾਦਾ ਹੈ ਕਿਉਂ ਜੋ ਉਹ ਮਹਿਸੂਸ ਕਰਦੇ ਹਨ ਕਿ ਵੱਡੇ ਹੋ ਕੇ ਵੀ ਇਨ੍ਹਾਂ ਵਿਚ ਗਹਿਰੇ ਸੰਬੰਧ ਹੋਣ।

ਸਮੂਹ

ਸਮੂਹ ਇਹ ਸਮਾਜਿਕ ਇਕਾਈ ਹੈ, ਜਿਸ ਵਿਚ ਮੇਲ-ਜੋਲ ਦੀ ਜ਼ਿਆਦਾ ਗੁੰਜਾਇਸ਼ ਹੁੰਦੀ ਹੈ। ਸਮੂਹ ਉਹ ਵਰਗ ਹੈ ਜਾਂ ਵਰਗਾਂ ਦਾ ਇਕੱਠ ਹੈ ਜੋ ਇਕੋ ਥਾਂ 'ਤੇ ਰਹਿੰਦੇ ਹਨ। ਇਸ ਵਿਚ ਗੁਆਂਢ ਦੇ ਪਰਿਵਾਰ, ਜਿਸ ਵਿਚ ਬਾਜ਼ਾਰ, ਧਾਰਮਿਕ ਥਾਂ, ਖੇਡ ਦੇ ਮੈਦਾਨ, ਸਕੂਲ, ਡਿਸਪੈਂਸਰੀ ਆਦਿ ਆਉਂਦੇ ਹਨ। ਭਾਰਤ ਦੇ ਪਿੰਡਾਂ ਵਿਚ, ਪ੍ਰਸ਼ੰਸਕ ਸਮੂਹ ਜ਼ਿਆਦਾਤਰ ਇਕੋ ਜਾਤ ਦੇ ਪਰਿਵਾਰਾਂ ਦੇ ਬਣੇ ਹੁੰਦੇ ਹਨ। ਪਰ ਸ਼ਹਿਰਾਂ ਅਤੇ ਕਸਬਿਆਂ

ਵਿਚ ਦੇਸ਼ਾਂ ਦੇ ਵੱਖ-ਵੱਖ ਹਿੱਸਿਆਂ ਵਿਚੋਂ ਵੱਖ-ਵੱਖ ਜਾਤਾਂ ਅਤੇ ਬੋਲੀਆਂ ਦੇ ਪਰਿਵਾਰ ਇਕ ਰਿਹਾਇਸ਼ੀ ਥਾਂ 'ਤੇ ਇਕੱਠੇ ਹੋ ਸਕਦੇ ਹਨ।

ਸਮੂਹ ਕਿਸ਼ੋਰਾਂ ਨੂੰ ਹਮਉਮਰ ਸਾਥੀ, ਖੇਡਣ ਦੇ ਮੈਦਾਨ, ਬਾਜ਼ਾਰ, ਸਿਨੇਮਾ ਹਾਲ ਅਤੇ ਸਿੱਖਿਆ ਸੰਸਥਾਵਾਂ ਮੁਹੱਈਆ ਕਰਦਾ ਹੈ। ਕਿਸ਼ੋਰ ਜਦੋਂ ਵੀ ਘਰ ਤੋਂ ਬਾਹਰ ਹੁੰਦੇ ਹਨ, ਉਹ ਆਪਣਾ ਬਹੁਤਾ ਸਮਾਂ ਸਮੂਹ ਵਿਚ ਗੁਜਾਰਦੇ ਹਨ।

ਇਸ ਵਰਗ ਦੇ ਅਲਿਖਤੀ ਨਿਯਮਾਂ 'ਤੇ ਚਲਦੇ ਹਨ। ਕੌਣ-ਕਿਸ ਤਾ ਦੋਸਤ ਹੋ ਸਕਦਾ ਹੈ, ਕਿਨ੍ਹਾਂ ਥਾਵਾਂ ਤੋਂ ਪਰਹੇਜ਼ ਕਰਨਾ ਹੈ, ਇਕ ਸਾਂਝੀ ਥਾਂ 'ਤੇ ਕਿਸ ਤਰ੍ਹਾਂ ਵਿਵਹਾਰ ਕਰਨਾ ਹੈ, ਇਹ ਸਭ ਕੁਝ ਸਮੂਹ ਵਿਚ ਲੋਕਾਂ ਦੇ ਆਪਸੀ ਮੇਲ-ਜੋਲ ਤੋਂ ਸਿਖਿਆ ਜਾਂਦਾ ਹੈ। ਅਸਲ ਵਿਚ 'ਲੋਕ ਕੀ ਕਹਿਣਗੇ?' ਇਕ ਆਮ ਹਊਆ ਹੈ ਜੋ ਮਾਪਿਆਂ ਵੱਲੋ ਆਪਣੇ ਬੱਚਿਆਂ ਦੇ ਵਿਵਹਾਰ ਨੂੰ ਵਾਚਣ ਲਈ ਵਰਤਿਆ ਜਾਂਦਾ ਹੈ। ਕਿਸ਼ੋਰ ਆਪਣੇ ਸਮੂਹ ਕੋਲੋਂ ਪ੍ਰਵਾਨਗੀ ਹਾਸਿਲ ਕਰਨ ਪ੍ਰਤੀ ਸੁਚੇਤ ਹੁੰਦੇ ਹਨ, ਕਿਉਂ ਜੋ ਇਹ ਉਨ੍ਹਾਂ ਦੀ ਸਮਾਜਿਕ ਪਛਾਣ ਦਾ ਮਹਤੱਵਪੂਰਣ ਹਿੱਸਾ ਬਣਦੀ ਹੈ। ਇਕ ਮੁੰਡਾ ਜਾਂ ਕੁੜੀ 'ਚੰਗਾ' ਜਾਂ 'ਚੰਗੀ' ਹੈ, ਜਦੋਂ ਸਮੂਹ ਦੇ ਲੋਕ ਇਸ ਤਰ੍ਹਾਂ ਕਹਿੰਦੇ ਹਨ।

ਵੈਸੇ, ਜਦੋਂ ਸਮੂਹ ਵੱਧ ਫੈਲਿਆ ਹੋਵੇਗਾ, ਜਿਵੇਂ ਕਿ ਸ਼ਹਿਰੀ ਜੀਵਨ ਵਿਚ ਹੁੰਦਾ ਹੈ, ਸਮੂਹ ਨਾਲ ਇਕਜੁਟਤਾ ਦੀ ਭਾਵਨਾ ਘੱਟ ਮਹਤੱਵਪੂਰਣ ਹੋ ਜਾਂਦੀ ਹੈ। ਜੇ ਗੁਆਂਢ ਵਿਚ ਪਰਿਵਾਰ ਅਕਸਰ ਬਦਲਦੇ ਰਹਿਣ ਜਾਂ ਮਾਪਿਆਂ ਦੇ ਕੰਮ ਧੰਦੇ ਕਾਰਣ ਪਰਿਵਾਰ ਨੂੰ ਤੋਰਾ-ਫੇਰਾ ਰਹੇ ਤਾਂ ਗੁਆਂਢ ਵਿਅਕਤਿੱਤਵਹੀਣ ਬਣ ਜਾਵੇਗਾ। ਸਮੂਹ ਦਾ ਹਿੱਸਾ, ਜਿਸ ਨਾਲ ਕਿਸ਼ੋਰ ਸੰਬੰਧ ਰੱਖ ਸਕਣਗੇ, ਉਨ੍ਹਾਂ ਦਾ ਆਪਣਾ ਪਰਿਵਾਰ ਅਤੇ ਹਾਣੀ ਹੋਣਗੇ।

ਹਾਣੀ

'ਹਾਣੀ' ਸ਼ਬਦ ਮੁੰਡੇ ਅਤੇ ਕੁੜੀਆਂ ਲਈ ਆਪਣੇ ਹਮਉਮਰ ਦੇ ਦੂਸਰੇ ਸਾਥੀ ਲਈ ਹੈ। ਹਾਣੀਆਂ ਵਿਚ ਸਿਰਫ਼ ਦੋਸਤ ਹੀ ਨਹੀ, ਹਮਉਮਰ ਵੀ ਸ਼ਾਮਿਲ ਹੁੰਦੇ ਹਨ। ਕਿਸ਼ੋਰ ਅਵਸਥਾ 'ਤੇ, ਦੋਸਤ ਸਭ ਤੋਂ ਮਹਤੱਵਪੂਰਣ ਹਾਣੀ ਹਨ। ਕੀ ਕੋਈ ਕਿਸ਼ੋਰ ਮੁੰਡਾ ਜਾਂ ਕੁੜੀ, ਬਿਨ੍ਹਾਂ ਕਿਸੇ ਦੋਸਤ ਤੋਂ ਜ਼ਿੰਦਗੀ ਚਲਾਉਣ ਬਾਰੇ ਕਲਪਨਾ ਕਰ ਸਕਦਾ ਹੈ? ਇਹ ਸੱਚ ਹੈ ਕਿ ਬਚਪਨ ਤੋਂ ਬਾਅਦ ਸਾਰੇ ਬੱਚੇ ਦੂਸਰੇ ਬੱਚਿਆਂ ਨਾਲ ਖੇਡਦੇ, ਬੋਲਦੇ ਅਤੇ ਦੌੜਦੇ ਹੋਣ ਵੱਡੇ ਹੁੰਦੇ ਹਨ। ਪਰ ਕਿਸੇ ਕਾਰਣ ਕਿਸ਼ੋਰ ਅਵਸਥਾ ਦੌਰਾਨ, ਸੈਕਸ ਅਤੇ ਬੌਧਿਕ ਪ੍ਰੋੜ੍ਹਤਾ ਦੀ ਸ਼ੁਰੂਆਤ ਨਾਲ, ਦੋਸਤੀ ਨਵੇਂ ਪਸਾਰ ਅਖ਼ਤਿਆਰ ਕਰ ਲੈਂਦੀ ਹੈ। ਇਹ ਕਿਸ਼ੋਰਾਂ ਦੇ ਵਿਅਕਤਿੱਤਵ ਵਿਕਾਸ ਵਿਚ ਮਹਤੱਵਪੂਰਣ ਬਣ ਜਾਂਦੇ ਹਨ, ਜੋ ਆਪਣੇ ਵਜੂਦ ਦੀ ਝਲਕ ਇਨ੍ਹਾਂ ਮੇਲ-ਮਿਲਾਪਾਂ ਵਿਚ ਮਹਿਸੂਸ ਕਰਦੇ ਹਨ।

ਮੁੱਢਲੇ ਬਚਪਨ ਵਿਚ, ਬੱਚੇ ਦੂਸਰੇ ਬੱਚਿਆਂ ਨਾਲ ਖੇਡਣਾ ਪਸੰਦ ਕਰਦੇ ਹਨ, ਉਹ

ਭੈਣ-ਭਰਾ, ਚਾਚਾ, ਭੂਆ, ਮਾਸੀ ਪੁੱਤ ਅਤੇ ਹਮਉਮਰ ਸਾਥੀ ਹੋ ਸਕਦੇ ਹਨ। ਉਨ੍ਹਾਂ ਦਾ ਆਪਸੀ ਮੇਲ-ਜੋਲ ਉਸ ਸਮੇਂ ਤਕ ਸੀਮਿਤ ਰਹਿੰਦਾ ਹੈ, ਜਦੋਂ ਤਕ ਇਕੱਠੇ ਰਹਿੰਦੇ ਹਨ। ਬਾਕੀ ਸਮੇਂ ਵਿਚ, ਬੱਚੇ ਪਰਿਵਾਰ ਨਾਂਲ ਰਹਿਣਾ ਪਸੰਦ ਕਰਦੇ ਹਨ। ਮੱਧ ਬਚਪਨ ਦੇ ਵਰ੍ਹਿਆਂ ਵਿਚ, ਕੁਝ ਹਾਣੀਆਂ ਪ੍ਰਤੀ ਦੋਸਤ ਦੇ ਤੌਰ ਤੇ ਤਰਜੀਹ ਦੇਖੀ ਜਾਂਦੀ ਹੈ।

ਖੇਡ ਸਾਥੀਆਂ ਨਾਲ ਪਹਿਲਾਂ ਨਾਲੋਂ ਜ਼ਿਆਦਾ ਸਮਾਂ ਗੁਜ਼ਾਰਿਆ ਜਾਂਦਾ ਹੈ। ਛੋਟੇ-ਛੋਟੇ ਗਰੁੱਪ ਜਿਨ੍ਹਾਂ ਨੂੰ 'ਜੁੰਡਲੀ' ਕਹਿੰਦੇ ਹਨ, ਬਣਨੇ ਸ਼ੁਰੂ ਹੋ ਜਾਂਦੇ ਹਨ, ਕਿਉਂ ਜੋ ਬੱਚੇ ਫੁੱਟਬਾਲ ਅਤੇ ਪੀਹਚੋ ਵਰਗੀਆਂ ਜਥੇਬੰਦਕ ਖੇਡਾਂ ਨਾਲ ਜੁੜਨ ਲੱਗਦੇ ਹਨ। ਖੇਡਣ ਅਤੇ ਹੋਰ ਕੰਮਾਂ ਲਈ ਮੁੰਡੇ-ਕੁੜੀਆਂ ਵੱਖਰੇ ਗਰੁੱਪ ਬਣਾ ਲੈਂਦੇ ਹਨ। ਮਾਪੇ ਆਪਣੀਆਂ ਧੀਆ ਨੂੰ ਮੁੰਡਿਆ ਨਾਲ ਸ਼ਰੇਆਮ ਮਿਲਣ ਲਈ ਪਸੰਦ ਨਾ ਕਰਦੇ ਦੇਖੇ ਜਾਂਦੇ ਹਨ। ਦੋਸਤ ਆਪਸ ਵਿਚ ਕਿਤਾਬਾ ਅਤੇ ਖਿਡੌਣਿਆ ਦਾ ਲੈਣ-ਦੇਣ ਕਰਦੇ ਹਨ। ਉਹ ਘੰਟਿਆਂ ਬੱਧੀ ਇਕ ਦੂਜੇ ਨਾਲ ਗੁਜ਼ਾਰਦੇ ਹਨ, ਪਰ ਇਕ ਦੂਜੇ ਤੋਂ ਅਜਿਹੀਆਂ ਗੱਲਾਂ ਜਿਵੇਂ, 'ਉਸ ਨੇ ਮੈਨੂੰ ਆਪਣਾ ਨਵਾਂ ਪੈਨ ਵਰਤਣ ਤੋਂ ਮਨ੍ਹਾ ਕਰ ਦਿੱਤਾ' ਕਾਰਣ ਅੱਡ ਹੋ ਜਾਦੇ ਹਨ। ਫਿਰ ਵੀ ਇਸ ਉਮਰ 'ਤੇ ਕਿਸੇ ਵੀ ਸਿਆਣੇ ਵਿਅਕਤੀ ਦੇ ਵਿਚ ਪਏ ਬਗੈਰ, ਦੋਸਤੀ ਆਸਾਨੀ ਨਾਲ ਬਹਾਲ ਹੋ ਜਾਂਦੀ ਹੈ।

ਸ਼ੁਰੂ ਤੋਂ ਹੀ, ਹਮਉਮਰ ਵਰਗ ਨਾਲ ਆਪਸੀ ਮੇਲ-ਜੋਲ ਸਮਾਜਿਕ ਸਥਿਤੀਆਂ ਵਿਚ ਵਿਵਹਾਰ ਕਰਨ, ਉਮਰ ਨਾਲ ਢੁੱਕਵੇਂ ਹੁਨਰ ਅਤੇ ਰੁਚੀਆਂ ਅਤੇ ਦੂਸਰਿਆਂ ਨਾਲ ਆਪਣੀਆਂ ਸਮੱਸਿਆਵਾ ਅਤੇ ਭਾਵਨਾਵਾਂ ਵੰਡਾਉਣ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਕਿਸੋਰ ਅਵਸਥਾ ਦੌਰਾਨ, ਦੋਵਾ ਸੈਕਸਾਂ ਦਾ ਹਾਣੀ ਹੋਣ ਨਾਲ ਸਿੱਖਿਆ, ਕੰਮ ਅਤੇ ਵਿਆਹ ਵਿਚ ਪ੍ਰੋੜ੍ਹ ਰਿਸਤੇ ਬਚਾਉਣ ਦਾ ਆਧਾਰ ਮੁਹੱਈਆ ਹੁੰਦਾ ਹੈ।

ਦੋਸਤਾਂ ਪ੍ਰਤੀ ਵਚਨਬੱਧਤਾ ਅਤੇ ਵਫ਼ਾਦਾਰੀ ਕਿਸ਼ੋਰਾ ਲਈ ਮਹਤੱਵਪੂਰਣ ਹੁੰਦੀ ਹੈ। ਵਾਅਦੇ 'ਤੇ ਪੱਕਾ ਰਹਿਣਾ ਮਤਲਬ ਇਤਬਾਰਯੋਗ ਹੋਣਾ ਅਤੇ ਇਸ ਦੀ ਬਹੁਤ ਕਦਰ ਹੁੰਦੀ ਹੈ। ਕਿਸ਼ੋਰ ਇਕ ਦੂਸਰੇ ਨਾਲ ਨਿੱਜੀ ਸਮੱਸਿਆਵਾਂ ਅਤੇ ਬਹੁਤ ਸਾਰੇ ਭੇਤ ਇਹ ਸਮਝ ਕੇ ਸਾਂਝੇ ਕਰਦੇ ਹਨ ਕਿ ਇਹ ਗੁਪਤ ਹੀ ਰੱਖੇ ਜਾਣਗੇ। ਜੇਕਰ ਵਿਸ਼ਵਾਸ ਵਿਚ ਤਰੇੜ ਪੈ ਜਾਵੇ, ਚੰਗੇ ਦੋਸਤ ਰਿਸਤੇ ਨੂੰ ਤੋੜ ਵੀ ਸਕਦੇ ਹਨ। ਮੁਸ਼ਕਿਲ ਸਮੇਂ ਇਕ ਦੂਸਰੇ ਦੀ ਤਰਫ਼ਦਾਰੀ ਕਰਨੀ, ਵਫ਼ਾਦਾਰੀ ਦਾ ਇਮਤਿਹਾਨ ਸਮਝਿਆ ਜਾਂਦਾ ਹੈ। ਇਸ ਲਈ ਜੇ ਅਧਿਆਪਕ ਕਿਸੇ ਇਕ ਵਿਦਿਆਰਥੀ ਨੂੰ ਉਸ ਦੀ ਕਾਰਗੁਜ਼ਾਰੀ ਸੁਧਾਰਨ ਲਈ, ਵਾਧੂ ਕੰਮ ਕਰਨ ਦੀ ਜ਼ਰੂਰਤ ਵੱਲ ਇਸ਼ਾਰਾ ਕਰਦਾ ਹੈ ਤਾਂ ਉਸ ਦੇ ਗਹਿਰੇ ਦੋਸਤ ਉਸ ਦੀ ਮਦਦ ਕਰਨ ਨੂੰ ਆਪਣਾ ਫ਼ਰਜ਼ ਸਮਝਣਗੇ। ਬਹੁਤੀਆਂ ਸਥਿਤੀਆਂ ਵਿਚ ਕਿਸ਼ੋਰ ਦੋਸਤ ਪ੍ਰਤੀ ਵਫ਼ਾਦਾਰੀ ਅਤੇ ਮਾਪਿਆ ਪ੍ਰਤੀ ਵਫ਼ਾਦਾਰੀ ਦੀ ਚੋਣ ਵਿਚਕਾਰ ਦੁਚਿੱਤੀ ਦਾ ਸਾਹਮਣਾ ਕਰਦੇ ਹਨ। ਉਦਾਹਰਣ ਵਜੋਂ, ਰਾਧਾ ਦੇ ਮਾਪਿਆਂ ਨੇ ਉਸ ਨੂੰ ਦੱਸਿਆ ਹੋਵੇਗਾ ਕਿ ਉਹ ਨਹੀਂ ਚਾਹੁੰਦੇ ਕਿ ਉਹ ਅਣਜਾਣ ਲੋਕਾਂ ਦੇ ਘਰ

ਜਾਵੇ। ਉਸ ਦੀ ਸਹੇਲੀ ਸੁਮੀ ਆਪਣੀ ਆਂਟੀ ਦੇ ਘਰ ਜਾਣਾ ਚਾਹੁੰਦੀ ਹੈ ਤੇ ਰਾਧਾ ਨੂੰ ਨਾਲ ਲੈ ਜਾਣਾ ਚਾਹੁੰਦੀ ਹੈ। ਰਾਧਾ ਦੁਬਿਧਾ ਵਿਚ ਹੈ। ਜੇ ਉਹ ਨਹੀਂ ਕਹਿੰਦੀ ਹੈ ਤਾਂ ਉਸ ਦੀ ਸਹੇਲੀ ਪਰੇਸ਼ਾਨ ਹੋਵੇਗੀ। ਪਰ ਜੇ ਉਹ 'ਹਾਂ' ਕਹਿੰਦੀ ਹੈ, ਉਸ ਦੇ ਮਾਪੇ ਨਾਰਾਜ਼ ਹੋਣਗੇ।

ਕਿਸ਼ੋਰ ਇਸ ਤਰ੍ਹਾਂ ਦੀਆਂ ਸਮੱਸਿਆਵਾ ਨੂੰ ਵੱਖ-ਵੱਖ ਤਰੀਕਿਆਂ ਨਾਲ ਸੁਲਝਾਉਣਗੇ। ਕੁਝ ਦੋਸਤਾਂ ਦੇ ਪਾਬੰਦ ਹੋਣ ਦੇ ਇਛੁੱਕ ਹੋਣਗੇ ਅਤੇ ਮਾਪਿਆਂ ਦੀ ਨਾਖੁਸ਼ੀ ਦੇ ਨਤੀਜੇ ਨੂੰ ਝੱਲਣਗੇ। ਕੁਝ ਦੋਸਤ ਨੂੰ ਦੱਸ ਦੇਣਗੇ। ਕਿ ਉਸ ਦੇ ਨਾਲ ਸੰਭਵ ਨਹੀਂ ਅਤੇ ਦੋਸਤ ਦੀ ਨਾਰਾਜ਼ਗੀ ਸਹਿਣਗੇ। ਕੁਝ ਹੋਰ, ਮਾਪਿਆ ਨੂੰ ਆਪਣੇ ਦੋਸਤ ਨਾਲ ਜਾਣ ਲਈ ਮਨਵਾਉਣਗੇ।

ਜਿਆਦਾ ਕਿਸ਼ੋਰਾਂ ਦੇ ਇਕ ਤੋਂ ਵੱਧ ਦੋਸਤ ਹੁੰਦੇ ਹਨ ਜਿਨ੍ਹਾਂ ਨਾਲ ਉਹ ਗਹਿਰਾ ਰਿਸ਼ਤਾ ਵਿਕਸਿਤ ਕਰਦੇ ਹਨ। ਆਮ ਤੌਰ 'ਤੇ ਇਹ ਇਕੋ ਜਿਹੀਆਂ ਮਾਨਸਿਕ ਧਾਰਨਾਵਾਂ ਵਾਲੇ ਦੋਸਤਾਂ ਦਾ ਇਕਮੁੱਠ ਗਰੁੱਪ ਹੁੰਦਾ ਹੈ ਜੋ ਆਪਣਾ ਵਿਹਲਾ ਸਮਾਂ ਇਕ ਦੂਸਰੇ ਨਾਲ ਬਿਤਾਉਣਾ ਪਸੰਦ ਕਰਦੇ ਹਨ। ਭਾਰਤ ਵਿਚ ਅਜਿਹੇ ਜੁੱਟ ਆਮ ਤੌਰ 'ਤੇ ਇਕੋ ਸੈਕਸ ਦੇ ਹੁੰਦੇ ਹਨ। ਕੁੜੀਆਂ ਜ਼ਿਆਦਾ ਸਮਾਂ ਇਕ ਦੂਸਰੇ ਨਾਲ ਗੱਲਾਂ ਕਰਨ ਵਿਚ ਬਿਤਾਉਂਦੀਆਂ ਹਨ ਅਤੇ ਆਪਣੇ ਸੰਬੰਧਾਂ ਵਿਚ ਗਹਿਰੀਆਂ ਅਤੇ ਵਚਨਬੱਧ ਜਾਪਦੀਆਂ ਹੁੰਦੀਆਂ ਹਨ। ਮੁੰਡੇ ਇਕੱਠੇ ਕੰਮ ਕਰਦੇ ਹਨ ਅਤੇ ਹਮੇਸ਼ਾ ਹੀ ਆਪਣੇ ਜਜ਼ਬਾਤਾਂ ਨੂੰ ਬੋਲ ਕੇ ਨਹੀਂ ਪ੍ਰਗਟਾਉਂਦੇ। ਦੋਸਤਾਂ ਨਾਲ ਹਰ ਤਰ੍ਹਾ ਦੀਆਂ ਗੱਲਾ, ਜਿਵੇ ਆਪਣੇ ਸਰੀਰ, ਕੱਪੜੇ, ਦਿਨੇ ਸੁਪਨੇ ਲੈਣਾ, ਇਛਾਵਾ, ਸਮੱਸਿਆਵਾਂ ਜੋ ਉਨ੍ਹਾਂ ਨਾਲ ਸੰਬੰਧਿਤ ਹੋਣ ਕਰਦੇ ਹਨ। ਉਹ ਇਕ ਦੂਸਰੇ ਨੂੰ ਦੱਸਦੇ ਹਨ ਕਿ ਘਰੇ, ਸਕੂਲੇ, ਗੁਆਂਢ ਵਿਚ ਕੀ ਹੋਇਆ। ਕਿਉਂ ਜੋ ਉਨ੍ਹਾ ਦੇ ਖਿਆਲਾ ਅਤੇ ਕਸ਼ਮਕਸ ਦਾ ਮਿਜਾਜ਼ ਇਕੋ ਜਿਹਾ ਹੁੰਦਾ ਹੈ, ਦੋਸਤਾਂ ਨਾਲ ਉਨ੍ਹਾ ਬਾਰੇ ਵਿਚਾਰ-ਵਟਾਦਰਾ ਕਰਨ 'ਤੇ ਬੜੀ ਸੰਤੁਸਟੀ ਮਿਲਦੀ ਹੈ। ਆਪਣੇ ਡਰਾ ਅਤੇ ਕਲਪਨਾਵਾ ਬਾਰੇ ਗੱਲ ਕਰਕੇ, ਉਹ ਮਹਿਸੂਸ ਕਰਦੇ ਹਨ ਕਿ ਜਿਵੇਂ ਉਨ੍ਹਾਂ ਦੇ ਤਜਰਬੇ ਸਾਂਝੇ ਹਨ। ਉਹ ਅਜਿਹੇ ਸਵਾਲਾਂ ਵਿਚ ਆਪਣੇ ਤਣਾਉ ਦੀ ਹੀ ਪ੍ਰਤੀਧੁਨੀ ਮਹਿਸੂਸ ਕਰਦੇ ਹਨ ਜਿਵੇਂ , ਕੀ ਮੈਂ ਨਿੱਕਾ ਰਹਿ ਜਾਵਾਂਗਾ? ਕੀ ਮੇਰੀਆਂ ਛਾਤੀਆ ਠੀਕ ਵਧ ਰਹੀਆ ਹਨ? ਕੀ ਮੈਂ ਠੀਕ ਹਾਂ ਜੇ ਆਪਣੇ ਮਾਪਿਆਂ ਨਾਲ ਨਾ ਸੌਵਾਂ? ਕੀ ਫਿਲਮ ਸਟਾਰ ਬਣਨ ਦੇ ਸੁਫਨੇ ਲੈਣਾ ਠੀਕ ਹੈ?'

ਕਿਸ਼ੋਰ ਜਿਨ੍ਹਾ ਦੀ ਗਹਿਰੀ ਦੋਸਤੀ ਹੁੰਦੀ ਹੈ, ਹਾ ਪੱਖੀ ਸਵੈਮਾਣ ਹਾਸਿਲ ਕਰਦੇ ਹਨ ਕਿਉਂਕਿ ਇਸ ਦਾ ਮਤਲਬ ਹੈ ਉਹ ਹੋਰਾ ਵੱਲੋਂ ਚਾਹੇ ਜਾਦੇ ਹਨ ਅਤੇ ਉਨ੍ਹਾ ਵਿਚ ਦੂਸਰਿਆ ਵੱਲੋਂ ਵਿਸ਼ਵਾਸ ਕੀਤੇ ਜਾਣ ਦੀ ਕਾਬਲੀਅਤ ਹੈ। ਕੁਝ ਕਿਸ਼ੋਰ ਅਜਿਹੇ ਹੋ ਸਕਦੇ ਨੇ, ਜਿਨ੍ਹਾ ਦਾ ਕੋਈ ਗਹਿਰਾ ਦੋਸਤ ਨਾ ਹੋਵੇ ਅਤੇ ਦੂਸਰਿਆਂ ਵੱਲੋਂ ਟਾਲ-ਮਟੋਲ ਕੀਤੇ ਜਾਂਦੇ ਹੋਣ। ਇਹ ਆਰਜ਼ੀ ਸਮੱਸਿਆ ਹੋ ਸਕਦੀ ਹੈ, ਕਹਿ ਲਵੋ ਨਿੱਜੀ ਸੰਕਟ

ਕਰਕੇ, ਜਿਸ ਵਿਚੋਂ ਕਿਸ਼ੋਰ ਲੰਘ ਰਿਹਾ ਹੁੰਦਾ ਹੈ। ਉਦਾਹਰਣ ਵਜੋਂ ਬਿਮਾਰੀ ਇਕ ਵਿਅਕਤੀ ਨੂੰ ਘਰੇ ਬੰਨ੍ਹ ਕੇ ਬਿਠਾ ਦਿੰਦੀ ਹੈ। ਵੈਸੇ ਵਿਅਕਤਿੱਤਵ ਦੇ ਕੁਝ ਖਾਸ ਗੁਣ ਹੋਣ ਕਾਰਣ ਵੀ, ਦੂਸਰਿਆਂ ਨੂੰ ਟਾਲਣ ਦੀ ਸੰਭਾਵਨਾ ਹੁੰਦੀ ਹੈ। ਆਪਸ ਵਿਚ ਵਿਸ਼ਵਾਸ ਵੰਡਣਾ, ਲੈਣ-ਦੇਣ ਨਾ ਕਰਨਾ ਕੁਝ ਗੁਣ ਹਨ ਜੋ ਕਿਸ਼ੋਰਾਂ ਨੂੰ ਦੂਸਰਿਆਂ ਵਿਚ ਗੈਰ ਹਰਮਨਪਿਆਰੇ ਕਰਦੇ ਹਨ। ਜੇ ਕੋਈ ਲੜਕਾ ਆਮ ਤੌਰ 'ਤੇ ਸ਼ਿਕਾਇਤ ਕਰਦਾ ਰਹੇ, ਭੇਤ ਨੂੰ ਛੁਪਾਉਣ ਦੇ ਨਾਕਾਬਿਲ ਹੋਵੇ ਅਤੇ ਆਪਣੀਆਂ ਚੀਜ਼ਾਂ ਅਤੇ ਵਿਚਾਰ ਵੰਡ ਨਾ ਸਕਦਾ ਹੋਵੇ, ਗਰੁੱਪ ਵਿਚ ਉਸ ਦੀ ਮੌਜੂਦਗੀ ਨੂੰ ਬੁਰਾ ਮਨਾਇਆ ਜਾਂਦਾ ਹੈ। ਜੋ ਦਾਅਵੇ ਵਾਲੇ ਹੁੰਦੇ ਹਨ, ਆਪਣੇ ਆਪ ਵਿਚ ਪੱਕੇ ਅਤੇ ਫੈਸਲਾ ਲੈਣ ਵਿਚ ਚੰਗੇ ਹੁੰਦੇ ਹਨ, ਆਪਣੇ ਦੋਸਤਾਂ ਵਿਚ ਨੇਤਾ ਬਣ ਜਾਂਦੇ ਹਨ।

ਆਪਣੇ ਹਾਣੀਆਂ ਵਿਚ ਪ੍ਰਵਾਨਗੀ ਅਤੇ ਪ੍ਰਸਿੱਧੀ ਕਿਸ਼ੋਰਾਂ ਲਈ ਮੱਹਤਵਪੂਰਣ ਹੁੰਦੀ ਹੈ। ਪ੍ਰਵਾਨਗੀ ਹਾਸਿਲ ਕਰਨ ਲਈ, ਮੌਜੂਦ ਹਾਣੀਆਂ ਦੇ ਗਰੁੱਪ ਦੇ ਤੌਰ-ਤਰੀਕੇ ਨੂੰ ਸਮਰੂਪਤਾ ਦੇਣ ਨੂੰ ਪਹਿਲ ਦਿੱਤੀ ਜਾਂਦੀ ਹੈ। ਇਹ ਕੁਝ ਕੁ ਵਿਵਹਾਰ ਜਿਵੇਂ ਬੋਲਚਾਲ ਵਿਚ ਸਲੈਂਗ (Slang)/ਵਰਗ ਬੋਲੀ ਇਸਤੇਮਾਲ ਕਰਨੀ ਜਾਂ ਨਵੇ ਢੰਗ ਦੇ ਵਾਲ ਜਾਂ ਕੱਪੜਿਆਂ ਰਾਹੀਂ ਵੱਖਰੇ ਦਿਖਣ ਅਤੇ ਬੋਲਣ 'ਤੇ ਜ਼ਿਆਦਾ ਦਬਾਅ ਪਾਇਆ ਜਾਂਦਾ ਹੈ। ਪੇਂਡੂ ਜਾ ਸ਼ਹਿਰੀ, ਗਰੀਬ ਜਾਂ ਅਮੀਰ ਦੇ ਸੰਦਰਭ ਵਿਚ ਖਾਸ ਤੌਰ ਤਰੀਕੇ ਵੱਖੋ-ਵੱਖਰੇ ਹੁੰਦੇ ਹਨ। ਫਿਰ ਵੀ, ਆਮ ਤੌਰ 'ਤੇ ਕੋਸ਼ਿਸ਼ ਸੁਤੰਤਰਤਾ ਅਤੇ ਬਾਲਗਾਂ ਦੇ ਦਬਦਬੇ ਤੋਂ ਆਜ਼ਾਦੀ ਦੀ ਭਾਵਨਾ ਪਾਲਣ ਕਰਨ ਦੀ ਹੁੰਦੀ ਹੈ। ਆਜ਼ਾਦੀ ਦੀ ਇਹ ਲੋੜ ਇਸ ਲਈ ਪੈਦਾ ਹੁੰਦੀ ਹੈ ਕਿ ਆਪਣੇ ਆਪ ਹੀ, ਦੁਨੀਆ ਦੀ ਅਤੇ ਰਿਸ਼ਤਿਆ ਦੀ ਵਧ ਰਹੀ ਸਮਝ ਦੇ ਨਤੀਜੇ ਵਜੋਂ ਪਛਾਣ ਦੀ ਭਾਵਨਾ ਪ੍ਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਹੋਰ ਗੱਲ ਹੈ ਕਿ ਆਜ਼ਾਦੀ ਲਈ ਵੱਖ ਵੱਖ ਸਭਿਆਚਾਰ ਕਿਸ਼ੋਰਾਂ ਦੀ ਸਮਰੱਥਾ ਨੂੰ ਵੱਖਰੇ ਢੰਗ ਨਾਲ, ਆਪਣੇ ਨਿਯਮਾਂ ਦੇ ਸਮਰੂਪ ਪੇਸ਼ ਕਰਦੇ ਹਨ।

ਹਮਉਮਰ ਗਰੁੱਪ ਨਾਲ ਜ਼ਿਆਦਾ ਸਮਰੂਪਤਾ ਦੇ ਨਾ-ਪੱਖੀ ਪਹਿਲੂ ਵੀ ਹਨ। ਖਾਸ ਕਰਕੇ ਮੁੰਡੇ ਗੈਂਗ ਬਣਾ ਸਕਦੇ ਹਨ ਜੋ ਮਾਰਧਾੜ ਜਾਂ ਗੈਂਗਾ ਵਿਚਕਾਰ ਦੁਸ਼ਮਣੀ ਨੂੰ ਉਤਸ਼ਾਹਿਤ ਕਰਦੇ ਹਨ। ਗੈਂਗ ਨੇਤਾ ਆਪਣੇ ਮੈਂਬਰਾਂ ਨੂੰ ਗਲੀਆਂ ਵਿਚ ਦੂਜੇ ਗੈਂਗ ਨਾਲ ਲੜਨ ਲਈ ਉਕਸਾਉਂਦੇ ਹਨ। ਮੁੰਡੇ ਇਕ ਵਾਰੀ ਗੁੰਡੇਬਾਜ਼ੀ ਦੇ ਦਾਅਪੇਚਾਂ ਦਾ ਮਜ਼ਾ ਲੈਣਾ ਸ਼ੁਰੂ ਕਰ ਦੇਣੰ ਤਾਂ ਉਹ ਅਣਚਾਹੇ ਵਿਵਹਾਰ ਜਿਵੇਂ ਕੁੜੀਆਂ ਨੂੰ ਛੇੜਨਾ ਅਤੇ ਦੁਕਾਨਾ ਲੁੱਟਣ ਦਾ ਹੀਲਾ ਕਰਦੇ ਹਨ।

ਕਿਸੋਰਾਂ ਲਈ ਦੂਸਰੇ ਸੈਕਸ ਦੇ ਹਮਉਮਰ ਸਾਥੀਆਂ ਵੱਲ ਖਿੱਚੇ ਜਾਣਾ ਕੁਦਰਤੀ ਹੈ। ਮੁੰਡੇ ਕੁੜੀਆਂ ਨੂੰ ਖਿੱਚ ਭਰਪੂਰ ਦਿਖਣਾ ਚਾਹੁੰਦੇ ਹਨ ਅਤੇ ਇਸੇ ਤਰ੍ਹਾਂ ਕੁੜੀਆਂ। ਵਿਪਰੀਤ ਸੈਕਸ ਦੇ ਹਾਣੀ ਉਨ੍ਹਾਂ ਬਾਰੇ ਕੀ ਕਹਿੰਦੇ ਹਨ, ਇਹ ਮਹਤੱਵਪੂਰਣ ਹੈ। ਕਈਆਂ ਨੂੰ ਸਕੂਲੇ, ਕਾਲਜ ਅਤੇ ਗੁਆਂਢ ਵਿਚ ਉਨ੍ਹਾ ਨੂੰ ਮਿਲਣ ਦੀ ਖੁੱਲ੍ਹ ਹੁੰਦੀ

ਹੈ। ਕਈ ਹਾਣੀ ਸਕੂਲ ਜਾਂ ਕਾਲਜ ਨਹੀਂ ਜਾਂਦੇ। ਜੋ ਇਕ ਸੈਕਸ ਵਾਲੀਆਂ ਸੰਸਥਾਵਾਂ ਵਿਚ ਜਾਂਦੇ ਹਨ, ਉਨ੍ਹਾਂ ਨੂੰ ਵਿਪਰੀਤ ਸੈਕਸ ਨਾਲ ਮਿਲਣ ਦੇ ਘੱਟ ਮੌਕੇ ਮਿਲਦੇ ਹਨ। ਕੋਈ ਵੀ ਸੰਦਰਭ ਹੋਵੇ, ਮਹੱਤਵ ਸਮਝੇ ਜਾਣ ਦੀ ਲੋੜ ਸਾਰਿਆਂ ਵੱਲੋਂ ਮਹਿਸੂਸ ਕੀਤੀ ਜਾਂਦੀ ਹੈ। ਸ਼ਹਿਰੀ ਉੱਚ ਘਰਾਣਿਆਂ ਵਿਚ, ਕਿਸ਼ੋਰ ਸਮਾਜਿਕ ਇਕੱਠਾਂ ਜਾਂ ਪਾਰਟੀਆਂ ਵਿਚ ਮਿਲਦੇ ਹਨ, ਜਿੱਥੇ ਉਹ ਇਕੱਠੇ ਖਾਂਦੇ, ਪੀਂਦੇ, ਗੱਲਾ ਕਰਦੇ ਅਤੇ ਡਾਂਸ ਕਰਦੇ ਹਨ। ਹੋਰ ਜਿਨ੍ਹਾਂ ਨੂੰ ਖੁੱਲ੍ਹ ਕੇ ਮਿਲਣ ਦੀ ਇਜਾਜ਼ਤ ਨਹੀਂ ਹੁੰਦੀ ਜਾਂ ਸ਼ਰੇਆਮ ਮਿਲਣ ਪ੍ਰਤੀ ਸਵੈ-ਚੇਤਨ ਹੁੰਦੇ ਹਨ, ਇਕ ਦੂਜੇ ਨੂੰ ਦੂਰੋਂ ਦੇਖਦੇ ਹਨ। ਉਹ ਮੁੰਡੇ ਜਿਨ੍ਹਾਂ ਨਾਲ ਕੁੜੀਆਂ ਬੱਚਿਆਂ ਦੇ ਤੌਰ 'ਤੇ ਖੇਡੀਆਂ ਸਨ, ਹੁਣ ਉਨ੍ਹਾਂ ਦੇ ਦਿਲਾਂ ਦੀ ਵਿਆਕੁਲਤਾ ਦਾ ਕਾਰਣ ਹੁੰਦੀਆਂ ਹਨ। ਉਹ ਜਾਂ ਤਾਂ ਉਨ੍ਹਾਂ ਤੋਂ ਪਰਹੇਜ਼ ਕਰਦੀਆਂ ਹਨ ਜਾਂ ਨਾ ਮਿਲਣ ਦਾ ਕੋਈ ਬਹਾਨਾ ਘੜਦੀਆਂ ਹਨ। ਮੁੰਡੇ ਵੀ ਕੁੜੀਆਂ ਨਾਲ ਗੱਲ ਕਰਨ ਵਿਚ, ਉਨ੍ਹਾਂ ਨੂੰ ਛੇੜਨ ਅਤੇ ਉਨ੍ਹਾਂ ਦਾ ਸਾਥ ਮਾਣਨ ਵਿਚ ਉਤੇਜਿਤ ਮਹਿਸੂਸ ਕਰਦੇ ਹਨ। ਵਿਆਹ, ਮੇਲੇ ਅਤੇ ਧਾਰਮਿਕ ਸਮਾਗਮ ਵਰਗੇ ਅਵਸਰ ਆਪਸੀ ਮੇਲ-ਮਿਲਾਪ ਲਈ ਵਧੀਆ ਮੌਕੇ ਮੁਹੱਈਆ ਕਰਦੇ ਹਨ। ਉਹ ਕਲਪਨਾ ਕਰਦੇ ਹਨ ਕਿ ਉਹ ਪਿਆਰ ਵਿਚ ਹਨ ਅਤੇ ਇਸ ਬਾਰੇ ਆਪਣੇ ਦੋਸਤਾਂ ਨੂੰ ਭਰੋਸੇ ਵਿਚ ਲੈਂਦੇ ਹਨ। ਫਿਰ ਵੀ, ਵਿਪਰੀਤ ਸੈਕਸ ਦੇ ਹਾਣੀ ਨਾਲ ਨੇੜਲੇ ਸੰਬੰਧਾਂ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਕਿਉਂ ਜੋ ਇਸ ਨੂੰ ਭੈੜਾ ਮੰਨਿਆ ਜਾਂਦਾ ਹੈ। ਜੇ ਪ੍ਰੇਮ-ਸੰਬੰਧ ਗੰਭੀਰ ਰੂਪ ਲੈ ਲਵੇ, ਤਾਂ ਕਿਸ਼ੋਰ ਇਸ ਨੂੰ ਗੁਪਤ ਰੱਖਦੇ ਹਨ ਕਿਉਂ ਜੋ ਕਿਸੇ ਵਿਅਕਤੀ ਨਾਲ ਜਜ਼ਬਾਤੀ ਲਗਾਵ ਹੋਣ 'ਤੇ ਵਿਆਹ ਨਾ ਕਰਵਾਉਣਾ ਗਲਤ ਸਮਝਿਆ ਜਾਂਦਾ ਹੈ। ਬਹੁਤ ਘੱਟ ਅਜਿਹੇ ਮਾਮਲੇ ਵਿਆਹ ਤਕ ਸਿਖਰ ਤੇ ਪਹੁੰਚਦੇ ਹਨ, ਕਿਉਂ ਜੋ ਬੱਚਿਆ ਲਈ ਸਾਥੀ ਦੀ ਚੋਣ ਕਰਨਾ ਮਾਪਿਆਂ ਅਤੇ ਪਰਿਵਾਰ ਦੇ ਹੋਰ ਰਿਸ਼ਤੇਦਾਰਾ ਦਾ ਵਿਸ਼ੇਸ਼ ਅਧਿਕਾਰ ਰਹਿੰਦਾ ਹੈ।

ਕੀ ਕਿਸ਼ੋਰ ਆਪਣੇ ਮਾਪਿਆਂ ਅਤੇ ਹਾਣੀਆ ਦੀਆਂ ਕਦਰਾਂ-ਕੀਮਤਾਂ ਵਿਚ ਤਕਰਾਰ ਮਹਿਸੂਸ ਕਰਦੇ ਹਨ? ਦੇਖਣ ਨੂੰ ਹਾਣੀਆਂ ਦਾ ਪ੍ਰਭਾਵ ਮਾਪਿਆਂ ਨਾਲੋਂ ਬੇਮੇਲ ਲੱਗਦਾ ਹੈ। ਜਦੋਂ ਕਿ ਮਾਪੇ ਆਪਣੇ ਦਬਦਬੇ ਦੇ ਆਗਿਆ ਪਾਲਣ ਦੀ ਆਸ ਕਰਦੇ ਹਨ, ਹਾਣੀ ਆਜ਼ਾਦੀ ਦੀ ਕੋਸ਼ਿਸ਼ ਲਈ ਉਤਸ਼ਾਹਿਤ ਕਰਦੇ ਹਨ। ਪਰਿਵਾਰ ਦੇ ਮੈਂਬਰ ਕਿਸ਼ੋਰਾਂ ਨੂੰ ਬੇਢੰਗਾ, ਲਾਪਰਵਾਹ, ਮੂਡੀ ਜਾ ਚੁੱਪਚਾਪ ਰਹਿਣ ਦੇ ਨੁਕਸ ਕੱਢਦੇ ਹਨ ਜਦੋਂ ਕਿ ਦੋਸਤ ਆਪਸ ਵਿਚ ਮਾਯੂਸੀ ਸਾਂਝੀ ਕਰਦੇ ਹਨ। ਜਦੋਂ ਕਿ ਮਾਪਿਆਂ ਦੀ ਕੋਸ਼ਿਸ ਕਿਸ਼ੋਰਾਂ ਨੂੰ ਉਨ੍ਹਾਂ ਦੀ ਉਮਰ ਦੇ ਸਿਲਸਿਲੇ ਵਿਚ ਉਨ੍ਹਾਂ ਦੀ ਥਾਂ ਯਾਦ ਕਰਵਾਉਣ ਦੀ ਹੈ (ਤੂੰ ਸਦਾ ਸਾਡਾ ਬੱਚਾ ਹੀ ਰਹੇਂਗਾ।), ਹਮਉਮਰ ਸਾਥੀਆਂ ਨਾਲ ਮੇਲ-ਜੋਲ ਵੱਡੇ ਹੋਣ ਦੀ ਭਾਵਨਾ ਵਿਅਕਤ ਕਰਦਾ ਹੈ। ਤਾ ਕੀ ਇਸ ਦਾ ਮਤਲਬ ਹੈ ਕਿ ਕਿਸ਼ੋਰਾ ਨੂੰ ਆਪਣੇ ਮਾਪਿਆਂ ਅਤੇ ਹਮਉਮਰ ਸਾਥੀਆਂ ਵਿਚਕਾਰ ਚੋਣ ਕਰਨੀ ਪਵੇਗੀ?

ਭਾਰਤੀ ਕਿਸ਼ੋਰਾਂ ਬਾਰੇ ਖੋਜੀਆਂ ਨੇ ਦਰਸਾਇਆ ਹੈ ਕਿ ਕਈ ਤਰ੍ਹਾਂ ਦੇ ਪ੍ਰਭਾਵੀ ਖੇਤਰ ਹਨ ਜਿਸ ਵਿਚ ਕਿਸ਼ੋਰਾਂ ਨੂੰ ਪਰਿਵਾਰ ਦੀ ਆਸ ਅਨੁਸਾਰ ਅਗਵਾਈ ਦਿੱਤੀ ਜਾਂਦੀ ਹੈ। ਇਹ ਹਨ ਉਨ੍ਹਾਂ ਦੇ ਨੈਤਿਕ ਅਤੇ ਧਾਰਮਿਕ ਵਿਸ਼ਵਾਸ, ਲੋਕਾਂ ਵਿਚ ਵਿਵਹਾਰ, ਸਿੱਖਿਆ ਅਤੇ ਵਿਆਹ ਬਾਰੇ ਵਿਚਾਰ ਅਤੇ ਕੰਮ ਦੀਆਂ ਇਛਾਵਾ। ਉਹ ਖੇਤਰ ਜਿਸ ਵਿਚ ਉਹ ਆਪਣੇ ਹਮਉਮਰ ਲੱਗਦੇ ਹਨ ; ਦਿੱਖ ਅਤੇ ਝੁਕਾਅ, ਵਿਹਲੇ ਸਮੇਂ ਦੇ ਕਾਰਜ ਜਿਵੇਂ ਫਿਲਮਾਂ, ਸੰਗੀਤ, ਨਾਚ ਅਤੇ ਦੂਸਰੇ ਸੈਕਸ ਬਾਰੇ ਗੱਲਾਂ ਬਾਤਾਂ। ਕਿਸ਼ੋਰਾਂ ਦੇ ਵਰਤਾਉ ਵਿਚ ਤਰਜੀਹ ਦਾ ਇਹ ਪੈਟਰਨ, ਭਾਰਤੀ ਪਰਿਵਾਰ ਦੇ 'ਵਿਅਕਤੀਗਤ' ਦੇ ਵਿਰੁੱਧ ਪਰਿਵਾਰਵਾਦ 'ਤੇ ਜ਼ੋਰ ਦੇਣ ਨਾਲ ਮੇਲ ਖਾਂਦਾ ਹੈ। ਬੱਚੇ ਦਾ ਪਾਲਣ-ਪੋਸ਼ਣ ਪਰਿਵਾਰ ਦੇ ਜੁੜੇ ਰਹਿਣ ਦੀ ਮਹੱਤਤਾ ਦੇ ਪਹਿਲੂ ਤੋਂ ਹੁੰਦਾ ਹੈ, ਕਦੇ-ਕਦੇ ਨਿੱਜੀ ਇਛਾਵਾ ਦੇ ਮੁੱਲ 'ਤੇ। ਇਸ ਤਰ੍ਹਾਂ ਦੀਆਂ ਕਈ ਸਜੀਵ ਉਦਾਹਰਣਾਂ ਹਨ, ਜਿਥੇ ਕਿਸੋਰਾਂ ਦੇ ਹੁਨਰ ਨੂੰ ਵਿਕਸਿਤ ਕੀਤਾ ਜਾਂਦਾ ਹੈ ਅਤੇ ਪ੍ਰਾਪਤੀਆ ਵਿਚ ਸਾਰਾ ਪਰਿਵਾਰ ਮਾਣ ਮਹਿਸੂਸ ਕਰਦਾ ਹੈ। ਫਿਰ ਜੇਕਰ ਮਾਪਿਆਂ ਨਾਲ ਸਲਾਹ ਕੀਤੇ ਬਗੈਰ ਪਤਨੀ ਦੀ ਚੋਣ ਕਰਨਾ, ਸਵਾਰਥੀ ਚਲਨ ਸਮਝਿਆ ਜਾਂਦਾ ਹੈ ਜੋ ਕਿ ਪਰਿਵਾਰ ਦੀ ਇਕਮੁੱਠਤਾ ਲਈ ਖ਼ਤਰਾ ਹੁੰਦਾ ਹੈ।

ਕਿਸ਼ੋਰ ਮਹਿਸੂਸ ਕਰਦੇ ਹਨ ਕਿ ਉਨ੍ਹਾ ਦੇ ਮਾਪੇ ਉਨ੍ਹਾ ਨੂੰ ਸਮਝਦੇ ਨਹੀਂ ਕਿਉਂਕਿ ਉਹ ਪੁਰਾਣੀ ਪੀੜ੍ਹੀ ਦੇ ਹਨ। ਇਹ ਪੀੜ੍ਹੀ ਅੰਤਰ ਕਿਸ਼ੋਰਾ ਦੀ ਆਪੇ ਦੀ ਖੋਜ ਦਾ ਵੀ ਹਿੱਸਾ ਹੈ। ਵੱਡਿਆਂ ਨਾਲ ਤਕਰਾਰ ਵਿਚ ਆਉਣਾ, ਭਾਵੇਂ ਉਹ ਮਾਪੇ, ਦਾਦੇ, ਅਧਿਆਪਕ ਜਾਂ ਕੰਮ ਵਾਲੀ ਥਾਂ 'ਤੇ ਮਾਲਕ ਹੋਣ, ਉਨ੍ਹਾ ਦੇ ਵਿਅਕਤਿਤਵ ਵਿਕਾਸ ਦੇ ਜਰੂਰੀ ਪਸਾਰ ਵਜੋਂ ਹਨ ਜੋ ਨਵੀਂ ਦੁਨੀਆਂ ਦੀ ਸਮਝ ਵਿਚ ਵਾਜਬ ਠਹਿਰਨ ਲਈ, ਬਚਪਨ ਦੌਰਾਨ ਅੰਤਰੀਵੀ ਹੋਏ ਨਿਯਮਾ ਨੂੰ ਮੁੜ ਅਰਥ ਦਿੰਦੇ ਹਨ। ਲਗਭਗ ਇਸ ਤਰ੍ਹਾ ਹੈ ਜਿਵੇਂ ਕਿਸੋਰ ਆਪਣੀ ਪ੍ਰਗਟ ਹੋ ਰਹੀ ਸਮਰੱਥਾ ਦੀ ਭਾਵਨਾ ਤਹਿਤ, ਵੱਡਿਆਂ ਨਾਲ ਕਲਪਨਾ ਅਤੇ ਅਮਲ ਦੇ ਪੱਧਰ 'ਤੇ ਟਾਕਰਾ ਕਰਦੇ ਹਨ।

ਸਕੂਲ

ਭਾਰਤ ਵਿਚ, ਸਕੂਲ ਜਾਣ ਵਾਲੇ ਕਿਸੋਰਾਂ ਦਾ ਅਨੁਪਾਤ ਦਾਖ਼ਲ ਕੀਤੇ ਨੰਬਰਾ ਦੀ ਤੁਲਨਾ ਵਿਚ ਕਾਫ਼ੀ ਘੱਟ ਹੈ। ਸਾਲ 1995 ਵਿਚ 11 ਤੋਂ 14 ਸਾਲ ਦੇ ਤਕਰੀਬਨ 4 1 ਕਰੋੜ ਬੱਚੇ ਛੇਵੀਂ ਤੋਂ ਅੱਠਵੀਂ ਜਮਾਤ ਵਿਚ ਦਾਖਲ ਹੋਏ ਜਦੋਂ ਕਿ 1996 ਦੀ ਸਿੱਖਿਆ ਵਿਭਾਗ ਮਾਨਵ ਸੰਸਾਧਨ ਵਿਕਾਸ ਮੰਤਰਾਲੇ, ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ ਨੌਵੀਂ ਤੋਂ ਬਾਹਰਵੀਂ ਤੱਕ ਕਰੀਬ 2 5 ਕਰੋੜ ਬੱਚੇ ਦਾਖਲ ਹੋਏ। ਵੈਸੇ, ਇਨ੍ਹਾ ਵਿਚੋਂ 50 ਫੀਸਦੀ ਤੋਂ ਜ਼ਿਆਦਾ ਸਕੂਲ ਨਹੀਂ ਜਾਦੇ, ਖਾਸ ਕਰ ਜੋ ਸਰਕਾਰ ਵੱਲੋਂ ਚਲਾਏ ਜਾਂਦੇ ਸਕੂਲਾ ਵਿਚ ਦਾਖਲ ਹੋਏ ਹਨ। ਕਾਫ਼ੀ ਸਾਰੇ ਕਿਸ਼ੋਰ ਸਕੂਲ ਤੋਂ ਬਾਹਰ ਹਨ, ਕਿਉਂ ਜੋ ਉਹ ਸਕੂਲ ਨਹੀਂ ਗਏ ਜਾ ਵੱਖ-ਵੱਖ ਪੜਾਵਾ 'ਤੇ ਸਕੂਲ ਛੱਡ ਚੁੱਕੇ ਹਨ। ਸਰਕਾਰੀ ਅੰਕੜੇ

ਦੱਸਦੇ ਹਨ ਕਿ ਤਕਰੀਬਨ 75 ਫ਼ੀਸਦੀ ਬੱਚੇ ਜਦੋਂ ਤਕ ਦਸਵੀਂ ਜਮਾਤ ਕਲਾਸ ਵਿਚ ਪਹੁੰਚਦੇ ਹਨ, ਸਕੂਲ ਛੱਡ ਦਿੰਦੇ ਹਨ।

ਉਹ ਜੋ ਸਕੂਲ ਜਾਂਦੇ ਹਨ ਉਨ੍ਹਾਂ ਦੀ ਜ਼ਿੰਦਗੀ 'ਤੇ ਇਹ ਮਹਤੱਵਪੂਰਣ ਅਸਰ ਕਰਦਾ ਹੈ। ਬੱਚਾ 12ਵੀਂ ਕਲਾਸ ਤਕ ਸਕੂਲ ਜਾ ਸਕਦਾ ਹੈ। ਕੁਝ ਅਜਿਹੇ ਹਨ ਜੋ ਅੱਠਵੀਂ ਤੋਂ ਬਾਅਦ ਸਕੂਲ ਛੱਡ ਦਿੰਦੇ ਹਨ ਜਾਂ ਦਸਵੀਂ ਤੋਂ ਬਾਅਦ। ਸਕੂਲੀ ਸਿੱਖਿਆ ਦੀ ਇਕ ਬਹੁਤ ਵੱਡੀ ਵਿਵਸਥਾ ਸਰਕਾਰੀ ਸਕੂਲ ਪ੍ਰਬੰਧ ਹੈ ਜੋ ਕਿ ਮੁਫ਼ਤ ਹੈ। ਇਸ ਦਾ ਬਦਲ ਪ੍ਰਾਈਵੇਟ ਸਕੂਲਾਂ ਦੀ ਪੜ੍ਹਾਈ ਹੈ, ਖਾਸ ਕਰਕੇ ਸ਼ਹਿਰਾ ਵਿਚ, ਜੋ ਕਿ ਟਰੱਸਟ, ਵਿਉਪਾਰੀ ਜਾਂ ਵਿਅਕਤੀ ਲੋਕਾ ਵੱਲੋਂ ਚਲਾਏ ਜਾਂਦੇ ਹਨ। ਇਹ ਸਕੂਲ ਕਾਫ਼ੀ ਜ਼ਿਆਦਾ ਫੀਸ ਵਸੂਲ ਕਰਦੇ ਹਨ ਅਤੇ ਇਸ ਲਈ ਮੱਧ ਜਾ ਉੱਚ ਸਮਾਜੀ-ਆਰਥਿਕ ਰੁਤਬੇ ਵਾਲੇ ਪਰਿਵਾਰਾਂ ਦੇ ਬੱਚਿਆਂ ਦੀ ਪਹੁੰਚ ਵਿਚ ਹੁੰਦੇ ਹਨ। ਇਸ ਤਰ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਸਪਸ਼ਟ ਸਮਾਜੀ-ਆਰਥਿਕ ਵੱਖਰੇਵਾ ਹੈ। ਸਰਕਾਰੀ ਸਕੂਲ ਮੁੱਢਲੇ ਪੱਧਰ ਲਈ ਕੋਈ ਫੀਸ ਨਹੀਂ ਲੈਂਦੇ ਅਤੇ ਹਾਈ ਪੱਧਰ ਤੇ ਬਹੁਤ ਹੀ ਮਾਮੂਲੀ ਫੀਸ ਲੈਂਦੇ ਹਨ। ਇਸ ਲਈ, ਬੱਚੇ ਜਿਨ੍ਹਾ ਦੇ ਪਰਿਵਾਰ ਗਰੀਬ ਹਨ, ਜੇਕਰ ਕਰਦੇ ਹਨ ਤਾਂ ਸਿਰਫ਼ ਸਰਕਾਰੀ ਸਕੂਲ ਮੁਹੱਈਆ ਕਰ ਸਕਦੇ ਹਨ। ਆਮ ਤੌਰ 'ਤੇ ਸ਼ਹਿਰੀ ਖੇਤਰ ਵਿਚ ਇਨ੍ਹਾਂ ਸਕੂਲਾਂ ਦੀ ਪਛਾਣ ਗਰੀਬਾ ਦੇ ਸਕੂਲ ਵਜੋਂ ਬਣ ਗਈ ਹੈ।

11 ਤੋਂ 18 ਸਾਲ ਦੇ ਸਕੂਲ ਜਾਦੇ ਕਿਸ਼ੋਰਾਂ ਲਈ ਜ਼ਿੰਦਗੀ ਸਕੂਲ ਕ੍ਰਿਆਵਾ ਦੁਆਲੇ ਘੁੰਮਦੀ ਹੈ। ਸਕੂਲ ਦੇ 7-8 ਘੰਟਿਆਂ ਮਗਰੋਂ, ਬੱਚਾ ਘਰ ਵਿਚ ਪੂਰਾ ਕਰਨ ਲਈ ਮਿਲਿਆ ਕੰਮ ਲੈ ਕੇ ਮੁੜਦਾ ਹੈ। ਮਾਪੇ ਆਪਣੇ ਬੱਚਿਆਂ ਤੋਂ ਉਨ੍ਹਾ ਦੀ ਵਿਧੀਵਤ ਸਿੱਖਿਆ ਪ੍ਰਤੀ ਗੰਭੀਰ ਹੋਣ ਲਈ, ਆਪਣੀ ਪੜ੍ਹਾਈ ਵਿਚ ਨਿਯਮਿਤ ਹੋਣ ਲਈ, ਟੈਸਟਾਂ ਅਤੇ ਇਮਤਿਹਾਨਾਂ ਵਿਚ ਵਧੀਆ ਕਾਰਗੁਜਾਰੀ ਲਈ ਆਸ ਰੱਖਦੇ ਹਨ। ਅਸਲ ਵਿਚ, ਜੇ ਸਕੂਲ ਜਾ ਅਧਿਆਪਕ, ਬੱਚਿਆ ਨੂੰ ਰੁੱਝੇ ਰਹਿਣ ਲਈ ਕਾਫ਼ੀ ਕੰਮ ਨਹੀਂ ਦਿੰਦੇ, ਤਾ ਮਾਪੇ ਮਹਿਸੂਸ ਕਰਦੇ ਹਨ ਕਿ ਪੜ੍ਹਾਈ ਦੀ ਪੈਰਵੀ ਗੰਭੀਰਤਾ ਨਾਲ ਨਹੀਂ ਹੋ ਰਹੀ।

ਕਿਸ਼ੋਰਾ ਲਈ, ਸਕੂਲ ਇਕ ਬੋਝ ਵੀ ਹੈ ਖੁਸ਼ੀ ਵੀ। ਬੋਝ ਇਸ ਲਈ ਕਿ ਪੜ੍ਹਾਈ ਦੇ ਢੰਗ ਘਿਸੇ-ਪਿਟੇ ਹਨ ਅਤੇ ਪੜ੍ਹਾਈ ਵਾਲੇ ਕਮਰੇ ਸਖਤ ਅਤੇ ਅਸੁਖਾਵੇਂ ਹਨ। ਕੁਝ ਅਧਿਆਪਕ ਆਪਣੇ ਵਿਦਿਆਰਥੀਆਂ ਦੀਆਂ ਜਰੂਰਤਾਂ ਵੱਲ ਸੰਵੇਦਨਸ਼ੀਲ ਹੁੰਦੇ ਹਨ ਜਿਨ੍ਹਾਂ ਨੂੰ ਅਕਸਰ ਕਰੜੀ ਸਜਾ ਅਤੇ ਹੋਰ ਗੈਰ-ਮਨੁੱਖੀ ਵਤੀਰੇ ਸਹਿਣੇ ਪੈਂਦੇ ਹਨ। ਇਹ ਖੁਸ਼ੀ ਵੀ ਹੈ ਕਿਉਂ ਜੋ ਹਰ ਕੁਝ ਨਵਾ ਸਿੱਖਣ ਦੀ ਵੰਗਾਰ ਅਤੇ ਮੁਕਾਬਲੇ ਦੀ ਭਾਵਨਾ ਹਾਸਿਲ ਹੁੰਦੀ ਹੈ। ਇਹ ਮਜਾ ਵੀ ਹੈ ਕਿਉਂ ਜੋ ਦੋਸਤੀ ਸਕੂਲ ਵਿਚ ਹੁੰਦੀ ਹੈ। ਕਈ ਵਾਰੀ ਕਿਸ਼ੋਰ, ਆਪਣੇ ਬੁਰੇ ਅਧਿਆਪਕ ਦਾ ਮਜ਼ਾਕ ਬਣਾ ਕੇ ਦੁਸ਼ਮਣੀ ਦੀ ਭਾਵਨਾ ਦੀ ਨਿਕਾਸੀ ਕਰਦੇ ਹਨ।

ਪੜ੍ਹਾਈ ਨਾਲ ਜੁੜੀਆਂ ਹੋਰ ਕ੍ਰਿਆਵਾਂ ਜਿਵੇਂ ਕਲਾ, ਸੰਗੀਤ, ਨਾਟਕ, ਭਾਸ਼ਣ ਦੇਣਾ ਅਤੇ ਸਮਾਜਿਕ ਕੰਮ ਵਿਚ ਹਿੱਸਾ ਲੈਣ ਨਾਲ ਮਨ ਅਤੇ ਵਿਅਕਤਿੱਤਵ ਦੀਆਂ ਹੋਰ ਪ੍ਰਬੰਧ-ਯੋਗਤਾਵਾਂ ਦੇ ਵਿਕਾਸ ਦੇ ਮੌਕੇ ਮੁਹੱਈਆਂ ਹੁੰਦੇ ਹਨ। ਸਿੱਖਿਆ ਦੇ ਆਮ ਗੁਰ ਸੰਤੋਸ਼ਜਨਕ ਨਾ ਹੋਣ ਦੇ ਬਾਵਜੂਦ ਕਈ ਅਧਿਆਪਕ ਆਪਣੇ ਕਿਸ਼ੋਰ ਚੇਲਿਆਂ ਨਾਲ ਸਾਂਝ ਕਾਇਮ ਕਰ ਲੈਂਦੇ ਹਨ। ਉਨ੍ਹਾਂ ਦਾ ਵਿਅਕਤੀਗਤ ਤੌਰ-ਤਰੀਕਾ, ਗੱਲਬਾਤ ਦਾ ਢੰਗ ਅਤੇ ਕਦਰਾਂ-ਕੀਮਤਾਂ ਕਿਸ਼ੋਰਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਜੋ ਉਨ੍ਹਾਂ ਨੂੰ ਮਿਸਾਲੀ ਸ਼ਖ਼ਸੀਅਤ ਵਾਂਗ ਦੇਖਦੇ ਹਨ। ਬਾਲਗ ਵਜੋਂ ਕਾਫ਼ੀ ਲੋਕ ਅਧਿਆਪਕਾਂ ਨੂੰ ਯਾਦ ਕਰਦੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ, ਉਨ੍ਹਾਂ ਨੂੰ ਸਫ਼ਲਤਾ ਦਾ ਰਾਹ ਦਿਖਾਇਆ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਤਬਦੀਲ ਕੀਤਾ।

ਉਨ੍ਹਾਂ ਘਰਾਂ ਵਿਚ, ਜਿੱਥੇ ਵਿਧੀਵਤ ਪੜ੍ਹਾਈ ਨੂੰ ਉਚ ਦਰਜਾ ਦਿੱਤਾ ਜਾਂਦਾ ਹੈ, ਸਕੂਲ ਦੀਆਂ ਪ੍ਰਾਪਤੀਆਂ ਨੂੰ ਜ਼ਿੰਦਗੀ ਦੀ ਭਵਿੱਖ ਵਿਚ ਸਫਲਤਾ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਪਰਿਵਾਰਾਂ ਵਿਚ ਕਿਸ਼ੋਰ ਚੰਗੀ ਕਾਰਗੁਜ਼ਾਰੀ ਕਰਨ ਲਈ ਤਣਾਉ ਹੇਠ ਰਹਿੰਦੇ ਹਨ। ਕਈ ਵਾਰੀ ਪੜ੍ਹਾਈ ਦੇ ਘੰਟੇ ਵਧਾਉਣ ਲਈ, ਉਨ੍ਹਾਂ ਦੇ ਵਿਹਲ ਦੇ ਸਮੇਂ ਦੇ ਕੰਮਾਂ ਨੂੰ ਘੱਟ ਕਰ ਦਿੱਤਾ ਜਾਂਦਾ ਹੈ। ਮਾਪੇ ਆਪਣੇ ਬੱਚਿਆਂ ਨੂੰ ਇਮਤਿਹਾਨ ਵਿਚ ਚੰਗੇ ਅੰਕ ਲੈਣ ਦੇ ਯੋਗ ਬਣਾਉਣ ਲਈ ਪ੍ਰਾਈਵੇਟ ਟਿਊਸ਼ਨਾਂ ਲਈ ਵਾਧੂ ਪੈਸੇ ਖਰਚ ਕਰਦੇ ਹਨ। ਦਸਵੀ ਅਤੇ 12ਵੀਂ ਦੇ ਬੋਰਡ ਦੇ ਇਮਤਿਹਾਨਾ ਵਾਲੇ ਸਾਲਾਂ ਵਿਚ ਤਣਾਉ ਸ਼ਿਖਰ 'ਤੇ ਹੁੰਦਾ ਹੈ। ਮੁੰਡੇ ਅਤੇ ਕੁੜੀਆਂ ਜੋ ਲੋੜੀਂਦੇ ਅੰਕ ਹਾਸਲ ਨਹੀ ਕਰਦੇ (ਇਹ 60 ਤੋਂ 100 ਫ਼ੀਸਦੀ ਹੋ ਸਕਦੇ ਹਨ।) ਨੂੰ ਨਖਿੱਧ ਅਤੇ ਨਾਲਾਇਕ ਮਹਿਸੂਸ ਕਰਵਾਇਆ ਜਾਦਾ ਹੈ। ਪਰਿਵਾਰ ਜ਼ਿਆਦਾਤਰ ਮੁੰਡੇ ਦੀਆ ਸਕੂਲੀ ਪ੍ਰਾਪਤੀਆਂ 'ਤੇ ਜਿਆਦਾ ਜ਼ੋਰ ਦਿੰਦੇ ਹਨ ਭਾਵੇਂ ਜ਼ਿਆਦਾਤਰ ਕੁੜੀਆਂ ਸਕੂਲ ਅਤੇ ਬੋਰਡ ਦੇ ਇਮਤਿਹਾਨਾਂ ਵਿਚ ਚੰਗੀ ਕਾਰਗੁਜ਼ਾਰੀ ਕਰਦੀਆਂ ਹਨ। ਕਈ ਕੇਸਾਂ ਵਿਚ ਬੋਰਡ ਦੇ ਇਮਤਿਹਾਨਾ ਦੀ ਕਾਰਗੁਜ਼ਾਰੀ ਇਸ ਹੱਦ ਤਕ ਪਹੁੰਚ ਜਾਦੀ ਹੈ ਕਿ ਇਹ ਕਿਸ਼ੋਰ ਦੇ ਮਾਪਿਆ ਅਤੇ ਕਿਸ਼ੋਰ ਵਿਚਕਾਰ ਤਕਰਾਰ, ਪਰਿਵਾਰ ਦੇ ਮਾਹੌਲ ਵਿਚ ਵਿਘਨ ਅਤੇ ਗੰਭੀਰ ਮਾਨਸਿਕ ਸਮੱਸਿਆਵਾਂ ਦਾ ਕਾਰਣ ਬਣ ਜਾਂਦੇ ਹਨ ਜਾਂ ਉਦਾਸੀ ਵਿਚ ਘਿਰ ਜਾਂਦੇ ਹਨ। ਜਦੋਂ ਉਹ ਆਪਣਾ ਆਖਰੀ ਸਕੂਲੀ ਇਮਤਿਹਾਨ ਪੂਰਾ ਕਰਦੇ ਹਨ ਅਤੇ ਬਾਲਗ ਅਵਸਥਾ ਵਿਚ ਪੈਰ ਧਰਨ ਨੂੰ ਤਿਆਰ ਹੁੰਦੇ ਹਨ, ਯੁਵਕ ਸੁਖ ਦਾ ਸਾਹ ਲੈਂਦੇ ਹਨ।

ਮੀਡੀਆ

ਪਿਛਲੇ ਪੰਜ ਕੁ ਸਾਲਾਂ ਤੋਂ ਜਦੋਂ ਤੋਂ ਪ੍ਰਾਈਵੇਟ ਨੈਟਵਰਕ ਭਾਰਤੀ ਟੀ.ਵੀ. ਦ੍ਰਿਸ਼ ਦਾ ਹਿੱਸਾ ਬਣਿਆ ਹੈ, ਯੁਵਾ ਵਿਅਕਤੀਆਂ ਦੀ ਜ਼ਿੰਦਗੀ ਵਿਚ ਪੂਰੇ ਨਵੇਂ ਪਸਾਰ ਜੁੜ ਗਏ ਹਨ। ਇਸ ਤੋਂ ਪਹਿਲਾਂ ਰੇਡੀਓ, ਫਿਲਮਾਂ ਅਤੇ ਕੁਝ ਹੱਦ ਤਕ ਲਿਖਤੀ ਸਮਾਨ ਬੱਚਿਆ ਅਤੇ

ਕਿਸ਼ੋਰਾਂ ਨੂੰ ਪ੍ਰਭਾਵਿਤ ਕਰਦੇ ਨਜ਼ਰ ਆਉਂਦੇ ਹਨ। ਹੁਣ, ਟੀ.ਵੀ. ਖਾਸ ਕਰਕੇ ਪ੍ਰਾਈਵੇਟ ਚੈਨਲ ਨੈਟਵਰਕ ਨੇ ਕਿਸ਼ੋਰਾਂ ਨੂੰ ਬਹੁਤ ਜ਼ਿਆਦਾ ਰੁਝਾਇਆ ਹੈ। ਫਿਲਮਾਂ ਅਤੇ ਫਿਲਮਾਂ ਦੇ ਆਧਾਰ 'ਤੇ ਦਿਖਾਏ ਜਾਂਦੇ ਪ੍ਰੋਗਰਾਮ ਅਤੇ ਫਿਲਮਾਂ ਚਲਦੀਆਂ ਹੀ ਰਹਿੰਦੀਆਂ ਹਨ। ਸਮੇਂ ਦੇ ਪਹਿਲੂ ਤੋਂ ਇਲਾਵਾ ਫਿਲਮਾਂ ਅਤੇ ਬਹੁਤ ਪ੍ਰੋਗਰਾਮਾਂ ਦੀ ਖਾਸੀਅਤ, ਜੋ ਹਿੰਸਾ, ਸੈਕਸ ਅਤੇ ਜੁਰਮ ਨੂੰ ਬਿਆਨ ਕਰਦੇ ਹਨ, ਇਤਰਾਜ਼ਯੋਗ ਹਨ। ਆਉ ਦੇਖੀਏ ਕਿ ਕਿਸ਼ੋਰ ਟੀ.ਵੀ. ਰਾਹੀਂ ਪ੍ਰਭਾਵਿਤ ਹੁੰਦੇ ਹਨ।

ਨਕਲ ਰਾਹੀਂ : ਤੁਸੀ ਸਹਿਮਤ ਹੋਵੋਗੇ ਕਿ ਇਹ ਤਰੀਕਾ ਜਿਸ ਰਾਹੀਂ ਬੱਚੇ ਵਿਵਹਾਰ ਕਰਨਾ ਸਿੱਖਦੇ ਹਨ, ਦੂਸਰਿਆਂ ਨੂੰ ਦੇਖਣ ਅਤੇ ਉਨ੍ਹਾਂ ਦੀ ਨਕਲ ਕਰਨ ਦਾ ਹੈ। ਜਦੋਂ ਬੱਚੇ ਮਾਂ-ਪਿਉ ਬਣਨ ਦੀ ਖੇਡ ਖੇਡਦੇ ਹਨ, ਉਹ ਆਪਣੇ ਆਪ ਨੂੰ ਮਾਪਿਆਂ ਦੇ ਵਿਵਹਾਰ ਦੀ ਮਿਸਾਲ ਵਜੋਂ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਜਦੋਂ ਇਕ ਕਿਸ਼ੋਰ ਨੂੰ ਟੈਲੀਵੀਜ਼ਨ ਦਾ ਕਿਰਦਾਰ ਖਿੱਚ ਭਰਪੂਰ ਦਿੱਸਦਾ ਹੈ, ਜਿਵੇਂ ਕੋਈ ਮਾਡਲ ਕਮੀਜ਼ ਦੀ ਮਸ਼ਹੂਰੀ ਕਰ ਰਿਹਾ ਹੋਵੇ, ਕਿਸ਼ੋਰ ਉਸ ਦੀ ਅਦਾ ਦੀ ਨਕਲ ਕਰੇਗਾ।

ਉਕਸਾਹਟ ਰਾਹੀਂ : ਜੋ ਕੁਝ ਗਲਤ ਕਾਰਜ ਫਿਲਮਾਂ ਜਾਂ ਟੀ.ਵੀ ਦੀ ਕਹਾਣੀ ਰਾਹੀਂ ਜਾਇਜ਼ ਠਹਿਰਾਏ ਜਾਣ, ਇਹ ਕਿਸ਼ੋਰਾ ਲਈ ਉਸ ਪ੍ਰਤੀ ਸਹਿਮਤੀ ਦਾ ਨਿਰਦੇਸ਼ ਹੁੰਦੇ ਹਨ। ਉਦਾਹਰਣ ਵਜੋਂ, ਜਦੋਂ ਨਾਇਕ ਵੱਲੋਂ ਦਿਖਾਈ ਗਈ ਹਿੰਸਾ ਦਰੁਸਤ ਠਹਿਰਾਈ ਜਾਵੇ ਜਿਵੇਂ ਖਲਨਾਇਕ ਨੂੰ ਮਾਰਨਾ, ਇਹ ਅਸਲੀ ਜਿੰਦਗੀ ਵਿਚ ਗੁੱਸੇ ਦੇ ਕੰਮਾਂ ਨੂੰ ਮਨਜ਼ੂਰੀ ਦਿੰਦੀ ਹੈ।

ਪ੍ਰਭਾਵ ਦੇ ਸੰਚਣ ਰਾਹੀਂ : ਟੀ.ਵੀ. ਵੇਖਣ ਦਾ ਅਸਰ ਇਕਦਮ ਨਹੀਂ ਹੁੰਦਾ ਅਤੇ ਨਾ ਹੀ ਸਦਾ ਸਿੱਧੇ ਤੌਰ 'ਤੇ ਹੁੰਦਾ ਹੈ। ਅਸਿੱਧੇ ਤੌਰ 'ਤੇ ਗ੍ਰਹਿਣ ਕੀਤੇ ਅਤੇ ਇਕੱਠੇ ਹੋਏ ਪ੍ਰਭਾਵ ਅਤੇ ਹਾਸਲ ਕੀਤੇ ਸੁਨੇਹੇ ਦਿਮਾਗ 'ਤੇ ਹੌਲੀ ਹੌਲੀ ਅਸਰ ਕਰਦੇ ਹਨ। ਸਿਹਤਮੰਦ ਟੀ.ਵੀ. ਪ੍ਰੋਗਰਾਮਾਂ ਦਾ ਅਸਰ ਲੰਮੇਰਾ ਅਤੇ ਚੰਗਾ ਪਵੇਗਾ। ਵੈਸੇ, ਕਿਸ਼ੋਰਾਂ ਵਿਚ ਫਿਲਮਾਂ ਅਤੇ ਕਰਤਬ ਵਾਲੇ ਪ੍ਰੋਗਰਾਮਾ ਸਮੇਂ ਹੀ ਟੀ.ਵੀ ਚਲਾਉਣ ਦਾ ਝੁਕਾਅ ਹੁੰਦਾ ਹੈ। ਟੀ.ਵੀ ਵਿਚ ਖ਼ਿਆਲੀ ਦੁਨੀਆ ਦਾ ਵਾਧੂ ਮਸਾਲਾ ਦੇਖਣ ਨਾਲ, ਯੁਵਕ ਇਹ ਅਸਰ ਕਬੂਲ ਕਰਨ ਲੱਗਦੇ ਹਨ ਕਿ ਇਹੋ ਹੀ ਅਸਲੀ ਦੁਨੀਆ ਹੈ।

ਕਾਰਜ ਵਿਚ ਤਬਦੀਲੀ ਰਾਹੀਂ : ਸਿਹਤ ਪ੍ਰਦਾਨ ਕਰਨ ਵਾਲੇ ਹੋਰ ਕਾਰਜਾਂ ਦੇ ਹੋਰ ਬਦਲ ਰਾਹੀਂ, ਭਾਵ ਘੰਟਿਆਂ ਬੱਧੀ ਟੀ ਵੀ ਦੇਖਦੇ ਰਹਿਣ ਨਾਲ, ਲੋਕਾਂ ਦਾ ਤੁਰਨਾ-ਫਿਰਨਾ, ਖੇਡਣਾ, ਪੜ੍ਹਨਾ, ਕੰਮ ਕਰਨਾ, ਹੋਰਾਂ ਨਾਲ ਮਿਲਣਾ-ਜੁਲਣਾ ਘਟ ਜਾਂਦੇ ਹਨ। ਬਹੁਤੇ ਕਿਸ਼ੋਰ ਜਦੋਂ ਲਗਾਤਾਰ ਟੀ.ਵੀ ਦੇਖਦੇ ਹਨ ਤਾਂ ਸੁਸਤ ਅਤੇ ਮੋਟੇ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਸਰੀਰਕ ਕੰਮ ਕਾਫ਼ੀ ਹੱਦ ਤਕ ਘਟ ਜਾਂਦਾ ਹੈ। ਟੀ.ਵੀ ਨੂੰ ਜ਼ਿਆਦਾ ਸਮਾਂ ਦੇਖਣ ਨਾਲ ਅੱਖਾਂ ਦਾ ਨੁਕਸਾਨ ਵੀ ਦਰਜ ਕੀਤਾ ਗਿਆ ਹੈ। ਪੜ੍ਹਾਈ ਦਾ ਸਮਾਂ ਘਟਣਾ ਆਮ ਸ਼ਿਕਾਇਤ ਹੈ।

ਵੈਸੇ, ਮੀਡੀਏ ਨੂੰ ਇਸ ਦੇ ਦੋਸ਼ ਦਾ ਨਿਸ਼ਾਨਾ ਰਾਹੀਂ ਬਣਾਇਆ ਜਾ ਸਕਦਾ। ਕਸੂਰ ਉਨ੍ਹਾਂ ਵਿਚ ਹੈ ਜੋ ਇਸ ਦਾ ਵਿਸ਼ਾ ਨਿਰਧਾਰਿਤ ਕਰਦੇ ਹਨ। ਇਹੋ ਮੀਡੀਆ ਸੂਚਨਾ, ਸਿਹਤਮੰਦ ਮਨੋਰੰਜਨ ਅਤੇ ਨਿੱਜੀ ਸਮੱਸਿਆਵਾਂ ਦੇ ਹੱਲ ਮੁਹੱਈਆ ਕਰਵਾਉਂਦਾ ਹੈ। ਅਸਲੀ ਮੁੱਦਾ ਹੈ ਕਿ ਚੋਣ ਕਿਵੇਂ ਕੀਤੀ ਜਾਂਦੀ ਹੈ।

ਇਕ ਮੁੱਦਾ : ਕੀ ਕਿਸ਼ੋਰ ਅਵਸਥਾ 'ਤੇ ਪਛਾਣ ਸੰਕਟ ਹੁੰਦਾ ਹੈ? ਇਸ ਸਵਾਲ ਦਾ ਕੋਈ ਸਾਧਾਰਣ ਜਵਾਬ ਨਹੀਂ ਹੈ। ਕੁਝ ਮਨੋਵਿਗਿਆਨੀ ਵਿਸ਼ਵਾਸ ਕਰਦੇ ਹਨ ਕਿ ਕਿਸੋਰਾਂ ਦਾ ਕੁਝ ਸਮੇਂ ਲਈ ਇਹ ਮਹਿਸੂਸ ਕਰਨਾ, ਇਹ ਨਾ ਸਮਝ ਆਉਣੀ ਕਿ ਉਹ ਕੀ ਹਨ ਕੁਦਰਤੀ ਹੈ। ਇਹ ਭਾਵਨਾ ਉਨ੍ਹਾਂ ਅਨੁਸਾਰ ਇਸ ਲਈ ਆਉਂਦੀ ਹੈ, ਕਿਉਂ ਜੋ ਕਿਸ਼ੋਰ ਆਪਣੇ ਸਵੈਂ ਬਾਰੇ ਅਤੀਤ ਦੇ ਅਕਸ, ਬਦਲ ਰਹੇ ਸਵੈ ਨਾਲ ਮਿਲਾਉਣ ਲੱਗਦੇ ਹਨ। ਉਹ ਜ਼ਿੰਦਗੀ ਵਿਚ ਦਿਸਾ ਖੋਹ ਜਾਣ ਬਾਰੇ ਮਹਿਸੂਸ ਕਰਦੇ ਹਨ ਕਿਉਂ ਜੋ ਉਨ੍ਹਾਂ ਨੇ ਚੋਣ ਕਰਨੀ ਹੁੰਦੀ ਹੈ ਜਿਵੇਂ ਕਲਾਕਾਰ ਬਣਿਆ ਜਾਵੇ ਕਿ ਇੰਜੀਨੀਅਰ, ਸਮਾਜਵਾਦ ਵਿਚ ਯਕੀਨ ਕੀਤਾ ਜਾਵੇ ਜਾ ਨਾ। ਭਾਵੇਂ ਪਰਿਵਾਰ, ਬਰਾਦਰੀ, ਹਮਉਮਰ ਸਾਥੀ ਕਦਰਾ-ਕੀਮਤਾਂ ਦਾ ਮੂਲ ਢਾਚਾ ਮੁਹੱਈਆ ਕਰਵਾਂਦੇ ਹਨ, ਪਰ ਆਪਣੇ ਆਪ ਨੂੰ ਆਪਣੀਆਂ ਕਦਰਾਂ-ਕੀਮਤਾਂ ਦੇ ਵਿਰੁੱਧ ਪਰਖਣ ਦੀ ਵਿਅਕਤੀਗਤ ਲੋੜ ਹੁੰਦੀ ਹੈ।

ਚੀਜ਼ਾਂ ਨੂੰ ਆਤਮਨਿਰੀਖਣ, ਤਜਰਬਿਆਂ ਅਤੇ ਵਿਚਾਰ-ਵਟਾਂਦਰੇ ਰਾਹੀ ਹੱਲ ਕਰਨ ਦੀ ਕੋਸ਼ਿਸ਼ ਵਿਚ, ਕਿਸੋਰ ਕਦੀ-ਕਦੀ ਤਕਲੀਫ਼ ਮਹਿਸੂਸ ਕਰਦੇ ਹਨ ਅਤੇ ਪੁੱਛਦੇ ਹਨ, "ਮੈ ਕਿੱਥੇ ਜਾ ਰਿਹਾ ਹਾ?" ਮੇਰਾ ਰੁਤਬਾ ਕੀ ਹੈ? ਮੈ ਕੀ ਬਣਾਗਾ?" ਕਿਸਮਤ ਨਾਲ, ਪਛਾਣ ਬਾਰੇ ਸਵੈ-ਸ਼ਕ ਦੀ ਇਹ ਅਵਸਥਾ ਆਰਜੀ ਹੁੰਦੀ ਹੈ। ਇਹ ਫੈਸਲਾਕੁਨ ਮੋੜ ਦੀ ਨਿਸਾਨਦੇਹੀ ਕਰਦੀ ਹੈ। ਹੌਲੀ-ਹੌਲੀ ਜਦੋਂ ਉਹ ਕਿਸ਼ੋਰ ਅਵਸਥਾ ਵਿਚੋਂ ਲੰਘਣਾ ਸ਼ੁਰੂ ਕਰਦੇ ਹਨ, ਉਹ ਆਪਣੇ ਕੁਝ ਕੁ ਸਵਾਲਾ ਦਾ ਜਵਾਬ ਲੱਭਣਾ ਸ਼ੁਰੂ ਕਰ ਲੈਂਦੇ ਹਨ। ਪਛਾਣ ਦੀ ਭਾਵਨਾ ਪਰਿਵਾਰ ਵੱਲੋ ਭੂਮਿਕਾ ਨਿਯਤ ਕਰਨ ਨਾਲ, ਕਲਾਸ ਰੂਮ ਵਿਚ ਰੁਤਬਾ, ਹਮਉਮਰ ਸਾਥੀਆਂ ਵਿਚ ਥਾ ਅਤੇ ਤਿੰਨਾ ਵੱਲੋਂ ਇਕੱਠਿਆਂ ਸੁਝਾਈ ਗਈ ਭਵਿੱਖ ਦੀ ਭੂਮਿਕਾ ਅਤੇ ਕੈਰੀਅਰ ਰਾਹੀਂ ਮਹਿਸੂਸ ਹੁੰਦੀ ਹੈ। ਅਸਲ ਵਿਚ, ਜ਼ਿਆਦਾ ਗਿਣਤੀ ਵਿਚ ਬਦਲ ਹੋਣਗੇ ਤਾਂ ਕਿਸੋਰਾ ਲਈ ਫੈਸਲੇ 'ਤੇ ਪਹੁੰਚਣਾ ਜ਼ਿਆਦਾ ਮੁਸ਼ਕਿਲ ਹੋਵੇਗਾ।

ਆਉ, ਥੋੜ੍ਹਾ ਜਿਹਾ ਕੁੜੀਆਂ ਦੀ ਪਛਾਣ ਬਾਰੇ ਧਿਆਨ ਕੇਂਦ੍ਰਿਤ ਕਰੀਏ। ਸਹਿਰੀ ਉੱਚ ਜਾਂ ਮੱਧ ਵਰਗ ਕੁੜੀਆਂ ਤੋਂ ਉਲਟ, ਉਸੇ ਵਰਗ ਦੀਆ ਪੇਂਡੂ ਕਿਸੋਰ ਲੜਕੀਆ ਕੋਲ ਘੱਟ ਵਿਕਲਪ ਬਦਲ ਹੁੰਦੇ ਹਨ। ਉਸ ਤੋ ਘਰੇ ਰਹਿਣ ਅਤੇ ਘਰ ਦੇ ਕਾਰਜ ਸਿੱਖਣ ਦੀ ਉਮੀਦ ਕੀਤੀ ਜਾਂਦੀ ਹੈ। ਬਾਹਰੀ ਦੁਨੀਆ ਨਾਲ ਉਸ ਦਾ

ਵਾਸਤਾ ਬਹੁਤ ਘੱਟ ਹੁੰਦਾ ਹੈ। ਅਸਲ ਵਿਚ ਹੋ ਸਕਦਾ ਹੈ ਉਸ ਨੇ ਨਾਲ ਵਾਲਾ ਕਸਬਾ ਤਕ ਨਾ ਦੇਖਿਆ ਹੋਵੇ। ਉਹ ਸਕੂਲ ਜਾਂਦੀ ਹੈ ਜੇ ਉਸ ਦੇ ਮਾਪੇ ਆਗਿਆ ਦੇਣ। ਜੇ ਉਹ ਸਕੂਲ ਜਾਂਦੀ ਹੈ, ਉਸ ਦੀ ਪੜ੍ਹਾਈ ਬੰਦ ਹੋ ਜਾਂਦੀ ਹੈ, ਜਦੋਂ ਉਸ ਦਾ ਪਰਿਵਾਰ ਸੋਚਦਾ ਹੈ ਇਹ ਬੰਦ ਹੋ ਜਾਣੀ ਚਾਹੀਦੀ ਹੈ ਜਾ ਜਦੋਂ ਉਨ੍ਹਾਂ 'ਤੇ ਆਰਥਿਕ ਦਬਾਅ ਹੁੰਦਾ ਹੈ। ਪਿੰਡਾਂ ਵਿਚ ਜ਼ਿਆਦਾਤਰ ਗਰੀਬ ਪਰਿਵਾਰ ਹੁੰਦੇ ਹਨ ਅਤੇ ਘਰ ਤੋਂ ਬਾਹਰ ਦਿਹਾੜੀ ਕਰਦੇ ਹਨ ਜਾਂ ਘਰ 'ਤੇ ਆਧਾਰਿਤ ਕੰਮਾਂ ਵਿਚ ਲੱਗੇ ਹੁੰਦੇ ਹਨ। ਉਨ੍ਹਾ ਕੋਲ ਕੱਪੜਿਆਂ ਲਈ ਕੋਈ ਪਸੰਦ ਨਹੀਂ ਹੁੰਦੀ ਅਤੇ ਦੋਸਤਾਂ ਲਈ ਸਮਾਂ ਘੱਟ ਹੁੰਦਾ ਹੈ।

ਲੜਕੀ ਕਿਹੜੇ ਕੱਪੜੇ ਪਾਵੇ, ਉਹਦੇ ਕਿਹੜੇ ਦੋਸਤ ਹੋਣ, ਉਹ ਕਿਵੇਂ ਵਿਵਹਾਰ ਕਰੇ ਅਤੇ ਉਸ ਦਾ ਵਿਆਹ ਕਦੋਂ ਹੋਵੇ, ਇਹ ਸਭ ਪਰਿਵਾਰ ਦੀ ਸਲਾਹ ਨਾਲ ਹੀ ਤੈਅ ਹੁੰਦਾ ਹੈ। ਇਸ ਵਿਸ਼ੇ ਵਿਚ ਬਹੁਤ ਭਿੰਨਤਾਵਾ ਹਨ ਅਤੇ ਪੱਕੇ ਇਰਾਦੇ ਵਾਲੀਆਂ ਕੁੜੀਆਂ ਜੋ ਉਹ ਚਾਹੁੰਦੀਆ ਨੇ ਉਸ ਦੀ ਪ੍ਰਵਾਨਗੀ ਲਈ ਪਰਿਵਾਰ ਨੂੰ ਮੰਨਵਾ ਸਕਦੀਆਂ ਹਨ। ਉਸ ਦੀ ਪਛਾਣ ਦੀ ਭਾਵਨਾ ਸਮਾਜਿਕ ਬੰਧੇਜਾ ਦੇ ਦੁਆਲੇ ਵਿਕਸਿਤ ਹੁੰਦੀ ਹੈ। ਉਸ ਦਾ ਤਣਾਉ ਵਧ ਜਾਦਾ ਹੈ ਜੇ ਉਹ ਸਮੇਂ ਸਿਰ ਆਪਣੇ ਮਾਪਿਆ ਦੀ ਪਸੰਦ ਦੇ ਵਿਅਕਤੀ ਨਾਲ ਵਿਆਹ ਨਹੀਂ ਕਰਵਾਉਂਦੀ। ਉਹ ਲਾਜ਼ਮੀ ਤੌਰ 'ਤੇ ਆਪਣੇ ਆਪ ਨੂੰ ਇਕ ਸੁਤੰਤਰ ਪਛਾਣ ਦੀ ਭਾਵਨਾ ਵਾਲੇ ਵਿਅਕਤੀ ਦੇ ਤੌਰ 'ਤੇ ਨਹੀਂ ਦੇਖਦੀ। ਉਸ ਦੀ ਪਛਾਣ ਉਸ ਦੇ ਲੜਕੀ ਹੋਣ ਦੇ ਕਿਰਦਾਰ ਵਜੋ ਪਰਿਭਾਸ਼ਿਤ ਕੀਤੀ ਜਾਂਦੀ ਹੈ ਜਿਵੇਂ ਭੈਣ, ਫਿਰ ਨੂੰਹ ਤੇ ਪਤਨੀ ਵਜੋਂ ਭਾਵ ਕਿਰਦਾਰ ਵਿਚ ਵਿਅਕਤੀ ਨਾ ਕਿ ਆਪਣੇ ਕਿਰਦਾਰ ਤੋਂ ਛੁੱਟ ਵਿਅਕਤੀ।

ਇਸ ਦਾ ਕੋਈ ਆਸਾਨ ਪਛਾਣ ਚਿੰਨ੍ਹ ਨਹੀਂ ਹੈ ਕਿ ਵਿਅਕਤੀ ਨੇ ਸਪਸ਼ਟ ਪਛਾਣ ਦੀ ਸਮਝ ਹਾਸਿਲ ਕਰ ਲਈ ਹੈ ਜਾ ਉਹ ਪਛਾਣ ਦੇ ਭੰਬਲਭੂਸੇ ਦੀ ਸਥਿਤੀ ਵਿਚ ਹੈ। ਫਿਰ ਵੀ ਜੇ ਕੋਈ ਕੁਝ ਸਵਾਲਾ ਦੇ ਜਵਾਬ ਦੇ ਸਕਦਾ ਹੈ, ਇਹ ਆਪਣੇ ਆਪ ਨੂੰ ਜਾਣਨ ਦੀ ਸੂਝ ਦੇਦਾ ਹੈ. ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰੋ .

ਬਾਕਸ 7

- ਕਿਸ ਤਰ੍ਹਾ ਨਾਲ ਮੈਂ ਵੱਖਰਾ ਸੀ ਜਦੋਂ ਮੈਂ ਛੋਟਾ ਸੀ?
- ਕਿਸ ਤਰ੍ਹਾ ਨਾਲ ਮੈਂ ਉਹੀਓ ਸੀ ਜਦੋਂ ਮੈ ਛੋਟਾ ਸੀ?
- ਕੀ ਮੈ ਆਪਣੇ ਸਰੀਰ ਨਾਲ ਸਾਵਾਂ ਮਹਿਸੂਸ ਕਰਦਾ?
- ਕੀ ਮੇਰੇ ਪਰਿਵਾਰ ਦੇ ਮੈਂਬਰਾਂ ਦੀ ਮੇਰੇ ਬਾਰੇ ਰਾਇ ਮੇਰੇ ਨਾਲ ਮੇਲ ਖਾਂਦੀ ਹੈ?

(ਜਾਰੀ)

- ਕੀ ਮੇਰੇ ਦੋਸਤਾਂ ਦੀ ਮੇਰੇ ਬਾਰੇ ਰਾਇ ਮੇਰੇ ਨਾਲ ਮੇਚ ਖਾਂਦੀ ਹੈ?
- ਕੀ ਮੈਂ ਚੀਜ਼ਾਂ 'ਤੇ ਕਾਬੂ ਮਹਿਸੂਸ ਕਰਦਾਂ, ਜਦੋਂ ਮੈਂ ਵਧ ਰਿਹਾ ਹਾਂ?
- ਕੀ ਮੈਂ ਮਹਿਸੂਸ ਕਰਦਾ ਕਿ ਮੇਰਾ ਭਵਿੱਖ ਮੇਰੇ ਲਈ ਆਸ ਪੈਦਾ ਕਰਦਾ ਹੈ?

6

ਭਵਿੱਖ ਲਈ ਤਿਆਰੀ : ਇਕ ਦੁਬਿਧਾ

ਇਕ ਵਾਰੀ ਫਿਰ ਜੇ ਤੁਸੀ ਪਹਿਲੇ ਅਧਿਆਇ ਵੱਲ ਮੁੜੋ ਅਤੇ ਅਸ਼ੋਕ ਦੇ ਕੇਸ ਨੂੰ ਪੜ੍ਹੋ, ਇਹ ਅੱਜ ਦੇ ਬਹੁਤੇ ਕਿਸ਼ੋਰਾਂ ਦੀ ਦੁਬਿਧਾ ਨੂੰ ਸਪਸ਼ਟ ਕਰ ਦੇਵੇਗਾ। ਕਈ ਸਵਾਲਾਂ ਵਿਚੋਂ ਇਕ ਸਵਾਲ ਹੈ, ਜਿਸ ਦਾ ਕਿਸ਼ੋਰਾਂ ਨੂੰ ਆਪਣੇ ਆਲੇ-ਦੁਆਲੇ ਦੇ ਬਜੁਰਗ ਲੋਕਾਂ ਨੂੰ ਜਵਾਬ ਦੇਣਾ ਪੈਂਦਾ ਹੈ, 'ਤੂੰ ਭਵਿੱਖ ਵਿਚ ਕੀ ਬਣੇਗਾ?' ਮੁੰਡਿਆਂ ਲਈ ਇਸ ਦਾ ਭਾਵ ਉਨ੍ਹਾਂ ਦੇ ਕੰਮ ਅਤੇ ਕੈਰੀਅਰ ਦੇ ਸੰਦਰਭ ਵਿਚ ਹੈ। ਕੁੜੀਆਂ ਲਈ ਮੁੱਖ ਸੰਦਰਭ ਉਨ੍ਹਾਂ ਦੀ ਪਤਨੀ ਵਜੋਂ ਭੂਮਿਕਾ ਦਾ ਹੈ, ਭਾਵੇਂ ਪੜ੍ਹੇ ਲਿਖੇ ਘਰਾਂ ਵਿਚ ਕੰਮਕਾਜੀ ਔਰਤਾਂ ਵੀ ਕਬੂਲੀਆਂ ਜਾਂਦੀਆਂ ਹਨ।

ਕੰਮ, ਕਿੱਤਾ ਅਤੇ ਕੈਰੀਅਰ

ਕਿਸ਼ੋਰ ਇਹ ਦੱਸਣ ਦਾ ਦਬਾਅ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਉਹ ਕੀ ਬਣਨਾ ਚਾਹੁੰਦੇ ਹਨ, ਜਦੋਂ ਉਹ ਆਪਣੀ ਸਕੂਲੀ ਪੜ੍ਹਾਈ ਦੇ ਅੰਤ 'ਤੇ ਪਹੁੰਚਦੇ ਹਨ। ਅਸਲ ਵਿਚ, ਉਨ੍ਹਾਂ ਨੂੰ ਸਕੂਲ ਵਿਚ ਅਕਾਦਮਿਕ ਫੈਸਲਾ ਲੈਣਾ ਪਵੇਗਾ ਜੋ ਉਨ੍ਹਾਂ ਦੇ ਭਵਿੱਖ ਦੀ ਪੜ੍ਹਾਈ ਅਤੇ ਕੈਰੀਅਰ ਦੀ ਲੱਗਭਗ ਪੁਸ਼ਟੀ ਕਰੇਗਾ। ਇਹ ਇਕ ਨਾਜ਼ੁਕ ਪੜਾਅ ਹੈ। ਦਸਵੀਂ ਤਕ ਸਾਰੇ ਵਿਦਿਆਰਥੀ ਇਕੋ ਜਿਹੇ ਵਿਸ਼ੇ ਪੜ੍ਹਦੇ ਹਨ, ਵਿਗਿਆਨ, ਸਮਾਜ ਸ਼ਾਸ਼ਤਰ ਤੇ ਭਾਸ਼ਾ। ਜਦੋਂ ਕਿ 11ਵੀਂ ਜਮਾਤ ਵਿਚ ਜਾਣ ਵੇਲੇ ਵਿਗਿਆਨ, ਕਾਮਰਸ ਅਤੇ ਆਰਟਸ ਧਾਰਾ ਵਿਚ ਚੋਣ ਕਰਨ ਦਾ ਤੱਤ ਮੌਜੂਦ ਹੈ। ਉਂਜ ਵਿਦਿਆਰਥੀ ਜਾਣਦੇ ਹਨ ਕਿ ਪਹਿਲੇ ਦੋਹਾਂ ਵਿਚ ਜਾਣ ਲਈ ਜ਼ਿਆਦਾ ਅੰਕ ਲੈਣੇ ਪੈਣਗੇ। ਇਕ ਵਾਰੀ ਕਿਸੇ ਖਾਸ ਧਾਰਾ ਦੇ ਵਿਸ਼ਿਆਂ ਨਾਲ ਜੁੜਨ ਮਗਰੋਂ, ਉਨ੍ਹਾਂ ਦੇ ਭਵਿੱਖ ਦੀ ਪੜ੍ਹਾਈ ਲਗਭਗ ਤੈਅ ਹੋ ਜਾਂਦੀ ਹੈ।

ਬਹੁਤੇ ਨੌਜਵਾਨ ਜ਼ਿੰਦਗੀ ਵਿਚ ਏਨੀ ਛੇਤੀ, ਆਪਣੇ ਇਸ ਚੋਣ ਦੇ ਫੈਸਲੇ ਨੂੰ ਅਗੇਤਾ ਸਮਝਦੇ ਹਨ। ਵਿਸ਼ਿਆਂ ਦੀ ਦਰਜਾਬੰਦੀ ਵਿਚ, ਜਿੱਥੇ ਭੌਤਿਕ ਵਿਗਿਆਨ ਦਾ ਦਰਜਾ ਪਹਿਲਾ, ਕਾਮਰਸ ਅਤੇ ਆਰਟਸ ਦਾ ਕ੍ਰਮਵਾਰ ਦੂਜਾ ਤੇ ਤੀਜਾ ਹੋਣ ਕਰਕੇ, ਕਈ

ਸਿਰਜਣਾਤਮਕ ਬੁੱਧੀਜੀਵੀਆਂ ਨੂੰ ਸਮਾਜ ਵਿਗਿਆਨ ਨੂੰ ਪਹਿਲੀ ਚੋਣ ਕਰਨ ਲਈ ਵਰਜਦਾ ਹੈ। ਇਕ ਲੜਕੀ ਜਿਸ ਨੇ ਵਿਗਿਆਨੀ ਬਣਨ ਦਾ ਸੁਪਨਾ ਲਿਆ ਹੈ, ਉਸ ਨੂੰ ਸਕੂਲ ਵਿਚ ਵਿਗਿਆਨ ਦੇ ਵਿਸ਼ੇ ਨਹੀਂ ਮਿਲੇ ਕਿਉਂ ਜੋ ਦਸਵੀਂ ਵਿਚ ਉਸ ਦੇ ਅੰਕ ਘੱਟ ਸਨ। ਕਿਸ਼ੋਰਾਂ ਦੀ ਨਿਰਾਸ਼ਾ ਦੇ ਇਸ ਤਰ੍ਹਾਂ ਦੇ ਕਈ ਉਦਾਹਰਣ ਹਨ ਜੋ ਦਰਸਾਉਂਦੇ ਹਨ ਕਿ ਵਰਤਮਾਨ ਭਵਿੱਖ ਦੀਆਂ ਆਸਾਂ ਮੁਹੱਈਆ ਨਹੀਂ ਕਰਦਾ। ਉਨ੍ਹਾਂ ਨੂੰ ਹੋਰ ਕੁਝ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ ਕਿਉਂ ਜੋ ਬਾਕੀ ਸਾਰੇ ਰਾਹ ਬੰਦ ਹੋ ਚੁੱਕੇ ਹੁੰਦੇ ਹਨ।

ਭਾਰਤੀ ਕਿਸ਼ੋਰ ਇੰਜੀਨੀਅਰ, ਡਾਕਟਰ, ਕਲਾਕਾਰ ਵਗੈਰਾ ਬਣਨ ਲਈ ਉਤਸ਼ਾਹਿਤ ਨਹੀਂ ਕੀਤੇ ਜਾਂਦੇ, ਇਸ ਲਈ ਉਨ੍ਹਾਂ ਦੀਆਂ ਵਿਅਕਤੀਗਤ ਇਛਾਵਾ ਹਨ। ਪਰਿਵਾਰ ਅਤੇ ਸਮਾਜਿਕ ਤਾਣਾ-ਬਾਣਾ ਕਿਸ਼ੋਰਾਂ ਦੇ ਭਵਿੱਖ ਬਾਰੇ ਜਾਣਕਾਰੀ ਉਸਾਰਨ ਵਿਚ ਬਹੁਤ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ।

ਸ਼ੁਰੂ ਤੋਂ ਹੀ ਮਾਪੇ ਅਤੇ ਪਰਿਵਾਰ ਦੇ ਹੋਰ ਮਹੱਤਵਪੂਰਣ ਮੈਂਬਰ ਗੱਲਾਂ ਕਰਨ ਲੱਗਦੇ ਹਨ ਕਿ ਉਹ ਆਪਣੇ ਧੀਆਂ ਪੁੱਤਾਂ ਤੋਂ ਵੱਡੇ ਹੋ ਕੇ ਕੀ ਬਣਨ ਦੀ ਆਸ ਕਰਦੇ ਹਨ। ਇਕ ਪਰਿਵਾਰ ਜੋ ਵਪਾਰ ਵਿਚ ਹੈ, ਉਹ ਆਪਣੇ ਪੁੱਤਰ ਦੀ ਪੜ੍ਹਾਈ ਮਗਰੋਂ ਉਸ ਨੂੰ ਵਿਉਪਾਰ ਵਿਚ ਸਾਥ ਦੇਣ ਬਾਰੇ ਵਿਚਾਰ ਕਰੇਗਾ। ਉਹ ਮਾਪੇ ਜਿਨ੍ਹਾਂ ਪਾਸ ਆਪਣੇ ਕੋਲ ਕੋਈ ਸਾਧਨ ਨਹੀਂ, ਆਪਣੇ ਬੱਚਿਆਂ ਦੀ ਵਿਦਿਅਕ ਯੋਜਨਾ ਬਾਰੇ ਚਰਚਾ ਕਰਨਗੇ ਤਾ ਜੋ ਉਹ ਸ਼ਿਖਰ ਤੇ ਪਹੁੰਚ ਸਕਣ। ਕੁਝ ਪਰਿਵਾਰ ਆਪਣੇ ਬੱਚਿਆਂ ਨੂੰ ਉੱਚ-ਸਿੱਖਿਆ ਦਿਵਾਉਣ ਲਈ ਵਿਦੇਸ ਭੇਜਣ ਬਾਰੇ ਵਿਚਾਰਨਗੇ, ਪਰ ਆਪਣੀਆ ਧੀਆਂ ਨੂੰ ਜਦੋਂ ਵੀ ਉਚਿਤ ਵਰ ਮਿਲੇ, ਛੇਤੀ ਵਿਆਹ ਕਰ ਦੇਣਗੇ। ਪਰ ਨਿਮਨ ਸਮਾਜੀ-ਆਰਥਿਕ ਵਸੀਲਿਆਂ ਵਾਲੇ ਪਰਿਵਾਰ ਧੀ ਦੇ ਵਿਆਹ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ ਕਿਉਂ ਜੋ ਉਹ ਖ਼ਰਚੇ ਬਰਦਾਸ਼ਤ ਨਹੀਂ ਕਰ ਸਕਦੇ। ਕਈ ਵਾਰ ਧੀ ਹੀ ਜ਼ੋਰ ਪਾਉਂਦੀ ਹੈ ਕਿ ਉਸ ਦੇ ਸ਼ਾਨਦਾਰ ਵਿਆਹ ਲਈ ਕੁਝ ਪੈਸੇ ਖਰਚੇ ਜਾਣ। ਜੋ ਧੀਆ ਛੇਤੀ ਵਿਆਹ ਲਈ ਵਿਰੋਧ ਕਰਨ ਅਤੇ ਹੋਰ ਅੱਗੇ ਪੜ੍ਹਨਾ ਚਾਹੁੰਣ ਤਾ ਉਨ੍ਹਾਂ ਨੂੰ ਕਈ ਔਕੜਾਂ ਵਿਚੋਂ ਲੰਘਣਾ ਪੈਂਦਾ ਹੈ। ਫਿਰ ਵੀ, ਹੁਣ ਇਕ ਦਹਾਕੇ ਪਹਿਲਾ ਦੀ ਤੁਲਨਾ ਵਿਚ ਜ਼ਿਆਦਾ ਕੁੜੀਆ ਕਾਲਜ ਜਾਂਦੀਆ ਹਨ ਅਤੇ ਉਨ੍ਹਾਂ ਵਿਚੋਂ ਕਾਫ਼ੀ ਇੰਜੀਨੀਅਰ, ਕੰਪਿਊਟਰ ਸਾਇੰਸ ਅਤੇ ਕਾਮਰਸ ਵਰਗੇ ਖੇਤਰਾਂ ਵਿਚ ਦਾਖਲ ਹੋ ਰਹੀਆ ਹਨ, ਜੋ ਪਹਿਲੋਂ ਮੁੰਡਿਆ ਦੇ ਖੇਤਰ ਸਮਝੇ ਜਾਂਦੇ ਸਨ।

ਕਿਸ਼ੋਰ ਜਦੋਂ ਆਪਣੇ ਆਲੇ-ਦੁਆਲੇ ਝਾਕਦੇ ਹਨ ਤਾ ਉਨ੍ਹਾਂ ਦੀ ਭਵਿੱਖ ਬਾਰੇ ਅਨਿਸ਼ਚਿਤਤਾ ਵਧ ਜਾਦੀ ਹੈ। ਉਹ ਪੜ੍ਹੇ-ਲਿਖੇ ਯੁਵਕਾਂ ਨੂੰ ਬੇਰੁਜ਼ਗਾਰ, ਯੋਗ ਅਤੇ ਕਾਬਲ ਲੋਕਾਂ ਨੂੰ ਘੱਟ-ਰੋਜ਼ਗਾਰ 'ਤੇ ਲੱਗਿਆ ਅਤੇ ਕਾਜਕਾਰੀ ਖੇਤਰਾ ਵਿਚ ਨਾਜਾਇਜ ਅਮਲਾ ਨੂੰ ਧਿਆਨ ਨਾਲ ਦੇਖਦੇ ਹਨ। ਉਨ੍ਹਾਂ ਦੀ ਚਿੰਤਾ ਹੁੰਦੀ ਹੈ, 'ਕੀ ਮੇਰੀ ਸਖ਼ਤ ਮਿਹਨਤ ਦੇ ਵਰ੍ਹੇ ਫ਼ਲ ਲਿਆਣਗੇ?' ਅਸਲ ਵਿਚ ਬਹੁਤੇ ਕਿਸ਼ੋਰ, ਜਿਨ੍ਹਾਂ ਨੂੰ ਪਰਿਵਾਰ ਕੋਲ ਸਾਧਨ ਹੁੰਦੇ ਹਨ, ਵਿਦੇਸ਼ਾਂ ਵਿਚ ਪੜ੍ਹਨ ਅਤੇ ਕੰਮ ਕਰਨ ਲਈ ਜਾਣ ਦਾ ਟੀਚਾ ਰੱਖਦੇ ਹਨ।

ਉਨ੍ਹਾਂ ਦਾ ਤਣਾਉ ਨਵੇਂ ਸਭਿਆਚਾਰ ਨੂੰ ਕਬੂਲਣ ਅਤੇ ਉਸ ਨਾਲ ਜੁੜਨ ਵਿਚ ਬਦਲ ਜਾਂਦਾ ਹੈ।

ਕਿਸ਼ੋਰ ਕੁੜੀਆਂ ਬਾਰੇ ਕੀ ਵਿਚਾਰ ਹੈ? ਉਹ ਆਪਣਾ ਭਵਿੱਖ ਕਿਵੇਂ ਮਹਿਸੂਸ ਕਰਦੀਆਂ ਹਨ? ਜੋ ਬਾਹਰਵੀਂ ਜਮਾਤ ਤਕ ਸਕੂਲ ਭੇਜੀਆਂ ਜਾਂਦੀਆਂ ਹਨ, ਭਾਰਤ ਵਿਚ ਉਹ ਸੁਭਾਗਾਂ ਵਾਲਾ ਵਰਗ ਹੈ। ਉਨ੍ਹਾਂ ਵਿਚ ਕੈਰੀਅਰ ਬਾਰੇ ਨਿਸ਼ਾਨਾ ਵੀ ਹੁੰਦਾ ਹੈ ਭਾਵੇਂ ਜ਼ਿਆਦਾਤਰ ਉਨ੍ਹਾਂ ਨੂੰ ਔਰਤਾ ਸੰਬੰਧੀ ਕਿੱਤੇ ਜਿਵੇ ਅਧਿਆਪਕ, ਨਰਸਿੰਗ ਅਤੇ ਸਟੈਨੋਗ੍ਰਾਫੀ ਹੀ ਚੁਣਨ ਲਈ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਉਹ ਚੰਗੀਆਂ ਨੂੰਹਾਂ ਬਣ ਸਕਣ। ਅਸਲ ਵਿਚ, ਕੁੜੀ ਘਰ ਤੋਂ ਬਾਹਰ ਕੰਮ ਕਰੇਗੀ ਕਿ ਨਹੀਂ, ਉਸ ਪਰਿਵਾਰ 'ਤੇ ਨਿਰਭਰ ਕਰਦਾ ਹੈ ਜਿਸ ਵਿਚ ਉਹ ਵਿਆਹੀ ਜਾਵੇਗੀ। ਇਕ ਜੁਆਨ ਔਰਤ ਦੀ ਸਫ਼ਲਤਾ, ਭਾਵੇਂ ਉਹ ਬਾਹਰੀ ਕੰਮ ਕਰਦੀ ਹੈ, ਆਪਣੀ ਪਤਨੀ ਅਤੇ ਨੂੰਹ ਦੀ ਭੂਮਿਕਾ ਨੂੰ ਕਿਵੇਂ ਕਾਮਯਾਬੀ ਨਾਲ ਨਿਭਾਉਂਦੀ ਹੈ, ਇਸ ਰਾਹੀਂ ਪਰਖੀ ਜਾਂਦੀ ਹੈ। ਇਸ ਲਈ, ਸਾਰੇ ਅਮਲੀ ਮਨੋਰਥਾਂ ਲਈ, ਕਿਸ਼ੋਰ ਲੜਕੀ ਵਿਆਹ ਵਿਚ ਇਕ ਯੋਗ ਵਿਅਕਤੀ ਵਲੋਂ ਚੁਣੇ ਜਾਣ ਦੀ ਆਸ ਕਰਦੀ ਹੈ। ਜੇ ਵਿਆਹ ਨਾਲ ਉਹ ਕੈਰੀਅਰ ਨੂੰ ਜਾਰੀ ਰੱਖ ਸਕੇ, ਇਹ ਉਸ ਦੀ ਚੰਗੀ ਕਿਸਮਤ ਸਮਝੀ ਜਾਂਦੀ ਹੈ। ਹੁਣੇ-ਹੁਣੇ ਦੇਖਣ ਵਿਚ ਆਇਆ ਹੈ ਕਿ ਕੁਝ ਕਿਸ਼ੋਰ ਕੁੜੀਆਂ ਆਤਮ-ਨਿਰਭਰਤਾ ਦੀ ਪਛਾਣ ਵੱਲ ਸਾਕਾਰਾਤਮਕ ਕਾਰਜ ਕਰ ਰਹੀਆਂ ਹਨ।

ਉਪਰੋਕਤ ਝਲਕੀ ਮੁੱਢਲੇ ਤੌਰ ਤੇ ਸ਼ਹਿਰੀ ਉੱਚ ਅਤੇ ਮਧ ਵਰਗ ਦੇ ਕਿਸ਼ੋਰਾਂ 'ਤੇ ਲਾਗੂ ਹੁੰਦੀ ਹੈ। ਬਹੁਤ ਸਾਰੇ ਪੇਂਡੂ ਅਤੇ ਕਬਾਇਲੀ ਕਿਸ਼ੋਰਾ ਦਾ, ਭਵਿੱਖ ਦੀ ਤਿਆਰੀ ਦਾ ਤਜਰਬਾ ਕਾਫ਼ੀ ਵੱਖਰਾ ਹੈ। ਕਿਸ਼ੋਰ ਅਵਸਥਾ ਦੇ ਮੁੱਕਣ ਤੋਂ ਕਾਫੀ ਪਹਿਲਾਂ ਉਹ ਆਪਣੇ ਭਵਿੱਖ ਦੇ ਕਿੱਤੇ ਅਤੇ ਕਿਰਦਾਰ ਵਿਚ ਦਾਖ਼ਲ ਹੋ ਜਾਂਦੇ ਹਨ। ਮੁੰਡੇ ਜੇ ਉਹ ਸਕੂਲ ਨਾ ਜਾਂਦੇ ਹੋਣ ਤਾਂ ਕਿਸ਼ੋਰ ਅਵਸਥਾ ਤੋਂ ਪਹਿਲੇ ਸਾਲਾਂ ਵਿਚ ਪਿਤਾ ਪੁਰਖੀ ਕੰਮ ਵਿਚ ਰਚ-ਮਿਚ ਜਾਂਦੇ ਹਨ। ਇਸ ਲਈ ਉਹ ਕਾਰੀਗਰੀ, ਖੇਤੀਬਾੜੀ ਜਾਂ ਵਿਉਪਾਰ ਵਿਚ ਸ਼ਾਮਿਲ ਹੋ ਸਕਦੇ ਹਨ। ਇਥੋ ਤਕ ਕਿ ਸਕੂਲੀ ਬੱਚੇ ਤੋਂ ਵੀ ਨਾਲੋਂ-ਨਾਲ ਕੰਮਕਾਜ ਦੇ ਹੁਨਰ ਸਿੱਖਣ ਦੀ ਆਸ ਕੀਤੀ ਜਾਂਦੀ ਹੈ, ਕਿਉਂ ਜੋ ਵਿਧੀਵਤ ਸਿੱਖਿਆ ਲੰਮੇ ਸਮੇਂ ਵਿਚ ਕਾਫ਼ੀ ਫਾਇਦਾ ਪਹੁੰਚਾਉਣ ਲਈ ਵਿਚਾਰ ਨਹੀਂ ਕੀਤੀ ਜਾਂਦੀ। ਇਨ੍ਹਾਂ ਵਿਚੋਂ ਬਹੁਤ ਘੱਟ ਸਹਿਰਾ ਵਿਚ ਉੱਚ ਸਿੱਖਿਆ ਲਈ ਜਾਂਦੇ ਹਨ।

ਇਸ ਤਰ੍ਹਾਂ ਪੇਂਡੂ ਅਤੇ ਕਬਾਇਲੀ ਮੁੰਡਿਆਂ ਕੋਲ ਉਨ੍ਹਾਂ ਦੇ ਭਵਿੱਖ ਦੇ ਬਾਰੇ ਘੱਟ ਮੌਕੇ ਹੁੰਦੇ ਹਨ। ਵਿਅਕਤੀਗਤ ਪੱਧਰ 'ਤੇ ਇਹ ਸ਼ਾਇਦ ਜ਼ਿਆਦਾ ਮੌਕਿਆਂ ਵਿਚੋਂ ਚੋਣ ਕਰਨ ਦੀ ਨਿਸਬਤ ਘੱਟ ਭੰਬਲਭੂਸੇ ਪੈਦਾ ਕਰੇ। ਉਂਜ ਸਾਰੇ ਬੱਚਿਆ ਲਈ ਵਿਧੀਵਤ ਸਿੱਖਿਆ 'ਤੇ ਵਧ ਰਹੇ ਜੋਰ ਕਾਰਣ ਅਤੇ ਪੇਂਡੂ ਖੇਤਰਾਂ ਵਿਚ ਟੀ.ਵੀ. ਰਾਹੀਂ ਵਿਸ਼ਵ-ਵਿਆਪੀ ਸੂਚਨਾ ਦੇ ਰੂਬਰੂ ਹੋਣ ਕਰਕੇ ਕਿਸ਼ੋਰ, ਸ਼ਹਿਰਾਂ ਵਿਚ ਜ਼ਿਆਦਾ 'ਖਿੱਚ ਭਰਪੂਰ' ਭਵਿੱਖ ਸੰਬੰਧੀ ਮੌਕਿਆਂ ਪ੍ਰਤੀ ਸੁਚੇਤ ਹੋ ਰਹੇ ਹਨ। ਅਸਲ ਵਿਚ ਟੀ.ਵੀ. ਅਤੇ ਫਿਲਮਾਂ ਵਿਚ ਜੋ ਤੜਕ-ਭੜਕ ਉਹ ਦੇਖਦੇ ਹਨ, ਘਰ ਤੋਂ ਸ਼ਹਿਰਾਂ ਵੱਲ ਦੌੜਨ ਦਾ ਕਾਰਣ ਬਣਦੀ

ਹੈ, ਅਕਸਰ ਉਨ੍ਹਾਂ ਨੂੰ ਵਿਗੜਿਆਂ ਹੋਇਆ ਵਿਅਕਤੀ ਅਤੇ ਟੁੱਟੇ-ਥੁੜੇ ਵਿਅਕਤੀ ਵੱਲ ਲੈ ਜਾਂਦੀ ਹੈ।

ਪੇਂਡੂ ਕੁੜੀਆਂ ਦਾ ਰੇਖਾ-ਚਿੱਤਰ ਮੁੰਡਿਆਂ ਨਾਲੋਂ ਵੱਖਰਾ ਹੈ। ਉਹ ਹਮੇਸ਼ਾ ਪੱਖਪਾਤੀ ਵਿਹਾਰ ਹਾਸਲ ਕਰਦੀਆਂ ਹਨ, ਉਨ੍ਹਾਂ ਨੂੰ ਘੱਟ ਮੌਕੇ ਦਿੱਤੇ ਜਾਂਦੇ ਹਨ ਅਤੇ ਉਨਾਂ ਕੋਲੋਂ ਪਰਿਵਾਰ, ਸਮਾਜਿਕ ਨਿਯਮਾਂ ਅਤੇ ਪਰੰਪਰਾ ਵੱਲੋਂ ਨਿਰਧਾਰਿਤ ਰਾਹ ਨੂੰ ਅਖ਼ਤਿਆਰ ਕਰਨ ਦੀ ਆਸ ਕੀਤੀ ਜਾਂਦੀ ਹੈ। ਬੱਚਿਆਂ ਦੇ ਤੌਰ 'ਤੇ ਬਹੁਤ ਘੱਟ ਸਕੂਲ ਜਾਂਦੀਆਂ ਹਨ। ਜੋ ਜਾਂਦੀਆਂ ਹਨ ਉਨ੍ਹਾਂ ਵਿਚੋਂ ਬਹੁਤੇ ਵਿੱਚੋਂ ਛੱਡ ਦਿੰਦੀਆਂ ਹਨ ਕਿਉਂ ਜੋ ਉਨ੍ਹਾਂ ਦੇ ਪਰਿਵਾਰਾਂ ਨੂੰ ਘਰ ਦੇ ਕੰਮ ਲਈ ਉਨ੍ਹਾਂ ਦੀ ਲੋੜ ਹੁੰਦੀ ਹੈ। ਅੱਲ੍ਹੜ ਉਮਰ ਦੀ ਸ਼ੁਰੂਆਤ ਉਨ੍ਹਾਂ ਦੇ ਵਿਆਹ ਦੀ ਨਿਸ਼ਾਨੀ ਹੁੰਦੀ ਹੈ। ਉਨ੍ਹਾਂ ਦੇ ਭਵਿੱਖ ਦੀਆਂ ਆਸਾਂ ਵਿਆਹ, ਬੱਚੇ ਪੈਦਾ ਕਰਨ ਅਤੇ ਪਰਿਵਾਰ ਦੀ ਖ਼ੁਸ਼ਹਾਲੀ ਨਾਲ ਜੁੜੀਆਂ ਹੁੰਦੀਆਂ ਹਨ। ਕੁਝ ਪੜ੍ਹੀਆਂ-ਲਿਖੀਆਂ ਜੋ ਹੋਰ ਅੱਗੇ ਪੜ੍ਹਨਾ ਚਾਹੁੰਦੀਆਂ ਹਨ, ਕਾਲਜ ਪੱਧਰ ਤਕ ਪਹੁੰਚਣ ਜਾਂ ਨਾ ਪਹੁੰਚ ਸਕਣ। ਜੇ ਉਹ ਕਿੱਤਾ ਮੁਖੀ ਕੰਮ ਦੀਆਂ ਇਛੁੱਕ ਹੋਣ ਤਾਂ ਉਹ ਉਸ ਨੂੰ ਸਮਾਜਿਕ ਧਾਰਨਾਵਾਂ ਦੇ ਇਕ ਲੰਮੇ ਅਤੇ ਔਖੇ ਸੰਘਰਸ਼ ਤੋਂ ਬਿਨ੍ਹਾਂ ਹਾਸਲ ਨਹੀਂ ਕਰ ਸਕਦੀਆਂ। ਕਬਾਇਲੀ ਕਿਸ਼ੋਰਾਂ ਦੇ ਸੰਬੰਧ ਵਿਚ ਹਰ ਇਕ ਕਬੀਲੇ ਦੇ ਆਪਣੇ ਰੀਤੀ-ਰਿਵਾਜ ਹਨ, ਇਸ ਤਰ੍ਹਾਂ ਮੁੱਕਦੀ ਗੱਲ ਕਿ 'ਕਬਾਇਲੀ' ਬਚਪਨ ਸੌਖਾ ਨਹੀ ਹੈ।

ਵਿਆਹ

ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਭਾਰਤੀ ਕਿਸ਼ੋਰ ਲੜਕੀਆਂ ਦੇ ਵਿਆਹ ਦੀ ਔਸਤਨ ਉਮਰ 20 ਸਾਲ ਤੋਂ ਘੱਟ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਜਿਹੇ ਸੰਘਣੀ ਆਬਾਦੀ ਵਾਲੇ, ਆਰਥਿਕ ਤੌਰ 'ਤੇ ਪਿਛੜੇ ਰਾਜਾਂ ਵਿਚ 50 ਫੀਸਦੀ ਕੁੜੀਆਂ ਔਸਤਨ 16 ਸਾਲ ਦੀ ਉਮਰ ਤੇ ਵਿਆਹੀਆਂ ਜਾਂਦੀਆਂ ਹਨ। ਕਿਉਂ ਜੋ ਆਮ ਤੌਰ 'ਤੇ ਆਦਮੀ ਜਿਨ੍ਹਾਂ ਨਾਲ ਉਨ੍ਹਾਂ ਦਾ ਵਿਆਹ ਹੁੰਦਾ ਹੈ ਕੁਝ ਸਾਲ ਵੱਡੇ ਹੁੰਦੇ ਹਨ, ਤਾਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਪਤੀ ਵੀ 20 ਦੇ ਨੇੜੇ-ਤੇੜੇ ਹੁੰਦੇ ਹਨ।

ਭਾਰਤੀ ਕਿਸ਼ੋਰਾਂ ਦੀ ਜ਼ਿੰਦਗੀ ਵਿਚ ਵਿਆਹ ਦੀ ਮਹੱਤਤਾ ਦੇ ਪੱਖੋਂ ਇਹ ਇਕ ਮਹੱਤਵਪੂਰਣ ਮੁੱਦਾ ਹੈ। ਸ਼ਹਿਰੀ ਮੱਧ ਵਰਗੀ ਕਿਸ਼ੋਰ ਜੋ ਸਕੂਲ ਦੇ ਸਾਲਾਂ ਤੋਂ ਬਾਅਦ ਕਈ ਵਰ੍ਹੇ ਵਿਧੀਵਤ ਸਿੱਖਿਆ ਹਾਸਲ ਕਰਦੇ ਹਨ ਅਤੇ ਵਿਆਹ ਤੋਂ ਕੁਝ ਸਮਾ ਪਹਿਲਾਂ ਕਮਾਉਂਦੇ ਹਨ, ਹੋ ਸਕਦਾ ਹੈ ਦੇਸ਼ ਦੇ ਬਹੁਤ ਲੋਕਾਂ ਨਾਲ ਆਸਾਨੀ ਨਾਲ ਮੇਲ ਨਾ ਖਾਣ। ਇਨ੍ਹਾਂ ਦੋਹਾਂ ਵਰਗਾਂ ਦੇ ਕਿਸ਼ੋਰਾਂ ਦੇ ਵਿਆਹ ਦੇ ਬਾਰੇ ਤਜਰਬੇ ਕਾਫ਼ੀ ਵੱਖਰੇ ਹਨ। ਵਿਆਹ ਦੇ ਪੂਰਵਗਾਮੀ ਵਜੋਂ, ਕਾਮੁਕਤਾ ਦਾ ਆਰੰਭ, ਸਾਰੇ ਕਿਸ਼ੋਰਾਂ ਲਈ ਚਾਹੇ ਮੁੰਡਾ ਜਾਂ ਕੁੜੀ, ਪੇਂਡੂ, ਸ਼ਹਿਰੀ ਜਾਂ ਕਬਾਇਲੀ ਵਿਪਰੀਤ ਸੈਕਸ ਪ੍ਰਤੀ ਖਿੱਚ ਨਾਲ ਹੁੰਦਾ ਹੈ। ਇਸ ਲਈ ਭਵਿੱਖ ਦੇ ਸਾਥੀ ਬਾਰੇ ਵਿਚਾਰ, ਕਿਸ਼ੋਰਾਂ ਦੇ ਹਵਾਈ ਮਹਿਲ ਬਣਾਉਣ, ਚਰਚਾ

ਕਰਨ ਅਤੇ ਆਸਾਂ ਦਾ ਹਿੱਸਾ ਹੁੰਦੇ ਹਨ। ਉਹ ਜੋ ਛੇਤੀ ਵਿਆਹੇ ਜਾਣਗੇ, ਚੋਣ ਤਕਰੀਬਨ ਪਰਿਵਾਰ ਦੇ ਹੱਥ ਹੁੰਦੀ ਹੈ। ਪਰਿਵਾਰ ਦੇ ਵੱਡੇ ਮੈਂਬਰ ਉਮਰ ਦੀ ਯੋਗਤਾ, ਸਾਥੀ ਦੀ ਕਿਸਮ ਅਤੇ ਅਨੁਕੂਲਤਾ ਦੇ ਹੋਰ ਨਜ਼ਰੀਏ ਤੋਂ ਫੈਸਲਾ ਕਰਦੇ ਹਨ। ਮੁੰਡੇ ਜੇਕਰ ਵੀਹ ਵਰ੍ਹਿਆਂ ਤੋਂ ਵੱਡੇ ਹੋਣ ਤਾਂ ਕੁਝ ਰਾਏ ਪ੍ਰਗਟ ਕਰ ਸਕਦੇ ਹਨ। ਪਰ ਕੁੜੀਆਂ ਕੋਲੋਂ ਉਸ ਦੀ ਮਰਜ਼ੀ ਬਾਰੇ ਕਦੇ ਹੀ ਪੁੱਛਿਆ ਜਾਂਦਾ ਹੈ ਜੇ ਘਰਦਿਆਂ ਨੇ ਉਸ ਲਈ ਵਰ ਲੱਭ ਲਿਆ ਹੋਵੇ। ਕੁੜੀਆਂ ਆਪਣੇ ਪਤੀ ਨੂੰ ਕਬੂਲ ਕਰਦੀਆਂ ਹਨ, ਜਿਸ ਨੂੰ ਜਦ ਤਕ ਉਨ੍ਹਾਂ ਦਾ ਵਿਆਹ ਨਹੀ ਹੁੰਦਾ, ਦੇਖਿਆ ਜਾ ਮਿਲੀਆਂ ਨਹੀਂ ਹੁੰਦੀਆਂ। ਇਸੇ ਤਰ੍ਹਾਂ ਹੀ ਬਹੁਤੇ ਵਾਰੀ ਮੁੰਡੇ ਕਰਦੇ ਹਨ। ਇਸ ਪੜਾਅ 'ਤੇ ਤੁਸੀ ਪਹਿਲਾਂ ਦੱਸੀ ਜਾਨਕੀ ਦੀ ਕਹਾਣੀ ਯਾਦ ਕਰ ਸਕਦੇ ਹੋ ਭਾਵੇਂ ਉਸ ਦੇ ਵਿਆਹ ਲਈ ਹਾਲਾਤ ਕੁਝ ਵਿਲੱਖਣ ਸਨ।

ਇੱਥੇ ਇਕ ਹੋਰ ਕੁੜੀ ਦੇ ਰੇਖਾ ਚਿੱਤਰ ਦਾ ਸੰਖੇਪ ਹੈ ਜਿਸ ਨਾਲ ਕੁੜੀਆਂ ਦੇ ਸਰਵਭਾਰਤੀ ਅਧਿਐਨ ਲਈ ਮੁਲਾਕਾਤ ਕੀਤੀ ਗਈ ਹੈ। ਇਹ ਸ਼ਹਿਰੀ ਝੌਂਪੜਪੱਟੀ ਦੀ ਕੁੜੀ ਦੇ ਵਿਆਹ ਦੇ ਮੁੱਦੇ ਦੀ ਮਿਸਾਲ ਹੈ। ਉਸ ਦੀ ਪਛਾਣ ਛੁਪਾਉਣ ਲਈ ਉਸ ਦਾ ਨਾਂ ਬਦਲ ਦਿੱਤਾ ਗਿਆ ਹੈ।

ਬਾਕਸ 8

ਗੀਤਾ 15 ਸਾਲ ਦੀ ਹੈ ਅਤੇ 9 ਮੈਂਬਰਾ ਦੇ ਪਰਿਵਾਰ ਵਿਚ ਝੌਂਪੜਪੱਟੀ ਵਿਚ ਰਹਿੰਦੀ ਹੈ। ਪਰਿਵਾਰ ਫੁੱਲ ਅਤੇ ਫੁੱਲ ਦੀਆ ਕਿਸਮਾਂ ਵੇਚ ਕੇ ਤਕਰੀਬਨ 1000 ਤੋਂ 1500 ਰੁਪਏ ਕਮਾਉਂਦਾ ਹੈ। ਗੀਤਾ ਦੀ ਬਿਰਾਦਰੀ ਪੱਕਾ ਵਿਸ਼ਵਾਸ ਕਰਦੀ ਹੈ ਕਿ ਕੁੜੀਆਂ ਨੂੰ ਸਕੂਲ ਭੇਜਣ ਦੀ ਉੱਕਾ ਹੀ ਲੋੜ ਨਹੀਂ। ਉਨ੍ਹਾਂ ਦਾ ਵਿਆਹ ਉਸ ਮੁੰਡੇ ਨਾਲ ਕਰ ਦਿਓ ਜੋ ਪੜ੍ਹ ਲਿਖ ਸਕਦਾ ਹੋਵੇ। ਉਸ ਦੇ ਮਾਪੇ ਵਿਸ਼ਵਾਸ ਕਰਦੇ ਹਨ ਕਿ ਪੜ੍ਹੀਆਂ ਲਿਖੀਆਂ ਕੁੜੀਆਂ ਵਿਆਹ ਦੇ ਸਿਲਸਿਲੇ ਵਿਚ ਪਸੰਦ ਨਹੀਂ ਕੀਤੀਆਂ ਜਾਂਦੀਆਂ ਕਿਉਂ ਜੋ ਉਹ ਨਿਮਰ, ਆਗਿਆਕਾਰੀ ਜਾਂ ਮਿਹਨਤੀ ਨਹੀਂ ਹੋਣਗੀਆਂ ਅਤੇ ਗੁਮਰਾਹ ਹੋ ਜਾਂਦੀਆਂ ਹਨ।

ਗੀਤਾ ਆਪਣਾ ਸਾਰਾ ਸਮਾਂ ਘਰੇਲੂ ਕੰਮ-ਕਾਜ ਵਿਚ ਲੰਘਾਉਂਦੀ ਹੈ। ਉਹ ਸਵੇਰੇ ਛੇ ਵਜੇ ਉੱਠ ਜਾਂਦੀ ਹੈ ਅਤੇ ਪਾਣੀ ਭਰਦੀ ਹੈ, ਭਾਂਡੇ ਸਾਫ਼ ਕਰਦੀ ਹੈ ਅਤੇ ਪਰਿਵਾਰ ਲਈ ਚਾਹ ਬਣਾਉਂਦੀ ਹੈ। ਜਦੋਂ ਸਾਰੇ ਕੰਮਾਂ 'ਤੇ ਚਲੇ ਜਾਂਦੇ ਹਨ, ਗੀਤਾ ਛੋਟੇ-ਭਰਾਵਾਂ ਨੂੰ ਦੇਖਣ, ਸਫ਼ਾਈ ਅਤੇ ਖਾਣਾ ਬਣਾਉਣ ਲਈ ਘਰ ਰਹਿੰਦੀ ਹੈ। ਦੁਪਹਿਰੇ ਉਹ ਫੁੱਲਾਂ ਦੇ ਹਾਰ ਅਤੇ ਗਜਰੇ ਬਣਾਉਂਦੀ ਹੈ। ਗੀਤਾ ਮਹਿਸੂਸ ਕਰਦੀ ਹੈ ਸਾਰੀਆਂ ਕੁੜੀਆਂ ਨੂੰ ਪੜ੍ਹੀਆਂ-ਲਿਖੀਆਂ ਹੋਣਾ ਚਾਹੀਦਾ ਹੈ। ਉਸ ਦੇ ਮਾਪੇ ਉਸ ਦਾ ਛੇਤੀ ਵਿਆਹ ਕਰਨਾ ਚਾਹੁੰਦੇ ਹਨ। ਬਹੂ ਦੇ ਮੁੱਲ

(ਜਾਰੀ)

ਦਾ ਰਿਵਾਜ ਉਨ੍ਹਾਂ ਦੀ ਬਿਰਾਦਰੀ ਵਿਚ ਚਲਦਾ ਹੈ। ਉਹ ਬਹੂ ਦਾ ਮੁੱਲ ਲੈਂਦੇ ਹਨ ਭਾਵ ਦੁਲਹੇ ਵਾਲਿਆਂ ਤੋਂ ਆਪਣੀ ਧੀ ਲਈ ਪੈਸੇ। ਗੀਤਾ ਉਸ ਮੁੰਡੇ ਨਾਲ ਵਿਆਹ ਕਰੇਗੀ ਜੋ ਉਸ ਦੇ ਮਾਪੇ ਉਸ ਲਈ ਚੋਣ ਕਰਨਗੇ। ਉਹ ਚਾਹੁੰਦੀ ਹੈ ਕਿ ਉਹ ਵਪਾਰ ਵਿਚ ਚੰਗਾ ਮਾਹਰ ਹੋਵੇ, ਚੰਗਾ ਕਮਾਏ ਅਤੇ ਸ਼ਰਾਬ ਨਾ ਪੀਵੇ ਤੇ ਜੂਆ ਨਾ ਖੇਡੇ ਅਤੇ ਆਪਣੀ ਪਤਨੀ ਨੂੰ ਨਾ ਕੁੱਟੇ। ਉਸ ਦੇ ਮਾਪੇ ਉਸ ਦਾ ਵਿਆਹ ਆਪਣੀ ਬਿਰਾਦਰੀ ਦੇ ਇਜ਼ਤਦਾਰ ਪਰਿਵਾਰ ਵਿਚ ਕਰਨਾ ਚਾਹੁੰਦੇ ਹਨ ਤਾ ਜੋ ਉਨ੍ਹਾਂ ਦੇ ਆਪਣੇ ਪਰਿਵਾਰ ਦਾ ਨਾਂ ਅੱਗੇ ਵਧੇ।

ਰਿਸ਼ਤੇ ਵਿਚ ਪਿਆਰ ਦਾ ਤੱਤ ਵਿਕਸਿਤ ਹੋਵੇਗਾ, ਇਹ ਆਸ ਰੱਖੀ ਜਾਂਦੀ ਹੈ। ਜੋੜਾ ਹੌਲੀ-ਹੌਲੀ ਇਕ ਦੂਜੇ ਨੂੰ ਚਾਹੁਣ ਲੱਗੇਗਾ ਅਤੇ ਸਮਾਜ ਉਨ੍ਹਾਂ ਤੋਂ ਇਹੋ ਉਮੀਦ ਕਰਦਾ ਹੈ। ਉਂਜ ਜੇ ਲਗਾਵ ਵਿਕਸਿਤ ਨਾ ਹੋਵੇ ਜਾਂ ਪਤੀ-ਪਤਨੀ ਵਿਚ ਬੇਵਫ਼ਾਈ ਹੋਵੇ, ਵਿਆਹ ਫਿਰ ਵੀ ਸਹੀ-ਸਲਾਮਤ ਰਹਿਣ ਦੀ ਉਮੀਦ ਹੁੰਦੀ ਹੈ। ਕਿਸ਼ੋਰ ਉਸ ਸਮਾਜਿਕ ਵਾਤਾਵਰਣ ਵਿਚ ਵੱਡੇ ਹੁੰਦੇ ਹਨ, ਜਿੱਥੇ ਇਹ ਸੰਦੇਸ਼ ਮਿਲਦਾ ਹੈ ਕਿ ਵਿਆਹ ਸਿਰਫ ਦੋ ਵਿਅਕਤੀਆਂ ਵਿਚਕਾਰ ਰਿਸ਼ਤਾ ਨਹੀਂ ਹੈ, ਸਗੋਂ ਦੋ ਪਰਿਵਾਰਾਂ ਵਿਚਕਾਰ ਹੈ। ਇਸ ਲਈ ਮਾਪੇ ਅਤੇ ਪਰਿਵਾਰ ਤੇ ਹੋਰ ਮੈਂਬਰ ਹੌਲੀ-ਹੌਲੀ ਆਦਮੀ ਅਤੇ ਔਰਤ ਦੇ ਰਿਸ਼ਤੇ ਨੂੰ ਪੱਕਿਆਂ ਕਰਨ ਵਿਚ ਰੁਚਿਤ ਹੁੰਦੇ ਹਨ।

ਵਿਦੇਸ਼ਾਂ ਵਿਚ ਰਹਿੰਦੇ ਯੁਵਕਾਂ ਵਾਂਗ ਨਹੀਂ ਜਿੱਥੇ ਉਨ੍ਹਾਂ ਤੋਂ ਆਪਣਾ ਸਾਥੀ ਆਪ ਤਲਾਸ਼ ਕਰਨ ਦੀ ਆਸ ਹੁੰਦੀ ਹੈ, ਭਾਰਤੀ ਕਿਸ਼ੋਰ ਮੁੱਖ ਤੌਰ 'ਤੇ ਅਤੇ ਕੁੜੀਆਂ ਵਿਚ ਵਿਆਹ ਪ੍ਰਤੀ ਰਵੱਈਏ ਨੂੰ ਲੈ ਕੇ ਤਬਦੀਲੀ ਆਈ ਹੈ। ਇਨ੍ਹਾਂ ਵਿਚ ਕਈ ਆਪਣੇ ਸਾਥੀ ਦੀ ਚੋਣ ਲਈ ਥੋੜ੍ਹੀ ਬਹੁਤ ਪਸੰਦ ਦੀ ਵਰਤੋਂ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਮਾਪੇ ਗੱਲ ਨੂੰ ਵਿਚਾਰ-ਵਟਾਂਦਰੇ ਲਈ ਖੁੱਲ੍ਹਾ ਰੱਖਦੇ ਹਨ। ਉਂਜ ਜੇਕਰ ਯੁਵਕ ਆਪਣੇ ਮਾਪਿਆਂ ਤੋਂ ਪਹਿਲਾਂ ਪ੍ਰਵਾਨਗੀ ਲਏ ਬਿਨਾ ਜੀਵਨ-ਸਾਥੀ ਲੱਭਦੇ ਹਨ ਤਾਂ, ਪਰਿਵਾਰ ਇਸ ਵਿਚ ਬੇਇਜ਼ਤੀ ਮਹਿਸੂਸ ਕਰਦਾ ਹੈ। ਰੂੜੀਵਾਦੀ ਪਰਿਵਾਰ ਇਸ ਤਰ੍ਹਾਂ ਦੇ ਸੰਪਰਕ ਨੂੰ ਨਿਰਉਤਸ਼ਾਹਿਤ ਕਰਦੇ ਹਨ। ਇੰਜ ਲਗਦਾ ਹੈ ਕਿ ਮੀਡੀਆ, ਖਾਸ ਕਰਕੇ ਫ਼ਿਲਮਾਂ ਜੋ ਅਲ੍ਹੜ ਉਮਰ ਦੇ ਪਿਆਰ ਨੂੰ, ਕਈ ਵਾਰ ਮਾਪਿਆਂ ਦੇ ਵਿਰੋਧ ਦਾ ਸਾਹਮਣਾ ਕਰਕੇ, ਵਿਆਹ ਤਕ ਸਿਰੇ ਚੜ੍ਹਦਾ ਪੇਸ਼ ਕਰਦੀਆਂ ਹਨ, ਪਿਆਰ-ਸੰਬੰਧਾਂ ਨੂੰ ਵਿਆਹ ਦੇ ਮਕਸਦ ਨਾਲ ਉਤਸ਼ਾਹਿਤ ਕਰਨ ਵਿਚ ਕੁਝ ਭੂਮਿਕਾ ਨਿਭਾਉਂਦੀਆਂ ਹਨ।

ਇਸ ਪਿਛੋਕੜ ਦੇ ਉਲਟ, ਵਿਆਹ ਦਾ ਮੁੱਦਾ ਸਾਰੇ ਕਿਸ਼ੋਰਾਂ ਦੀ ਜ਼ਿੰਦਗੀ ਵਿਚ ਅਹਿਮੀਅਤ ਵਾਲਾ ਹੈ। ਪਰ ਕੁਦਰਤੀ ਤੌਰ ਤੇ ਇਹ ਕਿਸ਼ੋਰ ਅਵਸਥਾ ਵਿਚ ਦੁਬਿੱਧਾ ਪੈਦਾ ਨਹੀਂ ਕਰਦਾ। ਜੋ ਕਿਸ਼ੋਰ ਅਵਸਥਾ ਵਿਚ ਵਿਆਹੇ ਜਾਣਗੇ ਜਾਂ ਉਸ ਤੋਂ ਛੇਤੀ ਮਗਰੋਂ,

ਉਨ੍ਹਾਂ ਨੂੰ ਚੋਣ ਵਰਤੋਂ ਕਰਨ ਦੀ ਬਜਾਏ ਹੁਕਮ ਮੰਨਣਾ ਪਵੇਗਾ। ਜੋ ਬਾਅਦ ਵਿਚ ਵਿਆਹ ਕਰਨਗੇ ਕਿਉਂ ਜੋ ਉਹ ਪੜ੍ਹਾਈ ਅਤੇ ਸਿਖਲਾਈ ਵਿਚ ਉਲਝੇ ਹਨ, ਮਾਪਿਆਂ ਨੂੰ ਸੂਚਿਤ ਕਰ ਦਿੰਦੇ ਹਨ ਕਿ ਉਹ ਉਚਿਤ ਸਾਥੀ ਦੀ ਚੋਣ ਲਈ ਆਪਣੇ ਆਪ ਤੋਂ ਵੱਧ ਉਨ੍ਹਾਂ ਨੂੰ ਬੁੱਧੀਮਾਨ ਸਮਝਦੇ ਹਨ। ਵਿਆਹ ਦੀ ਇਹ ਪ੍ਰਥਾ ਆਮ ਤੌਰ 'ਤੇ ਪ੍ਰਬੰਧ ਵਿਆਹ ਕਹੀ ਜਾਂਦੀ ਹੈ।

ਕਿਸ ਨਾਲ ਵਿਆਹ ਕਰਵਾਇਆ ਜਾਵੇ ਬਾਰੇ ਦੁੱਚਿਤੀ, ਜੇ ਹੁੰਦੀ ਵੀ ਹੈ ਤਾਂ ਬਾਅਦ ਵਿਚ ਬਾਲਗ ਅਵਸਥਾ ਦੌਰਾਨ ਪੈਦਾ ਹੁੰਦੀ ਹੈ। ਇਸ ਸਮੇਂ ਤੋਂ ਪਹਿਲਾਂ, ਉਨ੍ਹਾਂ ਦਾ ਆਪਸੀ ਮੇਲ-ਜੋਲ ਵਿਪਰੀਤ ਸੈਕਸ ਦੇ ਹਮਉਮਰ ਸਾਥੀਆਂ ਨਾਲ ਸਕੂਲ ਦੌਰਾਨ, ਗੁਆਂਢ ਵਿਚ, ਪਰਿਵਾਰਿਕ ਮਿਲਣੀਆਂ ਜਾਂ ਹੋਰ ਸਮਾਜਿਕ ਮੌਕਿਆਂ 'ਤੇ ਹੋਇਆ ਹੋਵੇਗਾ। ਇਹ ਮੇਲ-ਜੋਲ ਉਨ੍ਹਾਂ ਨੂੰ ਨਾ ਸਿਰਫ਼ ਹਮਉਮਰ ਸਾਥੀਆਂ ਸਗੋਂ ਸਾਰੀਆਂ ਉਮਰਾਂ ਦੇ ਵਿਪਰੀਤ ਸੈਕਸ ਦੇ ਮੈਂਬਰਾਂ ਨਾਲ ਮਿਲਣ ਦਾ ਮੌਕਾ ਦਿੰਦੇ ਹਨ। ਉਨ੍ਹਾਂ ਨੂੰ ਨਾਲ ਜੋੜ ਕੇ ਉਹ ਇਕ ਅਜਿਹੇ ਵਿਅਕਤੀ ਬਾਰੇ ਵਿਚਾਰ ਬਣਾਉਂਦੇ ਹਨ, ਜਿਸ ਨੂੰ ਉਹ ਸਾਥੀ ਵਜੋਂ ਚਾਹੁੰਦੇ ਹਨ। ਬਹੁਤੇ ਕੇਸਾਂ ਵਿਚ ਉਚਿਤ ਸਾਥੀ ਆਪਣੀ ਹੀ ਜ਼ਾਤ, ਸਮਾਜਿਕ ਵਰਗ, ਧਰਮ ਅਤੇ ਖਿੱਤੇ ਵਿਚੋਂ ਹੁੰਦਾ ਹੈ। ਧਰਮ ਅਤੇ ਜ਼ਾਤ ਤੋਂ ਬਾਹਰ ਵਿਆਹ ਨੂੰ ਵੀ ਸੰਜੀਦਗੀ ਨਾਲ ਲਿਆ ਜਾਂਦਾ ਹੈ।

ਸਭਿਆਚਾਰ, ਮੀਡੀਆ ਅਤੇ ਵਿਸ਼ਵ-ਵਿਆਪੀ ਝੁਕਾਵਾਂ ਦੀ ਭੂਮਿਕਾ

ਭਾਰਤੀ ਸਮਾਜ ਪੇਚੀਦਾ ਹੈ ਅਤੇ ਸਭਿਆਚਾਰਕ ਵਿਰਸੇ ਵਿਚ ਅਮੀਰ ਹੈ। ਸਮਾਜ ਦੇ ਹਰ ਇਕ ਵਰਗ ਵਿਚ ਅਰਥਭਰਪੂਰ ਵਖਰੇਵੇਂ ਹਨ ਜਿਸ ਰਾਹੀਂ ਉਹ ਆਪਣੇ ਯੁਵਕਾਂ ਦਾ ਭਵਿੱਖ ਨਿਸ਼ਚਿਤ ਕਰਦੇ ਹਨ। ਸਮਾਜਿਕ ਵਰਗ, ਜ਼ਾਤ, ਧਰਮ, ਨਸਲ ਅਤੇ ਪੇਂਡੂ-ਸ਼ਹਿਰੀ ਰਿਹਾਇਸ਼ੀ ਆਦਿ ਕੁਝ ਅਹਿਮ ਪਹਿਲੂ ਹਨ ਜੋ ਭਵਿੱਖ ਦੀਆਂ ਆਸਾਂ ਨੂੰ ਸੰਚਾਲਿਤ ਕਰਦੇ ਹਨ। ਇਨ੍ਹਾਂ ਸਾਰੇ ਪਰੰਪਰਿਕ ਦਾਇਰਿਆਂ ਤੋਂ ਪਾਰ ਲੰਘਦੇ ਹੋਏ, ਵਿਧੀਵਤ ਸਿਖਿਆ ਨੇ ਯੁਵਕਾਂ ਵਿਚ ਭਵਿੱਖ ਬਾਰੇ ਆਸਾਂ ਨੂੰ ਪ੍ਰਭਾਵਿਤ ਕਰਨ ਵਿਚ ਮਹੱਤਵਪੂਰਣ ਭੂਮਿਕਾ ਅਦਾ ਕੀਤੀ ਹੈ। ਜੋ ਉੱਚ ਸਿੱਖਿਆ ਪ੍ਰਾਪਤ ਕਰਦੇ ਹਨ, ਉਹ ਆਪਣੇ ਵਿਚਾਰਾਂ, ਕਿੱਤੇ ਪ੍ਰਤੀ ਰਵੱਈਆ ਅਤੇ ਕਾਫ਼ੀ ਹੱਦ ਤਕ ਜੀਵਨ ਪੱਧਤੀ ਵਿਚ ਲਗਭਗ ਇਕੋ ਜਿਹਾ ਹੁੰਦੇ ਹਨ। ਉਨ੍ਹਾਂ ਵਿਚ ਸਭਿਆਚਾਰਕ ਅਤੇ ਸਮਾਜਿਕ ਵਖਰੇਵਾਂ ਪਿਛੋਕੜ ਵਿਚ ਚਲਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਪਰੰਪਰਿਕ ਸਭਿਆਚਾਰ, ਸਖ਼ਤ ਨਹੀਂ ਰਹਿੰਦਾ ਅਤੇ ਇਸ ਦੇ ਮੈਂਬਰਾਂ ਨੂੰ ਬਦਲਦੇ ਸੰਦਰਭ ਵਿਚ ਬਦਲਣ ਦੀ ਆਗਿਆ ਦਿੰਦਾ ਹੈ।

ਅਜੋਕੇ ਸਮੇਂ ਵਿਚ ਮੀਡੀਆ ਕਿਸ਼ੋਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮੀਡੀਏ ਦੇ ਵੱਖ-ਵੱਖ ਪਹਿਲੂਆਂ ਵਿਚੋਂ, ਇਲੈਕਟ੍ਰੋਨਿਕ ਮੀਡੀਆ ਸੰਚਾਰ ਦਾ ਸਭ ਤੋਂ ਵੱਧ ਤਾਕਤਵਰ ਮਾਧਿਅਮ ਉੱਭਰ ਕੇ ਆਇਆ ਹੈ। ਆਪਣੇ ਖਿੱਚ ਭਰਪੂਰ ਰੂਪ ਵਿਚ ਮਨੋਰੰਜਨ ਅਤੇ ਜਾਣਕਾਰੀ

ਦੇ ਵਿਸ਼ਿਆਂ ਰਾਹੀਂ ਟੀ.ਵੀ. ਨੇ ਸੰਚਾਰ ਦੇ ਬਹੁਤ ਸਾਰੇ ਸ੍ਰੋਤਾਂ ਜਿਵੇਂ ਰੇਡੀਓ, ਮੈਗਜ਼ੀਨ, ਅਖਬਾਰਾਂ, ਕਿਤਾਬਾਂ ਅਤੇ ਇੰਨਰਨੈਟ 'ਤੇ ਗਲਬਾ ਪਾ ਪਿਆ ਹੈ। ਮੀਡੀਆ ਪ੍ਰਦਰਸ਼ਨ ਦਾ ਇਕ ਨਿਖੇੜਨਯੋਗ ਨਤੀਜਾ ਇਹ ਹੈ ਕਿ ਦੁਨੀਆ ਸੁੰਗੜ ਗਈ ਲੱਗਦੀ ਹੈ। ਦੁਨੀਆ ਦੇ ਵੱਖ ਵੱਖ ਦੂਰ-ਦੁਰਾਡੇ ਥਾਵਾਂ ਦੀ ਸੂਚਨਾ ਚਾਹਵਾਨ ਟੀ.ਵੀ ਦਰਸ਼ਕਾਂ ਨੂੰ ਮੁਹੱਈਆ ਹੁੰਦੀ ਹੈ। ਇਸ ਤਰ੍ਹਾਂ ਹੋਰ ਸਭਿਆਚਾਰਾਂ ਦੇ ਕਿਸ਼ੋਰ, ਖਾਸ ਕਰਕੇ ਪੱਛਮੀ ਦੇਸ਼ਾਂ ਦੇ, ਭਾਰਤੀ ਕਿਸ਼ੋਰਾਂ ਵਿਚ ਜਾਣੇ-ਪਛਾਣੇ ਹੋ ਗਏ ਹਨ। ਖੇਤਰ ਜੋ ਜ਼ਿਆਦਾ ਪ੍ਰਭਾਵਿਤ ਹੋਏ ਹਨ, ਉਹ ਫੈਸ਼ਨ, ਖੇਡਾਂ ਅਤੇ ਸੰਗੀਤ ਹਨ। ਲਾਜ਼ਮੀ ਤੌਰ ਤੇ ਜ਼ਿਆਦਾਤਰ ਭਾਰਤੀ ਕਿਸ਼ੋਰਾਂ ਦੀਆਂ ਭਵਿੱਖ ਦੀਆਂ ਇਛਾਵਾਂ ਵਿਸ਼ਵ-ਵਿਆਪੀ ਆਲੇ-ਦੁਆਲੇ ਦੇ ਝੁਕਾਅ ਨਾਲ ਰਾਹੇ ਪੈਂਦੀਆਂ ਹਨ। ਟੈਨਿਸ ਸਟਾਰ ਲਿਏਂਡਰ ਪੇਇਸ, ਕ੍ਰਿਕੇਟ ਖਿਡਾਰੀ ਸਚਿਨ ਤੇਂਦੁਲਕਰ ਅਤੇ ਵਿਸ਼ਵ ਸੁੰਦਰੀ ਏਸ਼ਵਰਿਆ ਰਾਏ ਭਾਰਤੀ ਯੁਵਕਾਂ ਦੀ ਪਛਾਣ ਦੀ ਮੂਰਤ ਬਣ ਗਏ ਹਨ ਕਿਉਂਕਿ ਉਨ੍ਹਾਂ ਨੇ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕੀਤੀ ਹੈ।

ਇੱਕ ਮੁੱਦਾ : ਕੀ ਭਵਿੱਖ ਸੁਰੱਖਿਅਤ ਹੋ ਸਕਦਾ ਹੈ?

ਅਸੀਂ ਸਾਰੇ ਭਵਿੱਖ ਪ੍ਰਤੀ ਕੰਮ ਵਿਚ ਵਿਸ਼ਵਾਸ ਰੱਖਦੇ ਹਾਂ ਜੋ ਸਥਾਈ, ਖੁਸ਼ੀਆਂ ਭਰਿਆ ਅਤੇ ਸੁਰੱਖਿਅਤ ਹੋਵੇ। ਇਹ ਕੁਦਰਤੀ ਹੈ ਕਿ ਕਿਸ਼ੋਰ ਆਪਣੀ ਜ਼ਿੰਦਗੀ ਪ੍ਰਤੀ ਇਹੋ ਜਿਹੇ ਵਿਚਾਰ ਰੱਖਦੇ ਹਨ। ਉਂਜ ਭਵਿੱਖ ਦੇ ਪਰਿਪੇਖ ਨੂੰ ਲੈ ਕੇ ਫ਼ਰਕ ਹੁੰਦਾ ਹੈ। ਯੁਵਕਾ ਵਿਚ ਭਵਿੱਖ ਦੇ ਸੁਪਨਿਆਂ ਪ੍ਰਤੀ ਜਜ਼ਬਾਤੀ ਪਹੁੰਚ ਹੁੰਦੀ ਹੈ, ਅਸੰਭਵ ਨੂੰ ਦ੍ਰਿਸ਼ਟੀਗੋਚਰ ਕਰਨਾ ਅਤੇ ਇਹ ਮਹਿਸੂਸ ਕਰਕੇ ਬਹੁਤ ਹੀ ਉਦਾਸ ਹੋ ਜਾਣਾ ਕਿ ਇਹ ਤਾ ਸਿਰਫ਼ ਖਿਆਲੀ ਹੈ। ਫਿਰ ਵੀ, ਇਨ੍ਹਾਂ ਸੁਪਨਿਆਂ ਤੋਂ ਹੀ, ਕਿਸ਼ੋਰ ਆਪਣੇ ਭਵਿੱਖ ਬਾਰੇ ਵਿਚਾਰਾ ਨੂੰ ਜੋੜਦੇ-ਤੋੜਦੇ ਹਨ। ਇਸ ਨਾਲ ਉਨ੍ਹਾਂ ਦਾ ਦਿਲ ਟੁੱਟ ਜਾਂਦਾ ਹੈ ਜਿਸ ਤਰ੍ਹਾਂ ਉਹ ਛੇਤੀ ਉਤੇਜਿਤ ਹੋ ਜਾਂਦੇ ਹਨ।

ਭਵਿੱਖ ਦੀ ਸੜਕੇ ਪੈਣ ਲਈ ਕੰਮ ਇਕ ਮਹੱਤਵਪੂਰਣ ਤੱਤ ਹੈ। ਜੋ ਅਰਥਭਰਪੂਰ ਕੰਮ ਵਿਚ ਰੁੱਝ ਜਾਂਦੇ ਹਨ, ਚਾਹੇ ਘਰ ਵਿਚ ਹਿੱਸਾ ਪਾਉਣ ਦੀ ਸਕਲ ਵਿਚ ਹੋਵੇ ਜਾਂ ਪੜ੍ਹਾਈ ਜਾਂ ਦਿਹਾੜੀ ਕਰਨੀ, ਉਹ ਆਪਣੀ ਦਿਸ਼ਾ, ਜਿਸ ਵੱਲ ਜਾ ਰਹੇ ਹਨ, ਬਾਰੇ ਘੱਟ ਸ਼ੱਕੀ ਹੁੰਦੇ ਹਨ ਉਨ੍ਹਾਂ ਜੋ ਮੁਕਾਬਲੇ ਜੋ ਸਿਰਫ਼ ਆਰਾਮ ਦੇ ਚਾਹਵਾਨ ਹੁੰਦੇ ਹਨ।

ਭਵਿੱਖ ਉਸ ਤਰ੍ਹਾਂ ਸੁਰੱਖਿਅਤ ਹੋ ਸਕਦਾ ਹੈ ਜਿਸ ਤਰ੍ਹਾਂ ਕੋਈ ਇਸ ਨੂੰ ਮਹਿਸੂਸ ਕਰਦਾ ਹੈ। ਸੁਰੱਖਿਅਤ ਹੋਣ ਲਈ ਦੌਲਤਮੰਦ ਬਣਨ ਦਾ ਟੀਚਾ ਹਰ ਇਕ ਨਾਲ ਸਾਂਝਾ ਨਹੀਂ ਹੋ ਸਕਦਾ। ਸੁਰੱਖਿਅਤ ਹੋਣ ਦਾ ਧਾਰਨਾ ਕੀ ਹੈ, ਸ਼ਾਇਦ ਇਹ ਹਰ ਇਕ ਦੇ ਆਪਣੇ ਦਿਮਾਗ ਵਿਚ ਹੁੰਦਾ ਹੈ। ਛੋਟੀਆਂ ਛੋਟੀਆਂ ਪੈੜਾਂ ਪੁੱਟਣਾ, ਨਿੱਕੇ ਨਿੱਕੇ ਮੰਤਵਾ ਲਈ ਕੰਮ ਕਰਨਾ ਅਤੇ ਮਿਹਨਤ ਕਰਨ ਵਿਚ ਖੁਸ਼ੀ ਮਹਿਸੂਸ ਕਰਨਾ ਇਸ ਭਾਵਨਾ ਵਿਚ ਹਿੱਸਾ ਪਾਉਂਦੇ ਹਨ ਕਿ ਕੋਈ ਕਿਸ ਰਾਹ ਵੱਲ ਜਾ ਰਿਹਾ ਹੈ। ਪ੍ਰੌੜ੍ਹਤਾ ਜੋ ਤਜਰਬੇ ਨਾਲ ਆਉਂਦੀ

ਹੈ, ਇਕ ਵਰਦਾਨ ਹੈ ਜੋ ਸੌਖੇ ਰਾਹਾਂ ਨਾਲ ਹਾਸਲ ਨਹੀਂ ਹੋ ਸਕਦੀ। ਉਨ੍ਹਾਂ ਮੁੱਦਿਆਂ 'ਤੇ ਗੌਰ ਕਰਨਾ ਜੋ ਸਾਡੇ ਆਲੇ-ਦੁਆਲੇ ਹਨ ਅਤੇ ਆਪਣੀ ਭੂਮਿਕਾ ਬਾਰੇ ਆਤਮ-ਨਿਰੀਖਣ ਕਰਨਾ, ਵਿਅਕਤੀ ਨੂੰ ਅਰਥਭਰਪੂਰ ਆਸਾਂ ਵੱਲ ਲੈ ਜਾਂਦਾ ਹੈ ਅਤੇ ਬਾਅਦ ਵਿਚ ਢੁੱਕਵੀ ਅਸਲੀਅਤ ਵੱਲ।

7

ਭਾਰਤ ਵਿਚ ਕਿਸ਼ੋਰਾਂ ਲਈ : ਨੀਤੀਆਂ ਅਤੇ ਕਾਨੂੰਨ

ਹਰ ਇਕ ਸਮਾਜ ਨੂੰ ਆਪਣੀ ਯੁਵਾ ਪੀੜੀ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਭਲਾਈ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੰਵਿਧਾਨਕ ਢੰਗ ਵਿਕਸਿਤ ਅਤੇ ਅਮਲ ਕਰਨੇ ਪੈਂਦੇ ਹਨ। ਭਾਰਤੀ ਸੰਵਿਧਾਨ ਵਿਚ ਵੱਖੋ ਵੱਖਰੇ ਅਨੁਛੇਦਾਂ ਤਹਿਤ ਆਪਣੇ ਬੱਚਿਆਂ ਅਤੇ ਯੁਵਕਾਂ ਦੇ ਰੱਖਿਆ ਸਾਧਨਾਂ ਲਈ ਪ੍ਰਬੰਧ ਹੈ ਅਤੇ ਉਨ੍ਹਾਂ ਦੇ ਵਿਕਾਸ ਲਈ ਢੁੱਕਵੇਂ ਵਸੀਲੇ ਮੁਹੱਈਆ ਕਰਨ ਲਈ ਰਾਜਾਂ ਦੀ ਭੂਮਿਕਾ ਨੂੰ ਨਿਸ਼ਚਿਤ ਕੀਤਾ ਗਿਆ ਹੈ। ਉਂਜ ਅਸੀ ਸਾਰੇ ਜਾਣਦੇ ਹਾਂ ਭਾਰਤੀ ਬੱਚਿਆਂ ਦੇ ਬਹੁਤ ਵੱਡੇ ਹਿੱਸੇ ਦੀ ਸੱਚਾਈ ਲੋੜੀਂਦੇ ਤੋਂ ਬਹੁਤ ਦੂਰ ਹੈ। ਪਰਿਭਾਸ਼ਾ ਦੇ ਮੰਤਵ ਲਈ, ਸੰਵਿਧਾਨ ਵਾਸਤੇ ਬੱਚਾ ਉਹ ਵਿਅਕਤੀ ਹੈ ਜਿਸ ਦੀ ਉਮਰ 14 ਸਾਲ ਤੋਂ ਘੱਟ ਹੈ। ਇਸ ਤਰ੍ਹਾਂ ਕਿਸ਼ੋਰ ਜੋ 14-19 ਸਾਲ ਵਿਚ ਆਉਂਦੇ ਹਨ, ਉਨ੍ਹਾਂ 'ਤੇ ਬੱਚਿਆਂ ਦੀਆਂ ਨੀਤੀਆਂ ਅਤੇ ਕਾਨੂੰਨ ਲਾਗੂ ਨਹੀਂ ਹੁੰਦੇ।

ਇੱਥੇ ਕਾਨੂੰਨੀ ਧਾਰਣਾਂ, ਸਕੀਮਾਂ ਅਤੇ ਸਰਕਾਰ ਤੇ ਸਵੈਂ-ਸੇਵੀ ਕਾਰਜ ਪ੍ਰੋਗਰਾਮ ਹਨ ਜੋ ਕਿ ਬੱਚਿਆਂ ਅਤੇ ਕਿਸ਼ੋਰਾਂ ਨੂੰ ਖਾਸ ਕਰਕੇ ਜੋ ਸਮਾਜ ਦੇ ਗਰੀਬ ਵਰਗ ਤੋਂ ਹਨ, ਉਹ ਜੋ ਤਿਆਗੇ ਅਤੇ ਅਣਗੌਲੇ ਹਨ ਅਤੇ ਇਸਤਰੀਆਂ ਨੂੰ ਫ਼ਾਇਦਾ ਪਹੁੰਚਾ ਸਕਣ। ਵੈਸੇ ਇਹ ਪ੍ਰਤੱਖ ਹੈ ਕਿ ਨੀਤੀਆਂ, ਕਾਨੂੰਨ ਅਤੇ ਪ੍ਰੋਗਰਾਮ ਜੋ ਕਿਸ਼ੋਰਾਂ ਲਈ ਯੋਜਨਾਬੱਧ ਹਨ, ਕਹਿਣ ਨੂੰ ਬਹੁਤ ਘੱਟ ਹਨ।

ਨੀਤੀਆਂ

1947 ਵਿਚ ਭਾਰਤ ਸਰਕਾਰ ਨੇ ਬੱਚਿਆਂ ਲਈ ਕੌਮੀ ਨੀਤੀ ਅਪਣਾਈ, ਇਸ ਵਾਅਦੇ ਨਾਲ ਕਿ ਰਾਜ ਸਰਕਾਰਾਂ ਆਪਣੇ ਬੱਚਿਆਂ ਦੇ ਮਾਨਸਿਕ ਅਤੇ ਸਮਾਜਿਕ ਵਿਕਾਸ ਨੂੰ ਯਕੀਨੀ ਬਣਾਉਣਗੀਆਂ। ਇਸ ਨੀਤੀ ਵਿਚ ਬਿਆਨ ਕੀਤੇ ਮੰਤਵਾਂ ਦੀ ਪ੍ਰਾਪਤੀ ਲਈ, ਸਰਕਾਰ ਨੇ ਹੇਠ ਲਿਖੇ ਰਾਹ ਸੂਚੀਬੱਧ ਕੀਤੇ :

- ਸਾਰੇ ਬੱਚਿਆਂ ਨੂੰ ਸਰਵਪੱਖੀ ਸਿਹਤ ਪ੍ਰੋਗਰਾਮ ਰਾਹੀਂ ਰਖਿਆ ਦਿੱਤੀ ਜਾਵੇਗੀ।

- ਬੱਚਿਆਂ ਵਿਚ ਖੁਰਾਕ ਦੀ ਕਮੀ ਨੂੰ ਪੂਰਾ ਕਰਨ ਦੇ ਮੰਤਵ ਨਾਲ ਖੁਰਾਕੀ ਸੇਵਾ ਮੁਹੱਈਆ ਕਰਨ ਵਾਲੇ ਪ੍ਰੋਗਰਾਮ ਲਾਗੂ ਕੀਤੇ ਜਾਣਗੇ।
- ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਆਮ ਸਿਹਤ ਅਤੇ ਸੰਭਾਲ, ਖੁਰਾਕ ਅਤੇ ਖੁਰਾਕੀ-ਸਿੱਖਿਆ ਲਈ ਪ੍ਰੋਗਰਾਮ ਚਲਾਏ ਜਾਣਗੇ।
- ਰਾਜ ਸਰਕਾਰ 14 ਸਾਲ ਤਕ ਦੇ ਸਾਰਿਆਂ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇਣ ਲਈ ਕਦਮ ਪੁੱਟੇਗੀ, ਜਿਸ ਦੇ ਲਈ ਸਾਧਨਾਂ ਦੀ ਉਪਲਬਧੀ ਨਾਲ ਪੱਕਾ ਅਤੇ ਸਮਾਂ ਬੱਧ ਪ੍ਰੋਗਰਾਮ ਉਲੀਕਿਆ ਜਾਵੇਗਾ।
- ਸਕੂਲਾਂ, ਕਮੀਉਨਟੀ ਸੈਂਟਰਾਂ (ਭਾਈਚਾਰਕ ਕੇਂਦਰਾਂ) ਅਤੇ ਅਜਿਹੀਆਂ ਹੋਰ ਸੰਸਥਾਵਾਂ ਵਿਚ ਸਰੀਰਕ ਸਿੱਖਿਆ, ਖੇਡਾਂ ਅਤੇ ਹੋਰ ਤਰ੍ਹਾਂ ਦੇ ਮਨੋਰੰਜਨ ਅਤੇ ਨਾਲ ਹੀ ਸਭਿਆਚਾਰਕ ਤੇ ਵਿਗਿਆਨਕ ਗਤੀਵਿਧੀਆਂ ਉਤਸ਼ਾਹਿਤ ਕੀਤੀਆਂ ਜਾਣਗੀਆਂ।
- ਉਹ ਬੱਚੇ ਜੋ ਵਿਧੀਵਤ ਸਕੂਲੀ ਸਿੱਖਿਆ ਦੀਆਂ ਪੂਰੀਆਂ ਸਹੂਲਤਾਂ ਨਹੀਂ ਲੈ ਸਕਦੇ, ਉਨ੍ਹਾਂ ਲਈ ਉਨ੍ਹਾਂ ਦੀ ਲੋੜ ਅਨੁਸਾਰ ਹੋਰ ਰੂਪ ਦੀ ਸਿੱਖਿਆ ਮੁਹੱਈਆ ਕਰਵਾਈ ਜਾਵੇ।
- ਬਰਾਬਰ ਦੇ ਮੌਕਿਆਂ ਨੂੰ ਯਕੀਨੀ ਬਣਾਉਣ ਲਈ, ਸਮਾਜ ਦੇ ਗਰੀਬ ਵਰਗ ਦੇ ਬੱਚਿਆਂ, ਦੋਵੇਂ ਪਿੰਡਾਂ ਅਤੇ ਸ਼ਹਿਰਾਂ ਦੇ ਜਿਵੇਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸੰਬੰਧਿਤ ਬੱਚਿਆਂ ਨੂੰ ਮਦਦ ਮੁਹੱਈਆ ਕੀਤੀ ਜਾਵੇਗੀ।
- ਜੋ ਬੱਚੇ ਸਮਾਜਿਕ ਤੌਰ 'ਤੇ ਅਪੰਗ ਹਨ ਜਿਵੇਂ ਕਿ ਵਿਗੜ ਗਏ ਹਨ ਜਾਂ ਭੀਖ ਮੰਗਣ ਲਈ ਮਜ਼ਬੂਰ ਕੀਤੇ ਗਏ ਹਨ ਜਾਂ ਹੋਰ ਕਿਸੇ ਤਰ੍ਹਾਂ ਤੰਗੀ ਵਿਚ ਹਨ, ਨੂੰ ਪੜ੍ਹਾਈ, ਸਿਖਲਾਈ ਅਤੇ ਮੁੜ-ਵਸੇਬੇ ਦੀਆਂ ਸਹੂਲਤਾਂ ਮੁਹੱਈਆ ਕਰਵਾਈਆ ਜਾਣਗੀਆਂ ਅਤੇ ਲਾਹੇਵੰਦ ਸ਼ਹਿਰੀ ਬਣਨ ਲਈ ਮਦਦ ਕੀਤੀ ਜਾਵੇਗੀ।
- ਬੱਚਿਆ ਨੂੰ ਕੁਤਾਹੀ, ਜ਼ੁਲਮ ਅਤੇ ਸ਼ੋਸ਼ਣ ਦੇ ਖਿਲਾਫ਼ ਬਚਾਇਆ ਜਾਵੇਗਾ।
- 14 ਸਾਲ ਤੋਂ ਘੱਟ ਕਿਸੇ ਵੀ ਬੱਚੇ ਨੂੰ ਖ਼ਤਰੇ ਵਾਲੇ ਕੰਮ ਵਿਚ ਜਾਂ ਸਖ਼ਤ ਕੰਮ ਨੂੰ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ।
- ਅੰਗਹੀਣ, ਭਾਵਨਾਤਮਕ ਤੌਰ 'ਤੇ ਦੁਖੀ ਅਤੇ ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਇਲਾਜ, ਸਿੱਖਿਆ, ਮੁੜ-ਵਸੇਬੇ ਅਤੇ ਸੰਭਾਲ ਲਈ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।
- ਬਿਪਤਾ ਅਤੇ ਕੁਦਰਤੀ ਕਰੋਪੀ ਦੇ ਸਮੇਂ ਬਚਾਅ ਅਤੇ ਮਦਦ ਕਾਰਜਾਂ ਵਿਚ ਬੱਚਿਆਂ ਨੂੰ ਪਹਿਲ ਦਿੱਤੀ ਜਾਵੇਗੀ।

- ਗੁਣਵੰਤੇ ਬੱਚਿਆਂ, ਖਾਸ ਕਰਕੇ ਜੋ ਕਮਜ਼ੋਰ ਵਰਗ ਨਾਲ ਸੰਬੰਧਿਤ ਹਨ, ਨੂੰ ਪਛਾਣ ਕੇ, ਉਤਸ਼ਾਹਿਤ ਕਰਨ ਅਤੇ ਮਦਦ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ।
- ਮੌਜੂਦਾ ਕਾਨੂੰਨਾਂ ਵਿਚ ਸੋਧ ਕੀਤੀ ਜਾਵੇ ਤਾਂ ਜੋ ਸਾਰੇ ਕਾਨੂੰਨੀ ਮਸਲੇ ਭਾਵੇਂ ਮਾਪਿਆਂ ਜਾਂ ਸੰਸਥਾਵਾਂ ਵਿਚਕਾਰ ਹੋਣ, ਬੱਚਿਆਂ ਦੇ ਸਰੋਕਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।
- ਬੱਚਿਆਂ ਦੀਆਂ ਸੇਵਾਵਾਂ ਜਥੇਬੰਦ ਕਰਨ ਵੇਲੇ, ਪਰਿਵਾਰਕ ਸੰਬੰਧਾਂ ਨੂੰ ਮਜਬੂਤ ਕਰਨ ਦੀ ਦਿਸਾ ਵਿਚ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਬੱਚੇ ਦੇ ਵਿਕਾਸ ਦੀਆਂ ਪੂਰੀਆਂ ਸੰਭਾਵਨਾਵਾਂ ਆਮ ਪਰਿਵਾਰਕ ਅਤੇ ਬਿਰਾਦਰੀ ਦੇ ਮਾਹੌਲ ਵਿਚ ਅਸਲੀ ਰੂਪ ਧਾਰ ਸਕਣ।

ਬੱਚਿਆਂ ਲਈ ਕੌਮੀ ਨੀਤੀ (1974) ਤੋਂ ਇਲਾਵਾ, ਜੋ ਕੁਝ ਮਹਤੱਵਪੂਰਣ ਨੀਤੀਆ ਜੋ ਕਿਸ਼ੋਰਾਂ 'ਤੇ ਅੱਸਿੱਧੇ ਰੂਪ ਵਿਚ ਅਸਰ ਕਰਦੀਆ ਹਨ, ਇਹ ਹਨ:

- ਕੌਮੀ ਸਿਹਤ ਨੀਤੀ, 1983
- ਸਿਖਿਆ ਬਾਰੇ ਕੌਮੀ ਨੀਤੀ, 1996
- ਬਾਲ ਮਜ਼ਦੂਰੀ ਬਾਰੇ ਕੌਮੀ ਨੀਤੀ, 1987
- ਕੌਮੀ ਖੁਰਾਕ ਨੀਤੀ, 1993

ਇਨ੍ਹਾਂ ਦਸਤਾਂਵੇਜ਼ਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸੰਬੰਧਿਤ ਮੰਤਰਾਲੇ ਦੇ ਦਫ਼ਤਰਾ ਵਿਚ ਮੌਜੂਦ ਹੈ। ਬੱਚਿਆਂ ਦੀ ਕੌਮੀ ਨੀਤੀ ਅਤੇ ਹੋਰ ਨੀਤੀਆਂ ਭਾਰਤ ਸਰਕਾਰ ਦੀਆਂ ਬੱਚਿਆ ਦੇ ਅਧਿਕਾਰਾਂ ਅਤੇ ਸੁਰੱਖਿਆ ਪ੍ਰਤੀ ਮਨੋਰਥ ਜ਼ਾਹਿਰ ਕਰਦੀਆਂ ਹਨ। ਉਂਜ ਦੇਸ ਦੇ ਨਾਗਰਿਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਵਾਅਦੇ ਕੀ ਹਨ ਅਤੇ ਅਸਲ ਵਿਚ ਕੀ ਪ੍ਰਾਪਤ ਹੋਇਆ ਹੈ, ਵਿਚਕਾਰ ਬਹੁਤ ਵਕਫ਼ਾ ਹੈ। ਅਜੇ ਸਾਨੂੰ ਬਹੁਤ ਕੁਝ ਕਰਨ ਦੀ ਲੋੜ ਹੈ, ਜਦੋ ਰਾਜ ਸਰਕਾਰਾ ਆਪਣੇ ਬੱਚਿਆਂ ਅਤੇ ਕਿਸੋਰਾ ਨੂੰ ਵਾਜਬ ਤੌਰ 'ਤੇ ਸੁਰੱਖਿਅਤ ਜ਼ਿੰਦਗੀ ਮੁਹੱਈਆ ਕਰਨ ਲਈ, ਉਪਰੋਕਤ ਦਰਜ ਕੀਤੇ ਢੰਗ-ਤਰੀਕਿਆ ਨੂੰ ਮੁਨਾਸਬ ਅਨੁਪਾਤ ਵਿਚ ਅੱਗੇ ਲੈ ਜਾਣਗੀਆਂ।

ਕਾਨੂੰਨ

ਸਰਕਾਰੀ ਨੀਤੀਆਂ ਨੂੰ ਲਾਗੂ ਕਰਨੇ ਵਾਸਤੇ, ਨਿਆ ਪ੍ਰਣਾਲੀ ਨੇ ਕੁਝ ਕਾਨੂੰਨ ਬਣਾਏ ਹਨ। ਮੁੱਖ ਕੇਦਰੀ ਕਾਨੂੰਨ ਹਨ :

- ਸਿਖਾਂਦਰੂ ਕਾਨੂੰਨ, 1861
- ਸਰਪ੍ਰਸਤ ਅਤੇ ਨਾਬਾਲਗਾਂ ਲਈ ਹਿਫ਼ਾਜਤ ਕਾਨੂੰਨ, 1890

- ਸੁਧਾਰ ਘਰ ਕਾਨੂੰਨ, 1897
- ਬਾਲ ਵਿਆਹ (ਪਾਬੰਦੀ) ਕਾਨੂੰਨ, 1929
- ਬੱਚਿਆਂ ਲਈ (ਮਜ਼ਦੂਰੀ ਦੀ ਜ਼ਮਾਨਤ) ਕਾਨੂੰਨ 1933
- ਨੌਜਵਾਨ (ਨੁਕਸਾਨਦਾਇਕ ਲਿਖਤਾਂ) ਕਾਨੂੰਨ, 1956
- ਅਨੈਤਿਕ ਵਿਉਪਾਰ (ਰੋਕ) ਕਾਨੂੰਨ, 1956
- ਹਿੰਦੂ ਅਲਪ ਸੰਖਿਅਤ ਅਤੇ ਸਰਪ੍ਰਸਤੀ ਕਾਨੂੰਨ, 1956
- ਹਿੰਦੂ ਬੱਚਾ ਗੋਦ ਲੈਣਾ ਅਤੇ ਸਾਂਭ-ਸੰਭਾਲ ਕਾਨੂੰਨ, 1956
- ਔਰਤਾ ਅਤੇ ਬੱਚਿਆਂ ਦੀਆਂ ਸੰਸਥਾਵਾਂ (ਆਗਿਆ ਪੱਤਰ) ਕਾਨੂੰਨ, 1956
- ਅਪਰਾਧੀਆਂ ਲਈ ਅਜ਼ਮਾਇਸ਼ੀ ਸਮਾਂ ਕਾਨੂੰਨ, 1958
- ਯਤੀਮਘਰ ਅਤੇ ਹੋਰ ਪਰਉਪਕਾਰੀ ਘਰ (ਨਿਗਰਾਨੀ ਅਤੇ ਨਿਯੰਤ੍ਰਣ) ਕਾਨੂੰਨ, 1960
- ਬੱਚਿਆਂ ਲਈ ਕਾਨੂੰਨ, 1960
- ਬਾਲ ਮਜ਼ਦੂਰੀ (ਰੋਕ ਅਤੇ ਨੇਮਾਂ), 1986
- ਨੌਜਵਾਨ ਨਿਆਂ ਕਾਨੂੰਨ, 1986

ਉਹ ਜੋ ਕਿਸ਼ੋਰਾਂ ਨਾਲ ਸੰਬੰਧਤ ਹਨ, ਹੇਠਾ ਵਿਚਾਰੇ ਗਏ ਹਨ।

ਬਾਲ ਵਿਆਹ ਵਿਰੁੱਧ ਪਾਬੰਦੀ

ਬਾਲ ਵਿਆਹ (ਪਾਬੰਦੀ) ਕਾਨੂੰਨ (1929) . ਇਸ ਕਾਨੂੰਨ ਵਿਚ ਵਿਆਹ ਲਈ ਮੁੰਡਿਆ ਦੀ ਉਮਰ 18 ਸਾਲ ਅਤੇ ਕੁੜੀਆਂ ਦੀ 14 ਸਾਲ ਮਿੱਥੀ ਗਈ ਸੀ। ਮਗਰੋਂ 1949 ਅਤੇ 1978 ਦੀਆ ਕਾਨੂੰਨੀ ਸੋਧਾ ਵਿਚ, ਇਹ ਉਮਰ ਕ੍ਰਮਵਾਰ ਮੁੰਡਿਆਂ ਅਤੇ ਕੁੜੀਆ ਲਈ 21 ਅਤੇ 18 ਸਾਲ ਤਕ ਵਧਾ ਦਿੱਤੀ ਗਈ। ਇਸ ਕਾਨੂੰਨ ਤਹਿਤ, ਜੇ ਕੋਈ ਲੜਕਾ 18 ਸਾਲ ਤੋਂ ਉਪਰ ਅਤੇ 21 ਸਾਲ ਤੋ ਘੱਟ ਲੜਕੀ ਨਾਲ ਸ਼ਾਦੀ ਕਰਵਾਉਂਦਾ ਹੈ ਤਾ ਉਹ ਤਿੰਨ ਮਹੀਨੇ ਦੀ ਕੈਦ ਲਈ ਉਤਰਦਾਈ ਹੈ ਅਤੇ ਉਸ ਨੂੰ ਜ਼ੁਰਮਾਨਾ ਵੀ ਹੋ ਸਕਦਾ ਹੈ। ਮਾਪਿਆ ਸਮੇਤ ਕੋਈ ਵੀ ਵਿਅਕਤੀ ਜੋ ਬਾਲ ਵਿਆਹ ਵਿਚ ਭੂਮਿਕਾ ਨਿਭਾਉਂਦਾ ਹੈ ਜਾਂ ਅਗਵਾਈ ਕਰਦਾ ਹੈ, ਸਜ਼ਾ ਦਾ ਭਾਗੀਦਾਰ ਹੈ। ਬਾਲ ਵਿਆਹ (ਪਾਬੰਦੀ) ਕਾਨੂੰਨ ਧਰਮ ਨਿਰਪੇਖ ਕਿਸਮ ਦਾ ਹੈ, ਇਸ ਲਈ ਸਾਰੀਆ ਬਰਾਦਰੀਆ 'ਤੇ ਲਾਗੂ ਹੁੰਦਾ ਹੈ, ਸਿਰਫ਼ ਉਨ੍ਹਾ ਨੂੰ ਛੱਡ ਕੇ ਜੋ ਪਰਸਨਲ ਲਾਅ ਅਮਲ ਕਰਦੇ ਹਨ। ਹਿੰਦੂ ਵਿਆਹ ਕਾਨੂੰਨ (1955) ਵੀ ਬੱਚਿਆਂ ਅਤੇ ਕਿਸ਼ੋਰਾਂ ਦੇ ਵਿਆਹ ਨੂੰ ਰੋਕਣ ਲਈ ਇਕ ਜ਼ਰੀਆ ਹੈ। ਇਸ ਕਾਨੂੰਨ ਦੇ ਤਹਿਤ 18 ਸਾਲ ਤੋਂ ਘੱਟ ਕਿਸੇ ਵੀ ਲੜਕੀ ਦਾ ਵਿਆਹ ਨਹੀਂ ਕੀਤਾ ਜਾ ਸਕਦਾ। ਜੇ ਕਿਸੇ

ਦਾ 15 ਸਾਲ ਤੋਂ ਪਹਿਲਾਂ ਵਿਆਹ ਹੋ ਜਾਂਦਾ ਹੈ ਤਾਂ ਉਹ 15 ਸਾਲ ਦੀ ਉਮਰ ਪੂਰੀ ਕਰਨ ਤੋਂ ਬਾਅਦ, ਪਰ 18 ਸਾਲ ਦੀ ਹੋਣ ਤੋਂ ਪਹਿਲਾਂ, ਤਲਾਕ ਲਈ ਨਿਆਂ ਮੰਗ ਸਕਦੀ ਹੈ। ਉਂਜ ਨਾਬਾਲਗ ਦਾ ਵਿਆਹ ਆਪਣੇ ਆਪ ਨਜਾਇਜ਼ ਨਹੀਂ ਸਮਝਿਆ ਜਾਂਦਾ, ਉਸ ਨੂੰ ਕਾਨੂੰਨ ਦੀ ਮਦਦ ਲੈਣੀ ਪੈਂਦੀ ਹੈ। ਜਿਸ ਤਰ੍ਹਾਂ ਨਾਂ ਤੋਂ ਜ਼ਾਹਿਰ ਹੈ, ਇਹ ਕਾਨੂੰਨ ਹਿੰਦੂਆਂ 'ਤੇ ਲਾਗੂ ਹੁੰਦਾ ਹੈ, ਜਿਸ ਵਿਚ ਸਿੱਖ, ਜੈਨੀ ਅਤੇ ਬੋਧੀ ਸ਼ਾਮਿਲ ਹਨ।

ਇਕ ਜ਼ਿਆਦਾ ਢੁੱਕਵਾਂ ਕਾਨੂੰਨ ਜੋ ਨਾਬਾਲਗ ਦੇ ਵਿਆਹ ਨੂੰ ਰੋਕਦਾ ਹੈ, ਵਿਸ਼ੇਸ਼ ਵਿਆਹ ਕਾਨੂੰਨ 1954 ਹੈ। ਵਿਆਹ ਲਈ ਘੱਟੋ-ਘੱਟ ਉਮਰ ਇਸ ਵਿਚ ਵੀ ਉਹੀ ਹੈ ਜੋ ਵਿਆਹ ਪਾਬੰਦੀ ਕਾਨੂੰਨ ਵਿਚ ਹੈ, ਪਰ ਇਸ ਵਿਚ ਸਰਪ੍ਰਸਤਾਂ ਦੀ ਰਜ਼ਾਮੰਦੀ ਨਾਲ ਵੀ ਵਿਆਹ ਦਾਖਿਲ ਨਹੀਂ ਹੁੰਦੇ। ਵਿਸ਼ੇਸ਼ ਵਿਆਹ ਕਾਨੂੰਨ ਤਹਿਤ ਨਾਬਾਲਗ ਦਾ ਵਿਆਹ ਰੱਦ ਮੰਨਿਆ ਜਾਂਦਾ ਹੈ। ਮੁਸਲਿਮ, ਪਾਰਸੀ, ਇਸਾਈ ਅਤੇ ਹੋਰ ਧਾਰਮਿਕ ਵਰਗਾਂ ਦੇ ਵਿਆਹ ਸੰਬੰਧੀ ਉਮਰ ਦੇ ਕਾਨੂੰਨ ਆਪਣੇ ਹਨ।

ਬਾਲ ਮਜ਼ਦੂਰੀ ਦੀ ਰੋਕ

ਮਦੁਰਾਈ (ਤਾਮਿਲਨਾਡੂ) ਦੇ ਨੇੜੇ ਸਿਵਾਕਾਸੀ ਕਸਬੇ ਵਿਚ, ਬੱਚੇ ਮਾਚਿਸ ਦੀਆਂ ਡੱਬੀਆਂ, ਪਟਾਖੇ ਬਣਾਉਣ ਅਤੇ ਪ੍ਰਿੰਟਿੰਗ (ਛਾਪੇਖਾਨੇ) ਦੇ ਕੰਮ ਵਿਚ ਨੌਕਰੀ ਕਰਦੇ ਹਨ। 15 ਸਾਲ ਤੋਂ ਘੱਟ ਉਮਰ ਦੇ 45,000 ਬੱਚੇ ਸਿਵਾਕਾਸੀ ਅਤੇ ਆਲੇ-ਦੁਆਲੇ ਕੰਮ ਕਰਦੇ ਹਨ, ਜਿਨ੍ਹਾਂ ਵਿਚੋਂ 90 ਪ੍ਰਤੀਸ਼ਤ ਕੁੜੀਆਂ ਹਨ। ਬੱਚੇ ਦਿਨ ਵਿਚ ਤਕਰੀਬਨ 12 ਘੰਟੇ ਕੰਮ ਕਰਦੇ ਹਨ, ਪਰ ਉਹ ਹਰ ਰੋਜ਼ 15 ਘੰਟਿਆਂ ਤੋਂ ਵੱਧ ਘਰੋਂ ਬਾਹਰ ਰਹਿੰਦੇ ਹਨ, ਕਿਉਂ ਜੋ ਉਨ੍ਹਾਂ ਨੂੰ ਦੂਰੋਂ ਆਉਣਾ ਪੈਂਦਾ ਹੈ।

ਭਾਰਤੀ ਸੰਵਿਧਾਨ ਅਨੁਸਾਰ 14 ਸਾਲ ਤੋਂ ਘੱਟ ਉਮਰ ਦੇ ਬੱਚੇ ਕੋਈ ਖ਼ਤਰਨਾਕ ਕੰਮ ਨਹੀਂ ਕਰ ਸਕਦੇ। ਇਸ ਦਾ ਮਤਲਬ ਜੋ 14 ਸਾਲ ਤੋਂ ਵੱਡੇ ਹਨ ਅਤੇ ਇਸ ਤਰ੍ਹਾਂ 19 ਸਾਲ ਤਕ ਦੇ ਕਿਸ਼ੋਰ ਮਜ਼ਦੂਰੀ ਦਾ ਕੰਮ ਕਰ ਸਕਦੇ ਹਨ। ਬੱਚਿਆਂ ਅਤੇ ਅੱਲ੍ਹੜਾਂ ਨੂੰ ਕੰਮ 'ਤੇ ਭੇਜਣ ਦੀ ਲੋੜ ਪਰਿਵਾਰ ਵਿਚ ਗਰੀਬੀ ਕਾਰਣ ਹੁੰਦੀ ਹੈ। ਉਨ੍ਹਾਂ ਕਿਸ਼ੋਰਾਂ ਨੂੰ ਸੁਰੱਖਿਅਤ ਕਰਨ ਲਈ, ਜਿਨ੍ਹਾਂ ਨੂੰ ਕੰਮ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਕੰਮ ਦੀਆਂ ਹਾਲਤਾਂ ਨੂੰ ਨਿਯੰਤ੍ਰਿਤ ਕਰਨ ਲਈ ਭਾਰਤ ਸਰਕਾਰ ਨੇ 1986 ਵਿਚ ਬਾਲ ਮਜ਼ਦੂਰੀ (ਰੋਕ ਅਤੇ ਨੇਮਾਂ) ਕਾਨੂੰਨ ਉਸ ਵਿਅਕਤੀ ਨੂੰ ਬੱਚਾ ਮੰਨਦਾ ਹੈ ਜਿਸ ਨੇ 14 ਸਾਲ ਦੀ ਉਮਰ ਪੂਰੀ ਨਹੀਂ ਕੀਤੀ ਅਤੇ 14 ਸਾਲ ਤੋਂ ਘੱਟ ਬੱਚੇ ਦੀ ਨੌਕਰੀ ਲਈ ਰੋਕ ਲਾਉਂਦਾ ਹੈ। ਦੂਸਰੇ ਸ਼ਬਦਾਂ ਵਿਚ 14 ਸਾਲ ਤੋਂ ਵੱਡੇ ਕਿਸ਼ੋਰਾਂ ਨੂੰ ਮਜ਼ਦੂਰਾਂ ਦੇ ਦਲ ਵਿਚ ਬਾਲਗਾਂ ਨਾਲ ਕੰਮ ਕਰਨ ਦਾ ਪ੍ਰਬੰਧ ਹੈ। ਇਸ ਕਾਨੂੰਨ ਦੇ ਅਸਰ ਰਾਹੀਂ, ਕਾਨੂੰਨ ਖੁਦ ਕਿਸ਼ੋਰਾਂ ਦੀਆਂ ਲੋੜਾਂ ਨੂੰ ਬਾਲਗਾਂ ਨਾਲੋਂ ਵੱਖਰੀ ਪਛਾਣ ਨਹੀਂ ਕਰਦਾ।

ਬਾਲ ਮਜ਼ਦੂਰੀ ਕਾਨੂੰਨ (1986) ਕੁਝ ਖਾਸ ਕਿੱਤਿਆਂ ਅਤੇ ਪ੍ਰਕ੍ਰਿਆਵਾਂ ਵਿਚ ਬੱਚਿਆਂ (11 ਤੋਂ 14 ਸਾਲ ਦੇ ਕਿਸ਼ੋਰਾਂ ਸਮੇਤ) ਦੇ ਕੰਮ ਕਰਨ 'ਤੇ ਰੋਕ ਲਾਉਂਦਾ ਹੈ। ਇਹ ਕਾਨੂੰਨ ਦੀ ਸੂਚੀ ਦੇ ਭਾਗ 'ਏ' ਅਤੇ ਭਾਗ 'ਬੀ' ਵਿਚ ਦਰਜ ਹਨ।

ਭਾਗ 'ਏ' ਬੱਚਿਆਂ ਨੂੰ ਇਨ੍ਹਾਂ ਕਿੱਤਿਆਂ ਨਾਲ ਜੁੜੀਆਂ ਨੌਕਰੀਆਂ ਲਈ ਰੋਕਦਾ ਹੈ:

- ਰੇਲ ਰਾਹੀਂ ਯਾਤਰੀਆਂ, ਸਾਮਾਨ ਜਾਂ ਡਾਕ ਲੈ ਜਾਣਾ :
- ਗਰਕੀ ਪੁੱਟਣਾ, ਰਾਖ ਦੇ ਟੋਏ ਨੂੰ ਸਾਫ਼ ਕਰਨਾਂ ਜਾਂ ਰੇਲ ਅਹਾਤੇ ਵਿਚ ਉਸਾਰੀ ਦਾ ਕੰਮ
- ਰੇਲਵੇ ਸਟੇਸ਼ਨ ਦੇ ਅਮਲੇ ਵਿਚ ਖਾਣ-ਪੀਣ ਦਾ ਕੰਮ ਜਿਵੇਂ ਰੇਹੜੀ ਲਾਉਣਾ ਜਾਂ ਹੋਰ ਕੰਮ
- ਰੇਲਵੇ ਸਟੇਸ਼ਨ ਦੀ ਉਸਾਰੀ ਨਾਲ ਜੁੜੇ ਕੰਮ ਜਾਂ ਰੇਲਵੇ ਲਾਈਨ ਦੇ ਨੇੜੇ ਕੋਈ ਕੰਮ
- ਕਿਸੇ ਬੰਦਰਗਾਹ ਦੀ ਹੱਦ ਵਿਚ ਕੰਮ

ਭਾਗ 'ਬੀ' ਇਨ੍ਹਾਂ ਪ੍ਰਕ੍ਰਿਆਵਾਂ ਵਿਚ ਸ਼ਾਮਿਲ ਹੋਣ ਵਾਲੀਆਂ ਨੌਕਰੀਆਂ ਲਈ ਬੱਚਿਆਂ ਨੂੰ ਰੋਕਦਾ ਹੈ :

- ਬੀੜੀ ਬਣਾਉਣਾ ;
- ਗਲੀਚੇ ਬੁਣਨਾ ;
- ਸੀਮਿੰਟ ਬਣਾਉਣ, ਸੀਮਿੰਟ ਨੂੰ ਥੈਲਿਆਂ ਵਿਚ ਭਰਨਾ ;
- ਕੱਪੜਿਆਂ ਦੀ ਛਪਾਈ, ਰੰਗਾਈ ਅਤੇ ਬੁਣਾਈ ;
- ਮਾਚਿਸਾਂ, ਪਟਾਖੇ ਅਤੇ ਸਿੱਕਾ-ਬਾਰੂਦ ਬਣਾਉਣਾ;
- ਅਬਰਕ ਕੱਟਣਾ ਅਤੇ ਟੋਟੇ-ਟੋਟੇ ਕਰਨਾ;
- ਲਾਖ ਬਣਾਉਣਾ
- ਸਾਬਣ ਬਣਾਉਣਾ
- ਉੱਨ ਸਾਫ਼ ਕਰਨਾ
- ਸਨਅਤ ਦੀ ਉਸਾਰੀ ਦਾ ਕੰਮ

ਕਾਨੂੰਨ ਦੀਆ ਹੋਰ ਧਾਰਾਵਾਂ ਹਨ :

- ਬੱਚਿਆਂ ਲਈ ਵੱਧ ਤੋਂ ਵੱਧ ਕੰਮ ਦਾ ਸਮਾਂ, ਇਕ ਘੰਟੇ ਦੇ ਆਰਾਮ ਸਮੇਂ ਨੂੰ ਮਿਲਾ ਕੇ, ਛੇ ਘੰਟਿਆਂ ਤੋਂ ਜ਼ਿਆਦਾ ਨਾ ਹੋਵੇ।

- ਸ਼ਾਮੀ 7 ਵਜੇ ਤੋਂ ਸਵੇਰੇ 8 ਵਜੇ ਤਕ ਰਾਤੀ ਕੰਮ ਲਈ ਰੋਕ ਹੈ।
- ਸੰਬੰਧਿਤ ਰਾਜ ਅਤੇ ਕੇਂਦਰੀ ਸਰਕਾਰਾਂ ਨੂੰ ਕਾਨੂੰਨ ਵਿਚ ਦਰਜ ਵਿਸ਼ਿਆਂ ਨਾਲ ਜੁੜੇ, ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਹਾਸਿਲ ਹੈ।
- ਜੋ ਕਾਨੂੰਨ ਦੀਆਂ ਧਾਰਾਵਾਂ ਦਾ ਉਲੰਘਣ ਕਰਨਗੇ, ਉਨ੍ਹਾਂ ਨੂੰ ਤਿੰਨ ਮਹੀਨੇ ਤਕ ਕੈਦ ਜਾਂ 20,000 ਰੁਪਏ ਤਕ ਜ਼ੁਰਮਾਨਾ ਹੋਵੇਗਾ। ਦੂਸਰੀ ਵਾਰ ਜੁਰਮ ਕਰਨ 'ਤੇ ਵਿਅਕਤੀ ਨੂੰ ਛੇ ਮਹੀਨੇ ਦੀ ਕੈਦ ਜੋ ਕਿ ਦੋ ਸਾਲ ਤਕ ਵਧਾਈ ਜਾ ਸਕਦੀ ਹੈ, ਹੋਵੇਗੀ।

ਨਾਜ਼ੁਕ ਬੱਚਿਆਂ ਅਤੇ ਕਿਸ਼ੋਰਾਂ ਦੀ ਸੁਰੱਖਿਆ ਲਈ

ਸਾਡੇ ਸਮਾਜ ਵਿਚ ਜ਼ਿਆਦਾ ਬੱਚੇ ਅਤੇ ਕਿਸੋਰ ਸਮਾਜਿਕ ਨਾ-ਬਰਾਬਰੀ ਅਤੇ ਗਰੀਬੀ ਕਾਰਣ ਅਣਗੌਲੇ ਰਹਿੰਦੇ ਹਨ। ਪਹਿਲਾ ਅਜਿਹੇ ਬੱਚੇ, ਬੱਚਿਆਂ ਲਈ ਕਾਨੂੰਨ 1960 ਤਹਿਤ ਕਾਨੂੰਨੀ ਸੁਰੱਖਿਆ ਹਾਸਿਲ ਕਰਦੇ ਸੀ। ਬਾਅਦ ਵਿਚ ਸੰਸਦ ਨੇ ਨੌਜਵਾਨ ਨਿਆਂ ਕਾਨੂੰਨ 1986 ਬਣਾਇਆ, ਜੋ ਕਿ ਸਾਰੇ ਦੇਸ਼ ਵਿਚ ਇਕੋ ਜਿਹੇ ਢੰਗ ਨਾਲ ਇਕਸਾਰ ਲਾਗੂ ਹੁੰਦਾ ਹੈ। ਇਹ ਕਾਨੂੰਨ ਅਣਗੌਲੇ, ਅਵਾਰਾ ਨੌਜਵਾਨ ਅਤੇ ਸਮਾਜਿਕ ਤੌਰ 'ਤੇ ਕਸੂਤੇ ਬੱਚਿਆ ਲਈ ਸੰਭਾਲ, ਸੁਰੱਖਿਆ, ਇਲਾਜ, ਵਿਕਾਸ ਅਤੇ ਮੁੜ-ਵਸੇਬਾ ਮੁਹੱਈਆ ਕਰਦਾ ਹੈ। ਕਾਨੂੰਨ ਉਸ ਬੱਚੇ ਨੂੰ ਯੁਵਕ ਸਮਝਦਾ ਹੈ ਜਿਸ ਨੇ, ਮੁੰਡਿਆਂ ਵਿਚ 16 ਸਾਲ ਅਤੇ ਕੁੜੀਆਂ ਵਿਚ 18 ਸਾਲ ਦੀ ਉਮਰ ਪੂਰੀ ਨਹੀਂ ਕੀਤੀ।

ਆਵਾਰਾ ਯੁਵਕ ਉਹ ਹੈ ਜਿਸ ਨੇ ਕਾਨੂੰਨੀ ਤੌਰ 'ਤੇ ਸਜਾ ਲਾਇਕ ਜੁਰਮ ਕੀਤਾ ਹੈ।

ਨੌਜਵਾਨ ਨਿਆਂ ਕਾਨੂੰਨ ਅਣਗੌਲੇ ਬੱਚਿਆ, ਜਿਨ੍ਹਾਂ ਨੇ ਜੁਰਮ ਕੀਤਾ ਹੈ, ਨਾਲ ਨਿਪਟਣ ਲਈ ਦੋ ਅਲੱਗ-ਅਲੱਗ ਸਾਧਨ ਮੁਹੱਈਆ ਕਰਦਾ ਹੈ। ਨੌਜਵਾਨ ਭਲਾਈ ਬੋਰਡ ਅਣਗੌਲੇ ਬੱਚਿਆਂ ਦੀਆ ਸਮੱਸਿਆਵਾਂ ਦੀ ਛਾਣਬੀਣ ਕਰਦਾ ਹੈ ਜਦੋਂ ਕਿ ਨੌਜੱਵਾਨਾ ਲਈ ਅਦਾਲਤਾਂ ਅਵਾਰਾ ਬੱਚਿਆਂ ਨੂੰ ਰੱਖਿਆ ਮੁਹੱਈਆ ਕਰਨ ਲਈ ਬਣੀਆਂ ਹੋਈਆਂ ਹਨ। ਆਓ ਇਨ੍ਹਾਂ ਦੋਹਾਂ ਸੰਸਥਾਵਾਂ ਦੀਆ ਮੁੱਖ ਵਿਸ਼ੇਸ਼ਤਾਵਾਂ ਨੂੰ ਦੇਖੀਏ।

ਨੌਜਵਾਨ ਭਲਾਈ ਬੋਰਡ : ਉਸ ਬੱਚੇ ਨੂੰ ਅਣਗੌਲਿਆ ਸਮਝਿਆ ਜਾਂਦਾ ਹੈ ਜੋ ਭੀਖ ਮੰਗਦਾ ਮਿਲੇ, ਬਿਨਾ ਘਰ ਦੇ ਮਿਲੇ, ਮੁਥਾਜ ਹੋਵੇ ਜਾ ਅਜਿਹੇ ਸਰਪ੍ਰਸਤ ਕੋਲ ਰਹਿੰਦਾ ਹੋਵੇ ਜੋ ਉਸ ਦੀ ਦੇਖ-ਭਾਲ ਕਰਨ ਦੇ ਅਯੋਗ ਹੋਣ, ਜਾ ਯਤੀਮਖ਼ਾਨੇ ਰਹਿੰਦਾ ਹੋਵੇ ਜਾਂ ਅਜਿਹੀ ਥਾਵਾ 'ਤੇ ਜਾਂਦਾ ਹੋਵੇ ਜਾਂ ਨਾਜਾਇਜ ਜਾਂ ਅਨੈਤਿਕ ਕੰਮਾਂ ਲਈ ਸੋਸ਼ਿਤ ਹੋਣ ਦੀ ਸੰਭਾਵਨਾ ਹੋਵੇ। ਜੇ ਪੁਲਿਸ ਅਫ਼ਸਰ ਨੂੰ ਅਣਗੌਲੇ ਬੱਚੇ ਬਾਰੇ ਸੂਚਿਤ ਕੀਤਾ ਜਾਵੇ ਤਾ ਬੱਚੇ ਨੂੰ ਪੁਲਿਸ ਸਟੇਸਨ ਲਿਆਇਆ ਜਾਵੇ, ਤਾ ਅਫ਼ਸਰ ਤੋਂ ਅਜਿਹੇ ਬੱਚੇ ਨੂੰ ਨੌਜਵਾਨ ਭਲਾਈ ਬੋਰਡ ਸਾਹਮਣੇ ਲਿਆਉਣ ਦੀ ਉਮੀਦ ਕੀਤੀ ਜਾਂਦੀ ਹੈ। ਜਦੋਂ ਤਕ ਬੱਚੇ ਨੂੰ

ਨੌਜਵਾਨ ਭਲਾਈ ਬੋਰਡ ਅੱਗੇ ਲਿਆਇਆ ਜਾਂਦਾ ਹੈ, ਉਸ ਨੂੰ ਮਾਪਿਆਂ ਜਾਂ ਸਰਪ੍ਰਸਤ ਜਾਂ ਨਿਗਰਾਨ ਘਰਾਂ, ਜੋ ਖਾਸ ਤੌਰ 'ਤੇ ਇਸ ਮੰਤਵ ਲਈ ਹੁੰਦੇ ਹਨ, ਵਿਚ ਰੱਖਿਆ ਜਾਂਦਾ ਹੈ। ਇਹ ਕਾਨੂੰਨ ਬੱਚੇ ਨੂੰ ਜੇਲ੍ਹ ਜਾਂ ਪੁਲਿਸ ਸਟੇਸ਼ਨ ਵਿਚ ਰੱਖਣ ਤੋਂ ਰੋਕ ਲਗਾਉਂਦਾ ਹੈ।

ਨੌਜਵਾਨ ਭਲਾਈ ਬੋਰਡ ਅਦਾਲਤ ਵਾਂਗ ਕੰਮ ਨਹੀਂ ਕਰਦਾ ਸਗੋਂ ਗੈਰਰਸਮੀ ਹੁੰਦਾ ਹੈ। ਮੈਜਿਸਟਰੇਟ ਉਹ ਕਮਰਾ ਇਸਤੇਮਾਲ ਨਹੀਂ ਕਰਦਾ ਜੋ ਸਿਵਲ ਅਤੇ ਫੌਜਦਾਰੀ ਕੇਸਾਂ ਦੀ ਸੁਣਵਾਈ ਲਈ ਕਰਦਾ ਹੈ। ਕਾਰਵਾਈ ਆਮ ਲੋਕਾਂ ਲਈ ਖੁੱਲ੍ਹੀ ਨਹੀਂ ਹੁੰਦੀ ਅਤੇ ਸਾਰੀ ਸੁਣਵਾਈ ਦੌਰਾਨ ਬੱਚੇ ਦੀ ਮੌਜੂਦਗੀ ਲਾਜਮੀ ਨਹੀਂ ਹੁੰਦੀ। ਜੇ ਬੋਰਡ ਸੰਤੁਸਟ ਹੋਵੇ ਕਿ ਬੱਚਾ 'ਅਣਗੌਲਿਆ' ਹੈ ਅਤੇ ਕਿਤੇ ਜਾਣ ਜੋਗਾ ਨਹੀਂ ਤਾਂ ਉਹ ਯੁਵਕ ਘਰ ਵਿਚ ਭੇਜਿਆ ਜਾ ਸਕਦਾ ਹੈ ਜਦੋਂ ਤਕ ਉਹ ਬਾਲਗ ਨਹੀਂ ਹੋ ਜਾਂਦਾ। ਇਹ ਘਰ ਅਣਗੌਲੇ ਬੱਚਿਆਂ ਨੂੰ ਹਾਸਿਲ ਕਰਨ ਦੇ ਇਰਾਦੇ ਨਾਲ ਬਣੇ ਹੁੰਦੇ ਹਨ ਉਨ੍ਹਾਂ ਨੂੰ ਰਿਹਾਇਸ਼, ਦੇਖ-ਭਾਲ, ਸਿੱਖਿਆ ਅਤੇ ਨਾਲ ਹੀ ਮਨੋਰੰਜਨ ਸਹੂਲਤਾਂ ਮੁਹੱਈਆ ਕਰਦੇ ਹਨ। ਜਿੱਥੋਂ ਤਕ ਸੰਭਵ ਹੋਵੇ, ਬੋਰਡ ਦੀ ਕੋਸ਼ਿਸ਼ ਹੁੰਦੀ ਹੈ ਕਿ ਬੱਚੇ ਨੂੰ ਪਰਿਵਾਰ ਵਿਚ ਮੁੜ ਵਾਪਸ ਲਿਆਇਆ ਜਾਵੇ, ਜੇ ਉਹ ਹੋਵੇ।

ਨੌਜਵਾਨਾਂ ਲਈ ਅਦਾਲਤਾਂ :

ਕਾਨੂੰਨ ਦਾ ਮੁੱਖ ਮੰਤਵ ਬੱਚਿਆ ਨਾਲ, ਬਾਲਗ ਮੁਜ਼ਰਿਮਾਂ ਤੋਂ ਵੱਖਰੀ ਤਰ੍ਹਾਂ ਪੇਸ਼ ਆਉਂਦਾ ਹੈ। ਇਸ ਲਈ ਵਿਗੜੇ ਨੌਜਵਾਨਾ ਦੀ ਗ੍ਰਿਫ਼ਤਾਰੀ ਨਹੀਂ ਹੋ ਸਕਦੀ, ਹੱਥਕੜੀ ਨਹੀਂ ਲਾਈ ਜਾ ਸਕਦੀ, ਅਦਾਲਤੀ ਮੁਕੱਦਮੇ ਦੌਰਾਨ ਅਤੇ ਮਗਰੋਂ ਥਾਣੇ ਵਿਚ ਬੰਦ ਕਰਕੇ ਨਹੀਂ ਰੱਖਿਆ ਜਾ ਸਕਦਾ। ਨੌਜਵਾਨਾ ਲਈ ਅਦਾਲਤਾ ਤੋਂ ਮਾਪਿਆ ਦੀ ਥਾ ਲਏ ਜਾਣ ਦੀ ਆਸ ਕੀਤੀ ਜਾਦੀ ਹੈ ਜੋ ਆਪਣੇ ਬੱਚਿਆ ਦੀ ਯੋਗ ਸੰਭਾਲ ਕਰਨ ਵਿਚ ਅਸਫ਼ਲ ਰਹਿ ਗਏ। ਇਕ ਵਾਰੀ ਵਿਗੜਿਆ ਨੌਜਵਾਨ ਅਦਾਲਤ ਅੱਗੇ ਪੇਸ ਹੋ ਜਾਵੇ, ਉਸ ਨੂੰ ਉਸ ਤੋਂ ਬਿਨਾ ਜਮਾਨਤ 'ਤੇ ਛੱਡਣਾ ਹੀ ਹੁੰਦਾ ਹੈ। ਜੇ ਕੋਈ ਮੰਨਣਯੋਗ ਕਾਰਣ ਹੈ ਕਿ ਨੌਜਵਾਨ ਦੀ ਰਿਹਾਈ, ਉਸ ਨੂੰ ਮੁਜ਼ਰਿਮਾ ਸਾਹਮਣੇ ਜਾ ਕਿਸੇ ਹੋਰ ਖਤਰੇ ਵਿਚ ਪਾਵੇ ਤਾਂ ਅਦਾਲਤ ਵੱਲੋਂ ਜਮਾਨਤ ਮਨਜ਼ੂਰ ਨਹੀਂ ਵੀ ਕੀਤੀ ਜਾ ਸਕਦੀ। ਇਸ ਤਰ੍ਹਾ ਦੇ ਹਾਲਾਤ ਵਿਚ ਬੱਚੇ ਨੂੰ ਨਿਗਰਾਨ ਘਰਾ ਜਾਂ ਕਿਸੇ ਹੋਰ ਸੁਰੱਖਿਅਤ ਥਾ 'ਤੇ ਭੇਜਿਆ ਜਾਦਾ ਹੈ। ਪੁੱਛ-ਗਿੱਛ ਦੌਰਾਨ ਨਿਗਰਾਨ ਘਰਾਂ ਵਿਚ ਬੱਚਿਆ ਲਈ ਠਹਿਰਾਵ ਆਰਜੀ ਹੁੰਦਾ ਹੈ। ਇੱਥੇ ਨੌਜਵਾਨਾ ਨੂੰ ਰਿਹਾਇਸ਼, ਦੇਖ-ਭਾਲ, ਡਾਕਟਰੀ ਸਹੂਲਤਾ ਅਤੇ ਕੁਝ ਲਾਹੇਵੰਦ ਕੰਮ ਦਿੱਤਾ ਜਾਂਦਾ ਹੈ।

ਜੇ, ਪੁੱਛ-ਗਿੱਛ ਮਗਰੋਂ ਨੌਜਵਾਨ ਅਦਾਲਤ ਸੰਤੁਸਟ ਹੋਵੇ ਕਿ ਬੱਚੇ ਨੇ ਜੁਰਮ ਕੀਤਾ ਹੈ ਤਾਂ ਚਾਰ ਵਿਕਲਪ ਹੁੰਦੇ ਹਨ

- ਉਹ ਨੌਜਵਾਨ ਨੂੰ ਸਲਾਹ ਜਾਂ ਚਿਤਾਵਨੀ ਮਗਰੋਂ ਘਰੇ ਜਾਣ ਦੀ ਇਜਾਜ਼ਤ ਦੇ ਸਕਦੀ ਹੈ।
- ਬੱਚੇ ਨੂੰ ਮਾਪਿਆਂ/ਸਰਪ੍ਰਸਤ/ਕਿਸੇ ਹੋਰ ਵਿਅਕਤੀ, ਜਿਸ ਨੂੰ ਬੱਚੇ ਪ੍ਰਤੀ ਚੰਗੇ ਵਿਵਹਾਰ ਅਤੇ ਦੇਖ-ਭਾਲ ਲਈ ਜ਼ੁਮੇਵਾਰੀ ਦੇ ਕਾਬਿਲ ਸਮਝਦੀ ਹੈ, ਅਜਮਾਇਸ਼ 'ਤੇ ਛੱਡਣ ਦੀ ਹਿਦਾਇਤ ਦੇ ਸਕਦੀ ਹੈ। ਜਿਸ ਦਾ ਸਮਾਂ ਤਿੰਨ ਸਾਲ ਤੋਂ ਵੱਧ ਨਾ ਹੋਵੇ।
- ਉਹ ਨੌਜਵਾਨ ਨੂੰ ਕਿਸੇ ਸੰਸਥਾ ਕੋਲ, ਜੇ ਬੱਚੇ ਦਾ ਚੰਗਾ ਵਿਵਹਾਰ ਅਤੇ ਦੇਖ-ਭਾਲ ਉਤਸ਼ਾਹਿਤ ਕਰ ਸਕਦੀ ਹੋਵੇ, ਵੱਧ ਤੋਂ ਵੱਧ ਤਿੰਨ ਸਾਲ ਅਜ਼ਮਾਇਸ਼ 'ਤੇ ਰਹਿਣ ਲਈ, ਛੱਡਣ ਦੇ ਹੁਕਮ ਦੇ ਸਕਦੀ ਹੈ।
- ਉਹ ਨੌਜਵਾਨ ਨੂੰ ਵਿਸ਼ੇਸ਼ ਘਰ ਵਿਚ ਭੇਜਣ ਲਈ ਹੁਕਮ ਦੇ ਸਕਦੀ ਹੈ।

ਵਿਸ਼ੇਸ਼ ਘਰ ਉਹ ਸੰਸਥਾਵਾਂ ਹਨ ਜਿੱਥੇ ਉਹ ਬੱਚੇ ਜੋ ਅਦਾਲਤਾਂ ਵੱਲੋਂ ਜ਼ੁਰਮ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ, ਸਜ਼ਾ ਦੌਰਾਨ ਦੇਖ-ਭਾਲ ਕੀਤੇ ਜਾਂਦੇ ਹਨ।

ਇਹ ਜੇਲ੍ਹ ਵਾਂਗ ਨਹੀਂ ਹੁੰਦੇ, ਸਗੋਂ ਉਹ ਥਾਂ ਜਿੱਥੇ ਬੱਚੇ ਹੋਰ ਬੱਚਿਆਂ ਨਾਲ ਰਹਿੰਦੇ ਹਨ, ਪੜ੍ਹਦੇ, ਕਿੱਤੇ ਲਈ ਸਿਖਲਾਈ ਕਰਨ ਅਤੇ ਸਲਾਹ ਲੈਂਦੇ ਹਨ ਤਾਂ ਜੋ ਉਹ ਇਕ ਵਾਰੀ ਛੱਡੇ ਜਾਣ ਤਾਂ ਦੁਬਾਰਾ ਆਵਾਰਗੀ ਵਾਲਾ ਵਿਵਹਾਰ ਅਖ਼ਤਿਆਰ ਨਾ ਕਰਨ।

ਜਦੋਂ ਕਿ ਨੌਜਵਾਨ ਨਿਆਂ ਕਾਨੂੰਨ ਦਾ ਵਿਸ਼ਾ ਬੱਚਿਆਂ 'ਤੇ ਕੇਂਦ੍ਰਿਤ ਹੈ, ਪਰ ਮੂਲ ਸੱਚਾਈ ਬਹੁਤ ਵੱਖਰੀ ਹੈ। ਰਿਪੋਰਟਾਂ ਹਨ ਕਿ ਕਈ ਰਾਜਾਂ ਵਿਚ ਕਾਰਜਕਾਰੀ ਅਫ਼ਸਰ ਨਹੀਂ ਹਨ ਅਤੇ ਜਿਥੇ ਹਨ ਉਹ ਆਪਣੇ ਕੰਮ ਦੇ ਅਨੁਕੂਲ ਨਹੀ ਹਨ। ਨੌਜਵਾਨ ਅਦਾਲਤਾਂ ਵਿਚ ਕੇਸਾਂ ਨੂੰ ਬੇਹੱਦ ਦੇਰੀ ਨਾਲ ਨਿਪਟਾਉਣ ਦਾ ਕੰਮ ਆਮ ਹੈ। ਵਿਗੜੇ ਨੌਜਵਾਨਾਂ ਪ੍ਰਤੀ ਅਸੰਵੇਦਨਸ਼ੀਲ ਪਹੁੰਚ ਅਤੇ ਆਧਾਰਿਤ ਢਾਂਚੇ ਦੇ ਸਹਾਰੇ ਦੀ ਘਾਟ ਨੇ ਨੌਜਵਾਨ ਨਿਆਂ ਪ੍ਰਣਾਲੀ ਨੂੰ ਬੱਚਿਆਂ ਦੇ ਅਧਿਕਾਰਾਂ ਪ੍ਰਤੀ ਅਸੁਖਾਵਾਂ ਅਤੇ ਗੈਰਰਚਨਾਤਮਕ ਬਣਾ ਦਿੱਤਾ ਹੈ।

1996 ਦੇ ਮੁੱਕਣ ਨੇੜੇ, ਇਕ ਅਖ਼ਬਾਰ ਦੀ ਖ਼ਬਰ ਸੀ ਕਿ ਸਰਕਾਰ ਯੁਵਕਾਂ ਦੇ ਹੱਕਾਂ, ਵਿਸ਼ੇਸ਼ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸੁਰੱਖਿਅਤ ਕਰਨ ਲਈ ਨਵੇਂ ਕਾਨੂੰਨ ਅਤੇ ਯੁਵਕਾਂ ਨਾਲ ਸੰਬੰਧਿਤ ਸਾਰੇ ਕਾਨੂੰਨਾਂ ਦਾ ਆਧੁਨਿਕੀਕਰਣ ਕਰਨ ਦੀ ਯੋਜਨਾ ਬਣਾ ਰਹੀ ਹੈ। ਯੁਵਕਾਂ ਦੀ ਦਸ਼ਾ, ਉਨ੍ਹਾਂ ਦੀ ਪੜ੍ਹਾਈ, ਵਿਅਕਤਿੱਤਵ ਵਿਕਾਸ ਲਈ ਕੌਮੀ ਪਰਿਪੇਖ ਯੋਜਨਾ 1996-2020 ਬਣਾਈ ਗਈ। ਇਸ ਮੰਤਵ ਲਈ ਬਣਾਈ ਗਈ ਕਮੇਟੀ ਨੇ 14 ਮੁੱਖ ਖੇਤਰ ਯੁਵਕਾਂ ਦੀ ਸਿਹਤ ਸਮੇਤ (ਨਸ਼ੀਲੀਆ ਦਵਾਈਆਂ, ਸ਼ਰਾਬ ਅਤੇ ਏਡਜ਼ ਸਮੇਤ) ਯੁਵਕ ਅਤੇ ਲਿੰਗ, ਨਿਆਂ ਅਤੇ ਕਿਸ਼ੋਰ ਅਵਸਥਾ ਦੀ ਪਛਾਣ ਕੀਤੀ ਹੈ। ਖਾਸ ਲੋੜ ਵਾਲੇ ਯੁਵਕਾਂ ਵੱਲ ਵੀ ਧਿਆਨ ਦਿੱਤਾ ਜਾਵੇਗਾ। ਜੇਕਰ ਇਹ ਯੋਜਨਾ ਅਸਲੀਅਤ ਬਣ

ਜਾਂਦੀ ਹੈ ਅਤੇ ਕਿਸ਼ੋਰਾਂ ਤੇ ਯੁਵਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ, ਇਹ ਇਸ ਉਮਰ ਦੇ ਵਰਗ ਨੂੰ ਕਾਨੂੰਨੀ ਲਾਭ ਲਈ ਮਾਨਤਾ ਪ੍ਰਦਾਨ ਕਰੇਗੀ।

ਇਕ ਮੁੱਦਾ : ਆਖਿਰ ਇਹ ਬੱਚਾ ਕਿਸ ਦਾ ਹੈ?

ਇਹ ਕਿਹਾ ਜਾਂਦਾ ਹੈ ਕਿ ਬੱਚਿਆਂ ਤੇ ਕਿਸ਼ੋਰਾਂ ਨੂੰ ਅਜਿਹਾ ਮਾਹੌਲ ਦਿੱਤਾ ਜਾਵੇ ਤਾਂ ਜੋ ਉਹ ਮਾਣ ਨਾਲ ਵਧ-ਫੁਲ ਅਤੇ ਸਿਖ ਅਤੇ ਆਪੇ ਨੂੰ ਜਾਣ ਸਕਣ। ਹੁਣੇ ਜਿਹੇ ਹੀ ਬੱਚੇ ਦੇ ਅਧਿਕਾਰਾਂ ਬਾਰੇ ਬਹੁਤ ਕੁਝ ਵਿਚਾਰਿਆ ਗਿਆ ਹੈ, ਖਾਸ ਕਰਕੇ ਬੱਚਿਆਂ ਦਾ ਸਕੂਲੋਂ ਬਾਹਰ ਹੋਣਾ ਅਤੇ ਬਾਲ ਮਜ਼ਦੂਰੀ ਦੇ ਸੰਦਰਭ ਵਿਚ। ਸਾਰੇ ਰਾਜਨੇਤਾ, ਅਧਿਕਾਰੀ ਅਤੇ ਗੈਰ ਸਰਕਾਰੀ ਕਾਮੇ ਬੈਠਕਾਂ ਅਤੇ ਗੋਸ਼ਟੀਆਂ 'ਤੇ ਬੱਚਿਆਂ ਦੇ ਸ਼ੋਸ਼ਣ ਵਿਰੁੱਧ ਬੋਲਦੇ ਹਨ ਅਤੇ ਸਾਰੇ ਬੱਚਿਆਂ ਦੇ ਪੜ੍ਹਨ ਦੇ ਮਹੱਤਵ 'ਤੇ ਜ਼ੋਰ ਦਿੰਦੇ ਹਨ। ਅਖ਼ਬਾਰਾਂ, ਰਸਾਲੇ ਅਤੇ ਟੀ.ਵੀ. ਵੀ ਇਨ੍ਹਾਂ ਮੁੱਦਿਆਂ 'ਤੇ ਕੁਝ ਛਾਪਦੇ ਰਹਿੰਦੇ ਹਨ।

ਆਉ ਅਸਲੀਅਤ 'ਤੇ ਨਜ਼ਰ ਮਾਰ ਕੇ ਦੇਖੀਏ। ਬਹੁਤ ਸਾਰੇ ਪਰਿਵਾਰ ਆਪਣੇ ਘਰਾਂ ਵਿਚ ਕਿਸ਼ੋਰਾਂ ਨੂੰ ਘਰੇਲੂ ਕੰਮਾਂ ਦੇ ਦੌਰ 'ਤੇ ਨੌਕਰ ਰੱਖਦੇ ਹਨ। ਯੁਵਾ ਨੌਕਰ ਪ੍ਰੌੜ੍ਹਾਂ ਨਾਲੋਂ ਜ਼ਿਆਦਾ ਸਾਊ ਹੁੰਦੇ ਹਨ ਅਤੇ ਘੱਟ ਪੈਸੇ ਲੈਂਦੇ ਹਨ। ਇਸ ਤੋਂ ਵੱਧ, ਉਹ ਘਰ ਵਿਚ ਬੱਚਿਆਂ ਲਈ ਚੰਗੇ ਖੇਡ-ਸਾਥੀ ਵੀ ਬਣਦੇ ਹਨ। ਕੀ ਇਹ ਪਰਿਵਾਰ ਸਵੀਕਾਰ ਕਰਦੇ ਹਨ ਕਿ ਨੌਕਰ ਬੱਚੇ ਨੂੰ ਉਹੀ ਅਧਿਕਾਰ ਹਨ ਜੋ ਉਨ੍ਹਾਂ ਦੇ ਬੱਚਿਆਂ ਨੂੰ ਹਨ ; ਮਜ਼ਦੂਰੀ ਤੋਂ ਅਜ਼ਾਦੀ ਦਾ ਅਧਿਕਾਰ, ਸਿੱਖਿਆ ਹਾਸਿਲ ਕਰਨ ਦਾ ਅਧਿਕਾਰ? ਇਕ ਭਿਖਾਰੀ ਬੱਚਾ ਨਫ਼ਰਤ ਨਾਲ ਨਠਾਇਆ ਜਾਂਦਾ ਹੈ ਅਤੇ ਇਕ ਅੱਲ੍ਹੜ ਜੇਬ ਕਤਰਾ ਜਦੋਂ ਫੜ੍ਹਿਆ ਜਾਂਦਾ ਹੈ ਤਾਂ ਸਜ਼ਾ ਮਿਲਦੀ ਹੈ। ਇਕ ਕਿਸ਼ੋਰ ਨੌਕਰ ਨੂੰ ਘੱਟ ਪੈਸੇ ਦਿੱਤੇ ਜਾਂਦੇ ਹਨ ਕਿਉਂ ਜੋ ਉਹ 18 ਸਾਲ ਤੋਂ ਘੱਟ ਹੈ। ਇਹ ਸਾਰੇ ਮੁੱਦੇ ਬਾਲ ਸੁਰੱਖਿਆ ਕਾਨੂੰਨ ਦੇ ਘੇਰੇ ਵਿਚ ਆਉਂਦੇ ਹਨ ਕਿੰਨੇ ਕੁ ਲੋਕ ਇਨ੍ਹਾਂ ਨੂੰ ਪਹਿਲੋਂ ਬੱਚੇ ਅਤੇ ਕਿਸ਼ੋਰ ਸਮਝਦੇ ਹਨ?

ਭਾਰਤੀ ਸੰਵਿਧਾਨ ਅਤੇ ਸੰਯੁਕਤ ਰਾਸ਼ਟਰ ਸੰਘ ਦੀ ਬੱਚਿਆਂ ਦੇ ਅਧਿਕਾਰਾਂ ਬਾਰੇ ਸੰਧੀ 'ਤੇ ਸਰਕਾਰ ਦੀ ਵਚਨਬੱਧਤਾ, ਬੱਚਿਆਂ ਲਈ ਪੜ੍ਹਾਈ ਦਾ ਅਧਿਕਾਰ, ਸ਼ੋਸਣ ਤੋਂ ਆਜ਼ਾਦੀ, ਮੌਜ-ਮਨੋਰੰਜਨ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਅਧਿਕਾਰ ਮੁਹੱਈਆ ਕਰਵਾਉਂਦਾ ਹੈ। ਕਹਿਣ ਦੀ ਲੋੜ ਨਹੀਂ ਕਿ ਇਰਾਦੇ ਅਤੇ ਅਮਲ ਵਿਚ ਬਹੁਤ ਫ਼ਰਕ ਹੈ। ਇਹ ਸਿਰਫ਼ ਇਸ ਲਈ ਨਹੀਂ ਕਿ ਸਰਕਾਰ ਕੋਲ ਰਾਜਨੀਤਿਕ ਇੱਛਾ ਦੀ ਘਾਟ ਹੈ। ਅਸੀਂ ਵੀ ਨੀਤੀਆਂ ਨੂੰ ਲਾਗੂ ਨਾ ਕਰਨ ਪ੍ਰਤੀ ਜ਼ਿੰਮੇਵਾਰ ਹਾਂ।

ਇਹ ਮੰਨਣਾ ਕਿ ਸਾਰੇ ਬੱਚੇ ਅਤੇ ਕਿਸ਼ੋਰ ਬਿਨ੍ਹਾਂ ਕਿਸੇ ਆਰਥਿਕ ਪੱਧਰ, ਜ਼ਾਤ ਅਤੇ ਸੈਕਸ ਦੇ ਬਾਵਜੂਦ, ਲੋੜਾਂ ਅਤੇ ਅਧਿਕਾਰਾਂ ਦੇ ਮਾਮਲੇ ਵਿਚ ਇਕਸਾਰ ਹਨ, ਸਾਡਾ ਕੌਮੀ ਨੀਤੀਆਂ ਦੇ ਹਿੱਸੇ ਵਿਚ ਪਹਿਲਾਂ ਕਦਮ ਹੈ। ਜਦੋਂ ਸਰਕਾਰ ਲੋਕਾਂ ਵਿਚੋਂ ਗਰੀਬੀ ਹਟਾਉਣ

ਅਤੇ ਸਮਾਜੀ-ਆਰਥਿਕ ਵਿਕਾਸ ਲਈ ਕੰਮ ਕਰਦੀ ਹੈ, ਉਹ ਜੋ ਸੁਖਾਵੀਂ ਸਥਿਤੀ ਵਿਚ ਹਨ, ਥੋੜ੍ਹੇ ਸਮੇਂ ਦੇ ਫਾਇਦੇ ਲਈ ਔਖਿਆਈ ਵਾਲੇ ਬੱਚਿਆਂ ਦੇ ਸ਼ੋਸ਼ਣ ਤੋਂ ਦੂਰ ਰਹਿਣੇ ਚਾਹੀਦੇ ਹਨ।

8

ਉੱਭਰ ਰਹੇ ਕਿਸ਼ੋਰ

ਆਖਰੀ ਕੁਝ ਪੰਨੇ ਮੈਂ ਪਾਠਕਾਂ ਨਾਲ, ਜੋ ਮੈਂ ਫ਼ਰਜ਼ ਕਰਦੀ ਹਾਂ ਕਿ ਜ਼ਿਆਦਾਤਰ ਕਿਸ਼ੋਰ ਅਤੇ ਯੁਵਕ ਹਨ, ਨਿੱਜੀ ਤੌਰ 'ਤੇ ਸਾਝੇ ਕਰਨਾ ਚਾਹੁੰਦੀ ਹਾਂ। ਮੈਂ ਦੋ ਕੁੜੀਆ ਦੀ ਮਾਂ ਹਾਂ, ਇਕ ਕਿਸ਼ੋਰ ਅਤੇ ਦੂਜੀ ਹੁਣ ਹੀ ਕਿਸ਼ੋਰ ਅਵਸਥਾ ਵਿਚੋਂ ਲੰਘੀ ਹੈ। ਉਨ੍ਹਾਂ ਦੇ ਅਤੇ ਉਨ੍ਹਾਂ ਦੀਆਂ ਸਹੇਲੀਆਂ ਦੇ ਵਿਕਾਸ ਅਤੇ ਵਾਧੇ ਦੇ ਨਿਰੀਖਣ ਨੇ ਇਹ ਕਿਤਾਬ ਲਿਖਣ ਵਿਚ ਮਦਦ ਕੀਤੀ ਹੈ। ਮੈਂ ਕਿਸ਼ੋਰ ਵਿਦਿਆਰਥੀਆਂ ਨੂੰ ਪੜ੍ਹਾਉਂਦੀ ਵੀ ਹਾ। ਇਸ ਪੁਸਤਕ ਵਿਚ ਉਲੇਖ ਕੀਤੇ ਮੁੱਦਿਆ ਬਾਰੇ ਉਨ੍ਹਾਂ ਨਾਲ ਚਰਚਾ, ਮੇਰੇ ਤੱਥਾ ਦੀ ਪੁਸ਼ਟੀ ਲਈ ਉਪਯੋਗੀ ਸੀ।

ਮੈਨੂੰ ਯਾਦ ਹੈ ਆਪਣੇ ਦੋ ਭਰਾਵਾਂ ਨਾਲ ਕਿਸ਼ੋਰ ਅਵਸਥਾ ਵਿਚੋਂ ਲੰਘਦੇ ਹੋਏ, ਮੈਂ ਆਪਣੇ ਮਾਪਿਆਂ ਕੋਲੋਂ ਭਾਰਤ ਦੀ ਆਜ਼ਾਦੀ ਅਤੇ ਵੰਡ ਬਾਰੇ ਕਹਾਣੀਆਂ ਪੁੱਛਿਆ ਕਰਦੀ ਸੀ। ਜਿਵੇ ਮੇਰੇ ਬੱਚੇ ਵੱਡੇ ਹੋਏ ਉਨ੍ਹਾਂ ਨੂੰ ਸਾਡੇ ਕਿਸ਼ੋਰ ਉਮਰ ਵਿਚ ਟੈਲੀਵਿਜ਼ਨ ਦੇ ਆਉਣ ਦੀ ਯਾਦਗਾਰੀ ਘਟਨਾ ਬਾਰੇ ਗੱਲਾ ਕਰਦੇ ਸੁਣਿਆ। ਸਾਡੇ ਕੋਲ ਆਦਮੀ ਦੇ ਚੰਨ 'ਤੇ ਪਹੁੰਚਣ ਅਤੇ ਬੰਗਲਾ ਦੇਸ਼ ਆਜ਼ਾਦ ਹੋਣ ਦੀਆਂ ਕਹਾਣੀਆਂ ਵੀ ਸੁਣਾਉਣ ਲਈ ਸਨ। ਮੈਂ ਹੈਰਾਨ ਹੁੰਦੀ ਹਾ ਕਿ ਮੇਰੀ ਧੀ ਕੋਲ ਆਪਣੇ ਕਿਸ਼ੋਰਾਂ ਨੂੰ ਸੁਣਾਉਣ ਲਈ ਕਿਹੜੀਆਂ ਕਹਾਣੀਆਂ ਹੋਣਗੀਆ। ਮੈਨੂੰ ਆਸ ਹੈ ਕਿ ਉਹ ਭ੍ਰਿਸ਼ਟ ਰਾਜਨੇਤਾਵਾਂ ਅਤੇ ਅਫ਼ਸਰਾਂ ਦੀ ਜਵਾਬ ਤਲਬੀ ਕਰਨ ਵਾਲੀਆ ਅਦਾਲਤਾਂ ਦੇ ਕੰਮ ਦੀਆ ਅਤੇ ਮੁੱਠੀ ਭਰ ਲੋਕਪੱਖੀ ਨਾਗਰਿਕਾਂ ਦੇ ਹੌਸਲੇ ਦੀਆ ਕਹਾਣੀਆਂ ਦੱਸ ਸਕਣਗੀਆਂ, ਜਿਨ੍ਹਾਂ ਨੇ ਉਪਰ ਬੈਠੇ ਹੰਕਾਰੀ ਸੱਤਾ ਦੇ ਦਲਾਲਾਂ ਵਿਚ ਰੱਬ ਦਾ ਡਰ ਪਾਇਆ।

ਉਜ ਵੀਹਵੀਂ ਸਦੀ ਪਾਰ ਕਰਨ ਦੀਆ ਅਤੇ ਇੱਕੀਵੀਂ ਸਦੀ ਵਿਚ ਦਾਖਿਲ ਹੋਣ ਦੀਆਂ ਯਾਦਾਂ ਵੀ ਹੋਣਗੀਆਂ। ਸਿਰਫ਼ ਇਹੀ ਨਹੀਂ, ਕਿਸ਼ੋਰ ਅਵਸਥਾ ਜਾ ਜਵਾਨੀ 'ਤੇ ਪੂਰੀ ਸਹਿ-ਸ਼ਤਾਬਦੀ (ਇਕ ਹਜ਼ਾਰ ਸਾਲ) ਲੰਘਣ ਦਾ ਸੁਭਾਗ ਉਨ੍ਹਾਂ ਦਾ ਹੋਵੇਗਾ। 1990 ਤੋਂ ਕਿਸ਼ੋਰ ਇਕ ਘਿਸੀ-ਪਿਟੀ ਗੱਲ, ਇੱਕੀਵੀਂ ਸਦੀ ਲਈ ਤਿਆਰੀ ਬਾਰੇ ਸੁਣਦੇ ਆ ਰਹੇ ਸਨ। ਸਰਕਾਰਾਂ, ਸੰਸਥਾਵਾਂ ਅਤੇ ਵਿਅਕਤੀਆ ਨੇ ਸੰਨ 2000 ਤਕ ਟੀਚੇ ਮਿੱਥੇ ਸਨ।

ਭਾਰਤ ਵਿਚ ਕੀ ਇਹ ਕਿਸ਼ੋਰਾਂ ਲਈ ਕੁਝ ਮਹਤੱਵ ਰੱਖਦਾ ਹੈ?

1996 ਦਾ ਸਾਲ ਦੇਸ਼ ਲਈ ਸਦਮੇ ਅਤੇ ਸ਼ਰਮ ਦਾ ਸਾਲ ਸੀ ਜਦੋਂ ਰਾਜਨੇਤਾਵਾਂ ਨੂੰ ਲੋਕਾਂ ਦੇ ਚੋਣਕਾਰੀ ਫੈਸਲੇ ਨੇ ਧੱਕਾ ਪਹੁੰਚਾਇਆ। ਉਨ੍ਹਾਂ ਨੇ ਸਰਕਾਰ ਦੀਆਂ ਗੱਦੀਆਂ 'ਤੇ ਵਿਰਾਜਮਾਨ ਰਾਜਨੀਤਿਕ ਪਾਰਟੀਆਂ ਨੂੰ ਸੱਤਾ ਵਿਚੋਂ ਲਾਹ ਸੁੱਟਿਆ, ਲੋਕ ਰਾਜਨੇਤਾਵਾਂ ਦੇ, ਜਿਸ ਵਿਚ ਉਨ੍ਹਾਂ ਨੇ ਆਪਣਾ ਵਿਸ਼ਵਾਸ ਜਤਾਇਆ ਸੀ, ਭ੍ਰਿਸ਼ਟਾਚਾਰ ਦੇ ਪੱਧਰ ਦਾ ਪਤਾ ਚਲਣ 'ਤੇ ਹੱਕੇ-ਬੱਕੇ ਸਨ। ਜਿਵੇਂ ਹੀ ਜਾਂਚ-ਮਹਿਕਮੇ ਅਤੇ ਅਦਾਲਤਾਂ ਨੇ ਆਪਣਾ ਫ਼ਰਜ ਈਮਾਨਦਾਰੀ ਨਾਲ ਨਿਭਾਇਆ ਇਕ ਤੋਂ ਬਾਅਦ ਇਕ ਸ਼ਰਮਨਾਕ ਗੁਪਤ ਭੇਤ ਖੁੱਲ੍ਹਣ ਲੱਗੇ। ਜਿਵੇਂ ਹੀ ਸਾਬਕਾ ਪ੍ਰਧਾਨ ਮੰਤਰੀ ਜੇਲ੍ਹ ਗਿਆ ਯੁਵਾ ਪੀੜੀ ਵਿਅੰਗ ਨਾਲ ਮੁਸਕਰਾਈ। ਇਹ ਅਤੇ ਅਜਿਹੇ ਹੋਰ ਯੁਵਾ ਪੀੜ੍ਹੀ ਨੂੰ ਅੱਗੇ ਆਉਣ ਅਤੇ ਦੇਸ਼ ਨੂੰ ਉਸਾਰਨ ਲਈ ਸਿੱਖਿਆ ਦਿੰਦੇ ਸੀ। ਪਰ ਉਨ੍ਹਾਂ ਦੇ ਪਤਨ ਨੇ ਯੁਵਕਾਂ ਦਾ ਇਹ ਸੱਚ ਠੀਕ ਠਹਿਰਾਇਆ ਕਿ ਇਕ ਵਾਰੀ ਭਾਰਤ ਵਿਚ ਆ ਜਾਣ ਮਗਰੋਂ ਕੁਝ ਰਾਜਨੇਤਾ ਉਨ੍ਹਾਂ ਲੋਕਾਂ ਦਾ ਸ਼ੋਸ਼ਣ ਕਰਦੇ ਹਨ, ਜਿਨ੍ਹਾਂ ਦੇ ਉਹ ਨੁਮਾਇੰਦੇ ਬਣਦੇ ਹਨ। ਇਨ੍ਹਾਂ ਘੁਟਾਲਿਆਂ ਦਾ ਸਾਹਮਣੇ ਆਉਣਾ ਦੇਸ਼ ਲਈ ਸ਼ਰਮ ਦੀ ਗੱਲ ਸੀ। ਮੈਂ ਸੋਚਦੀ ਹਾਂ ਕਈ ਤਰੀਕਿਆਂ ਨਾਲ ਇਹ ਯੁਵਕਾਂ ਲਈ ਅੱਖਾਂ ਖੋਲ੍ਹਣ ਵਾਲੀ ਸੀ, ਜਿਨ੍ਹਾਂ ਨੂੰ ਇਹ ਵਿਸ਼ਵਾਸ ਕਰਨ ਦੀ ਆਦਤ ਪੈ ਗਈ ਕਿ ਭਾਰਤੀ ਲੋਕ ਭ੍ਰਿਸ਼ਟਾਚਾਰ ਨਾਲ ਰਹਿਣਾ ਸਿੱਖ ਗਏ ਹਨ ਕਿਉਂ ਜੋ ਕੋਈ ਇਸ ਬਾਰੇ ਕੁਝ ਨਹੀਂ ਕਰਦਾ। ਜਦੋਂ ਅਦਾਲਤਾਂ ਵੱਲੋਂ 'ਇਜ਼ਤਦਾਰ' ਸਾਬਕਾ ਮੰਤਰੀ ਅਤੇ ਅਫ਼ਸਰਾਂ ਨੂੰ ਆਪਣੀਆਂ ਦੌਲਤ ਦੀਆਂ ਗੱਲਾਂ ਬਿਆਨ ਕਰਨ ਬਾਰੇ ਤਲਬ ਕੀਤਾ ਗਿਆ ਤਾਂ ਗਲੀ ਵਿਚ ਆਦਮੀ ਨੇ ਕਿਹਾ, 'ਜੇਹਾ ਕੀਤਾ ਤੇਹਾ ਪਾਇਆਂ'। ਜਦੋਂ ਕੁਝ ਇਮਾਨਦਾਰ ਅਫ਼ਸਰਾਂ ਅਤੇ ਹੌਸਲੇ ਵਾਲੇ ਵਿਅਕਤੀਆਂ ਨੇ ਉਨ੍ਹਾਂ ਦੇ ਮਨਸੂਬੇ ਜ਼ਾਹਿਰ ਕੀਤੇ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਅੱਗੇ ਆਏ ਤਾਂ ਨੌਜਵਾਨਾਂ ਨੇ ਕਿਹਾ , 'ਅਸੀਂ ਤੁਹਾਡੇ ਨਾਲ ਹਾਂ।'

ਮੈਂ ਇਕ ਅੱਲ੍ਹੜ ਨੂੰ ਟਿੱਪਣੀ ਕਰਦੇ ਸੁਣਿਆ, 'ਇਸ ਦੇਸ਼ ਨੂੰ ਮੁਰੰਮਤ ਕਰਨ ਦੀ ਲੋੜ ਹੈ।' ਸਹਿਮਤ ਹਾਂ, ਅਤੇ ਜ਼ਿੰਮੇਵਾਰੀ ਯੁਵਕਾਂ ਤੇ ਕਿਸ਼ੋਰਾਂ ਦੇ ਮੋਢਿਆਂ 'ਤੇ ਆਵੇਗੀ। ਕਿਉਂਕਿ ਉਨ੍ਹਾਂ ਨੇ ਅਜੇ ਸਿਆਸਤ, ਪ੍ਰਸ਼ਾਸਨ, ਮੈਨੇਜਮੈਂਟ, ਖੇਤੀਬਾੜੀ, ਸਿੱਖਿਆ, ਸਮਾਜਿਕ ਕੰਮਾਂ ਅਤੇ ਹੋਰ ਖੇਤਰਾਂ ਦੀ ਵਾਗਡੋਰ ਆਪਣੇ ਹੱਥ ਲੈਣੀ ਹੈ। ਸਮਾਜ ਨੂੰ ਬਾਹਰ ਤੋਂ ਮੁਰੰਮਤ ਕਰਨ ਦਾ ਕੋਈ ਢੰਗ ਨਹੀਂ ਹੈ। ਜੇ ਇਸ ਦੇ ਪੁੰਗਰਦੇ ਨਾਗਰਿਕ ਸੰਪੂਰਨ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਅਤੇ ਅਮਲ ਕਰਨ ਤਾਂ ਵਿਵਸਥਾ ਵਿਚ ਨਵੀਂ ਜਾਨ ਪਾਈ ਜਾ ਸਕਦੀ ਹੈ। ਇਸ ਦਿਸ਼ਾ ਵਿਚ ਮੇਰੇ ਕੁਝ ਸੁਝਾਅ ਹਨ :

- ਭਾਰਤੀ ਬਣਨ ਵਿਚ ਮਾਣ ਮਹਿਸੂਸ ਕਰੋ ;
- ਸਿੱਖਿਆ, ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਦੀ ਕਦਰ ਕਰੋ ;
- ਸ਼ੋਸ਼ਣ ਤੋਂ ਪਰਹੇਜ਼ ਕਰੋ ਅਤੇ ਇਸ ਦਾ ਵਿਰੋਧ ਕਰੋ ;

- ਉਨ੍ਹਾਂ ਤਾਕਤਾਂ ਦਾ ਮੁਕਾਬਲਾ ਕਰੋ ਜੋ ਜਾਤ, ਵਰਗ, ਲਿੰਗ, ਧਰਮ, ਭਾਸ਼ਾ ਦੇ ਨਾਂ 'ਤੇ ਵੰਡੀਆਂ ਪਾਉਂਦੇ ਹਨ;
- ਅਭਾਗੇ, ਨਿਮਾਣੇ, ਨਪੀੜੇ ਅਤੇ ਅਪਾਹਿਜ ਲੋਕਾਂ ਨਾਲ ਹਮਦਰਦੀ ਰੱਖੋ।

ਹਰ ਕੋਈ ਜੋ ਇਸ ਪੁਸਤਕ ਨੂੰ ਪੜ੍ਹ ਸਕਦਾ ਹੈ, ਕਿਸ਼ੋਰਾਂ ਨੂੰ ਮੁੱਢਲੇ ਤੌਰ 'ਤੇ ਜਾਣਦਾ ਹੈ। ਤੁਸੀ ਸਵੀਕਾਰ ਕਰੋਗੇ ਕਿ ਇਹ ਸਮੱਸਿਆ ਵਾਲੀ ਅਵਸਥਾ ਨਹੀਂ ਹੈ। ਇਕ ਵਿਸ਼ਵਾਸ ਜੋ ਕਈ ਵਾਰੀ ਸਸਤੀਆਂ ਲਿਖਤਾਂ ਅਤੇ ਨਕਲੀ ਮਾਹਿਰਾਂ ਵਲੋਂ ਫੈਲਾਇਆ ਜਾਂਦਾ ਹੈ। ਇਸ ਦੇ ਉਲਟ, ਕਿਸ਼ੋਰ ਅਵਸਥਾ ਆਪਣੇ ਆਪ ਸਮੱਸਿਆਵਾਂ ਨੂੰ ਪਛਾਣਨ ਅਤੇ ਹੱਲ ਲੱਭਣ ਦੀ ਸਮਰਥਾ ਲਿਆਉਂਦੀ ਹੈ। ਅੱਲ੍ਹੜ ਉਮਰ ਬਾਰੇ ਜੋ ਮਨਮੋਹਕ ਹੈ ਉਹ ਇਹ ਕਿ ਇਸ ਵਿਚ ਕੋਈ ਵਿਸ਼ੇਸ਼ ਨਹੀਂ ਹੁੰਦਾ ਤੇ ਹਰ ਇਕ ਬੱਚੇ ਨੂੰ ਬਾਲਗ ਹੋਣ ਤੋਂ ਪਹਿਲਾਂ ਇਸ ਵਿਚੋਂ ਲੰਘਣਾ ਪੈਂਦਾ ਹੈ, ਬਦਲਾਅ ਦਾ ਉਹ ਸਮਾਂ ਜਿਸ ਨੂੰ ਕਿਸ਼ੋਰ ਅਵਸਥਾ ਕਹਿੰਦੇ ਹਨ। ਇਸ ਦੌਰਾਨ ਹਰ ਪੀੜ੍ਹੀ ਦੇ ਕਿਸ਼ੋਰਾਂ ਨੂੰ ਇਹ ਸੁਣਨਾ ਪਵੇਗਾ ਕਿ ਉਹ ਗੈਰ-ਜ਼ਿੰਮੇਵਾਰ ਹਨ, ਮੂਡੀ, ਬਾਗ਼ੀ, ਵਿਵੇਕਹੀਣ, ਡਾਵਾਂਡੋਲ, ਨਿਰਾਸ਼ਾਵਾਦੀ ਆਦਿ ਹਨ। ਫਿਰ ਵੀ ਇਹੀ ਅਸੰਤੁਲਿਤ ਵਰਗ ਹੈ ਜੋ ਸੰਤੁਲਿਤ ਪਤੀ-ਪਤਨੀ, ਜ਼ੁੰਮੇਵਾਰ ਮਾਪੇ ਅਤੇ ਆਸ਼ਾਵਾਦੀ ਕਾਮਿਆਂ ਵਿਚ ਤਬਦੀਲ ਹੋ ਜਾਂਦੇ ਹਨ। ਬਿਨ੍ਹਾਂ ਸ਼ੱਕ, ਇਨ੍ਹਾ ਵਿਚੋਂ ਸਾਰੇ ਇਕੋ ਜਿੰਨੇ ਭਾਗਸ਼ਾਲੀ ਨਹੀਂ ਹੁੰਦੇ ਜੋ ਬਿਨ੍ਹਾਂ ਸਮੱਸਿਆਵਾਂ ਤੋਂ ਉੱਭਰ ਸਕਣ, ਉਨ੍ਹਾਂ ਵਿਚੋਂ ਕੁਝ ਸਾਰੀ ਉਮਰ ਲਈ ਵੀ।

ਕਿਸਮਤ ਬਾਰੇ ਗੱਲ ਕਰਦਿਆਂ ਮੇਰੇ ਮਨ ਵਿਚ ਦ੍ਰਿਸ਼ ਆਇਆ ਜੋ ਮੈਂ ਇਕ ਨਾਟਕ ਦੇ ਤੌਰ 'ਤੇ ਕਲਪਨਾ ਕੀਤਾ, ਜੇ ਮੈਂ ਲਿਖਣਾ ਹੁੰਦਾ। ਇਹ ਇਕ ਜੋਤਸ਼ਣ ਬਾਰੇ ਹੈ (ਜਿਸ ਨੂੰ ਮੈਂ ਨਿੱਜੀ ਤੌਰ 'ਤੇ ਜਾਣਦੀ ਹਾਂ) ਜੋ ਫੁੱਲ ਵਿਚ ਦੇਖਦੀ ਹੈ ਜਿਸ ਨੂੰ ਤੁਸੀ ਆਪਣੇ ਨਾਲ ਲੈ ਕੇ ਜਾਂਦੇ ਹੋ ਅਤੇ ਤੁਹਾਡੇ ਭਵਿੱਖ ਬਾਰੇ ਦੱਸਦੀ ਹੈ। ਇਸ ਦ੍ਰਿਸ਼ ਵਿਚ ਇਕ ਦਿਨ ਕਈ ਕਿਸ਼ੋਰ ਜੋਤਸ਼ਣ ਕੋਲ ਜਾਂਦੇ ਹਨ, ਹਰ ਇਕ ਨੇ ਆਪਣੀ ਪਸੰਦ ਦੇ ਫੁੱਲ ਫੜੇ ਹਨ। ਉਹ ਇਕ ਇਕ ਕਰਕੇ ਉਸ ਨੂੰ ਮਿਲਦੇ ਹਨ ਅਤੇ ਕੁਝ ਸੰਤੁਸ਼ਟੀ ਅਤੇ ਥੋੜ੍ਹੇ ਅਵਿਸ਼ਵਾਸ ਨਾਲ ਵਾਪਸ ਆਉਂਦੇ ਹਨ।

ਬਾਕਸ 9

ਜੋਤਸ਼ਣ : ਤੁਸੀ ਅੰਦਰ ਆ ਜਾਉ।

ਸੁਰੇਸ਼ ਆਪਣੇ ਹੱਥ ਵਿਚ ਗੁਲਾਬ ਦਾ ਫੁੱਲ ਫੜੀ ਅੰਦਰ ਆਉਂਦਾ ਹੈ। ਉਹ ਉਸ 'ਤੇ ਧਿਆਨ ਨਾਲ ਦੇਖਦੀ ਹੈ ਅਤੇ ਕਹਿੰਦੀ ਹੈ, "ਪੁੱਛ ਜੋ ਤੁਸੀ ਪੁੱਛਣਾ ਹੈ, ਪਰ ਇਹ ਸਿਰਫ਼ ਇਕ ਸਵਾਲ ਹੀ ਹੋਵੇਗਾ।"

ਸੁਰੇਸ਼ : ਮੈਂ ਵੱਡਾ ਹੋ ਕੇ ਕੀ ਬਣਾਂਗਾ?

ਜੋਤਸ਼ਣ : ਤੇਰਾ ਭਵਿੱਖ ਬਹੁਤ ਰੋਸ਼ਨ ਹੈ, ਤੂੰ ਮਿਹਨਤ ਕਰ ਸਕਦਾ ਹੈ, ਪਰ

(ਜਾਰੀ)

ਕਦੀ-ਕਦੀ ਕੰਮ ਕਰਨ ਤੋਂ ਜੀ ਚੁਰਾਉਂਦਾ ਹੈ। ਮੈਂ ਦੇਖ ਰਹੀ ਹਾਂ, ਬਹੁਤ ਸਾਰੀਆਂ ਸੰਭਾਵਨਾਵਾਂ ਤੇਰੇ ਅੰਦਰ ਛੁਪੀਆਂ ਹਨ। ਸਿਰਫ਼ ਇਕੋ ਰੁਕਾਵਟ ਹੈ, ਤੇਰੀ ਸੁਸਤ ਰਹਿਣ ਦੀ ਆਦਤ। ਜੇ ਤੂੰ ਇਸ ਆਦਤ 'ਤੇ ਕਾਬੂ ਪਾ ਲਵੇਂ ਤਾਂ ਤੂੰ ਜੋ ਕੁਝ ਵੀ ਕਰੋ, ਉਸ ਵਿਚ ਸਫ਼ਲ ਹੋ ਸਕਦਾ ਹੈ।

ਸੁਰੇਸ਼ ਸੁਖ ਦਾ ਸਾਹ ਲੈ ਕੇ ਅਤੇ ਸੁਸਤੀ ਬਾਰੇ ਮਾਨਸਿਕ ਟਿੱਪਣੀ ਲੈ ਕੇ ਮੁੜਦਾ ਹੈ।

ਅਗਲੀ ਇਕ ਸ਼ਰਮੀਲੀ ਕੁੜੀ ਬੁਲਬੁਲ ਹੈ।

ਬੁਲਬੁਲ : ਮੈਂ ਅਧਿਆਪਕ ਬਣਨਾ ਚਾਹੁੰਦੀ ਹਾਂ, ਪਰ ਮੇਰੇ ਮਾਪੇ ਚਾਹੁੰਦੇ ਹਨ ਕਿ ਮੈਂ ਡਾਕਟਰ ਬਣਾਂ। ਕੀ ਹੋਵੇਗਾ?

ਜੋਤਸ਼ਣ ਉਸ ਦੇ ਹੱਥ ਵਿਚ ਫੜੇ ਗੇਂਦੇ ਦੇ ਫੁੱਲ ਨੂੰ ਦੇਖਦੀ ਹੈ।

ਜੋਤਸ਼ਣ : ਇਸ ਫੁੱਲ ਵਾਂਗ ਜਿਸ ਵਿਚ ਹੋਰ ਕਈ ਫੁੱਲ ਸਮਾਏ ਹਨ, ਤੇਰੇ ਵਿਚ ਵੀ ਕਈ ਛੁੱਪੇ ਹੋਏ ਗੁਣ ਹਨ, ਜਿਨ੍ਹਾਂ ਨੂੰ ਪਛਾਣਿਆ ਨਹੀਂ ਗਿਆ। ਇਨ੍ਹਾਂ ਨੂੰ ਬਿਨ੍ਹਾਂ ਰੋਕ ਤੋਂ ਪ੍ਰਗਟ ਹੋਣ ਦੀ ਆਗਿਆ ਦਿਉ। ਤੇਰੇ ਵਿਚ ਦੋਵੇਂ ਹੀ, ਡਾਕਟਰ ਅਤੇ ਅਧਿਆਪਕ ਬਣਨ ਦੀ ਸਮਰਥਾ ਹੈ। ਆਪਣੇ ਆਪ ਨੂੰ ਕੁਝ ਹੋਰ ਸਮਾਂ ਦਿਉ ਅਤੇ ਉਹ ਬਣੇਗੀ, ਜੋ ਤੇਰੇ ਲਈ ਸਭ ਤੋਂ ਵੱਧ ਢੁੱਕਵਾਂ ਹੈ।

ਪਰਮਜੀਤ ਕਮਲ ਦੇ ਫੁੱਲ ਨਾਲ ਅੰਦਰ ਆਉਂਦਾ ਹੈ ਜੋ ਉਸ ਨੂੰ ਆਪਣੇ ਪਿਛਵਾੜੇ ਤੋਂ ਮਿਲਿਆ ਹੈ।

ਜੋਤਸ਼ਣ : ਤੂੰ ਸੰਗ ਕਿਉਂ ਰਿਹਾ ਹੈ? ਅੰਦਰ ਆ ਜਾਉ।

ਪਰਮਜੀਤ : ਮੈਨੂੰ ਪਤਾ ਨਹੀਂ ਮੈਂ ਕਿਉਂ ਆਇਆ ਹਾ ਕਿਉਂ ਜੋ ਮੈਨੂੰ ਪਤਾ ਨਹੀਂ ਮੈਂ ਕੀ ਪੁੱਛਣਾ ਚਾਹੁੰਦਾ ਹਾ।

ਜੋਤਸ਼ਣ : (ਕਮਲ ਦੇ ਫੁੱਲ ਵੱਲ ਤੱਕਦੇ ਹੋਏ) ਡਰ ਨਾ, ਕੁਝ ਸੋਚ ਅਤੇ ਪੁੱਛ।

ਪਰਮਜੀਤ : ਦੂਸਰੇ ਮੁੰਡਿਆ ਵਾਂਗ ਮੇਰੀ ਕੋਈ ਖਾਹਿਸ਼ ਨਹੀਂ। ਕੀ ਮੈਂ ਠੀਕ ਠਾਕ ਹਾਂ ?

ਜੋਤਸ਼ਣ : ਖਾਹਿਸ਼ ਹੋਣਾ ਜਾਂ ਨਾ ਹੋਣਾ ਕਿਸੇ ਨੇ ਆਪਣੇ ਹੱਥ ਨਹੀਂ ਹੈ। ਤੇਰੀਆਂ ਆਸਾਂ ਅਜੇ ਪ੍ਰੋੜ੍ਹ ਨਹੀਂ ਹੋਈਆਂ, ਇਸ ਲਈ ਤੂੰ ਨਹੀਂ ਜਾਣਦਾ ਕਿ ਤੂੰ ਕੀ ਚਾਹੁੰਦਾ ਹੈ। ਸਮੇਂ ਨਾਲ ਇਹ ਆਸਾਂ ਰੂਪ ਧਾਰਨਗੀਆਂ ਅਤੇ ਤੇਰੇ ਵਿਚਾਰਾਂ ਵਿਚ ਤੇਰੀਆਂ ਆਸਾਂ ਬਣ ਕੇ ਆ ਜਾਣਗੀਆਂ। ਪਰ ਇਸ ਦੇ ਲਈ ਤੈਨੂੰ ਥੋੜ੍ਹਾ ਕੰਮ ਕਰਨਾ ਪਵੇਗਾ। ਤੈਨੂੰ ਆਪਣੀਆਂ ਇਛਾਵਾਂ ਨੂੰ ਪ੍ਰਗਟ ਕਰਨ ਦੀ ਅਤੇ ਵਿਚਾਰਾਂ ਨੂੰ ਜ਼ਰੀਆ ਬਣਾਉਣ ਦੀ ਜ਼ਰੂਰ ਕੋਸ਼ਿਸ਼ ਕਰਨੀ ਚਾਹੀਦੀ

(ਜਾਰੀ)

ਹੈ। ਤੇਰਾ ਮਨ ਜ਼ਰਾ ਡਾਵਾਂਡੋਲ ਰਹਿੰਦਾ ਹੈ ਅਤੇ ਇਹੀ ਹੈ ਜੋ ਤੇਰੇ ਰਾਹ ਵਿਚ ਆਉਂਦਾ ਹੈ।

ਆਖ਼ਿਰ ਵਿਚ ਮਰੀਅਮ ਚਮੇਲੀ (ਮੋਤੀਏ) ਦੇ ਫੁੱਲਾਂ ਦਾ ਗੁੱਛਾ ਆਪਣੇ ਹੱਥ ਵਿਚ ਲਈ ਆਉਂਦੀ ਹੈ।

ਜੋਤਸ਼ਣ : ਇੰਨੇ ਸਾਰੇ ਫੁੱਲ ਕਿਉਂ ?

ਮਰੀਅਮ : ਇਹ ਨਿੱਕੇ ਫੁੱਲ ਨੇ, ਮੈਂ ਸੋਚਿਆ ਇਕ ਫੁੱਲ ਕਾਫ਼ੀ ਨਹੀਂ ਹੋਵੇਗਾ।

ਜੋਤਸ਼ਣ . ਮੈਨੂੰ ਇਕ ਫੁੱਲ ਦੇ ਦੇ ਅਤੇ ਆਪਣਾ ਸਵਾਲ ਪੁੱਛ।

ਮਰੀਅਮ : ਮੈਂ ਇਸਾਈ ਹਾਂ, ਪਰ ਮੈਂ ਇਕ ਹਿੰਦੂ ਮੁੰਡੇ ਨਾਲ ਪਿਆਰ ਕਰਦੀ ਹਾਂ। ਕੀ ਮੇਰਾ ਉਸ ਨਾਲ ਵਿਆਹ ਹੋਵੇਗਾ? ਮੈਂ ਜਾਣਦੀ ਹਾਂ ਮੇਰੇ ਮਾਪੇ ਇਸ ਵਿਆਹ ਦੇ ਖਿਲਾਫ਼ ਹੋਣਗੇ।

ਜੋਤਸ਼ਣ : ਤੂੰ ਇਕ ਸਿਆਣੀ ਕੁੜੀ ਜਾਪਦੀ ਹੈ। ਪਿਆਰ ਲਈ ਕੋਈ ਹੱਦ ਨਹੀਂ ਹੁੰਦੀ। ਜੇ ਤੇਰਾ ਪਿਆਰ ਸੱਚਾ ਹੈ, ਤੈਨੂੰ ਸਫ਼ਲਤਾ ਮਿਲੇਗੀ। ਪਰ ਇਸ ਮੁੰਡੇ ਦਾ ਪਿਆਰ ਵੀ ਬਰਾਬਰ ਦਾ ਸੁਹਿਰਦ ਹੋਣਾ ਚਾਹੀਦਾ ਹੈ। ਜੇ ਦੋਹਾਂ ਪਾਸਿਉਂ ਸੁਹਿਰਦਤਾ ਹੈ ਤਾਂ ਤੇਰੇ ਮਾਪੇ ਰਾਹ ਵਿਚ ਨਹੀਂ ਆਉਣਗੇ। ਮੈਂ ਜਾਣਦੀ ਹਾਂ ਉਹ ਤੈਨੂੰ ਬਹੁਤ ਚਾਹੁੰਦੇ ਨੇ ਅਤੇ ਤੂੰ ਵੀ ਉਨ੍ਹਾਂ ਨੂੰ ਦੁਖੀ ਕਰਨ ਵਿਚ ਨਫ਼ਰਤ ਕਰਦੀ ਹੈ। ਹਾਲਾਤ ਇਸ ਤਰ੍ਹਾਂ ਕੰਮ ਕਰਨਗੇ ਕਿ ਤੈਨੂੰ ਆਪਣੇ ਫੈਸਲੇ 'ਤੇ ਪਛਤਾਉਣਾ ਨਹੀਂ ਪਵੇਗਾ।

ਅਸੀਂ ਸਾਰੇ ਇਹ ਚਾਹੁੰਦੇ ਹਾਂ ਕਿ ਸਾਡੀ ਅਜਿਹੇ ਹੋਰ ਜੋਤਸ਼ੀਆਂ ਤਕ ਪਹੁੰਚ ਹੁੰਦੀ ਜੋ ਹਰ ਇਕ ਸਮੱਸਿਆ ਦਾ ਹਾ ਪੱਖੀ ਪਾਸਾ ਦਿਖਾ ਸਕਦੇ ਅਤੇ ਔਖੇ ਸਮੇਂ ਵਿਚੋਂ ਨਿਕਲਣ ਲਈ ਸਾਡੀ ਮਦਦ ਕਰਦੇ। ਸ਼ਾਇਦ ਅਸੀਂ ਇਹ ਪ੍ਰਗਟਾ ਸਕੀਏ ਜੋ ਉਸ ਨੇ ਹਰ ਇਕ ਕਿਸ਼ੋਰ ਨੂੰ ਕਿਹਾ, ਆਪਾਂ ਮਹਿਸੂਸ ਕਰਾਂਗੇ ਕਿ ਉਹ ਸਚਮੁੱਚ ਉਨ੍ਹਾਂ ਦੇ ਭਵਿੱਖ ਨਹੀਂ ਦੱਸ ਰਹੀ ਸੀ। ਉਸ ਨੇ ਆਮ ਸਲਾਹ ਦਿੱਤੀ ਅਤੇ ਹਰ ਇਕ ਕਿਸ਼ੋਰ ਦੇ ਵਿਅਕਤਿੱਤਵ ਨੂੰ ਵੱਖਰੀ ਤਰ੍ਹਾਂ, ਹੌਂਗਾਰਾ ਭਰਿਆ ਕੁਝ ਇਸ ਤਰ੍ਹਾਂ ਜਿਵੇਂ ਮਾਪੇ, ਅਧਿਆਪਕ, ਦਾਦਕੇ, ਚਾਚੇ-ਮਾਮੇ ਅਤੇ ਦੋਸਤ ਕਰਦੇ ਹਨ। ਇਥੇ ਫ਼ਰਕ ਇਹ ਸੀ ਕਿ ਕਿਸ਼ੋਰ ਜੋਤਸ਼ੀ ਕੋਲ ਇਸ ਵਿਸਵਾਸ ਨਾਲ ਗਏ ਕਿ ਉਹ ਠੀਕ ਦੱਸੇਗੀ। ਉਨ੍ਹਾਂ ਨੇ ਉਸ ਨੂੰ ਸੁਣਿਆ ਅਤੇ ਉਸ ਦੇ ਫੈਸਲੇ ਨੂੰ ਸਵੀਕਾਰਿਆ। ਜੇ ਮੈਂ ਨਾਟਕ ਨੂੰ ਅੱਗੇ ਲਿਖਣਾ ਹੋਵੇ ਤਾਂ ਮੈਂ ਹਰ ਇਕ ਕਿਸ਼ੋਰ ਨੂੰ ਇਸ ਨੂੰ ਪੂਰਾ ਕਰਨ ਲਈ ਕਹਾਂਗੀ ਕਿ ਜਦੋਂ ਇਹ ਪਾਤਰ ਵੱਡੇ ਹੋਏ ਤਾਂ ਕੀ ਵਾਪਰਿਆ।

Select Readings

1. Anandalakshmy, S. (ed.) (1994): *The Girl Child and the Family: An Action Research Study.* New Delhi : Department of Women and Child Development, HRD Ministry, Government of India.
2. Balk, D.E. (1995): *Adolescent Development.* New York: Brooks/Cole Publishing Co.
3. Berk. L, (1996): *Child Development.* New Delhi: Prentice Hall of India.
4. Bhende, A. (1994): 'A Study of Sexuality of Adolescent Girls and Boys in Underprivileged Groups in Bombay'. *The Indian Journal of Social Work,* Vol. LV No.4, October.
5. Chadha, K (1996) : 'Laws to Protect Youth Rights on Anvil'. *The Hindustan Times,* December 1.
6. Council for Social Development (1995) : *Social Change : Girl Child in India,* Vol. 25, No. 2-3, June-September.
7. Erikson, E.H. (1968) : *Identity, Youth and Crisis.* London : Faber & Faber.
8. Indian Council for Child Welfare (1994) : *Rights of the Child: Report of a National Consultant,* Nov. 21-23, New Delhi.
9. Kakar, S. (ed) (1992) : *Identity and Adulthood.* Delhi: Oxford University Press.
10. Mayer, P. (ed.) (1970) : *Socialisation : The Approach from Social Anthropology;* A.S.A. monograph no.8 London : Tavistock.
11. Mehra, S. (ed.) (1995) : *Adolescent Girl.* New Delhi: Mamta, Health Institute for Mother and Child.

12. Ministry of HRD (1996): *Selected Education Statistics: Studies in Educational Statistics,* No. 1. New Delhi: Government of India.
13. Nielson, L. (1987) : *Adolescent Psychology.* Chicago: Holt, Rinehart & Winston.
14. Nutrition Foundation of India (1989) : *Growth of Affluent Indian Girls during Adolescence.* New Delhi: NFI.
15. Paranjpe, A.C. (1975) : *In Search of Identity.* Delhi : Macmillan Co. of India.
16. Pfeffer, G. (1996) 'The Young and the Junior Set in Tribal Middle India' in G. Pfeffer & D.K. Behera, (eds.): *Contemporary Society: Childhood and Complex Order. New Delhi:* Manak Publications.
17. Sharda, N.K. (1988) : *The Legal, Economic and Social Status of the Indian Child.* New Delhi : Book Organisation.
18. Sharma, N. (1996) : *Identity of the Adolescent Girl.* New Delhi : Discovery Publishing House.
19. Strasburger, V.C. (1995) : *Adolescent and the Media.* New Delhi: Sage Publications.
20. UNESCO (1991) : *Adolescence Education,* Module I, II, III, IV (Population Education Programme Service). Bangkok : UNESCO Principal Regional Office for Asia and the Pacific.
21. Valsiner, J. (1989) : *Human Development and Culture.* Massachusetts : Lexington Books.
22. Vidyarthi, L.P. & Rai, B.K. (1977) : *The Tribal Culture of India.* Delhi : Concept Publishing Co.
23. Weiner, M. (1991) : *The Child and the State in India.* Delhi : Oxford University Press.

Laser typeset at DECENT PRINTERS, A-63B, Asha Park, New Delhi-18 and printed at Shagun Offset, Mohammad pur, New Delhi-66